*Published in Punjabi & English*
Distributed in Toronto, Calgary, Vancouver and Online Worldwide.

Sarokaran Di Awaz

Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com    ਸਾਲ-10, ਅੰਕ-2, ਫਰਵਰੀ 2020    Website: www.ppapmg.com

HARBANS SINGH 416-817-7142    DEVINDER TOOR 416-902-9372    MASTER BHAJAN SINGH 403-455-4220    Registration No. 210836300

## ਨਾਗਰਿਕਤਾ ਕਾਨੂੰਨ ਮੁਸਲਮਾਨਾਂ, ਦਲਿਤਾਂ, ਗਰੀਬਾਂ ਅਤੇ ਪ੍ਰਗਟਾਵੇ ਦੇ ਹੱਕ 'ਤੇ ਭਿਆਨਕ ਹਮਲਾ

# ਠਰੰਮੇ ਨਾਲ ਪੂਰਾ ਸਮਝਣ ਦੀ ਲੋੜ !




**- ਸੁਦੀਪ ਸਿੰਘ**

ਭਾਰਤ ਦਾ ਮੌਜੂਦਾ ਨਾਗਿਰਕਤਾ ਕਾਨੂੰਨ ਮੁਸਲਮਾਨ ਸ਼ਰਨਾਰਥੀਆਂ ਨੂੰ ਸ਼ਰਨ ਸਬੰਧੀ ਪ੍ਰਵਾਨਤ ਕੌਮਾਂਤਰੀ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਵਿਤਕਰਾਪੂਰਨ ਤਰੀਕੇ ਨਾਲ ਖਦੇੜ ਬਾਹਰ ਕਰਨ ਦਾ ਬੰਦੋਬਸਤ ਕਰਦਾ ਹੈ; ਨਾਗਰਿਕਤਾ 'ਚ ਧਰਮ ਦੇ ਅਧਾਰ ਤੇ ਵਿਤਕਰੇ ਦੇ ਅਸੂਲ ਨੂੰ ਪ੍ਰਵਾਨਤ ਕਰਕੇ ਭਵਿਖ 'ਚ ਜੱਦੀ ਮੁਸਲਮਾਨਾਂ ਦੀ ਨਾਗਰਿਕ ਸੁਰੱਖਿਆ ਨੂੰ ਖਤਰੇ ਮੂੰਹ ਲਿਆਉਂਦਾ ਹੈ; ਗੈਰ-ਕਾਨੂੰਨੀ ਮੁਸਲਮਾਨ ਸ਼ਰਨਾਰਥੀਆਂ ਨੂੰ ਖਦੇੜਨ ਦੇ ਨਾਂ ਥੱਲੇ ਜੱਦੀ ਮੁਸਲਮਾਨਾਂ ਨਾਲ ਵਧੀਕੀਆਂ ਦਾ ਰਸਤਾ ਖੋਲਦਾ ਹੈ; ਨਾਗਰਿਕਤਾ ਕਾਰਡਾਂ ਨੂੰ ਲਾਜ਼ਮੀ ਕਰਾਰ ਦੇਕੇ ਭਾਰਤ ਨੂੰ ਇਕ ਵੱਡੀ ਜੇਲ੍ਹ 'ਚ ਤਬਦੀਲ ਕਰਨ ਦਾ ਰਸਤਾ ਖੋਲਦਾ ਹੈ ਜਿਥੇ ਇਹਨਾਂ ਕਾਰਡਾਂ ਦੇ ਨਾ ਹੋਣ ਨੂੰ ਅਧਾਰ ਬਣਾ ਕੇ ਬੁਨਿਆਦੀ ਨਾਗਰਿਕ ਅਧਿਕਾਰ ਖੋਹੇ ਜਾਣ ਦਾ ਸੰਭਾਵੀ ਖਤਰਾ ਖੜ੍ਹਾ ਕਰਦਾ ਹੈ; ਅਪ੍ਰਵਾਸੀ ਭਾਰਤੀਆਂ ਦੀਆਂ ਜੁਬਾਨਬੰਦੀ ਕਰਨ ਲਈ ਅਪ੍ਰਵਾਸੀ ਨਾਗਰਿਕਤਾ ਨੂੰ ਮਨਮਾਨੇ ਤਰੀਕੇ ਨਾਲ ਖੋਹੇ ਜਾਣ ਦੀ ਤਾਕਤ ਸਰਕਾਰ ਨੂੰ ਪ੍ਰਦਾਨ ਕਰਦਾ ਹੈ ਅਤੇ ਇਸਦੇ ਹੋਰ ਬਹੁਤ ਸਾਰੇ ਨਤੀਜੇ ਹਨ ਜਿਹਨਾਂ ਨੂੰ ਧਿਆਨ ਗੋਚਰੇ ਕਰਨ ਦੀ ਜ਼ਰੂਰਤ ਹੈ। ਸਭ ਤੋਂ ਅਹਿਮ ਇਹ ਹੈ ਕਿ ਇਹ ਕਾਨੂੰਨ ਧੱਕੜ, ਅਨਿਆਈਂ ਤੇ ਗੈਰਜਮਹੂਰੀ ਹੋਣ ਦੇ ਬਾਵਜੂਦ ਨਾ ਤਾਂ ਗੈਰ-ਸਵਿਧਾਨਕ ਹੈ ਤੇ ਨਾ ਹੀ ਗੈਰ-ਕਾਨੂੰਨੀ! ਇਹ ਪਾਰਲੀਮੈਂਟ ਦੀਆਂ ਸਵਿਧਾਨਕ ਤਾਕਤਾਂ ਅਤੇ ਬੁਨਿਆਦੀ ਅਧਿਕਾਰਾਂ ਦੇ ਸੰਵਿਧਾਨਕ ਬੰਦੋਬਸਤਾਂ ਦੀਆਂ ਛੋਟਾਂ ਦੇ ਅਨੁਕੂਲ ਹੈ। ਇਸ ਲਈ ਫਾਸ਼ੀਵਾਦੀ ਘਾਗ ਟੋਲੇ ਦੇ ਜਹਿਰੀ ਪ੍ਰਾਪੇਗੰਡੇ ਨੂੰ ਕਾਟ ਦੇਣ ਦਾ ਧਰਤਾਲ ਕਾਨੂੰਨੀ ਜਾਂ ਸਵਿਧਾਨਕ ਨਹੀਂ ਸਗੋਂ ਰਾਜ ਤੇ ਧਰਮ ਨੂੰ ਜੁਦਾ ਕਰਨ, ਰਾਜਕੀ ਨੀਤੀਆਂ, ਨਾਗਰਿਕਤਾ ਵਰਗੇ ਮਾਮਲਿਆਂ 'ਚੋਂ ਧਰਮ ਦੇ ਹਵਾਲੇ ਨੂੰ ਖਤਮ ਕਰਨ; ਧਰਮ ਨੂੰ ਨਿੱਜੀ ਮਾਮਲਾ ਬਣਾਉਣ ਅਤੇ ਖਰੇ ਸੈਕੂਲਰਵਾਦ ਦੀਆਂ ਕਦਰਾ

(ਬਾਕੀ ਸਫ਼ਾ 16 'ਤੇ)

CONGRATULATIONS
TEAM OVER 550 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Super Visa Insurance
With all the BENEFITS & REQUIREMENTS
Life Insurance, Critical illness Insurance, Disability Insurance, RRSP, RESP Etc.
For More Information Call
Harcharan Singh Parhar
403-681-8689

CAMBRIDGE
Call Rani - 403-612-7881
Amar - 403-470-2627

Call for your home BUYING & SELLING needs
BALJINDER SANGHA
REALTOR®
(CERTIFIED CONDOMINIUM SPECIALIST)
* All our buyer get 2 years purchase Guarantee.
* Buy or Sell home with one year home warranty.
* Reasonable Commission
Call for more information
urban
403-680-3212
baljindersangha@urban-realty.ca

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215 - 2323 32 Ave NE Calgary AB T2E 6Z3

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
3822 Marine Way Burnaby, B.C. V5J 3H4
Ph : 604-240-8002
or : 604-250-3834

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010


FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555


Tiwana Real Estate Team
LIST WITH US FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
❖ Professional Services
❖ Free Home Evaluation
❖ Digital Marketing & Social Media
❖ Top Dollars in your Pocket
❖ Superb Negotiation Skills
❖ Team of 3 Realtors With Full Time Office Staff
SOLD
ROYAL LEPAGE 100 YEARS
Call: 403-830-5152
Visit : www.TiwanaTeam.com
Email: tiwanateam@gmail.com
Address: 110-7220 Fisher St SE, Calgary, AB T2H 2H8
www.TiwanaTeam.com


Si SECURELIFE INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


R
Reliance Immigration Inc
Reliance Immigration
K.P. Singh
RCIC
Survey:
Excellent:
Good:
Fair:
Poor:
#205 - 13737 72 Ave
Surrey, BC, V3W 2P2
kp@relianceimmigration.ca
Off. : 604-597-0440
Fax : 604-597-2332

**SARO KARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton
(Ontario)
416-209-6363
deephsingh@gmail.com

**Sub Editor**
Randeep Singh
(India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794

**Honorary Advisory Board**

Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Malkit Singh
Abbotsford (BC)

Narbhinder Singh (India)
(Punjab)
935-443-0211

Buta Singh Nawan Shahr
(Punjab)
946-347-4342
atoozed@gmail.com

Jaswant Zirakh (India)
(Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:

Practically in downtown

brand new 2300 sq ft townhouses
with single garage

You can't beat these
spectacular view

Priced to sell at $889,000



Call Rani - 403-612-7881
Amar - 403-470-2627



ਜਗਦੀਸ਼ ਸਿੰਘ ਚੋਹਕਾ
91-9217997445
001-403-285-4208

# ਸਾਮਰਾਜੀ ਅਮਰੀਕਾ ਦਾ ਹਮਲਾਵਰੀ ਰੁੱਖ; ਅਮਨ ਲਈ ਖਤਰਾ



3-ਜਨਵਰੀ ਸਵੇਰ ਨੂੰ ਬਗਦਾਦ ਦੇ ਕੌਮਾਂਤਰੀ ਹਵਾਈ-ਅੱਡੇ 'ਤੇ ਇਕ ਅਮਰੀਕੀ ਡਰੋਨ ਹਮਲੇ ਰਾਹੀਂ ਇਰਾਨ ਦੀ ਕੁਦਸ ਫੋਰਸ ਦੇ ਮੁੱਖੀ ਜਨਰਲ ਕਾਸਿਮ ਸੁਲੇਮਾਨੀ ਦੀ ਹੱਤਿਆ ਕਰ ਦਿੱਤੀ ਗਈ। ਸੁਲੇਮਾਨੀ ਦੀ ਮੌਤ 'ਤੇ ਇਰਾਨ ਦੇ ਪ੍ਰਮੁੱਖ ਆਗੂ ਆਇਤਉਲਾ-ਅਲ-ਖਾਮਨੇਈ ਨੇ ਕਿਹਾ, ਕਿ ਸਹੀ ਜਗ੍ਹਾ ਅਤੇ ਸਹੀ ਸਮਾਂ ਆਉਣ 'ਤੇ ਅਸੀਂ ਬਦਲਾ ਲਵਾਂਗੇ? ਤੁਰੰਤ ਹੀ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ-ਇਰਾਨ ਅਗਰ ਹਮਲਾ ਕਰੇਗਾ ਤਾਂ ਅਸੀਂ ਅਜਿਹੀ ਕਾਰਵਾਈ ਕਰਾਂਗੇ ਜੋ ਪਹਿਲਾਂ ਕਦੀ ਕਿਸੇ ਨੇ ਨਾ ਕੀਤੀ ਹੋਵੇਗੀ। ਇਸ ਡਰੋਨ ਹਮਲੇ ਬਾਅਦ ਇਰਾਨ ਨੂੰ ਇਹ ਇਕ ਧਮਕੀ ਵੀ ਦਿੱਤੀ ਗਈ। ਜਿਹੜਾ ਕਿ ਸਾਮਰਾਜੀ ਅਮਰੀਕਾ ਦੀ ਤੀਜੇ ਸੰਸਾਰ ਜੰਗ ਛੇੜਨ ਦੀ ਆਸ਼ੰਕਾ ਨੂੰ ਜਨਮ ਵੀ ਦੇਣਾ ਹੈ? ਰਾਜਨੀਤਕ ਹਲਕਿਆਂ ਅੰਦਰ ਇਸ ਡਰੋਨ ਹਮਲੇ ਅਤੇ ਟਰੰਪ ਦੀ ਧਮਕੀ ਬਾਦ ਦੁਨੀਆ ਅੰਦਰ ਇਹ ਇਕ ਚਰਚਾ ਵੀ ਗਰਮ ਹੋ ਗਈ ਹੈ, ਕਿ ਟਰੰਪ ਜਿਸ 'ਤੇ ਇਕ ਮਹਾ ਅਭਿਯੋਗ ਚਲ ਰਿਹਾ ਹੈ। ਰਾਸ਼ਟਰਪਤੀ ਚੋਣ ਜਿੱਤਣ ਲਈ ਅਜਿਹੇ ਮੌਕੇ ਦੀ ਤਲਾਸ਼ 'ਚ ਇਹੋ ਜਿਹੇ ਹਾਲਾਤ ਪੈਦਾ ਕਰ ਰਿਹਾ ਹੈ! ਕੁਝ ਵੀ ਹੋਵੇ! ਟਰੰਪ ਦੀ ਇਹ ਇਕ ਵੱਡੀ ਰਾਜਸੀ ਗਲਤੀ ਹੋਵੇਗੀ, 'ਜੇਕਰ ਉਹ ਇਰਾਨ ਵਿਰੁਧ ਜੰਗ ਛੇੜ ਕੇ ਰਾਸ਼ਟਰਪਤੀ ਦੀ ਚੋਣ ਜਿਤਣ ਦੀ ਆਸ ਰੱਖੇਗਾ?

ਇਰਾਨ ਵਿਰੁੱਧ ਜੰਗ ਵਿੱਚ ਅਮਰੀਕਾ ਅੱਗੇ ਹੈ, ਪਰ ਲੋਕ ਰਾਏ ਅੰਦਰ ਉਹ ਅਮਨ ਨੂੰ ਢਾਅ ਲਾਉਣ ਕਰਕੇ ਉਸ ਦਾ ਨਾਮੋ-ਨਿਸ਼ਾਨ ਮਿਟ ਜਾਵੇਗਾ? ਸੁਲੇਮਾਨੀ 'ਤੇ ਹਮਲਾ ਇਸੇ ਰੋਸ਼ਨੀ 'ਚ ਸਮਝਿਆ ਜਾ ਰਿਹਾ ਹੈ। ਟਰੰਪ ਨੂੰ ਸਮਝਣਾ ਚਾਹੀਦਾ ਕਿ ਸੁਲੇਮਾਨੀ ਨੂੰ ਮਾਰਨਾ ਉਸ ਨੂੰ ਸ਼ਹੀਦ ਬਣਾ ਕੇ, 'ਇਸਲਾਮੀ ਮੁਲਕਾਂ ਅੰਦਰ ਉਸ ਨੂੰ ਹੀਰੋ ਬਣਾ ਦਿੱਤਾ ਹੈ? ਹੁਣ ਜੇਕਰ ਟਰੰਪ ਨੇ ਮੱਧ-ਪੂਰਬ ਅੰਦਰ ਅੱਗ ਲਾ ਦਿੱਤੀ ਤਾਂ ਇਹ ਅੱਗ ਦੀ ਲਪੇਟ 'ਚ ਸਾਰਾ ਸੰਸਾਰ ਸਮੇਤ ਅਮਰੀਕਾ ਤਬਾਹ ਹੋ ਜਾਵੇਗਾ? ਜੋ ਰੋਲ ਬਰਤਾਨੀਆਂ ਅਤੇ ਕੁਝ ਨਾਟੋ ਦੇ ਭਾਈਵਾਲ ਦੇਸ਼ ਅਦਾ ਕਰ ਰਹੇ ਹਨ, 'ਉਨ੍ਹਾਂ ਨੂੰ ਜਦੋਂ ਜੰਗ ਦਾ ਸੇਕ ਲੱਗੇਗਾ ਤਾਂ ਸਭ ਕੁਝ ਭੁਲ ਜਾਵੇਗਾ! ਅੱਜ ਦੇ ਸੰਦਰਭ ਅੰਦਰ ਜੋ ਰੋਲ ਸੰਯੁਕਤ ਰਾਸ਼ਟਰ ਨੂੰ ਅਦਾ ਕਰਨਾ ਚਾਹੀਦਾ ਸੀ, 'ਉਹ ਵੀ ਕਾਫੀ ਕੁਝ ਨਹੀਂ। ਸਗੋਂ ਦੋਨੋਂ ਦੇਸ਼ਾਂ ਨੂੰ ਸੰਜਮ ਵਰਤਣ ਦਾ ਕਹਿ ਕੇ ਹਮਲਾਵਰ ਨੂੰ ਹੋਰ ਪਤਿਆਉਣਾ ਹੈ। ਅਮਰੀਕਾ ਵੱਲੋ ਹਮਲਾ ਕਰਨਾ ਤੇ ਧਮਕੀ ਵੀ ਦੇਣੀ ਕਿਥੋਂ ਦਾ ਇਹ ਇਨਸਾਫ਼ ਹੈ? ਭਾਰਤ ਜਿਹੜਾ ਕਦੀ ਗੁਟ-ਨਿਰਲੇਪ ਦੇਸ਼ਾਂ ਦਾ ਮੋਢੀ ਰਿਹਾ ਸੀ, ਮੋਦੀ ਸਰਕਾਰ ਵੱਲੋ ਇਹ ਕਹਿ ਕੇ ਪੱਲਾ ਝਾੜ ਦੇਣਾ ਕਿ, 'ਦੋਨੋ ਦੇਸ਼ ਸੰਜਮ ਵਰਤਣ ਕੌਮਾਂਤਰੀ ਪਿੜ ਅੰਦਰ ਭਾਰਤ ਦੀ ਵਿਦੇਸ਼ ਨੀਤੀ ਤੋਂ ਪਿਛੇ ਹੱਟਣਾ ਹੈ।

ਅਮਰੀਕੀ ਰਾਸ਼ਟਰਪਤੀ ਦੀ ਇਹ ਧਮਕੀ ਕਿ ਇਰਾਨ ਦੇ 52-ਅਹਿਮ ਟਿਕਾਣਿਆ ਤੇ ਹਮਲੇ ਹੋਣਗੇ ਅਤੇ ਫਿਰ ਜਰਨੈਲਾਂ ਤੇ ਹਮਲਾ ਇਹ ਅਮਰੀਕੀ ਸਾਮਰਾਜ ਦੀ ਨਿੰਦਣਯੋਗ ਮਨਮਾਨੀ ਹੀ ਨਹੀਂ ਸਗੋਂ ਫੌਜੀ ਧੌਂਸ ਅਤੇ ਸੰਸਾਰ ਅਮਨ ਨੂੰ ਇਕ ਵੱਡਾ ਖਤਰਾ ਪੈਦਾ ਕਰਨਾ ਹੈ। ਦੁਨੀਆਂ ਅੰਦਰ ਜੇਕਰ ਜੰਗ ਭੜਕਦੀ ਹੈ ਤਾਂ ਇਸ ਲਈ ਸਾਮਰਾਜ ਅਮਰੀਕਾ ਜ਼ਿੰਮੇਵਾਰ ਹੋਵੇਗਾ? ਆਪਣੀ ਵਿਸ਼ਵ ਵਿਆਪੀ ਸਰਦਾਰੀ ਨੂੰ ਹੋਰ ਮਜ਼ਬੂਤ ਕਰਨ ਅਤੇ ਆਰਥਿਕ ਸੰਕਟ ਦੇ ਨਾਂਹ ਪੱਖੀ ਪ੍ਰਭਾਵਾਂ ਉਪਰ ਕਾਬੂ ਪਾਉਣ ਦੇ ਆਪਣੇ ਯਤਨਾਂ ਵਿੱਚ, 'ਅਮਰੀਕੀ ਸਾਮਰਾਜਵਾਦ ਸਰਵ-ਪੱਖੀ ਵਧੇਰੇ ਹਮਲਾਵਰੀ ਦਾ, ਖਾਸਕਰ ਰਾਜਨੀਤਕ, ਆਰਥਿਕ ਤੇ ਫੌਜੀ ਦਖ਼ਲਅੰਦਾਜ਼ੀਆਂ ਰਾਹੀਂ ਹਮਲਾਵਰੀ ਰੁੱਖ ਦਾ ਪ੍ਰਗਟਾਵਾ ਕਰ ਰਿਹਾ ਹੈ। ਟਰੰਪ ਅਮਰੀਕਾ ਅੰਦਰ ਆ ਰਹੀ ਰਾਸ਼ਟਰਪਤੀ ਪੱਦ ਦੀ ਚੋਣ ਲਈ ਉਪਰੋਕਤ ਪ੍ਰਭਾਵਾਂ ਨੂੰ ਵਰਤਣ ਲਈ ਯਤਨਸ਼ੀਲ ਹੈ। ਪੱਛਮੀ ਏਸ਼ੀਆ ਵਿੱਚ ਅਮਰੀਕਾ, ਇਜ਼ਰਾਇਲ ਧੁਰੀ ਨੇ ਆਪਣੀ ਕੇਂਦਰੀ ਭੂਮਿਕਾ ਨਿਭਾਉਂਦੇ ਹੋਏ ਆਪਣੇ ਟੀਚੇ ਅਨੁਸਾਰ ਅਮਰੀਕੀ ਸਾਮਰਾਜ ਨੇ ਆਪਣਾ ਰਾਜਨੀਤਕ ਕੰਟਰੋਲ ਵਧਾਉਣ ਅਤੇ ਇਜ਼ਰਾਇਲ ਨੂੰ ਮਜ਼ਬੂਤ ਕਰਨਾ, ਦੋਹਾਂ ਮੰਤਵਾਂ ਲਈ ਇਰਾਨ ਨੂੰ ਕਮਜ਼ੋਰ ਤੇ ਅਲੱਗ-ਥਲੱਗ ਕਰਨਾ ਹੈ।

ਅਮਰੀਕਾ ਅਤੇ ਉਸ ਦੇ ਅਰਬ-ਸਹਿਯੋਗੀਆਂ ਵੱਲੋਂ ਸਮਰਥਿਤ ਇਸਲਾਮੀ ਸ਼ਕਤੀਆਂ ਦੇ ਅਸਫ਼ਲ ਹੋਣ ਦਾ, ਪੱਛਮੀ ਏਸ਼ੀਆ ਦੀ ਰਾਜਨੀਤੀ ਉਤੇ ਡੂੰਘਾ ਅਸਰ ਪੈਣ ਜਾ ਰਿਹਾ ਹੈ। ਸੀਰੀਆ ਵਿੱਚ ਰੂਸ ਦੀ ਯੁੱਧਨੀਤਕ ਫੌਜੀ ਦਖ਼ਲਅੰਦਾਜ਼ੀ ਨਾਲ, ਇਸ ਖੇਤਰ ਵਿੱਚ ਰੂਸ ਦਾ ਪ੍ਰਭਾਵ ਮਜ਼ਬੂਤ ਹੋਇਆ ਹੈ। ਰੂਸ-ਤੁਰਕੀ-ਇਰਾਨ ਸਾਂਝੀ ਪਹਿਲ ਨੇ ਇਸ ਖੇਤਰ ਵਿੱਚ ਅਮਰੀਕੀ ਮਨਸੂਬਿਆ ਨੂੰ ਅਸਫ਼ਲ ਕੀਤਾ ਹੈ। ਅਮਰੀਕਾ, 'ਅਸਦ ਨੂੰ ਸੀਰੀਆ ਵਿਚੋਂ ਉਖਾੜਨ ਦੇ ਆਪਣੇ ਟੀਚੇ 'ਚ ਅਸਫ਼ਲ ਹੋਇਆ ਹੈ। ਇਸ ਲਈ ਉਸ ਨੇ ਇਸ ਖੇਤਰ 'ਚ ਆਪਣਾ ਧਿਆਨ ਇਰਾਨ ਵਲ ਮੋੜ ਲਿਆ ਹੈ। ਹੁਣ ਇਰਾਨ ਇਸ ਖੇਤਰ ਵਿੱਚ ਅਮਰੀਕੀ ਯੁੱਧਨੀਤੀ ਦਾ ਮੁੱਖ ਨਿਸ਼ਾਨਾ ਬਣਿਆ ਹੈ। ਟਰੰਪ ਨੇ ਇਰਾਨ ਦੇ ਨਾਲ ਪ੍ਰਮਾਣੂ ਸਮਝੌਤੇ ਨੂੰ ਪ੍ਰਮਾਣਿਤ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਜਿਹੜਾ ਇਹ ਦਿਖਾਉਂਦਾ ਹੈ ਕਿ ਇਰਾਨ ਉਤੇ ਵੀ ਅਤੇ ਇਸ ਖੇਤਰ ਉਤੇ ਵੀ ਦੋਹਾਂ 'ਤੇ ਦਬਾਅ ਲੱਦੇ ਜਾਣ ਵਾਲੇ ਹਨ। ਇਰਾਨ ਨੇ ਨਵੀਆਂ ਰੋਕਾਂ ਤੇ ਬੰਦਸ਼ਾਂ, ਤੇਲ ਸਪਲਾਈ 'ਚ ਵਿਘਨ, ਸਾਊਦੀ ਅਰਬ ਨੂੰ ਅਮਰੀਕਾ ਹੋਰ ਨੇੜੇ ਲਾ ਕੇ ਇਰਾਨ ਨੂੰ ਕਮਜ਼ੋਰ ਕਰਨ ਅਤੇ ਯਮਨ ਅੰਦਰ "ਹੌਥੀ" ਲੜਾਕਿਆ ਵਿਰੁੱਧ ਜਿਨ੍ਹਾਂ ਨੂੰ ਇਰਾਨ ਦੀ ਹਮਾਇਤ ਹੈ, 'ਵਿਰੁਧ ਹਵਾਈ ਹਮਲੇ ਕਰਾ ਰਿਹਾ ਹੈ। ਸਾਊਦੀ ਅਰਬ ਦੇ ਨਵੇਂ ਰਾਜਕੁਮਾਰ ਮੁਹੰਮਦ ਬਿਨ ਸਲਮਾਨ ਅਮਰੀਕਾ ਦੀ ਸ਼ਹਿ 'ਤੇ ਕਤਰ, ਸੀਰੀਆ, ਯਮਨ ਤੇ ਲਿਬਨਾਨ ਵਿਰੁੱਧ ਅੰਦਰੂਨੀ ਕਾਰਵਾਈਆਂ ਜਾਰੀ ਰੱਖ ਰਿਹਾ ਹੈ।

ਇਰਾਨ ਦੇ ਮੁੱਖੀ ਖਾਮਨੇਈ ਨੇ ਅਮਰੀਕਾ ਹਮਲੇ ਦਾ ਜਵਾਬ ਦੇਣ ਲਈ ਕੌਮੀ ਸੁਰੱਖਿਆ ਪ੍ਰੀਸ਼ਦ ਦੀ ਤਹਿਰਾਨ ਵਿਖੇ ਇਕ ਬੈਠਕ ਬੁਲਾਈ। ਜਿਵੇਂ ਪਹਿਲਾ ਹੀ ਮਹਿਸੂਸ ਹੋ ਰਿਹਾ ਸੀ, ਕਿ ਇਰਾਨ ਵੀ ਕੋਈ ਕਾਰਵਾਈ ਕਰੇਗਾ। 8-ਜਨਵਰੀ ਨੂੰ ਇਰਾਨ ਵੱਲੋਂ ਇਰਾਕ ਸਥਿਤ ਅਮਰੀਕੀ ਫ਼ੌਜੀ ਅੱਡਿਆਂ-ਅਲਅਸਦ ਅਤੇ ਇਰਬਿਲ 'ਤੇ 22-ਮਿਜ਼ਾਇਲਾਂ ਦਾਗੀਆਂ ਗਈਆਂ। ਇਰਾਨੀ ਟੀ.ਵੀ. ਦੀਆਂ ਖਬਰਾਂ ਅਨੁਸਾਰ 80-ਅਮਰੀਕੀ ਫੌਜੀ ਮਾਰੇ ਜਾਣਾ ਦਾ ਦਾਅਵਾ ਕੀਤਾ ਗਿਆ। ਜਦਕਿ ਅਮਰੀਕਾ ਦੇ ਰਾਸ਼ਟਰਪਤੀ ਨੇ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ ਹੈ। ਇਸ ਵੇਲੇ ਮੱਧ-ਪੂਰਬ 'ਚ ਹਾਲਾਤ ਧਮਾਕਾ-ਖੇਜ ਬਣੇ ਹੋਏ ਹਨ। ਇਰਾਨ ਨੇ ਖਾੜੀ ਅੰਦਰ "ਹੋਰਮੁਜ" ਖਾੜੀ ਬੰਦ ਕਰਨ ਦੀ ਵੀ ਧਮਕੀ ਦਿੱਤੀ ਹੈ। ਅਮਰੀਕਾ ਦੇ ਇਸ ਵੇਲੇ ਮੱਧ-ਪੂਰਬ ਤੇ ਅਰਬ ਦੇਸ਼ਾਂ ਅੰਦਰ 2-ਲੱਖ ਸੈਨਿਕ, ਯੁੱਧ-ਬੇੜੇ, ਦੁਬਈ ਸਥਿਤ ਐਫ-22 ਹੰਪਟਰ ਫਾਈਟਰ ਬੇਸ, ਕਰੂਜ-ਮਿਜ਼ਾਇਲ, ਆਰਮਡ ਉਹੀਓ ਕਲਾਸ ਪਨਡੂਬੀਆਂ ਹਵਾਈ ਜਹਾਜ ਵਾਹਕ ਜੋ ਅਰਬ ਦੇਸ਼ਾਂ ਤੇ ਖਾੜੀ ਵਿੱਚ ਤਾਇਨਾਤ ਹਨ, ਉਸ ਪਾਸ ਬੀ-2 ਸਟੇਲਥ ਬੰਬ-ਵਰਸ਼ਕ ਹਵਾਈ ਜਹਾਜ਼ ਤੇ ਪ੍ਰਮਾਣੂ ਹਥਿਆਰ ਹਨ। ਜਿਵੇਂ ਇਰਾਨ ਅਤੇ ਅਮਰੀਕਾ 'ਚ ਟਕਰਾਅ ਦੀ ਤੀਬਰਤਾ ਜੋ ਵੱਧ ਰਹੀ ਹੈ, ਸੰਸਾਰ ਜੰਗ ਵੀ ਭੜਕ ਸਕਦੀ ਹੈ।

ਇਰਾਨ ਨੂੰ ਕਿਸੇ ਵੀ ਦੇਸ਼ ਦੀ ਕੋਈ ਸਿਧੀ ਹਮਾਇਤ ਨਹੀਂ ਹੈ। ਉਸ ਪਾਸ ਦੁਨੀਆ ਦੀ 13-ਵੀਂ ਸਭ ਤੋਂ ਵੱਡੀ ਫੌਜੀ ਸ਼ਕਤੀ ਹੈ ਪਰ ਉਸ ਨਾਲ ਮੱਧ-ਪੂਰਬ ਅੰਦਰ ਫੈਲਿਆ ਮਿਲਿਸ਼ੀਆ ਸਮੂਹ, ਲੇਬਨਾਨ ਅੰਦਰ ਸਰਗਰਮ ਹਿਜ਼ਬੁਲਾਹ, ਯਮਨ ਦੇ ਹੌਥੀ ਵਿਦਰੋਹੀ, ਸੀਰੀਆ ਅੰਦਰ ਅਲ-ਅਸਦ ਦਾ ਸਹਿਯੋਗ ਹੈ। ਕਾਸਿਮ ਸੁਲੇਮਾਨੀ ਜੋ ਇਰਾਨ ਦੀ ਇਸਲਾਮਿਕ ਇਨਕਲਾਬੀ "ਕੁਦਸ ਫੌਰਸ" ਦਾ ਮੁਖੀ ਸੀ, 'ਇਰਾਨ ਦੀਆਂ ਵਿਦੇਸ਼ਾਂ ਅੰਦਰ ਚਲ ਰਹੀਆ ਗੁਪਤ ਮੁਹਿੰਮਾਂ ਨੂੰ ਲਾਮਬੰਦ ਕਰਦਾ ਸੀ। 1980 ਦੀ ਇਰਾਨ-ਇਰਾਕ ਜੰਗ ਦੇ ਬਾਅਦ ਪਿਛਲੇ ਚਾਰ-ਦਹਾਕਿਆਂ ਤੋਂ ਉਹ ਇਨਕਲਾਬੀ ਫੌਜ ਕੁਦਸ ਦੀ ਅਗਵਾਈ ਕਰ ਰਿਹਾ ਸੀ। ਜਿਸ ਤੋਂ ਅਮਰੀਕਾ ਭੈਅ-ਭੀਤ ਤੇ ਸੁਲੇਮਾਨੀ ਨੂੰ ਖਤਮ ਕਰਨਾ ਚਾਹੁੰਦਾ ਸੀ। ਇਰਾਨ ਤੋਂ ਹੁਣ ਇਰਾਕ ਤੇ ਸੀਰੀਆ ਅੰਦਰ ਅਮਰੀਕੀ ਫੌਜੀ ਅੱਡਿਆ, ਗੋਲਾਨ ਹਾਈਟਸ ਤੋਂ ਇਸਰਾਇਲ ਵਿਰੁਧ, "ਹੋਰਮੁਜ" ਜਲ-ਡੈਮਰੂ 'ਚ ਲੰਘਣ ਵਾਲੇ ਤੇਲ ਟੈਂਕਰਾਂ 'ਤੇ ਹਮਲਿਆਂ ਦੀ ਸੰਭਾਵਨਾ ਹੋ ਸਕਦੀ ਹੈ। ਰੂਸੀ ਫੌਜਾਂ ਸੀਰੀਆਂ ਅੰਦਰ ਤਾਇਨਾਤ ਹਨ। ਸੀਰੀਆ ਇਰਾਨ ਦਾ ਸਮਰਥੱਕ ਹੈ। ਤੁਰਕੀ, 'ਨਾਟੋ ਦਾ ਮੈਂਬਰ ਹੋਣ ਦੇ ਬਾਵਜੂਦ ਰੂਸ ਤੇ ਇਰਾਨ ਦੇ ਕਰੀਬ ਹੈ। ਜੰਗ ਦੀ ਸੰਭਾਵਨਾ ਬਹੁਤ ਘੱਟ ਹੈ, ਪਰ ਇਰਾਨ ਆਹਮੋ-ਸਾਹਮਣੇ ਨਹੀਂ ਲੜ੍ਹ ਸਕਦਾ ਹੈ?

ਇਰਾਨ ਵੱਲੋਂ ਇਰਾਕ ਵਿਖੇ ਦੋ ਅਮਰੀਕੀ ਫੌਜੀ ਟਿਕਾਣਿਆਂ 'ਤੇ ਹੋਏ ਹਮਲੇ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਰਡ ਟਰੰਪ ਨੇ ਦੇਸ਼-ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ, ਕਿ ਅਮਰੀਕਾ ਕੋਈ ਫੌਜੀ ਕਾਰਵਾਈ ਨਹੀਂ ਕਰੇਗਾ, ਇਰਾਨ ਇਕ ਅੱਤਵਾਦੀ ਦੇਸ਼ ਹੈ ਤੇ ਇਸ ਵੱਲੋਂ ਪ੍ਰਮਾਣੂ ਟੈਸਟ ਕਰਨ ਤੋਂ ਦੂਸਰੇ ਦੇਸ਼ ਦਬਾਅ ਪਾਉਣ। ਨਾਟੋ ਦੇ ਮੈਂਬਰ ਦੇਸ਼, ਅਮਨ ਲਈ ਕੰਮ ਕਰਦੇ ਰਹਿਣਗੇ। ਇਰਾਨੀ ਹਮਲੇ 'ਚ ਕੋਈ ਵੀ ਅਮਰੀਕੀ ਨਹੀਂ ਮਰਿਆ। ਅਮਰੀਕਾ ਅਰਥਿਕ ਤੌਰ 'ਤੇ ਮਜ਼ਬੂਤ ਹੈ ਤੇ ਮਿਲਟਰੀ ਪੱਖੋ ਵੀ। ਇਰਾਨ ਪ੍ਰਮਾਣੂ ਤਾਕਤ ਬਣਨ ਦਾ ਸੁਪਨਾ ਛੱਡ ਦੇਵੇ। ਸੁਲੇਮਾਨੀ ਇਕ ਅੱਤਵਾਦੀ ਸੀ ਉਸ ਨੂੰ ਪਹਿਲਾ ਹੀ ਮਾਰ ਦੇਣਾ ਚਾਹੀਦਾ ਸੀ। ਉਹ ਅਮਰੀਕੀ ਠਿਕਾਣਿਆਂ 'ਤੇ ਹਮਲੇ ਕਰਨ ਦੀ ਤਾਕ ਵਿੱਚ ਸੀ। ਉਹ ਹਿਜਬੁਲ੍ਹਾ ਦੀ ਮਦਦ ਕਰਦਾ ਸੀ। ਅਸੀਂ ਸ਼ਾਂਤੀ ਦੇ ਰਸਤੇ ਤੇ ਅੱਗੇ ਵੱਧ ਰਹੇ ਹਾਂ। ਉਧਰ ਅਮਰੀਕੀ ਡੈਮੋਕਰੇਟਾਂ ਨੇ ਕਿਹਾ ਕਿ ਟਰੰਪ ਅਮਰੀਕਾ ਤੇ ਇਰਾਨ ਵਿਚਕਾਰ ਫੌਜੀ ਟਕਰਾਅ 'ਚ ਤੀਬਰਤਾ ਲਿਆਉਣਾ ਚਾਹੁੰਦਾ ਹੈ। ਹੁਣ ਤੱਕ ਅਮਰੀਕਾ ਦੇ ਹੱਕ ਵਿੱਚ ਜੇਕਰ ਕੋਈ ਅੱਗੇ ਆਇਆ ਹੈ ਤਾਂ ਉਹ ਇਸਰਾਇਲ ਦਾ ਪ੍ਰਧਾਨ ਮੰਤਰੀ ਬਿਜਾਮਿਨਾ ਨੇਤਿਆਨਾਹੂ ਹੈ। ਕਿਉਂਕਿ ਮੱਧ-ਪੂਰਬ 'ਚ ਅਮਰੀਕਾ ਦਾ ਸਭ ਤੋਂ ਵੱਡਾ ਅੱਡਾ ਇਸਰਾਇਲ ਹੈ ਜੋ ਪ੍ਰਮਾਣੂ ਹਥਿਆਰਾਂ ਨਾਲ ਲੈਸ ਹੈ ਤੇ ਅਰਬ ਦੇਸ਼ਾਂ ਵਿਰੁਧ ਹਰ ਵੇਲੇ ਹਮਲਾਵਰੀ ਰਹਿੰਦਾ ਹੈ।

ਅਮਰੀਕਾ, ਚੀਨ, ਰੂਸ, ਇਸਰਾਇਲ, ਸਾਰਿਆ ਪਾਸ ਪ੍ਰਮਾਣੂ ਹਥਿਆਰ ਹਨ। ਚੀਨ ਨੇ ਉਮਾਨ ਦੀ ਖਾੜੀ 'ਚ ਆਪਣਾ ਜੰਗੀ ਬੇੜਾ ਤੈਨਾਤ ਕੀਤਾ ਹੋਇਆ ਹੈ। ਹੁਣੇ ਹੁਣੇ ਇਸ ਖੇਤਰ 'ਚ ਇਰਾਨ ਤੇ ਰੂਸ ਨੇ ਸਾਂਝਾ ਫੌਜੀ ਅਭਿਆਸ ਕੀਤਾ ਹੈ। ਸਾਊਦੀ ਅਰਬ ਯਮਨ ਅੰਦਰ ਇਰਾਨੀ ਸਮਰਥਤ ਹੌਥੀ-ਵਿਦਰੋਹੀਆਂ ਨਾਲ ਲੜ ਰਿਹਾ ਹੈ। ਇਸ ਤਰ੍ਹਾਂ ਜੇਕਰ ਇਰਾਨ ਤੇ ਅਮਰੀਕਾ ਵਿਚਕਾਰ ਵਿਵਾਦ ਵੱਧਦਾ ਹੈ ਤਾਂ ਵੱਖੋ ਵੱਖ ਰਾਜਸੀ, ਆਰਥਿਕ ਤੇ ਸਰਦਾਰੀ ਦੀ ਹੋੜ ਕਾਰਨ ਕਈ ਤਰ੍ਹਾਂ ਦੇ ਸਮੀਕਰਨ ਸਾਹਮਣੇ ਆ ਸਕਦੇ ਹਨ। ਸਾਰੀਆਂ ਮਹਾਂਸ਼ਕਤੀਆਂ ਪਾਸ ਪ੍ਰਮਾਣੂ ਹਥਿਆਰ ਹਨ। ਸੋ ਪਹਿਲ ਕਰਨੀ ਕੋਈ ਆਸਾਨ ਨਹੀਂ ਹੋਵੇਗੀ। ਇਨ੍ਹਾਂ ਪਾਸ ਅਗਲੀ ਪੀੜ੍ਹੀ ਦੀਆਂ ਹਾਈਪਰਸੋਨਿਕ ਮਿਜ਼ਾਇਲ ਵੀ ਹਨ ਜੋ ਹਰ ਤਰ੍ਹਾਂ ਦੀਆਂ ਰੱਖਿਆ ਪ੍ਰਣਾਲੀਆਂ ਨੂੰ ਤੋੜਨ ਲਈ ਸਮਰੱਥ ਵੀ ਹਨ। "ਹੋਰਮੁਜ" ਜਲ ਡਮਰੂ ਰਸਤਾ ਮੱਧ ਪੂਰਬ ਦੇ ਤੇਲ ਪੈਦਾ ਕਰਨ ਵਾਲੇ ਅਰਬ ਦੇਸ਼ਾਂ ਨੂੰ ਏਸ਼ੀਆ, ਯੂਰਪ ਅਤੇ ਉਤਰੀ ਅਮਰੀਕਾ ਅਤੇ ਉਸ ਤੋਂ ਅੱਗੇ ਬਾਕੀ ਬਾਜ਼ਾਰਾਂ ਨੂੰ ਜੋੜਦਾ ਹੈ। ਇਰਾਨ ਵੱਲੋਂ ਇਸ ਰਸਤੇ ਨੂੰ ਰੋਕਣਾ ਜਿੱਥੇ ਤੇਲ-ਸ਼ਕਤੀ ਲਈ ਨਵੀਂ ਸਮੱਸਿਆਵਾਂ ਪੈਦਾ ਕਰੇਗਾ, 'ਉਥੇ ਪੀੜਤ ਦੇਸ਼ਾਂ ਨੂੰ ਮੁੜ ਆਪਣੇ ਹਿੱਤਾਂ ਲਈ ਸੋਚਣ ਲਈ ਮਜਬੂਰ ਕਰੇਗਾ! ਜੰਗ ਦੇ ਹਲਾਤਾਂ ਦੌਰਾਨ ਤੇਲ ਸੰਕਟ ਕਾਰਨ ਸਾਰੀ ਦੁਨੀਆਂ ਨੂੰ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ। ਫਿਰ ਜੰਗ ਬਾਰੇ ਹਰ ਇਕ ਨੂੰ ਵਾਰ-ਵਾਰ ਸੋਚਣਾ ਪਏਗਾ? ਇਰਾਨ 8.2 ਕਰੋੜ ਆਬਾਦੀ ਵਾਲਾ ਦੇਸ਼ ਜਿਸ ਪਾਸ ਕਰੀਬ 5-ਲੱਖ ਫੌਜ ਹੈ। ਇਸ ਪਾਸ ਆਧੁਨਿਕ ਹਥਿਆਰ ਹਨ। ਇਰਾਨ ਭੂਗੋਲਿਕ ਤੌਰ ਤੇ ਤਿੰਨ ਪਾਸਿਆਂ ਤੋਂ ਪਹਾੜੀਆਂ 'ਚ ਘਿਰਿਆ ਹੋਇਆ ਹੈ ਤੇ ਇਕ ਪਾਸੇ ਸਮੁੰਦਰ ਹੈ। ਦੇਸ਼ ਦੇ ਵਿਚਕਾਰ ਮਾਰੂਥਲ ਹੈ। ਇਸ ਤਰ੍ਹਾਂ ਅਮਰੀਕੀ ਫੌਜ ਨੂੰ ਜ਼ਮੀਨੀ ਸਤਹਾਂ ਤੇ ਜੰਗ ਲੜਨਾ ਇਕ ਵੱਡੀ ਚੁਣੌਤੀ ਹੈ। ਪ੍ਰਮਾਣੂ ਸਮਝੌਤੇ ਦੇ ਟੁੱਟਣ ਬਾਦ ਇਰਾਨ ਨੇ ਯੂਰੇਨੀਅਮ ਭੰਡਾਰ ਦੀ ਸੀਮਾ ਦਾ ਉਲੰਘਨ ਕੀਤਾ ਤੇ ਆਪਣੇ ਊਰਜਾ ਖੇਤਰ 'ਚ ਵਾਧਾ ਕੀਤਾ। ਇਰਾਨ ਪਾਸ ਮੱਧ-ਪੂਰਬ ਦੇ ਦੇਸ਼ਾਂ ਵਿਚੋਂ ਸਭ ਤੋਂ ਵੱਧ ਮਿਜ਼ਾਇਲ ਸ਼ਕਤੀ ਜਿਸ ਵਿੱਚ ਜੋ 2000 ਕਿ.ਮੀ. ਤਕ ਮਾਰ ਕਰ ਸਕਦੀਆਂ ਹਨ। ਇਸ ਲਈ ਅਮਰੀਕਾ ਨੂੰ ਜੰਗ ਦੀ ਸੂਰਤ ਵਿੱਚ ਹਰ ਤਰ੍ਹਾਂ ਦੇ ਹਥਿਆਰਾਂ ਦੀ ਵਰਤੋਂ ਕਰਨੀ ਪੈ ਸਕਦੀ ਹੈ। ਸਾਈਬਰ ਹਮਲਾ ਵੀ

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (T1)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

ਕੀਤਾ ਜਾ ਸਕਦਾ ਹੈ। ਇਰਾਕ ਅੰਦਰ 5000 ਤੋਂ ਵੱਧ ਅਮਰੀਕੀ ਫੌਜੀ ਤਾਇਨਾਤ ਹਨ। ਪਰ ਇਰਾਕ ਅੰਦਰ ਅਮਰੀਕਾ, ਸ਼ਿਆ ਮਿਲਿਸ਼ੀਆ ਜੱਥੇਬੰਦੀ ਦੇ ਨਿਸ਼ਾਨੇ ਤੇ ਹੈ। ਕੁਦਸ ਫੋਰਸ ਸੁਲੇਮਾਨੀ ਦੀ ਮੌਤ ਬਾਅਦ ਸਿਧੇ ਤੌਰ 'ਤੇ ਅਮਰੀਕਾ ਵਿਰੁੱਧ ਲੜੇਗੀ। ਇਸੇ ਤਰ੍ਹਾਂ ਸੀਰੀਆ ਨੇ ਰੂਸ ਤੇ ਇਰਾਨ ਦੀ ਸਹਾਇਤਾ ਨਾਲ ਆਪਣੀ ਸ਼ਕਤੀ ਮਜ਼ਬੂਤ ਕਰ ਲਈ ਹੈ। ਬਸ਼ਰ-ਅਲ-ਅਸਦ ਇਰਾਨ ਦੇ ਕਾਫੀ ਨੇੜੇ ਹੈ। ਇਸ ਤਰ੍ਹਾਂ ਜੇਕਰ ਕੋਈ ਜੰਗ ਦੀ ਸੰਭਾਵਨਾ ਬਣਦੀ ਹੈ ਤਾਂ ਅਮਰੀਕਾ ਨੂੰ ਇਰਾਨ ਨਾਲ ਜੰਗ ਲੜਨੀ ਮਹਿੰਗੀ ਪਏਗੀ ?

ਸੁਲੇਮਾਨੀ ਜੋ ਇਰਾਨ ਦੀ ਇਨਕਲਾਬੀ ਫੌਜ ਕੁਦਸ ਜਿਸ ਪਾਸ ਇਸਲਾਮਿਕ ਰੀਪਬਲਿਕ ਫੋਰਸ ਦੀ ਵਾਗਡੋਰ ਸੀ, ਇਰਾਨ ਦੇ ਰਾਬਰੋ ਕਸਬੇ ਵਿੱਚ 11-ਮਾਰਚ, 1957 ਨੂੰ ਪੈਦਾ ਹੋਇਆ। ਇਰਾਨ ਦੇ ਰਾਜਾ ਪਹਲਾਵੀ ਵਿਰੁਧ ਉਠੀ ਲਹਿਰ 'ਚ ਸੁਲੇਮਾਨੀ ਸ਼ਾਮਲ ਹੋ ਗਿਆ। ਹੌਲੀ-ਹੌਲੀ ਖੁਮੈਨੀ ਦੇ ਨਜ਼ਦੀਕ ਚਲਾ ਗਿਆ। ਵਿਦੇਸ਼ੀ ਮੁਹਿੰਮਾਂ ਦਾ ਕਮਾਂਡਰ ਬਣ ਗਿਆ। ਇਰਾਨ ਅੰਦਰ ਇਕ ਹਰਮਨ ਪਿਆਰਾ ਆਗੂ ਸੀ। ਸੁਲੇਮਾਨੀ ਦਾ ਕਥਨ ਸੀ- ਅਸਲ ਮੌਤ! ਜ਼ਿੰਦਗੀ ਦੀ ਸ਼ੁਰੂਆਤ ਹੈ, ਜ਼ਿੰਦਗੀ ਦਾ ਅੰਤ ਨਹੀ। ਉਹ ਇਰਾਕ ਦਾ ਇਕ ਸ਼ਕਤੀਸ਼ਾਲੀ ਫੌਜੀ ਨਾਲੋ ਰਾਜਸੀ ਆਗੂ ਸੀ। ਵਿਦੇਸ਼ੀ ਮੁਹਿੰਮਾਂ ਸ਼ੁਰੂ ਕਰਨ ਲਈ ਸਾਰੇ ਮਨਸੂਬੇ ਘੜਦਾ ਸੀ। ਜਿਸ ਤੋਂ ਅਮਰੀਕੀ "ਸੀ.ਆਈ.ਏ." ਵੀ ਘਬਰਾਉਂਦੀ ਸੀ। ਅੱਜ ਇਰਾਨ ਤੇ ਅਮਰੀਕਾ ਇਕ ਦੂਜੇ ਦੇ ਕੱਟੜ ਵਿਰੋਧੀ ਹਨ। ਕਦੀ ਉਹ ਇਕ ਦੂਜੇ ਨਾਲ ਜੁੜੇ ਹੋਏ ਸਨ। 1979 ਦੀ ਇਰਾਨ ਅੰਦਰ ਹੋਈ ਇਸਲਾਮਿਕ ਕ੍ਰਾਂਤੀ ਬਾਅਦ ਵਾਸ਼ਿੰਗਟਨ ਤੇ ਤਹਿਰਾਨ ਦੇ ਰਿਸ਼ਤੇ ਤਿੜਕ ਗਏ। ਮੱਧ-ਪੂਰਬ ਅੰਦਰ ਅਮਰੀਕਾ ਦੀ ਸ਼ਹਿ ਤੇ ਇਸਰਾਇਲ ਦਾ ਹਮਲਾਵਰੀ ਰੁੱਖ ਕਰਕੇ ਇਰਾਨ ਦੇ ਸਬੰਧ ਰੂਸ ਅਤੇ ਚੀਨ ਨਾਲ ਹੋਰ ਮਜ਼ਬੂਤ ਹੋਏ ਹਨ। ਏਸ਼ੀਆ ਅੰਦਰ ਨਵੀਂ ਦਿੱਲੀ, ਅਮਰੀਕਾ ਤੇ ਇਸਰਾਇਲ ਨੂੰ ਨਾਲ ਲੈ ਕੇ ਇਰਾਨ ਨੂੰ ਨੇੜੇ ਰੱਖਣਾ ਚਾਹੁੰਦਾ ਹੈ। ਪਰ ਅਜਿਹੇ ਰਾਜਨੀਤਕ ਸਬੰਧ ਭਾਰਤ ਨੂੰ ਅਮਰੀਕਾ ਇਸਰਾਇਲ ਨਾਲ ਰੱਖਣੇ ਜਟਿਲ ਹਨ।

ਅਮਰੀਕੀ ਸਾਮਰਾਜ ਦੀਆਂ ਅੱਥਰੀਆਂ ਅਤੇ ਤਬਾਹਕੁੰਨ ਖੇਡਾਂ ਤੋਂ ਸੰਸਾਰ ਦੇ ਸਾਰੇ ਸੰਵੇਦਨਸ਼ੀਲ ਦੇਸ਼ ਅਤੇ ਲੋਕ ਚਿੰਤਤ ਹਨ। ਉਹ ਅਮਨ ਨੂੰ ਲਾਂਬੂ ਲਾਉਣ ਦੀਆਂ ਅਮਰੀਕਾਂ ਦੀਆਂ ਹਰ ਤਰ੍ਹਾਂ ਦੀਆ ਚਾਲਾਂ ਤੋ ਸੁਚੇਤ ਹਨ, ਪਰ ਆਪੋ-ਆਪਣੇ ਨਿੱਜੀ ਰਾਜਸੀ ਅਤੇ ਕੂਟਨੀਤਕ ਹਿੱਤਾਂ ਕਾਰਨ ਆਵਾਜ਼ ਨਹੀਂ ਉਠਾ ਰਹੇ ਹਨ। ਮੋਦੀ ਸਰਕਾਰ ਭਾਰਤ ਦੀ ਪਹਿਲੀ ਵਿਦੇਸ਼ ਨੀਤੀ ਤੋਂ ਦੂਰ ਹੱਟ ਕੇ ਅਮਰੀਕਾ ਦੇ ਗਲਿਆਰੇ 'ਚ ਚੱਕਰ ਕੱਟ ਰਹੀ ਹੈ। ਜਦਕਿ ਭਾਰਤ ਦੇ ਇਰਾਨ, ਜਿਹੜਾ ਏਸ਼ੀਆਈ ਦੇਸ਼ ਅਤੇ ਭਾਰਤ ਨੂੰ ਕੱਚਾ ਤੇਲ ਸਪਲਾਈ ਕਰਦਾ ਹੈ ਨਾਲ ਪੁਰਾਣੀ ਨੇੜਤਾ ਹੈ। ਪਰ ਅਮਰੀਕੀ ਦਬਾਅ ਕਾਰਨ ਭਾਰਤ ਪਹਿਲਾਂ ਹੀ ਇਰਾਨ-ਭਾਰਤ ਤੇਲ ਪਾਈਪ ਲਾਈਨ ਤੋਂ ਪਾਸਾ ਵੱਟ ਰਿਹਾ ਹੈ। ਹੁਣ ਇਰਾਨ-ਅਮਰੀਕਾ ਖਾੜੀ ਤਣਾਅ ਕਾਰਨ ਦੋਗਲੀ ਨੀਤੀ ਅਪਣਾਅ ਰਿਹਾ ਹੈ। ਇਸ ਵੇਲੇ ਖਾੜੀ ਦੇਸ਼ਾਂ ਅੰਦਰ 80-ਲੱਖ ਤੋਂ ਵੱਧ ਭਾਰਤੀ ਕਿਰਤੀ ਰੁਜ਼ਗਾਰ ਪ੍ਰਾਪਤ ਕਰ ਰਹੇ ਹਨ। 15-ਲੱਖ ਕਰੋੜ ਰੁਪਏ ਦਾ ਵਿਦੇਸ਼ੀ ਧਨ ਖਾੜੀ ਦੇਸ਼ਾਂ ਤੋਂ ਭਾਰਤ ਨੂੰ ਪ੍ਰਾਪਤ ਹੁੰਦਾ ਹੈ। ਜੰਗ ਹੋਣ ਦੀ ਸੂਰਤ 'ਚ ਭਾਰਤ ਦੀ ਆਰਥਿਕਤਾ 'ਤੇ ਇਕ ਵੱਡਾ ਬੋਝ ਪੈ ਜਾਵੇਗਾ ? ਭਾਰਤ ਦਾ ਭਲਾ ਇਸ ਤਨਾਅ ਸਮੇਂ ਗੁਟ-ਨਿਰਪੇਖ ਨੀਤੀ ਨੂੰ ਲਾਗੂ ਕਰਕੇ ਹੀ ਹੋਵੇਗਾ। ਸਾਮਰਾਜ ਦੁਨੀਆਂ ਨੂੰ ਨਿਗਲਣਾਂ ਚਾਹੁੰਦਾ ਹੈ। ਭਾਰਤ ਨੂੰ ਹਮ ਖਿਆਲੀ ਵਿਕਾਸਸ਼ੀਲ ਦੇਸ਼ਾਂ ਨਾਲ ਨੇੜਤਾ ਦੇ ਰਿਸ਼ਤਿਆਂ ਦੀ ਜਟਿਲਤਾ ਨੂੰ ਸਮਝਣਾ ਚਾਹੀਦਾ ਹੈ ਨਾ ਕਿ ਅਮਰੀਕਾ ਅਤੇ ਇਸਰਾਇਲ ਦੀ ਸ਼ਕਤੀ ਨੂੰ।

ਰੂਸ, ਚੀਨ ਤੋਂ ਇਲਾਵਾ ਬਹੁਤ ਸਾਰੇ ਅਮਨ ਪਸੰਦ ਦੇਸ਼ਾਂ ਦੇ ਦਬਾਅ ਕਾਰਨ ਅਤੇ ਨਾਟੋ ਦੇਸ਼ਾਂ ਅੰਦਰ ਜੰਗ ਤੋਂ ਪਿਛੇ ਹੱਟਣ ਕਾਰਨ ਅਮਰੀਕਾ-ਇਰਾਨ ਟਕਰਾਅ ਨੂੰ ਰੋਕਣ ਲਈ ਹਵਾ ਦਾ ਰੁੱਖ ਭਾਵੇਂ ਤੇਜ਼ ਨਹੀ ਹੋਇਆ ਹੈ! ਪਰ ਅਮਰੀਕਾ ਅੰਦਰ ਪੈਦਾ ਹੋ ਰਹੇ ਰਾਜਸੀ ਦਬਾਅ ਨੇ ਟਰੰਪ ਦੇ ਨਾ ਮਾਨੂੰ ਅੜਬ ਦਿਮਾਗ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਹੁਣ ਕੋਈ ਵੀ ਦੇਸ਼ ਆਪਣੀ ਧਰਤੀ ਨੂੰ ਜੰਗ ਦਾ ਮੈਦਾਨ ਬਣਨ ਲਈ ਤਿਆਰ ਨਹੀਂ ਹੈ। ਸਾਰੇ ਦੇਸ਼ ਜੰਗ ਦੇ ਮਾਰੂ ਨਤੀਜਿਆਂ ਤੋਂ ਜਾਣੂ ਹਨ। ਇਸੇ ਕਰਕੇ ਟਰੰਪ ਦੀ ਬੜਕ ਮੱਠੀ ਪੈ ਗਈ ਹੈ। ਪਹਿਲਾ ਹੀ ਦੁਨੀਆ ਅੰਦਰ ਮੰਦੇ ਕਾਰਨ ਬਹੁਤ ਸਾਰੇ ਦੇਸ਼ਾਂ ਦੀ ਆਰਥਿਕਤਾ ਲੁੜਕੀ ਹੋਈ ਹੈ। ਜੰਗ ਦੇ ਬੁਖਾਰ ਕਾਰਨ ਹਰ ਪਾਸੇ ਮੰਦਾ ਛਾ ਗਿਆ ਹੈ। ਸਾਨੂੰ ਸਾਰਿਆਂ ਨੂੰ ਅਮਨ ਦੀ ਸਲਾਮਤੀ ਅਤੇ ਜੰਗਬਾਜ਼ ਸਾਮਰਾਜੀ ਅਮਰੀਕਾ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ। ਸਾਰੀਆਂ ਅਮਨਪਸੰਦ ਸ਼ਕਤੀਆਂ, ਲੋਕਾਂ ਅਤੇ ਸਾਮਰਾਜ ਵਿਰੁੱਧ ਲੜ ਰਹੇ ਆਵਾਮ ਨੂੰ ਆਪਣੇ ਬੱਚਿਆਂ ਦੇ ਭਵਿੱਖ ਤੇ ਸੰਸਾਰ ਨੂੰ ਹਰਾ-ਭਰਾ ਰੱਖਣ ਲਈ ਜੰਗ ਦੀ ਵਿਰੋਧਤਾ ਕਰਨ ਲਈ ਇਕਜੁੱਟ ਹੋਣਾ ਚਾਹੀਦਾ ਹੈ।

# ਵਿਧਾਨ ਸਭਾਈ ਚੋਣਾਂ ਤੇ ਭਾਜਪਾ ਦੀ ਅਗਲੇਰੀ ਰਣਨੀਤੀ

- ਨਰਭਿੰਦਰ




ਮਹਾਂਰਾਸ਼ਟਰ ਝਾਰਖੰਡ ਹਰਿਆਣਾ ਦੀਆਂ ਵਿਧਾਨ ਸਭਾਈ ਚੋਣਾਂ ਤੋਂ ਇਲਾਵਾ ਹੋਰਾ ਰਾਜਾਂ ਵਿਚ ਹੋਈਆਂ ਜ਼ਿਮਨੀ ਚੋਣਾਂ ਨੇ ਭਾਜਪਾ ਦੇ ਸੱਤਾ ਪਗਾਊ ਨਸ਼ੇ ਨੂੰ ਬੇਸ਼ੱਕ ਹੇਠਾਂ ਕੀਤਾ ਹੈ ਪਰ ਭੁੱਲਣਾ ਨਹੀਂ ਚਾਹੀਦਾ ਕਿ ਬੀ. ਜੇ. ਪੀ. ਤੇ ਇਸ ਪਿਛੇ ਬੈਠੀ ਆਰ. ਐਸ. ਐਸ. ਇਕ ਅਜਿਹਾ ਜ਼ਹਿਰੀਲਾ ਸੱਪ ਹੈ ਜਿਹੜਾ ਜ਼ਹਿਰੀ ਨਫ਼ਰਤ ਦੀ ਰਾਜਨੀਤੀ ਦਾ ਵਪਾਰ ਕਰਦਾ ਹੈ, ਸਮਾਜ ਵਿਚ ਵੰਡ ਦੇ ਬੀਜ ਬੀਜਦਾ ਹੈ ਉਹ ਐਨੀਆਂ ਕੁ ਛੋਟੀਆਂ ਮੋਟੀਆਂ ਹਾਰਾਂ ਨਾਲ ਮਰਨ ਵਾਲਾ ਨਹੀਂ ਅਤੇ ਇਹ ਮੁਕਾਬਲੇ ਜਿੱਤਣ ਵਾਲੀਆਂ ਧਿਰਾਂ ਉਹ ਕਾਂਗਰਸ ਹੋਵੇ ਜਾਂ ਸ਼ਿਵ ਸੈਨਾ, ਝਾਰਖੰਡ ਮੁਕਤੀ ਮੋਰਚਾ ਹੋਵੇ ਜਾਂ ਅਜਿਹੀ ਹੀ ਹੋਰ ਇਸ ਦਾ ਨਾਂ ਮੁਕਾਬਲਾ ਕਰਨ ਦੇ ਸਮਰੱਥ ਹਨ ਨਾ ਹੀ ਉਨ੍ਹਾਂ ਕੋਲ ਇਹਦੇ ਮੁਕਾਬਲੇ ਦਾ ਸਿਧਾਂਤ ਤੇ ਰਾਜਨੀਤੀ ਹੀ ਹੈ। ਇਨ੍ਹਾਂ ਰਾਜਾਂ ਵਿਚ ਭਾਜਪਾ ਵਿਰੋਧੀਆਂ ਦੀ ਜਿੱਤ ਦੇ ਪਿਛੇ ਲੋਕਾਈ ਦੀ ਉਹ ਮਾਨਸਿਕਤਾ ਹੈ ਜਿਹੜੀ ਆਉਣ ਵਾਲੇ ਖਤਰਿਆਂ ਨੂੰ ਭਾਂਪ ਰਹੀ ਹੈ ਅਤੇ ਕਿਸੇ ਬਦਲਵੇਂ ਰਾਹ ਦੀ ਤਲਾਸ਼ ਵਿਚ ਹੈ।

ਮਿਸਾਲ ਲਈ ਤਿੰਨਾਂ ਰਾਜਾਂ (ਮਹਾਂਰਾਸ਼ਟਰ ਝਾਰਖੰਡ ਤੇ ਹਰਿਆਣਾ ਵਿਚ) ਚੋਣਾਂ ਤੋਂ ਐਨ ਪਹਿਲਾਂ ਬੀ.ਜੇ. ਪੀ. ਨੇ ਹਿੰਦੂ ਰਾਸ਼ਟਰ ਸਿਰਜਨਾ ਦੇ ਆਪਣੇ ਕਾਰਡ ਖੇਡਣੇ ਸ਼ੁਰੂ ਕਰ ਦਿੱਤੇ ਸਨ। ਕਸ਼ਮੀਰ 'ਚੋਂ ਧਾਰਾ 370 ਹਟਾ ਕੇ, ਤਿੰਨ ਤਲਾਕ ਅਤੇ ਰਾਮ ਜਨਮ ਭੂਮੀ ਅਯੋਧਿਆ ਵਿਵਾਦ ਉਤੇ ਸੁਪਰੀਮ ਕੋਰਟ ਰਾਹੀਂ ਫੈਸਲੇ ਕਰਵਾ ਕੇ ਤੇ ਨਾਗਰਿਕਤਾ ਸੋਧ ਬਿਲ ਵਿਦੇਸ਼ੀ ਘੁਸਪੈਠੀਆਂ ਨੂੰ ਦੇਸ਼ ਤੋਂ ਬਾਹਰ ਕਰਨ ਦੇ ਕਦਮ ਚੁੱਕ ਕੇ। ਇਨ੍ਹਾਂ ਹਿੰਦੂ ਰਾਸ਼ਟਰ ਸਿਰਜਨ ਲਈ ਚੁੱਕੇ ਕਦਮਾਂ ਨੂੰ ਹਰ ਰਾਜ ਵਿਚ ਹੀ ਲੋਕਾਈ ਨੇ ਬੁਰੀ ਤਰ੍ਹਾਂ ਨਕਾਰਿਆ ਹੈ। ਮਹਾਂਰਾਸ਼ਟਰ ਵਿਚ ਭਾਜਪਾ ਦੀ ਲੰਮਾਂ ਸਮਾਂ ਸੰਗੀ ਰਹੀ ਸ਼ਿਵ ਸੈਨਾ ਨੇ ਚੋਣਾਂ ਜਿੱਤਣ ਤੱਕ ਤਾਂ ਯਾਰੀ ਬਣਾ ਕੇ ਰੱਖੀ ਅਤੇ ਜਿੱਤਣ ਪਿਛੋਂ ਇਸ ਯਾਰੀ ਦਾ ਟੁੱਟਣਾ ਮਹਿਜ਼ ਸੱਤਾ ਦੀ ਕੁਰਸੀ ਜਾਂ ਮੁੱਖ ਮੰਤਰੀ ਦੀ ਕੁਰਸੀ ਹੀ ਨਹੀਂ ਸੀ। ਮੁੱਖ ਮੰਤਰੀ ਦੀ ਦੀ ਕੁਰਸੀ ਹਾਸਲ ਕਰਨ ਪਿਛੋਂ ਸ਼ਿਵ ਸੈਨਾ ਨੇ ਹਿੰਦੂਤਵੀ ਸੋਚ ਤੇ ਹਿੰਦੂ ਰਾਸ਼ਟਰਵਾਦ ਪ੍ਰਤੀ ਜਿਹੜਾ ਪੈਂਤੜਾ ਲਿਆ ਹੈ। ਇਹ ਆਰ. ਐਸ.ਐਸ. ਤੇ ਬੀ. ਜੇ. ਪੀ. ਨਾਲੋਂ ਬਿਲਕੁਲ ਵੱਖਰਾ। ਇਹ ਮਹਿਜ ਸ਼ਰਦ ਪਵਾਰ ਤੇ ਕਾਂਗਰਸ ਨਾਲ ਮਿਲ ਕੇ ਬੈਠਣ ਦੇ ਸਿੱਟੇ ਵਜੋਂ ਹੀ ਨਹੀਂ ਹੈ। ਬੇਸ਼ੱਕ ਸ਼ਿਵ ਸੈਨਾ ਹਿੰਦੂਵਾਦੀ ਪੱਤੇ ਖੇਡਣ ਵਾਲੀ ਪਾਰਟੀ ਹੀ ਰਹੀ ਹੈ, ਪਰ ਉਸ ਅੰਦਰਲੇ ਮਰਾਠਾਵਾਦ ਨੇ ਵੀ ਜਨਮ ਲਿਆ ਹੈ। ਵੈਸੇ ਵੀ ਸ਼ਿਵ ਸੈਨਾ ਨੇ ਲੰਮਾਂ ਸਮਾਂ ਭਾਜਪਾ ਨਾਲ ਰਾਜ 'ਚ ਭਾਈਵਾਲ ਹੁੰਦਿਆਂ ਵੀ, ਮੁਸਲਮਾਨਾਂ ਜਾਂ ਘੱਟ ਗਿਣਤੀਆਂ ਪ੍ਰਤੀ ਉਹ ਕਰੂਰ ਰਵੱਈਆ ਨਹੀਂ ਅਪਣਾਇਆ ਜਿਹੜਾ ਆਰ. ਐਸ. ਐਸ. ਦੀ ਕੱਟੜ ਜ਼ਹਿਰੀ ਸੋਚ ਦੀ ਉਪਜ ਰਿਹਾ ਹੈ।

ਭਾਜਪਾ ਮਹਾਰਾਸ਼ਟਰ ਦੀਆਂ 296 ਸੀਟਾਂ 'ਚੋਂ 105 ਹਾਸਲ ਕਰ ਲਈ ਸੀ ਪਹਿਲੀ ਵੱਡੀ ਪਾਰਟੀ ਸੀ। ਉਹਦੀ ਸਹਿਯੋਗੀ ਸ਼ਿਵ ਸੈਨਾ ਕੋਲ 56 ਸੀਟਾਂ ਸਨ। ਸਰਦ ਪਵਾਰ ਦੀ ਰਾਸ਼ਟਰੀ ਕਾਂਗਰਸ ਦੀ ਝੋਲੀ 54 ਸੀਟਾਂ ਸਨ ਤੇ ਕਾਂਗਰਸ ਕੋਲ ਮਹਿਜ 44 ਸੀਟਾਂ ਸਨ। ਇਕ ਦੂਸਰੇ ਨੂੰ ਠਿੱਬੀ ਲਾਉਣ, ਖਰੀਦੋ ਫਰੋਖਤ ਕਰਨ, ਡਰਾਉਣ ਧਮਕਾਉਣ ਆਦਿ ਦੇ ਸਿਲਸਿਲੇ ਵਿਚ ਜਿਹੜੀ ਲੰਮਾਂ ਸਮਾਂ ਖਿੱਚੋਤਾਣ ਚਲੀ ਤੇ ਰਾਸ਼ਟਰਪਤੀ ਸ਼ਾਸਨ ਨੂੰ ਸ਼ਰਦ ਪਵਾਰ ਨੇ ਜਿਸ ਧੋਬੀ ਪਟਕੇ ਨਾਲ ਪਰ੍ਹਾ ਵਗਾਹ ਮਾਰਿਆ ਇਹ ਖੇਡ ਵੀ ਇਕ ਮਾਜਿਆ ਖਿਡਾਰੀ ਹੀ ਖੇਡ ਸਕਦਾ ਸੀ। ਭਾਰਤੀ ਰਾਜਨੀਤੀ ਦੇ ਆਧੁਨਿਕ ਚਾਣਕੀਆਂ ਕਹੇ ਜਾਂਦੇ ਅਮਿਤਸ਼ਾਹ ਨੂੰ ਮਾਤ ਖਾਣੀ ਪਈ।

ਜੇ ਹਰਿਆਣਾ ਦਾ ਦੇਖਿਆ ਜਾਵੇ ਤਾਂ ਭਾਜਪਾ ਦੇ ਪਿਛਲੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਪਿਛਲੇ ਪੰਜਾਂ ਸਾਲਾਂ 'ਚ ਆਵਾਮ ਕਾਫ਼ੀ ਨਿਰਾਸ਼ ਸੀ। ਕਾਂਗਰਸ ਇਸ ਦਾ ਬਦਲ ਬਿਲਕੁਲ ਹੀ ਨਹੀਂ ਸੀ। ਉਧਰ ਕਲਾਸਿਕੀ ਜਾਣ ਰਾਜਨੀਤੀ ਦਾ ਗੁਰਜ ਬਰਬਾਦ ਚੌਟਾਲਾ ਪਰਿਵਾਰ ਅਲੱਗ ਅਲੱਗ ਰਾਹ ਲੈ ਚੁੱਕਾ ਸੀ। ਇਹਦੇ ਬਾਵਜੂਦ ਹਰਿਆਣਾ ਦੇ ਲੋਕਾਂ ਨੇ ਵੱਡੀ ਗਿਣਤੀ 'ਚ ਭਾਜਪਾ ਵਿਰੋਧੀ ਰੋਸ ਜਾਹਿਰ ਕੀਤਾ। ਭਾਜਪਾ ਮਸੀਂ 40 ਸੀਟਾਂ ਹੀ ਹਾਸਲ ਕਰ ਸਕੀ ਤੇ ਬਾਕੀ ਵਿਰੋਧੀ ਖੇਮਿਆਂ 'ਚ ਵੰਡਿਆ ਗਿਆ ਚੌਟਾਲਾ ਪਰਿਵਾਰ 'ਚੋਂ ਨਵੇਂ ਉਠੇ ਨੌਜਵਾਨ ਦੁਸ਼ਯੰਤ ਨੂੰ ਚੌਟਾਲਾ ਨੂੰ ਜਿਹਨੇ ਜਨ ਨਾਇਕ ਜਨਤਾ ਪਾਰਟੀ ਨਾਂ ਦੀ ਪਾਰਟੀ ਬਣਾਈ-ਨੂੰ ਜਾਟ ਵੋਟਰਾਂ ਨੇ ਚੰਗਾ ਹੁਲਾਰਾ ਦਿੱਤਾ। ਲੋਕਾਂ ਦੀਆਂ ਕਿਆਸ ਅਰਾਈਆਂ ਕਿ ਭਾਜਪਾ ਵਿਰੋਧੀ ਸਰਕਾਰ ਬਣੇਗੀ, ਉਤੇ ਪਾਣੀ ਫੇਰਿਆ ਦੁਸ਼ਯੰਤ ਚੌਟਾਲਾ, ਅਮਿਤਸ਼ਾਹ ਵਰਗੇ ਘਾਗ ਰਾਜਨੀਤਕ ਦੀ ਗ੍ਰਿਫਤ 'ਚ ਫਸ ਹੀ ਗਿਆ। ਖੈਰ ਇਹ ਸਵਾਲ ਵੱਖਰਾ ਹੈ ਪਰ ਹਰਿਆਣੇ ਵਿਚ ਭਾਜਪਾ ਦੇ ਹਿੰਦੂ ਰਾਸ਼ਟਰਵਾਦ ਸਿਰਜਨ ਦੇ ਰਾਜਸੀ ਕਦਮ ਨੂੰ ਹਰਿਆਣੇ ਦੇ ਲੋਕਾਂ ਨੇ ਨਕਾਰਿਆ ਹੀ ਸੀ। ਪੰਜਾਬ ਵਿਚ ਭਾਜਪਾ ਨੂੰ ਤਾਂ ਪੱਲਾ ਝਾੜਨਾ ਹੀ ਪਿਆ ਪਰ ਉਹ ਦੀ ਸਹਿਯੋਗੀ ਅਕਾਲੀ ਦਲ ਨੇ ਕਾਂਗਰਸ ਦੀ ਵੱਕਾਰੀ ਸੀਟ ਨੂੰ ਖੋਹ ਹੀ ਲਿਆ।

ਹੁਣੇ ਹੁਣੇ ਝਾਰਖੰਡ ਵਿਚ ਹੋਈਆਂ ਵਿਧਾਨ ਸਭਾਈ ਚੋਣਾਂ ਨੇ 15 ਸਾਲਾਂ ਤੋਂ ਚਲੇ ਆ ਰਹੇ ਭਾਜਪਾਈ ਰਾਜ ਨੂੰ ਚਲਦਾ ਕਰ ਦਿੱਤਾ ਅਤੇ ਭਾਜਪਾ ਵਿਰੋਧੀਆਂ ਦੇ ਹੱਥ ਸੱਤਾ ਸੰਭਾਲ ਦਿੱਤੀ। 81 ਸੀਟਾਂ ਵਾਲੀ ਵਿਧਾਨ ਸਭਾ 'ਚ ਕਾਂਗਰਸ ਝਾਰਖੰਡ ਮੁਕਤੀ ਮੋਰਚੇ ਨੂੰ 46 ਦੇ ਕਰੀਬ ਸੀਟਾਂ ਮਿਲੀਆਂ। ਜਿਹੜੀ ਬੀ. ਜੇ. ਪੀ. ਨੇ 2014 ਤੋਂ 2017 ਤੱਕ ਦੇਸ਼ ਦੀ 69 ਫੀਸਦੀ ਆਬਾਦੀ ਅਤੇ 75 ਫੀਸਦੀ ਖੇਤਰ ਉਤੇ ਭਗਵਾਂ ਜਾਦੂ ਬਿਖੇਰ ਦਿੱਤਾ ਸੀ ਹੁਣ ਝਾਰਖੰਡ ਦੇ ਨਤੀਜਿਆਂ ਪਿਛੋਂ 43 ਫੀਸਦੀ ਆਬਾਦੀ ਅਤੇ 35 ਫੀਸਦੀ ਖੇਤਰ ਤੱਕ ਸਿਮਟ ਗਿਆ ਹੈ ਜਿਸ ਮੋਦੀ ਦਾ ਜਾਦੂ ਲੋਕਾਂ ਦੇ ਸਿਰ ਚੜ੍ਹ ਬੋਲਦਾ ਸੀ ਤੇ ਜਿਸ ਨੇ ਵੱਡੀ ਆਬਾਦੀ ਨੂੰ ਸੰਮੋਹਕ ਕੀਤਾ ਹੋਇਆ ਸੀ ਉਹਦਾ ਇਕ ਹਿੱਸਾ ਜਾਗਣ ਲੱਗਾ ਹੈ। ਖੁਦ ਬੀ. ਜੇ. ਪੀ. ਨਾਲ ਸਹਿਯੋਗੀ ਬਣਨ ਵਾਲੇ ਰਾਜਸੀ ਸੰਗਠਨ ਵੀ ਬੀ. ਜੇ. ਪੀ. ਦੇ 2019 ਤੋਂ ਅਪਣਾਏ ਰਵੱਈਏ ਤੋਂ ਜਿਸ 'ਚ ਹਿੰਦੂ ਰਾਸ਼ਟਰ ਦੀ ਸਿਰਜਨਾ ਪ੍ਰਮੁੱਖ ਹੈ। ਚਿੰਤਤ ਦਿਖਦੇ ਹਨ।

ਮਹਾਰਾਸ਼ਟਰ ਤੇ ਹਰਿਆਣੇ ਦੇ ਲੋਕਾਂ ਨੂੰ ਭਰਮਾਉਣ ਲਈ ਧਾਰਾ 370 ਹਟਾਉਣ 'ਤੇ ਕਸ਼ਮੀਰ ਪਾਕਿਸਤਾਨ ਦੀ ਜਿਹੜੀ ਲਫ਼ਾਜੀ ਭਾਜਪਾ ਨੇ, ਮੋਦੀ ਤੇ ਅਮਿਤ ਸ਼ਾਹ ਨੇ ਵਰਤੀ-ਉਹ ਵੀ ਇਨ੍ਹਾਂ ਰਾਜਾਂ ਦੇ ਲੋਕਾਂ ਨੂੰ ਹਜ਼ਮ ਨਹੀਂ ਆਈ ਅਤੇ ਝਾਰਖੰਡ ਵਿਚ ਨਾ ਬਾਬਰੀ ਮਸਜਿਦ ਰਾਮ ਜਨਮ ਭੂਮੀ ਦਾ ਪਤਾ ਚਲਿਆ ਨਾ ਹੀ ਚੋਣਾਂ ਦੇ ਐਨ ਵਿਚਕਾਰ ਲਿਆਂਦਾ ਨਾਗਰਿਕਤਾ ਸੋਧ ਬਿੱਲ ਹੀ ਜਿੱਤਣ ਲਈ ਕਾਰਗਰ ਸਾਬਤ ਹੋਇਆ। ਕਾਰਨ ਕੀ ਸੀ, ਤਿੰਨਾਂ ਰਾਜਾਂ ਵਿਚ ਲੋਕਾਈ ਦਾ ਭਾਜਪਾ ਤੋਂ ਦੂਰ ਹੋਣ ਦਾ ਕਾਰਨ ਉਹ ਆਰਥਿਕ ਨੀਤੀਆਂ ਰਹੀਆਂ ਜਿਨ੍ਹਾਂ ਪ੍ਰਤੀ ਭਾਜਪਾ ਨੇ ਬੇਹੱਦ ਬੇਕਿਰਕ ਰੋਲ ਅਪਣਾਇਆ। ਉਨ੍ਹਾਂ 'ਚ ਨੋਟਬੰਦੀ ਸੀ ਜਿਸ ਨੇ ਮੁੰਬਈ ਮਹਾਰਾਸ਼ਟਰ ਤੇ ਪੂਰੇ ਦੇਸ਼ ਨੂੰ ਪ੍ਰਭਾਵਿਤ ਕੀਤਾ ਸੀ। ਇਸ ਨੇ ਸਮੁੱਚੇ ਦੇਸ਼ ਦੀ ਅਰਥ ਵਿਵਸਥਾ ਤੇ ਰੋਜ਼ਗਾਰ ਤਬਾਹ ਕਰ ਦਿੱਤੇ ਸਨ। ਤਿੰਨਾਂ ਰਾਜਾਂ ਦੀ ਨੌਜਵਾਨ ਪੀੜ੍ਹੀ ਦਾ ਮਜਾਜ਼ ਹੀ ਕੁਝ ਹੋਰ ਰਿਹਾ। ਹਰਿਆਣਾ 'ਚ ਦਿੱਲੀ ਦੇ ਨਾਲ ਲਗਦੇ ਖੇਤਰ ਨੂੰ ਛੱਡ ਦੇਈਏ ਤਾਂ ਬਾਕੀ ਸਾਰੇ ਖੇਤਰਾਂ ਵਿਚ ਬੀ. ਜੇ. ਪੀ. ਦਾ ਵੋਟ ਬੈਂਕ ਘਟਿਆ ਹੈ। ਝਾਰਖੰਡ ਵਿਚ ਆਦਿਵਾਸੀ ਖੇਤਰਾਂ ਵਿਚ ਭਾਜਪਾ ਸਰਕਾਰ ਨੇ ਜਿਵੇਂ ਆਦਿਵਾਸੀਆਂ ਨੂੰ ਉਜਾੜ ਕੇ ਜੰਗਲ ਜ਼ਮੀਨ ਕਾਰਪੋਰੇਟੀ ਘਰਾਣਿਆਂ ਦੇ ਹਵਾਲੇ ਕੀਤੇ ਹਨ ਅਤੇ ਝਾਰਖੰਡੀ ਆਦਿਵਾਸੀਆਂ ਨੂੰ ਭੁੱਖਮਰੀ ਦੇ ਮੂੰਹ ਸੁੱਟ ਦਿੱਤਾ ਹੈ ਇਹ ਵੀ ਕਾਰਨ ਬਣੇ ਹਨ। ਇਹ ਇਕ ਚੰਗੇਰਾ ਪੱਖ ਹੈ ਕਿ ਦੇਸ਼ ਦੀ ਆਬਾਦੀ ਭਾਜਪਾ ਆਰ. ਐਸ. ਐਸ. ਦੇ ਹਿੰਦੂ ਰਾਸ਼ਟਰ ਨਿਰਮਾਣ ਦੇ ਪੱਤਿਆਂ ਨੂੰ ਨਕਾਰ ਰਹੀ ਹੈ।

ਸਿਤਮ ਦੀ ਗੱਲ ਇਹ ਹੈ ਕਿ ਭਾਜਪਾ ਦੇ ਮੁਕਾਬਲੇ ਜਿੱਤਣ ਵਾਲੀਆਂ ਪਾਰਟੀਆਂ ਨੇ ਲੋਕਾਂ ਦੇ ਬੁਨਿਆਦੀ ਮੁੱਦਿਆਂ ਰੋਜ਼ਗਾਰ ਮਹਿੰਗਾਈ ਸਿਹਤ ਪੜ੍ਹਾਈ ਤੇ ਅਰਥ ਵਿਵਸਥਾ ਵਿਚ ਆ ਰਹੀ ਗਿਰਾਵਟ ਡਿੱਗ ਰਹੀ ਜੀ. ਡੀ. ਪੀ. ਆਦਿ ਨੂੰ ਮੁੱਦਾ ਹੀ ਨਹੀਂ ਬਣਾਇਆ। ਹੋ ਸਕਦਾ ਇਹ ਮੁੱਦੇ ਉਭਰਦੇ ਤਾਂ ਭਾਜਪਾ ਦੀ ਹਾਲਤ ਹੋਰ ਪਤਲੀ ਹੁੰਦੀ। ਉਹ ਇਹ ਮੁੱਦੇ ਬਣਾ ਹੀ ਨਹੀਂ ਸਨ ਸਕਦੀਆਂ ਕਿਉਂਕਿ ਇਨ੍ਹਾਂ ਜੇਤੂ ਰਹੀਆਂ ਸੱਤਾ 'ਤੇ ਕਾਬਜ਼ ਜਾਂ ਸੱਤਾ 'ਚ ਭਾਈਵਾਲ (ਜਿਵੇਂ ਹਰਿਆਣਾ 'ਚ ਦਸ਼ੰਯਤ ਚੋਟਾਲਾ ਦੀ ਜੇ. ਜੇ. ਪੀ.) ਕੋਲ ਕੋਈ ਆਰਥਿਕ ਬਦਲ ਹੈ ਹੀ ਨਹੀਂ। ਪਰ ਅਫਸੋਸ ਕਿ ਜਿਨ੍ਹਾਂ ਨੇ ਇਹ ਮੁੱਦੇ ਬਣਾਏ ਉਹ ਲੋਕਾਂ ਦਾ ਵਿਸ਼ਵਾਸ ਹੀ ਨਹੀਂ ਜਿੱਤ ਸਕੇ। ਇਥੇ ਮਿਸਾਲ ਸਿਰਫ਼ ਹਰਿਆਣਾ ਦੀ ਦਿਆਂਗੇ। ਜਿਥੇ ਖੱਬੇਪੱਖੀਆਂ ਵਲੋਂ ਖੜ੍ਹੇ ਕੀਤੇ ਉਮੀਦਵਾਰਾਂ ਨੂੰ ਮਹਿਜ ਗਿਣਤੀ ਦੇ ਵੋਟ ਪਏ। ਇਹ ਦਲ ਤਾਂ ਨੋਟਾਂ ਨਾਲੋਂ ਵੀ ਪਿਛੇ ਰਹੇ। ਮਾਰੂਤੀ ਅੰਦੋਲਨ ਨਾਲ ਜੁੜੇ ਜਾਂਬਾਜ਼ ਆਗੂ ਰਾਮ ਨਿਵਾਸ ਪਿਓਦਾ ਨੂੰ ਸਿਰਫ਼ 660 ਵੋਟ ਮਿਲੇ। ਬਿਗਲ ਮਜ਼ਦੂਰ ਦਹਾਤੇ ਨਾਲ ਜੁੜੀ ਪਾਰਟੀ ਆਰ. ਡਬਲਿਊ. ਪੀ. ਆਈ. ਦੇ ਪ੍ਰਵੀਨ ਨੂੰ 512 ਵੋਟ ਮਿਲੇ। ਸੀ. ਪੀ. ਐਮ. ਦੇ ਉਮੀਦਵਾਰ ਸਤਿਆਵਨ ਨੂੰ 855 ਵੋਟ ਮਿਲੇ। ਇਥੇ ਨੋਵਾ ਨੂੰ 331 ਵੋਟ ਮਿਲੇ ਸਨ। ਥਾਣੇਸਰ ਦੇ ਜਨ ਸੰਘਰਸ਼ ਮੰਚ ਦੇ ਕਰਨੈਲ ਸਿੰਘ ਨੂੰ 329 ਤੇ ਸੋਸ਼ਲਿਸਟ ਯੂਨਿਟੀ ਸੈਂਟਰ ਦੇ ਉਮੀਦਵਾਰ ਰਾਜ ਕੁਮਾਰ ਨੂੰ 135 ਵੋਟ ਮਿਲੇ। ਥਾਣੇਸਰ ਵਿਚ ਨੋਟਾ ਉਤੇ 951 ਵੋਟ ਮਿਲੇ। ਇਹ ਉਮੀਦਵਾਰ ਉਨ੍ਹਾਂ ਖੇਤਰਾਂ ਵਿਚ ਹੀ ਖਲੋਤੇ ਸਨ। ਜਿਥੇ ਮਜ਼ਦੂਰਾਂ ਦੀ ਆਬਾਦੀ 72 ਫੀ ਸਦੀ ਹੈ। ਅਖਿਰ ਆਰਥਿਕ ਤੌਰ 'ਤੇ ਪ੍ਰੇਸ਼ਾਨ ਲੋਕਾਈ ਵੀ ਮਜ਼ਦੂਰ ਹਿਤੂਆਂ ਉਤੇ ਵਿਸ਼ਵਾਸ ਕਿਉਂ ਨਹੀਂ ਕਰ ਰਹੀ। ਖ਼ੈਰ ਇਹ ਸਥਿਤੀ ਹੋਰ ਵੀ ਹੈ ਝਾਰਖੰਡ ਵਿਚ ਲਾਲ ਝੰਡੇ ਵਾਲਿਆਂ ਨੂੰ ਮਾਮੂਲੀ ਅੰਸ਼ਕ ਹੁੰਗਾਰਾ ਵੀ ਮਿਲਿਆ ਹੈ। ਪਰ ਮੁੰਬਈ (ਮਹਾਂਰਾਸ਼ਟਰ) ਜਿਥੇ ਕਦੀ ਮਜਬੂਤ ਟਰੇਡ ਯੂਨੀਅਨ ਲਹਿਰ ਹੁੰਦੀ ਸੀ 'ਚ ਲਾਲ ਝੰਡਾ ਗੁੰਮ ਜਿਹਾ ਹੋ ਗਿਆ ਹੈ।

ਇਹ ਚੋਣ ਨਤੀਜੇ ਇਹ ਨਹੀਂ ਜ਼ਾਹਿਰ ਕਰਦੇ ਕਿ ਭਾਜਪਾ ਦੇ ਖਿਲਾਫ਼ ਲੋਕਾਈ ਦੀ ਇਕ ਜ਼ਬਰਦਸਤ ਲਹਿਰ ਹੈ ਅਤੇ ਨਾ ਹੀ ਕਾਂਗਰਸ ਮੁੜ ਸੁਰਜੀਤ ਹੋਣ ਜਾ ਰਹੀ ਹੈ ਜੇ ਕੌਮੀ ਨਾਗਰਿਕ ਰਜਿਸਟਰ ਤੇ ਨਾਗਰਿਕ ਸੋਧ ਕਾਨੂੰਨ ਪਿਛੋਂ ਸ਼ਿਵ ਸੈਨਾ ਤੋਂ ਪਿਛੋਂ ਜਨਤਾ ਦਲ ਬਿਜੂ ਪਟਨਾਇਕ ਵਾਈ. ਐਸ. ਆਰ., ਅਕਾਲੀ ਦਲ ਆਦਿ ਦੀ ਸੁਰ ਵੀ ਬਦਲੀ ਹੈ ਤਾਂ ਭਾਜਪਾ ਨੇ ਵੀ ਸਟੈਂਡ 'ਚ ਤਬਦੀਲੀ ਲਿਆਂਦੀ ਹੈ। ਕੌਮੀ ਨਾਗਰਿਕ ਰਜਿਸਟਰ ਦੀ ਥਾਂ ਉਹ ਕੌਮੀ ਆਬਾਦੀ ਰਜਿਸਟਰ ਲੈ ਆਏ ਹਨ ਅਤੇ ਪ੍ਰਧਾਨ ਮੰਤਰੀ ਤਾਂ ਨੰਗੇ ਚਿੱਟੇ ਝੂਠ ਬੋਲ ਕੇ ਗੁੰਮਰਾਹ ਕਰ ਰਹੇ ਹਨ। ਜਿਹੜਾ ਉਨ੍ਹਾਂ ਦਾ (ਆਰ.ਐਸ.ਐਸ.) ਦਾ ਖਾਨਦਾਨੀ ਪੇਸ਼ਾ ਰਿਹਾ ਹੈ।

ਮੋਦੀ ਨੇ 2019 'ਚ ਭਾਰੀ ਬਹੁਮਤ ਨਾਲ ਜਿਹੜਾ ਹਿੰਦੂ ਰਾਸ਼ਟਰ ਸਿਰਜਨ ਦੀ ਖੇਡ ਸ਼ੁਰੂ ਕੀਤੀ ਹੈ ਉਸ ਤੋਂ ਲੋਕਾਈ ਉਬ ਅੱਕ ਚੁੱਕੀ। ਇਨ੍ਹਾਂ ਦੇ ਏਜੰਡੇ ਉਤੇ ਦੇਸ਼ ਦੀ ਆਰਥਿਕ ਬਦਹਾਲੀ ਬਿਲਕੁਲ ਨਹੀਂ ਹੈ। ਇਹ ਬਿਲਕੁਲ ਦੂਸਰੇ ਪਾਸੇ ਚਲ ਪਏ ਹਨ। ਕਰਫਿਊ, ਅਥਰੂ ਗੈਸ ਦੇ ਗੋਲੇ, ਦਫ਼ਾ 144, ਫਲੈਗ ਮਾਰਚ, ਦੰਗੇ ਕਰਾਉਣ ਲਈ ਭੇਸ ਬਦਲ ਕੇ ਪੋਸਟਰ ਲਾਉਣ, ਪੁਲਿਸ ਵਰਦੀ ਪਾਕੇ ਗੁੰਡਾਗਰਦੀ ਕਰਨ ਮੁਸਲਮਾਨਾਂ ਦੇ ਘਰ 'ਚ ਭੰਨ ਤੋੜ ਸਾੜ ਫੂਕ ਕਰਨ, ਜਾਇਦਾਦਾਂ ਦੀ ਕੁਰਕੀ ਕਰਨ ਤੇ ਬਰਾਬਰ ਦੀਆਂ ਰੈਲੀਆਂ ਕਰਨ ਆਦਿ। ਭਾਜਪਾ ਜਦੋਂ ਕਹਿੰਦੀ ਹੈ ਕਿ ਉਹ ਦੇਸ਼ 'ਚ ਲੋਕਾਂ ਨੂੰ ਕੌਮੀ ਨਾਗਰਿਕਤਾ ਬਿਲ ਤੇ ਕੌਮੀ ਨਾਗਰਿਕ ਰਜਿਸਟਰ ਸਮਝਾਉਣ ਲਈ 1000 ਰੈਲੀਆਂ ਕਰੇਗੀ ਤਾਂ ਸਾਫ਼ ਹੈ ਕਿ ਦੇਸ਼ ਵਿਚ ਦੰਗੇ ਭੜਕਾਉਣ ਦੀ ਤਿਆਰੀ ਹੋ ਰਹੀ ਹੈ। ਮਹਾਂਰਾਸ਼ਟਰ, ਹਰਿਆਣਾ ਤੇ ਝਾਰਖੰਡ 'ਚ ਚੋਣਾਂ ਦੀ ਹਾਰ ਉਤੇ ਉਨ੍ਹਾਂ ਦਾ ਇਕੋ ਮੰਥਨ ਹੈ ਕਿ ਇਨ੍ਹਾਂ ਰਾਜਾਂ 'ਚ ਚੋਣਾਂ ਪਹਿਲਾਂ ਦੰਗੇ ਨਹੀਂ ਹੋਏ। ਪਿਛਲਾ ਤਜਰਬਾ ਇਹੋ ਰਿਹਾ ਹੈ ਕਿ ਜਦੋਂ ਦੰਗੇ ਹੁੰਦੇ ਹਨ ਭਾਜਪਾ ਦੀਆਂ ਹਾਰਾਂ ਤੋਂ ਪਿਛੋਂ ਦੇਸ਼ ਭਰ ਦੇ ਅਗਾਂਹਵਧੂ ਲੋਕਾਂ ਨੂੰ ਚੌਕਸ ਹੋਣ ਦੀ ਲੋੜ ਹੈ। ਤੁਸੀਂ ਜੇ ਅਮਿਤ ਸ਼ਾਹ ਦਾ 26 ਦਸੰਬਰ ਦਾ ਬਿਆਨ ਦੇਖੋ, 'ਟੁਕੜੇ ਟੁਕੜੇ ਗੈਗ ਨੂੰ ਸਬਕ ਸਿਖਾਉਣ ਦਾ ਸਮਾਂ ਆ ਗਿਆ ਹੈ। ਇਸੇ ਵਿਚ ਹੀ ਉਨ੍ਹਾਂ ਦੀ ਰਣਨੀਤੀ ਪਈ ਹੈ। ਭਾਜਪਾ ਲਈ ਸ਼ਿਵ ਸੈਨਾ, ਕਾਂਗਰਸ ਝਾਰਖੰਡ ਮੁਕਤੀ ਮੋਰਚਾ ਆਦਿ ਦਾ ਜਿੱਤਣਾ ਮਹਿਣੇ ਨਹੀਂ ਰੱਖਦਾ। ਉਹਦੀ ਚਿੰਤਾ ਇਹ ਹੈ ਕਿ ਲੋਕਾਈ ਆਰਥਿਕ ਮੁੱਦਿਆਂ 'ਤੇ ਅਧਿਕਾਰਾਂ ਦੇ ਮੁੱਦਿਆਂ ਪ੍ਰਤੀ ਜਾਗਰੁਕ ਕਿਉਂ ਹੋ ਰਹੀ ਹੈ।

# ਲੋਕਤੰਤਰ ਫੇਲ ਕਿਉਂ ਹੁੰਦਾ ਹੈ ?



ਹਰੀਪਾਲ
403-714-4816




*ਇਹ ਲੇਖ ਲਿਖਣ ਦਾ ਇਹ ਮਤਲਬ ਨਹੀਂ ਕਿ ਅਸੀਂ ਡਿਕਟੇਟਰਸ਼ਿਪ ਦੀ ਤਰਫ਼ਦਾਰੀ ਕਰਦੇ ਹਾਂ। ਇਸ ਲੇਖ ਦਾ ਸਾਰ ਇਹ ਹੈ ਕਿ ਡੈਮੋਕਰੇਸੀ ਦਾ ਮੌਜੂਦਾ ਰੂਪ ਬਿਲਕੁਲ ਫੇਲ ਹੈ। ਡੈਮੋਕਰੇਸੀ ਨੂੰ ਜਿਉਂਦਾ ਰੱਖਣ ਲਈ ਦੁਨੀਆਂ ਭਰ ਦੇ ਬੁੱਧੀਜੀਵੀਆਂ ਨੂੰ ਵਿਚਾਰ ਵਟਾਂਦਰਾ ਕਰਨਾ ਹੋਵੇਗਾ, ਕੋਈ ਇਹੋ ਜਿਹਾ ਸਿਸਟਮ ਈਜਾਦ ਕਰਨਾ ਹੋਵੇਗਾ, ਜਿੱਥੇ ਕਿਸੇ ਨਾਲ਼ ਵੀ ਕੋਈ ਵਿਤਕਰਾ ਨਾ ਹੋਵੇ*

ਲੋਕਤੰਤਰ ਦੀ ਬਹੁਤ ਹੀ ਉਪਮਾਂ ਕੀਤੀ ਜਾਂਦੀ ਹੈ। ਸਾਰੇ ਨਹੀਂ ਬਹੁਤ ਸਾਰੇ ਪੜ੍ਹੇ ਲਿਖੇ ਲੋਕਾਂ ਨੂੰ ਲੱਗਦਾ ਹੈ ਕਿ ਇਹੀ ਇੱਕ ਬੈਸਟ ਸਿਸਟਮ ਹੈ। ਪਰ ਫਿਰ ਵੀ ਇਹ ਫੇਲ ਹੁੰਦਾ ਹੈ, ਅਜਿਹਾ ਕਿਉਂ ਹੈ ? ਰਾਜਿਆਂ ਦੇ ਯੁੱਗ ਤੋਂ ਬਾਅਦ ਜੇਕਰ ਕਿਸੇ ਰਾਜਨੀਤਿਕ ਸਿਸਟਮ ਨੇ ਲੋਕਾਂ ਨੂੰ ਖਿੱਚ ਪਾਈ ਤਾਂ ਇਹ ਲੋਕਤੰਤਰ ਸਿਸਟਮ ਹੀ ਸੀ। ਲੋਕਾਂ ਨੂੰ ਲੱਗਿਆ ਕਿ ਹੁਣ ਸਭ ਕੁੱਝ ਠੀਕ ਹੋਵੇਗਾ, ਲੋਕਾਂ ਦਾ ਰਾਜ ਹੋਵੇਗਾ, ਪਾਰਦਰਸ਼ੀ ਸਿਸਟਮ ਹੋਵੇਗਾ, ਹਰ ਇੱਕ ਦੀ ਸੁਣਵਾਈ ਹੋਵੇਗੀ। ਪਰ ਹੋਇਆ ਕੀ, ਹੋਇਆ ਸਭ ਕੁੱਝ ਇਸਦੇ ਉਲਟ। ਦੁਨੀਆਂ ਦੇ ਕਿਸੇ ਵੀ ਦੇਸ਼ ਤੇ ਨਿਗਾਹ ਮਾਰ ਲਵੋ, ਕਿਤੇ ਵੀ ਸਹੀ ਮਾਅਨਿਆਂ ਵਿੱਚ ਇਹ ਸਿਸਟਮ ਕੰਮ ਨਹੀਂ ਕਰ ਰਿਹਾ। ਲੋਕਤੰਤਰ ਵਿੱਚ ਚੋਣਾਂ ਲੜਨ ਲਈ ਪੈਸਾ ਚਾਹੀਦਾ ਹੈ, ਹੁਣ ਪੈਸਾ ਕਿਸਦੇ ਕੋਲ਼ ਹੈ, ਸਰਮਾਏਦਾਰ ਕੋਲ਼, ਪੈਸਾ ਸਰਮਾਏਦਾਰ ਤੋਂ ਲੈਣਾ ਹੈ ਜਾਂ ਇਉਂ ਕਹਿ ਲਵੋ ਪੂੰਜੀਪਤੀ ਤੋਂ ਲੈਣਾ ਹੈ। ਹੁਣ ਜੇਕਰ ਦੇਖਿਆ ਜਾਵੇ ਤਾਂ ਸਭ ਆਪਦੇ ਹਿੱਤਾਂ ਨੂੰ ਮੂਹਰੇ ਰੱਖ ਕੇ ਚੱਲਦੇ ਹਨ, ਹੁਣ ਇਹ ਇੱਕ ਜੂਲ਼ਾ ਬਣ ਜਾਂਦਾ ਹੈ, ਪੂੰਜੀਪਤੀ ਉਸ ਪਾਰਟੀ ਤੇ ਹੀ ਪੈਸਾ ਲਾਊ ਜਿਹੜੀ ਉਸ ਦੇ ਹਿੱਤਾਂ ਲਈ ਕੰਮ ਕਰੂ। ਜਿਹੜੀ ਵੀ ਪੁਲੀਟੀਕਲ ਪਾਰਟੀ ਪੂੰਜੀਪਤੀ ਤੋਂ ਪੈਸੇ ਲਊ, ਉਹ ਪੂੰਜੀਪਤੀ ਦੇ ਇਸ਼ਾਰਿਆਂ ਤੇ ਨੱਚੂ। ਮੁਲਕ ਵਿੱਚ ਪੂੰਜੀਪਤੀ ਕਿੰਨੇ ਕੁ ਹੁੰਦੇ ਹਨ, ਦੋ ਚਾਰ ਜਾਂ ਵੱਧ ਤੋਂ ਵੱਧ ਦਸ ਪਰਸੈਂਟ ਹੋਣਗੇ, ਫਿਰ ਤਾਂ ਮੁਲਕ ਉਤੇ ਇਹਨਾਂ ਦੋ ਚਾਰ ਪਰਸੈਂਟ ਲੋਕਾਂ ਦਾ ਹੀ ਰਾਜ ਹੋਇਆ, ਇੱਕ ਕਿਸਮ ਨਾਲ਼ ਘੱਟ ਗਿਣਤੀ ਦੀ ਬਹੁਗਿਣਤੀ ਉਤੇ ਤਾਨਾਸ਼ਾਹੀ। ਇਹ ਫਿਰ ਕਾਹਦੀ ਡੈਮੋਕਰੇਸੀ ਹੋਈ ? ਜਿਹੜੇ ਉਮੀਦਵਾਰ ਚੰਗੇ ਹਨ, ਲੋਕ-ਪੱਖੀ ਹਨ, ਉਹ ਤਾਂ ਚੋਣਾਂ ਲੜ ਹੀ ਨਹੀਂ ਸਕਦੇ ਕਿਉਂਕਿ ਇਮਾਨਦਾਰ ਬੰਦਿਆਂ/ਔਰਤਾਂ ਕੋਲ਼ ਪੈਸਾ ਨਹੀਂ ਹੁੰਦਾ ਜ਼ ਫਿਰ ਤਾਂ ਲੋਕ-ਪੱਖੀ ਕਾਨੂੰਨ ਵੀ ਨਹੀਂ ਬਣ ਸਕਦੇ। ਗੱਲ ਇਹ ਹੋਈ ਕਿ ਇੱਕ ਰਾਜੇ ਤੋਂ ਖਹਿੜਾ ਛੁਡਾਉਣ ਲਈ ਲੋਕਾਂ ਨੇ ਰਾਜਿਆਂ ਦੀ ਧਾੜ ਪੈਦਾ ਕਰ ਲਈ, ਅੱਗੇ ਲੋਕਾਂ ਤੇ ਜ਼ੁਲਮ ਕਰਨ ਵਾਲ਼ਾ ਇੱਕ ਸੀ, ਹੁਣ ਕਿੰਨੇ ਹੀ ਹੋ ਗਏ।

ਡੈਮੋਕਰੇਸੀ ਦੀ ਇੱਕ ਮਾਨਤਾ ਹੈ ਕਿ ਸਾਰੀਆਂ ਵੋਟਾਂ ਬਰਾਬਰ ਹਨ, ਪਰ ਇਹ ਇੱਕ ਥਿਊਰੀ ਹੀ ਹੈ, ਅਸਲ ਵਿੱਚ ਅਜਿਹਾ ਨਹੀਂ ਹੈ। ਇੱਕ ਮਾਨਤਾ ਇਹ ਵੀ ਹੈ ਕਿ ਸਾਰੇ ਵਿਚਾਰਾਂ ਦੀ ਇੱਕੋ ਜਿੰਨੀ ਕਦਰ ਹੈ, ਕੀਮਤ ਹੈ, ਅਜਿਹਾ ਵੀ ਨਹੀਂ ਹੈ। ਚੋਣਾਂ ਵਿੱਚ ਪਾਰਟੀਆਂ ਇਸ ਮੁੱਦੇ ਤੇ ਕੰਮ ਨਹੀਂ ਕਰਦੀਆਂ ਕਿ ਲੋਕਾਂ ਲਈ ਕੀ ਸਹੀ ਹੈ ਜਾਂ ਕੀ ਗਲਤ ਹੈ, ਸਗੋਂ ਪਾਰਟੀਆਂ ਇਹ ਦੇਖਦੀਆਂ ਹਨ ਕਿ ਕਿਹੜਾ ਮੁੱਦਾ ਭੜਕਾ ਕਿ ਪਾਪੂਲਰਟੀ ਲਈ ਜਾ ਸਕਦੀ ਹੈ। ਹੁਣ ਚਾਹੇ ਉਹ ਮੁੱਦਾ ਦੇਸ਼ ਵਿਰੋਧੀ ਹੈ ਜਾਂ ਕੌਮ ਵਿਰੋਧੀ ਹੈ ਜਾਂ ਮਨੁੱਖਤਾ ਦੇ ਬੁਨਿਆਦੀ ਅਸੂਲਾਂ ਦੇ ਉਲਟ ਹੈ। ਗੱਲ ਤਾਂ ਇਹ ਹੈ ਕਿ ਕੋਈ ਮੁੱਦਾ ਭੜਕਾ ਕੇ ਸਤਾ ਜਾਂ ਰਾਜਗੱਦੀ ਹਾਸਲ ਕਰਨੀ ਹੈ। ਚੋਣਾਂ ਇਹ ਫੈਸਲਾ ਨਹੀਂ ਕਰਦੀਆਂ ਕਿ ਕੌਣ ਠੀਕ ਹੈ ਕੌਣ ਗਲਤ ਹੈ, ਪਰ ਕਾਮਯਾਬ ਉਹ ਲੀਡਰ ਹੁੰਦਾ ਹੈ, ਜਿਹੜਾ ਲੀਡਰ ਉਹ ਕੁੱਝ ਕਹਿਣਾਂ ਚਾਹੁੰਦਾ, ਜੋ ਵੱਧ ਤੋਂ ਵੱਧ ਲੋਕ ਸੁਣਨਾਂ ਚਾਹੁੰਦੇ ਹਨ। ਇਸ ਕਰਕੇ ਬਹੁਤੇ ਲੀਡਰ ਬਹੁਗਿਣਤੀ ਦੇ ਪਾਪੂਲਰ ਮੁੱਦੇ ਤੇ ਕੰਮ ਕਰਦੇ ਹਨ ਅਤੇ ਇਸਦੇ ਦੂਰ-ਰਸ ਨਤੀਜਿਆਂ ਦੀ ਪਰਵਾਹ ਨਹੀਂ ਕਰਦੇ। ਲੋਕਪ੍ਰੀਆ ਲੀਡਰ ਲੋਕਾਂ ਦੀਆਂ ਭਾਵਨਾਵਾਂ ਦੀ ਜ਼ਿਆਦਾ ਪਰਵਾਹ ਕਰਦੇ ਹਨ ਨਾ ਕਿ ਕਿਸੇ ਕੌਮਨਸੈਂਸ ਦਾ ਜਾਂ ਵਿਦਿਅਕ ਸਿਅਣਪ ਦਾ, ਇਸ ਕਰਕੇ ਗਲਤ ਫੇਸਲੇ ਲਏ ਜਾਂਦੇ ਹਨ ਅਤੇ ਇਹਨਾਂ ਗਲਤ ਫੈਸਲਿਆਂ ਨੂੰ ਸਹੀ ਸਿੱਧ ਕਰਨ ਲਈ ਹੋਰ ਗਲਤ ਕਦਮ ਚੱਕ ਕੇ ਠੀਕ ਠਹਿਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਚਾਹੇ ਇਸ ਨਾਲ਼ ਮੁਲਕ ਦਾ ਜਿੰਨਾ ਮਰਜ਼ੀ ਨੁਕਸਾਨ ਹੋ ਜਾਵੇ। ਇੱਕ ਗੱਲ ਤਾਂ ਮੰਨਣੀ ਪਊਗੀ ਕਿ ਮਨੁੱਖ ਵਿੱਚ ਅਜੇ ਵੀ ਪੱਥਰ-ਯੁਗ ਵਾਲ਼ੀਆਂ ਸਾਰੀਆਂ ਮਾੜੀਆਂ ਆਦਤਾਂ ਕਾਇਮ ਹਨ। ਇਹ ਠੀਕ ਹੈ ਕਿ ਸਾਇੰਸ ਨੇ ਤਰੱਕੀ ਕਰ ਕੇ, ਕੁਦਰਤ ਦੀਆਂ ਬਹੁਤ ਸਾਰੀਆਂ ਕਰੋਪੀਆਂ ਤੇ ਕੰਟਰੋਲ਼ ਕਰ ਲਿਆ ਹੈ ਅਤੇ ਇੰਟਰਨੈਟ ਨੇ ਤਾਂ ਸਾਇੰਸ ਦੀ ਧਾਂਕ ਹੀ ਜਮਾ ਦਿੱਤੀ ਹੈ, ਪਰ ਮਨੁੱਖ ਦੀ ਫਿਤਰਤ ਵਿੱਚ ਕੋਈ ਬਹੁਤਾ ਫਰਕ ਨਹੀਂ ਪਿਆ। ਜਿਵੇਂ ਕਬੀਲਾ ਸੋਚ ਦੀ ਗੱਲ ਕਰੀਏ, ਮੇਰੇ ਲੋਕ ਵਰਸਜ ਤੁਹਾਡੇ ਲੋਕ, ਮੇਰਾ ਧਰਮ ਵਰਸਜ ਤੁਹਾਡਾ ਧਰਮ, ਮੇਰੀ ਭਾਸ਼ਾ ਵਰਸਜ ਤੁਹਾਡੀ ਭਾਸ਼ਾ ਆਦਿ ਤਾਂ ਹੀ ਤਾਂ ਵੋਟਾਂ ਲੈਣ ਲਈ ਲੋਕਾਂ ਨੂੰ ਪਾੜਨਾਂ ਬਹੁਤ ਸੌਖਾ ਹੈ। ਫੇਰ ਰਾਜਨੀਤਿਕ ਪਾਰਟੀਆਂ ਵਿੱਚ ਵੀ ਆਪੋ ਆਪਣੇ ਗਰੁੱਪ ਹਨ, ਪਾਰਟੀ ਮੈਂਬਰ ਪਾਰਟੀ ਦੇ ਹਿੱਤ ਘੱਟ ਦੇਖਦੇ ਹਨ, ਸਗੋਂ ਆਪਦੇ ਗਰੁੱਪਾ ਦੇ ਹਿੱਤ ਵੱਧ ਦੇਖਦੇ ਹਨ। ਕਿਸੇ ਵੀ ਪਾਰਟੀ ਵਿੱਚ ਸਾਂਝੀ ਵਿਚਾਰਧਾਰਾ ਨਾਲ਼ੋਂ, ਗਰੁੱਪ ਵਿਚਾਰਧਾਰਾ ਭਾਰੂ ਹੋ ਜਾਂਦੀ ਹੈ।

ਡੈਮੋਕਰੇਸੀ ਵਿੱਚ ਕਬੀਲਾ ਮਾਨਸਿਕਤਾ ਬਹੁਤ ਖ਼ਤਰਨਾਕ ਹੈ, ਕਿਉਂਕਿ ਇਹ ਤੁਹਾਨੂੰ ਤੁਹਾਡੀ ਟੀਮ ਦੇ ਬੰਦੇ ਨੂੰ ਵੋਟ ਪਾਉਣ ਲਈ ਮਜਬੂਰ ਕਰਦੀ ਹੈ ਅਤੇ ਤੁਸੀਂ ਆਪਦੇ ਭਾਈਵਾਲ਼ ਨੂੰ, ਰਿਸ਼ਤੇਦਾਰ ਨੂੰ, ਆਪਦੀ ਧਾਰਮਿਕ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਵੋਟ ਪਾਂਵੋਗੇ ਨਾ ਕਿ ਮੁੱਦਿਆਂ ਦੇ ਅਧਾਰ ਤੇ ਵੋਟ ਪਾਵੋਗੇ। ਸੋ ਇਸ ਕਰਕੇ ਜੇਕਰ ਤੁਹਾਡਾ ਕੋਈ ਦੋਸਤ, ਰਿਸ਼ਤੇਦਾਰ, ਸੇਮ ਧਾਰਮਿਕ ਵਿਚਾਰਧਾਰਾ ਵਾਲ਼ਾ ਚੋਣ ਲੜਦਾ ਹੈ ਤਾਂ ਉਹ ਤੁਹਾਡੀ ਵੋਟ ਉਸੇ ਟਾਈਮ ਆਪਦੀ ਖਾਤਰ ਗਿਣ ਲੈਂਦਾ ਹੈ। ਹੁਣ ਤੁਸੀਂ ਵੋਟ ਪਾਉਣ ਵੇਲ਼ੇ ਸਾਂਝਾ ਮੁੱਦਾ ਨਹੀ ਦੇਖਦੇ ਸਗੋਂ ਆਪਦਾ ਇੰਟਰੈਸਟ ਦੇਖਦੇ ਹੋ ਕਿ ਤੁਹਾਨੂੰ ਕਿਸ ਪਾਸੇ ਤੋਂ ਫਾਇਦਾ ਹੋ ਸਕਦਾ ਹੈ। ਜਦ ਕੈਨੇਡਾ ਵਿੱਚ ਸੱਜਣ ਸਿੰਘ ਡਿਫੈਂਸ ਮਨਿਸਟਰ ਬਣਿਆ ਤਾਂ ਸਾਡੇ ਲੋਕਾਂ ਨੇ ਫੇਸ ਬੁੱਕ ਕਮਲ਼ੀ ਕਰ ਦਿੱਤੀ। ਸਾਡੇ ਬਹੁਗਿਣਤੀ ਲੋਕ ਸਿਰਫ ਆਪਦੇ ਲੋਕਾਂ ਨੂੰ ਵੋਟ ਪਾਂਉਦੇ ਹਨ, ਬੰਦੇ ਦਾ ਯੋਗਦਾਨ ਨਹੀਂ ਦੇਖਦੇ, ਇਹੀ ਕਾਰਨ ਹੈ ਕਿ ਐਨ.ਡੀ.ਪੀ ਦੀ ਲੀਡਰਸ਼ਿਪ ਰੇਸ ਨਿੱਕੀ ਐਸ਼ਟਨ ਬੁਰੀ ਤਰ੍ਹਾਂ ਹਾਰੀ। ਨਿੱਕੀ ਐਸ਼ਟਨ ਨੂੰ ਹਰਾਉਣ ਵਾਲ਼ੇ ਬਹੁਤੇ ਸਾਡੇ ਮੈਂਬਰਾਂ ਦੀ ਮੈਂਬਰਸ਼ਿਪ ਬੱਸ ਕੁੱਝ ਮਹੀਨੇ ਪੁਰਾਣੀ ਸੀ। ਨੌਮੀਨੇਸ਼ਨ ਪਰੌਸਿਸ ਇੱਕ ਖਾਸ ਕਿਸਮ ਦੀ ਕੁਰੱਪਸ਼ਨ ਨੂੰ ਜਨਮ ਦਿੰਦਾ ਹੈ, ਰਾਤੋ ਰਾਤ ਲੋਕਾਂ ਦੇ ਐਡਰੈਸ ਬਦਲ ਕੇ ਵੋਟ ਰਾਜਨੀਤੀ ਖੇਡੀ ਜਾਂਦੀ ਹੈ। ਬਹੁਤ ਵਾਰੀ ਪੈਸੇ ਦੀ ਕੁਰੱਪਸ਼ਨ ਨਾਲ਼ ਵੀ, ਨੌਮੀਨੇਸ਼ਨ ਹਥਿਆਈ ਜਾਂਦੀ ਹੈ ਜਿਸ ਪਾਰਟੀ ਦੀ ਜਿੱਤਣ ਦੀ ਸੰਭਾਵਨਾ ਜਿਆਦਾ ਹੁੰਦੀ ਹੈ, ਉਸਦੀ ਟਿਕਟ ਓਨੀ ਹੀ ਮਹਿੰਗੀ ਹੁੰਦੀ ਹੈ। ਰਾਜ ਕਰ ਰਹੀ ਪਾਰਟੀ ਇਹੋ ਜਿਹੇ ਕਾਨੂੰਨ ਬਣਾਊਗੀ ਜਿਹੜੇ ਵੋਟ ਬੈਂਕ ਕਾਇਮ ਰੱਖਣ ਚਾਹੇ ਇਸ ਨਾਲ਼ ਮਨੁੱਖਤਾ ਦਾ ਜਾਂ ਦੇਸ਼ ਦਾ ਜਿੰਨਾ ਮਰਜ਼ੀ ਨੁਕਸਾਨ ਹੋ ਜਾਵੇ। ਕਦੇ ਕਿਸੇ ਨੇ ਸੋਚਿਆ ਹੈ ਕਿ ਜੇਕਰ ਸਾਡੇ ਦਸ ਬਾਰਾਂ ਐਮ. ਪੀ. ਬਣ ਗਏ ਹਨ ਤਾਂ ਆਮ ਵਿਅਕਤੀ ਨੂੰ ਕੀ ਫਾਇਦਾ ਹੋਇਆ ਹੈ, ਕੋਈ ਵੀ ਨਹੀਂ। ਲੋਕਤੰਤਰ ਵਿੱਚ ਬਹੁਤੇ ਜਿਹੜੇ ਚੋਣ ਲੜਦੇ ਹਨ, ਉਹਨਾਂ ਨੂੰ ਤਨਖਾਹਾਂ ਜਾਂ ਪੈਨਸ਼ਨਾਂ ਦਿਸਦੀਆਂ ਹਨ, ਵੋਟਾਂ ਤੋਂ ਬਾਅਦ ਉਹਨਾਂ ਨੂੰ ਪਬਲਿਕ ਜਾਂ ਪਬਲਿਕ ਦੇ ਮੁੱਦੇ ਦਿਸਣੋ ਹਟ ਜਾਂਦੇ ਹਨ। ਇੱਕ ਹੋਰ ਗੱਲ ਕਰਨ ਵਾਲ਼ੀ ਇਹ ਹੈ ਕਿ ਐਮ. ਐਲ. ਏ ਜਾਂ ਐਮ. ਪੀ ਜਾਂ ਸਿਟੀ ਕੌਂਸਲਰ ਆਪਦੀਆਂ

Call Romi Sidhu For Insurance & Financial Needs




StateFarm
IS NOW
Desjardins
Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * AUTO * LIFE
* DISABILTY * RRSV * RESP
* VEHICLE FINANCE * CRITICAL ILLNESS * MUTUAL FUNDS

Romi Sidhu, Agent
P02720CN

Calgary Best Buy
Furniture & Mattress
Sales Rep.



Home Store
308 - 4774 Westwinds Dr. N.E.
Calgary AB T3J 0L9
Ph. : (403) 250-6661 Ext 1
westwinds@calgarybestbuyfurnitures.com



Unit#D200 9737 Mcleod Tr SW
Calgary AB T2J OP6
Ph. : (403) 250-6661 Ext3
sales@calgarybestbuyfurnitures.com
www.calgarybestbuyfurnitures.com

IQBAL SIDHU INSURANCE ADVISOR
FINANCIAL SERVICES
• Life Insurance; - Term Life - Universal Life
• Critical Illness Insurance • Segregated Funds
• RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.ca

SIDHU ACCOUNTING & TAX SERVICES
ACCOUNTING SERVICES
• Personal Tax Returns • Corporate Tax Returns
• Computerized Book Keeping
• Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email:info@sidhuaccounting.ca

Unit 202, 4656 Westwinds Dr. NE Calgary, AB. T3J 3Z5 (Near Sikh Virsa Office)



ਲੈਣ ਲਈ ਭੁੱਕੀ, ਗਾਂਜਾ, ਸ਼ਰਾਬ ਦਾ ਦੌਰ ਚਲਾਇਆ ਜਾਦਾ ਹੈ, ਨੌਕਰੀਆਂ ਦੇਣ ਦੇ ਲਾਰੇ ਲਾਏ ਜਾਂਦੇ ਹਨ, ਕਰਜ਼ਾ ਮਾਫੀ ਜਾਂ ਸਿੱਧਾ ਹੀ ਲੱਖਾਂ ਰੁਪਈਆ ਦੇਣ ਦਾ ਲਾਰਾ ਵੀ ਲਾਇਆ ਜਾਂਦਾ ਹੈ। ਕੈਂਡੀਡੇਟ ਆਪਦੇ ਹਲਕੇ ਵਿੱਚ ਸਕੂਲ, ਕਾਲਜ, ਹਸਪਤਾਲ਼ ਬਣਾਉਣ ਦਾ ਲਾਰਾ ਵੀ ਲਾ ਦਿੰਦੇ ਹਨ ਮਸਲਾ ਸਿਰਫ ਇੱਕ ਵਾਰ ਜਿੱਤਣ ਦਾ ਹੈ, ਬਾਅਦ ਵਿੱਚ ਕੌਣ ਪੁੱਛਦਾ ਹੈ। ਲੋਕਾਂ ਕੋਲ਼ ਇਹ ਅਧਿਕਾਰ ਨਹੀਂ ਕਿ ਜਿੱਤੇ ਹੋਏ ਕੈਂਡੀਡੇਟ ਨੂੰ ਸਸਪੈਂਡ ਕਰਾ ਸਕਣ। ਕਾਰਪੋਰੇਸ਼ਨਾਂ ਨੂੰ ਅਪਰੋਚ ਕੀਤਾ ਜਾਂਦਾ ਹੈ ਕਿ ਜੇਕਰ ਸਾਡੀ ਪਾਰਟੀ ਜਿੱਤ ਗਈ ਤਾਂ ਕਾਰਪੋਰੇਟ ਟੈਕਸ ਨੂੰ ਘਟਾ ਹੀ ਨਹੀਂ ਦਿੱਤਾ ਜਾਵੇਗਾ, ਸਗੋਂ ਕਾਰਪੋਰੇਸ਼ਨਾਂ ਨੂੰ ਘੱਟ ਵਿਆਜ ’ਤੇ ਕਰਜ਼ੇ ਅਤੇ ਸਬਸਿਡੀਆਂ ਦਿੱਤੀਆਂ ਜਾਣਗੀਆਂ। ਉਸ ਸਮੇਂ ਵੋਟਰ ਇਹ ਨਹੀਂ ਸੋਚਦਾ ਕਿ ਕਾਰਪੋਰੇਸ਼ਨਾਂ ਨੂੰ ਦਿੱਤੇ ਜਾਣ ਵਾਲ਼ੇ ਤੋਹਫੇ, ਆਮ ਲੋਕਾਂ ਦੀਆਂ ਜੇਬਾਂ ਵਿੱਚੋਂ ਜਾਣਗੇ। ਕਾਰਪੋਰੇਸ਼ਨਾਂ ਮੀਡੀਏ ਤੇ ਕਾਬਜ਼ ਹੋਣ ਕਰਕੇ ਕਿਸੇ ਨੂੰ ਵੀ ਹੀਰੋ ਬਣਾ ਸਕਦੀਆਂ ਹਨ ਅਤੇ ਕਿਸੇ ਨੂੰ ਵੀ ਜ਼ੀਰੋ ਕਰ ਸਕਦੀਆਂ ਹਨ।

ਇੱਕ ਹੋਰ ਗੱਲ ਕਿ ਜਿਹੜੀ ਗੱਲ ਦਾ ਫਾਇਦਾ ਲੰਬੇ ਸਮੇ ਲਈ ਹੈ, ਜਿਵੇਂ ਕਾਰਬਨ ਟੈਕਸ ਦਾ ਲੋਕ ਉਸ ਵਾਰੇ ਨਹੀਂ ਸੋਚਦੇ ਸਗੋਂ ਲੋਕਾਂ ਦੀ ਸੋਚ ਸਵੇਰ ਤੋਂ ਸ਼ਾਮ ਤੱਕ ਹੀ ਹੁੰਦੀ ਹੈ, ਇਸ ਕਰਕੇ ਕਾਰਬਨ ਟੈਕਸ ਦਾ ਵਿਰੋਧ ਕਰਕੇ, ਕੋਈ ਵੀ ਅਯੋਗ ਉਮੀਦਵਾਰ ਲੋਕਾਂ ਦੇ ਸਿਰ ’ਤੇ ਬੈਠ ਸਕਦਾ ਹੈ। ਜਿਵੇਂ ਮਾਰਗਰੇਟ ਥੈਚਰ ਨੇ ਜਦੋਂ ਕੋਲੇ ਦੀਆਂ ਖਾਣਾਂ ਦੀਆਂ ਸਬਸਿਡੀਆਂ ਬੰਦ ਕਰ ਦਿੱਤੀਆਂ ਤਾਂ ਸਾਰੇ ਕੋਲੇ ਦੀਆਂ ਖਾਣਾਂ ਵਿੱਚ ਕੰਮ ਕਰਨ ਵਾਲ਼ੇ ਵਰਕਰ ਅਤੇ ਯੂਨੀਅਨਾਂ ਥੈਚਰ ਦੇ ਉਲਟ ਭੁਗਤੀਆਂ। ਸਭ ਤੋਂ ਵੱਡਾ ਨੁਕਸ ਇਹ ਹੈ ਕਿ ਘੱਟ ਗਿਣਤੀ ਨੂੰ ਬਹੁਗਿਣਤੀ ਦੇ ਰਹਿਮੋ ਕਰਮ ਤੇ ਜਿਉਣਾ ਪੈਂਦਾ ਹੈ। ਜਦੋਂ ਤੱਕ ਅਮਰੀਕਾ ਵਰਗੀਆਂ ਸਾਮਰਾਜੀ ਸ਼ਕਤੀਆਂ ਦਾ ਦੂਨੀਆਂ ’ਤੇ ਬੋਲਬਾਲਾ ਹੈ, ਕਿਸੇ ਵੀ ਮੁਲਕ ਨੂੰ ਲੋਕਪੱਖੀ ਨੀਤੀਆਂ, ਡੈਮੋਕਰੇਟਿਕ ਤਰੀਕੇ ਨਾਲ ਲਾਗੂ ਕਰਨੀਆਂ ਬਹੁਤ ਔਖੀਆਂ ਹਨ। ਬੋਲੀਵੀਆ, ਵੈਂਜ਼ੂਏਲਾ, ਚਿੱਲੀ ਇਸ ਦੀਆਂ ਤਾਜ਼ਾ ਉਦਾਹਰਣਾਂ ਹਨ। ਡੈਮੋਕਰੇਸੀ ਵਿੱਚ ਆਮ ਵਰਤਾਰਾ ਹੈ ਕਿ ਅਮੀਰ ਹੋਰ ਅਮੀਰ ਹੋਈ ਜਾਂਦੇ ਹਨ ਅਤੇ ਗਰੀਬ ਹੋਰ ਗਰੀਬ ਹੋਈ ਜਾਂਦੇ ਹਨ, ਯਾਨੀਕਿ ਅਮੀਰਾਂ ਨੂੰ ਗਰੀਬਾਂ ਦੀ ਲੁੱਟ ਕਰਨ ਦੀ ਪੂਰੀ ਖੁੱਲ ਮਿਲ਼ੀ ਹੁੰਦੀ ਹੈ। ਵੱਡੇ ਵੱਡੇ ਸਕੈਂਡਲਾਂ ’ਤੇ ਪਰਦੇ ਪਾਏ ਜਾਂਦੇ ਹਨ। ਅਖੀਰ ਵਿੱਚ ਲੋਕਾਂ ਕੋਲ਼ ਕੋਈ ਚੁਆਇਸ ਹੀ ਨਹੀਂ ਰਹਿੰਦੀ ਕਿਉਂਕਿ ਰਾਜ ਕਰਨ ਵਾਲੇ ਵੀ ਅਤੇ ਵਿਰੋਧੀ ਪਾਰਟੀ ਵਾਲ਼ੇ ਵੀ ਇਸ ਕੁਰੱਪਸ਼ਨ ਦੀ ਘਾਣੀ ਵਿੱਚ ਲਿਬੜੇ ਹੁੰਦੇ ਹਨ। ਬਹੁਤ ਵਾਰੀ ਦੋ ਹੀ ਪਾਰਟੀਆਂ ਹੀ ਰਾਜ ਕਰਨ ਵਾਲ਼ੀਆਂ ਰਹਿ ਜਾਦੀਆਂ ਹਨ ਜਿਹੜੀਆਂ ਕਿ ਰਲ਼ ਮਿਲ਼ ਕੇ ਲੋਕਾਂ ਨੂੰ ਲੁਟੀ ਜਾਂਦੀਆਂ ਹਨ। ਸਿਰਫ ਇੱਕ ਹੀ ਹੱਲ ਹੈ, ਜਦ ਤੱਕ ਆਮ ਲੋਕ ਪੜ੍ਹ ਨਹੀਂ ਜਾਂਦੇ, ਤਦ ਤੱਕ ਕੋਈ ਵੀ ਸਿਸਟਮ ਪਾਰਦਰਸ਼ੀ ਨਹੀਂ ਹੋ ਸਕਦਾ। ਇਹ ਗੱਲ ਰਾਜ ਕਰਨ ਵਾਲ਼ੀਆਂ ਜਮਾਤਾਂ ਚੰਗੀ ਤਰ੍ਹਾਂ ਜਾਣਦੀਆਂ ਹਨ, ਇਸ ਕਰਕੇ ਪੜ੍ਹਾਈ ਦਿਨੋ ਦਿਨ ਮਹਿੰਗੀ ਕੀਤੀ ਜਾ ਰਹੀ ਹੈ ਅਤੇ ਲੋਕਾਂ ਨੂੰ ਹਨ੍ਹੇਰੇ ਵਿੱਚ ਰੱਖਣ ਲਈ ਧਾਰਮਿਕ ਅੰਧਵਿਸ਼ਵਾਸ਼ ਨੂੰ ਪੱਠੇ ਪਾਏ ਜਾਂਦੇ ਹਨ। ਪਾਰਲੀਮੈਂਟ ਜਾਂ ਵਿਧਾਨ ਸਭਾ ਵਿੱਚ ਧਾਰਮਿਕ ਜਸ਼ਨ ਮਨਾਏ ਜਾਂਦੇ ਹਨ ਅਤੇ ਇਸ ਰੌਲ਼ੇ ਗੌਲ਼ੇ ਵਿੱਚ ਲੋਕਾਂ ਨੂੰ ਉਹਨਾਂ ਦੇ ਬੁਨਿਆਦੀ ਮਸਲੇ ਭੁਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਤਨਖਾਂਹਾਂ ਵਧਾਉਣ ਲਈ ਇਕੱਠੇ ਹੋ ਜਾਦੇ ਹਨ, ਬੇਸ਼ੱਕ ਉਹਨਾਂ ਦੀ ਵਿਚਾਰਧਾਰਾ ਵੱਖਰੀ ਵੱਖਰੀ ਕਿਉਂ ਨਾਂ ਹੋਵੇ। ਇਹ ਸਭ ਫੈਸਲੇ ਵੋਟ ਪਾਲੇਟਿਕਸ ਦੇ ਹਿਸਾਬ ਕਰਦੇ ਹਨ। ਫ਼ਰਜ਼ ਕਰੋ ਇਹ ਕਿਸੇ ਰੈਸਟੋਰੈਂਟ ਵਿੱਚ ਖਾਣਾ ਖਾ ਰਹੇ ਹਨ, ਇਹ ਕਦੇ ਵੀ ਨਹੀਂ ਸਰਵਰ ਵੇਟਰਜ਼ ਨੂੰ ਨਹੀਂ ਪੁੱਛਣਗੇ ਕਿ ਤੈਨੂੰ ਇਸ ਰੈਸਟੋਰੈਂਟ ਦਾ ਮਾਲਕ ਕਿੰਨੇ ਪੈਸੇ ਦਿੰਦਾ ਹੈ। ਇਹਨਾਂ ਨੂੰ ਸਭ ਪਤਾ ਹੈ ਕਿ ਸਟੂਡੈਂਟਾਂ ਦੀ, ਟੈਂਪਰੇਰੀ ਵਰਕਰਾਂ ਦੀ ਲੁੱਟ ਹੋ ਰਹੀ ਹੈ, ਕੀ ਕਦੇ ਇਹਨਾਂ ਨੇ ਇਹ ਮੁੱਦਾ ਪਾਰਲੀਮੈਂਟ ਜਾਂ ਅਸੈਂਬਲੀ ਵਿੱਚ ਉਠਾਇਆ ਹੈ? ਕਦੇ ਵੀ ਨਹੀਂ ਕਿਉਂਕਿ ਇਹ ਬਿਜਨਿਸਮੈਨਾਂ ਨੂੰ ਨਰਾਜ ਨਹੀਂ ਕਰਨਾ ਚਾਹੁੰਦੇ, ਕਿਉਂਕਿ ਇਹ ਪ੍ਰਤੀਨਿਧਤਾ ਹੀ ਇਸ ਜਮਾਤ ਦੀ ਕਰਦੇ ਹਨ। ਡੈਮੋਕਰੇਸੀ ਵਿੱਚ ਇਹ ਵੀ ਆਮ ਵਰਤਾਰਾ ਹੈ ਕਿ ਬਹੁਗਿਣਤੀ ਦੀਆਂ ਵੋਟਾਂ ਲੈਣ ਲਈ, ਘੱਟ ਗਿਣਤੀ ਦੀ ਬਲੀ ਦਿੱਤੀ ਜਾਂਦੀ ਹੈ।

ਇੱਕ ਮਾਨਤਾ ਇਹ ਵੀ ਹੈ ਕਿ ਡੈਮੋਕਰੇਸੀ ਕਿਸੇ ਵੀ ਹੋਰ ਪੁਲੀਟੀਕਲ ਸਿਸਟਮ ਨਾਲ਼ੋਂ ਜ਼ਿਆਦਾ ਪਾਰਦਰਸ਼ੀ ਅਤੇ ਇਮਾਨਦਾਰ ਹੁੰਦੀ ਹੈ ਕਿਉਂਕਿ ਡੈਮੋਕਰੇਟਿਕ ਤਰੀਕੇ ਨਾਲ਼ ਤੁਸੀਂ ਕਿਸੇ ਵੀ ਲੀਡਰ ਨੂੰ ਬਾਹਰ ਦਾ ਰਸਤਾ ਦਿਖਾ ਸਕਦੇ ਹੋ ਪਰ ਅਸਲ ਵਿੱਚ ਚੋਣਾਂ ਤੋਂ ਪਹਿਲਾ ਹੀ ਪੁਲੀਟੀਕਲ ਪਾਰਟੀਆਂ ਆਰਥਿਕ ਮਦਦ ਲੈਣ ਲਈ ਬਿਜਨਿਸਮੈਨਾਂ ਨਾਲ਼ ਜੋੜ ਤੋੜ ਕਰਨਾ ਸ਼ੁਰੂ ਕਰ ਦਿੰਦੀਆ ਹਨ ਤੇ ਵਪਾਰੀ ਮਨਪਸੰਦ ਪਾਰਟੀ ਦਾ ਚੋਣ ਪਰਚਾਰ ਕਰਨ ਲਈ ਬਹੁਤੇ ਟੀ.ਵੀ ਚੈਨਲ ਜਾਂ ਅਖਬਾਰ ਵਗੈਰਾ ਤੇ ਪੈਸਾ ਲਾਅ ਦਿੰਦੇ ਹਨ ਤੇ ਲੋਕਾਂ ਦੇ ਬੁਨਿਆਦੀ ਮੁੱਦਿਆਂ ਨੂੰ ਹੀ ਗੁੰਮਰਾਹ ਕਰ ਦਿੰਦੇ ਹਨ। ਡੈਮੋਕਰੇਸੀ ਵਿੱਚ ਜਿੰਨਾ ਕੋਈ ਜ਼ਿਆਦਾ ਮੀਡੀਏ ਵਿੱਚ ਛਾਇਆ ਰਹੂਗਾ। ਉਸਦੇ ਜਿੱਤਣ ਦੇ ਚਾਂਸ ਉਨੇ ਹੀ ਵਧ ਜਾਣਗੇ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਈਆਂ ਜਾਂਦੀਆਂ ਹਨ, ਚੋਣਾਂ ਜਿੱਤਣ ਲਈ ਦੰਗੇ ਵੀ ਕਰਵਾ ਦਿੱਤੇ ਜਾਂਦੇ ਹਨ। ਪੈਸੇ ਦੇ ਜ਼ੋਰ ਜਾਂ ਬਹੁਗਿਣਤੀ ਫਿਰਕੇ ’ਚੋਂ ਹੋਣ ਕਰਕੇ ਕਰੀਮੀਨਲ ਲੋਕ ਜੇਲ਼੍ਹਾਂ ਵਿੱਚ ਬੈਠੇ ਚੋਣਾਂ ਜਿੱਤ ਜਾਂਦੇ ਹਨ। ਬਹੁਤ ਵਾਰੀ ਪਾਰਟੀਆਂ ਆਪਦੀ ਮੈਂਬਰਸ਼ਿਪ ਦੇ ਜ਼ੋਰ, ਅਦਾਲਤਾਂ ’ਤੇ ਅਸਰ ਅੰਦਾਜ਼ ਹੋਕੇ, ਕਰੀਮੀਨਲ ਲੋਕਾਂ ਦੀ ਰਿਹਾਈ ਲਈ ਰਸਤਾ ਸਾਫ ਕਰਵਾ ਲੈਂਦੀਆਂ ਹਨ। ਜਿੰਨੇ ਜ਼ਿਆਦਾ ਤਕੜੇ ਬਹੁਮਤ ਨਾਲ਼ ਸਰਕਾਰ ਬਣਦੀ ਹੈ, ਉਨੀ ਹੀ ਜ਼ਿਆਦਾ ਉਸਦੀ ਡਿਕਟੇਟਰਸ਼ਿਪ ਤਕੜੀ ਹੋਵੇਗੀ। ਸੋ ਅਸਿੱਧੇ ਰੂਪ ਵਿੱਚ ਡਿਕਟੇਟਰਸ਼ਿਪ ਹੀ ਹੁੰਦੀ ਹੈ, ਡੈਮੋਕਰੇਸੀ ਦਾ ਤਾਂ ਸਿਰਫ ਨਾਮ ਹੀ ਹੁੰਦਾ ਹੈ। ਪਛੜੇ ਤਾਂ ਕੀ, ਵਿਕਸਤ ਮੁਲਕਾਂ ਵਿੱਚ ਵੀ ਵੋਟਾਂ


ALKARIM TRAVEL & TOURS
Al Karim TRAVEL & TOURS
Less Fares Guaranteed
ਇੰਡੀਆ, ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਅਫਰੀਕਾ, ਅਫਗਾਨਿਸਤਾਨ, ਯੋਰਪ, ਫੀਜੀ ਜਾਂ ਆਸਟ੍ਰੇਲੀਆ ਜਾਣ, ਨਨਕਾਣਾ ਸਾਹਿਬ ਗਰੁੱਪ ਯਾਤਰਾ ਅਤੇ ਇੰਡੀਆ ਵੀਜ਼ਾ ਵਾਸਤੇ ਅਪਲੀਕੇਸ਼ਨ ਫੀਸ ਸਿਰਫ਼ 10 ਡਾਲਰ ਲਈ ਅਲਕਰੀਮ ਟਰੈਵਲ ਐਂਡ ਟੂਰਜ ’ਤੇ ਪਹੁੰਚੋ ਜਾਂ ਫੋਨ ਕਰੋ।
Best Fares to and from :
India, Pakistan, Afghanistan, Bangladesh, Sri Lanka, Africa, Fiji & Beyond
Arrange Nanakana Sahib Yatra Group & Vacation packages
PASSPORT SERVICE, VISA SERVICE
SUPER VISA & SUPER VISA INSURANCE
Money Transfer via TRANS-FAST,
"Indian Visa application fee $10 only"
403-454-8011
VILLAGE SQ. MALL #123, 2640-52 STREET N.E. CALGARY, AB
Email : info@alkarimtraveltours.com
www.alkarimtraveltours.com



HALL FOR RENT IN NE
You can rent this very cosy and clean hall for small gathering around 50 to 60 people. Birthday, family dinners, monthly meetings, small parties etc.
For more info:
Harcharan Parhar: 403-681-8689



HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿਂਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।
Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work
Paul Sekhon: 403-829-5000
Bay 11 2316 27 Ave. NE, Calgary Ph.: 403-719-4947



Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS, Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)



ਹਰਚਰਨ ਸਿੰਘ ਪਰਹਾਰ
403-681-8689
hp8689@gmail.com

# ਧਰਮ ਅਤੇ ਧਾਰਮਿਕ ਫਿਰਕੇ



ਅਕਸਰ ਧਰਮ ਤੇ ਧਾਰਮਿਕ ਫਿਰਕੇ ਨੂੰ ਸਮਝੇ ਬਿਨਾਂ ਅਸੀਂ ਇਸਨੂੰ ਇਕੋ ਸਿੱਕੇ ਦੇ ਪਹਿਲੂ ਜਾਂ ਸਿਰਫ ਇੱਕ ਚੀਜ਼ ਹੀ ਸਮਝਦੇ ਹਾਂ। ਸ਼ਾਇਦ ਸਾਨੂੰ ਅਜਿਹਾ ਹੀ ਜਥੇਬੰਧਕ ਧਰਮਾਂ ਵਲੋਂ ਸਿਖਾਇਆ ਗਿਆ ਹੈ। ਸਾਨੂੰ ਬਚਪਨ ਤੋਂ ਪ੍ਰਚਲਤ ਜਥੇਬੰਧਕ ਧਾਰਮਿਕ ਫਿਰਕਿਆਂ ਦੇ ਪ੍ਰਚਾਰਕਾਂ ਜਾਂ ਆਗੂਆਂ ਵਲੋਂ ਅਜਿਹਾ ਕੁੱਝ ਦੱਸਿਆ ਜਾਂਦਾ ਹੈ ਕਿ ਸਾਡੀ ਅਜਿਹੀ ਧਾਰਨਾ ਬਣ ਜਾਂਦੀ ਹੈ ਕਿ ਧਰਮ ਤੇ ਧਾਰਮਿਕ ਫਿਰਕੇ ਇੱਕੋ ਹੀ ਗੱਲ ਹੈ, ਇਨ੍ਹਾਂ ਵਿੱਚ ਕੁੱਝ ਫਰਕ ਨਹੀਂ ਹੈ। ਇਸੇ ਲਈ ਅਸੀਂ ਅਜਿਹਾ ਪੜ੍ਹਦੇ, ਸੁਣਦੇ ਹਾਂ ਕਿ ਸਿੱਖ ਧਰਮ, ਹਿੰਦੂ ਧਰਮ, ਇਸਲਾਮ ਧਰਮ, ਇਸਾਈ ਧਰਮ, ਬੁੱਧ ਧਰਮ, ਜੈਨ ਧਰਮ, ਪਾਰਸੀ ਧਰਮ ਆਦਿ ਤੇ ਹੋਰ ਅਨੇਕਾਂ ਇਨ੍ਹਾਂ ਵੱਡੇ ਫਿਰਕਿਆਂ ਵਿਚੋਂ ਨਿਕਲੇ ਛੋਟੇ ਫਿਰਕੇ, ਸਾਰੇ ਵੱਖਰੇ-ਵੱਖਰੇ ਧਰਮ ਹਨ? ਇੱਕ ਅੰਦਾਜ਼ੇ ਮੁਤਾਬਿਕ 15-20 ਵੱਡੇ ਧਾਰਮਿਕ ਫਿਰਕਿਆਂ ਦੇ ਅੱਗੇ ਛੋਟੇ ਫਿਰਕੇ ਮਿਲਾ ਕੇ ਦੁਨੀਆਂ ਵਿੱਚ ਇਸ ਵੇਲੇ 2500 ਤੋਂ ਵੱਧ ਧਾਰਮਿਕ ਫਿਰਕੇ ਹਨ, ਜਿਨ੍ਹਾਂ ਨੂੰ ਅਸੀਂ ਅਕਸਰ ਧਰਮ ਸਮਝਣ ਦੀ ਭੁੱਲ ਕਰਦੇ ਹਾਂ। ਮੈਂ ਹਮੇਸ਼ਾਂ ਇਹ ਸੋਚਦਾ ਹੁੰਦਾ ਸੀ ਕਿ ਤਕਰੀਬਨ ਸਾਰੇ ਧਰਮ ਇੱਕ ਰੱਬ ਦੀ ਗੱਲ ਕਰਦੇ ਹਨ, ਇਹ ਵੀ ਕਹਿੰਦੇ ਹਨ ਕਿ ਸਾਰੇ ਧਾਰਮਿਕ ਸੰਤ, ਗੁਰੂ, ਪੈਗੰਬਰ, ਰਹਿਬਰ ਆਦਿ ਜੋ ਬੋਲਦੇ ਹਨ, ਉਹ ਰੱਬੀ ਬਚਨ ਹੁੰਦੇ ਹਨ ਤੇ ਰੱਬ ਖੁਦ ਉਨ੍ਹਾਂ ਦੇ ਮੂੰਹੋਂ ਅਜਿਹੇ ਬਚਨ ਬੁਲਾਉਂਦਾ ਹੈ, ਜਿਨ੍ਹਾਂ ਦੇ ਬਚਨਾਂ ਦੇ ਧਰਮ ਗ੍ਰੰਥ ਬਣਦੇ ਹਨ। ਪਰ ਜਦੋਂ ਮੈਂ ਇਨ੍ਹਾਂ ਧਰਮ ਗ੍ਰੰਥਾਂ ਨੂੰ ਪੜ੍ਹਦਾ ਸੀ ਤਾਂ ਉਨ੍ਹਾਂ ਵਿੱਚ ਅਨੇਕਾਂ ਆਪਾ ਵਿਰੋਧੀ ਤੇ ਇੱਕ ਦੂਜੇ ਦੇ ਵਿਰੋਧੀ ਬਚਨ ਮਿਲਦੇ ਸਨ। ਫਿਰ ਹਰੇਕ ਧਾਰਮਿਕ ਫਿਰਕੇ ਦੀ ਆਪਣੀ-ਆਪਣੀ ਮਰਿਯਾਦਾ, ਉਹ ਵੀ ਬਹੁਤ ਵਾਰ ਇੱਕ ਦੂਜੇ ਦੀ ਵਿਰੋਧੀ। ਜਿਸ ਤਰ੍ਹਾਂ ਇੱਕ ਛੋਟੀ ਜਿਹੀ ਉਦਾਹਰਨ ਲੈ ਕੇ ਗੱਲ ਸਮਝਾਉਣ ਦੀ ਕੋਸ਼ਿਸ਼ ਕਰਦਾ ਹਾਂ ਕਿ ਮੈਂ ਦੇਖਦਾ ਸੀ ਕਿ ਜੇ ਸਿੱਖਾਂ ਦਾ ਬੱਚਾ ਸਰੀਰ ਦੇ ਕਿਸੇ ਹਿੱਸੇ ਦੇ ਵਾਲ ਕੱਟ ਦੇਵੇ ਜਾਂ ਸ਼ੇਵ ਕਰ ਦੇਵੇ ਤਾਂ ਉਹ ਸਿੱਖੀ ਤੋਂ ਪਤਿਤ ਹੋ ਜਾਂਦਾ ਹੈ, ਪਰ ਗੁਆਂਢ ਵਿੱਚ ਵਸਦਾ ਬੱਚਾ ਜਾਂ ਕਈ ਵਾਰ ਉਸੇ ਘਰ ਵਿੱਚ ਹਿੰਦੂ ਫਿਰਕੇ ਵਿੱਚ ਆਸਥਾ ਰੱਖਣ ਵਾਲਾ ਬੱਚਾ ਭੱਦਣ (ਸਿਰ ਦੇ ਵਾਲ ਪੂਰੀ ਤਰ੍ਹਾਂ ਸ਼ੇਵ ਕਰਨ) ਕੀਤੇ ਬਿਨਾਂ ਹਿੰਦੂ ਧਰਮ ਵਿੱਚ ਪ੍ਰਵੇਸ਼ ਨਹੀਂ ਕਰ ਪਾਉਂਦਾ ਜਾਂ ਉਸ ਤੋਂ ਅਗਲੇ ਘਰ ਮੁਸਲਮਾਨਾਂ ਦੇ ਘਰ ਪੈਦਾ ਹੋਏ ਬੱਚੇ ਦੇ ਗੁਪਤ ਅੰਗ ਦੇ ਇੱਕ ਹਿੱਸੇ ਦੇ ਮਾਸ ਨੂੰ ਕੱਟਣ ਤੋਂ ਬਿਨਾਂ ਉਹ ਮੁਸਲਮਾਨ ਨਹੀਂ ਬਣਦਾ? ਇਹ ਕਿਵੇਂ ਹੋ ਸਕਦਾ ਹੈ ਕਿ ਇੱਕ ਫਿਰਕੇ ਵਿੱਚ ਪੈਦਾ ਹੋਇਆ ਵਿਅਕਤੀ ਇੱਕ ਕਰਮ ਕਰਕੇ ਧਰਮੀ ਬਣਦਾ ਹੈ ਤੇ ਦੂਜੇ ਫਿਰਕੇ ਦਾ ਵਿਅਕਤੀ ਉਹੀ ਕਰਮ ਕਰਕੇ ਅਧਰਮੀ ਜਾਂ ਧਰਮ ਵਿਰੋਧੀ ਕਿਵੇਂ ਹੋ ਜਾਂਦਾ ਹੈ? ਇਸ ਤਰ੍ਹਾਂ ਹੋਰ ਅਨੇਕਾਂ ਉਦਾਹਰਣਾਂ ਲਈਆਂ ਜਾ ਸਕਦੀਆਂ ਹਨ। ਮੈਂ ਸੋਚਦਾ ਹੁੰਦਾ ਸੀ ਕਿ ਇਹ ਕੀ ਮਾਜ਼ਰਾ ਹੈ ਕਿ ਰੱਬ ਇਕੋ ਹੈ ਤੇ ਉਸਨੂੰ ਸਰੀਰ ਦੇ ਸਾਬਤ ਸੂਰਤ ਰੱਖਣ ਜਾਂ ਕੱਟਣ-ਵੱਢਣ ਦੇ ਨਾਲ ਕਿਸੇ ਦੇ ਧਰਮੀ ਹੋਣ ਜਾਂ ਨਾ ਹੋਣਾ ਇਕੋ ਸਮੇਂ ਕਿਵੇਂ ਪ੍ਰਵਾਨ ਹੁੰਦਾ ਹੈ? ਫਿਰ ਮੈਂ ਸੋਚਦਾ ਸੀ ਕਿ ਸ਼ਾਇਦ ਰੱਬ ਇੱਕ ਨਹੀਂ, ਕਈ ਹੋਣਗੇ, ਕਿਸੇ ਨੂੰ ਕੋਈ ਮਰਿਯਾਦਾ ਪ੍ਰਵਾਨ ਹੋਵੇ ਤੇ ਕਿਸੇ ਨੂੰ ਕੋਈ ਹੋਰ? ਪਰ ਫਿਰ ਮੈਂ ਦੇਖਦਾ ਸੀ ਕਿ ਧਾਰਮਿਕ ਫਿਰਕੇ ਰੱਬ ਦੇ ਵੱਖਰੇ-ਵੱਖਰੇ ਨਾਮ ਰੱਖਣ ਦੇ ਬਾਵਜੂਦ ਵੀ ਇਹ ਮੰਨਣ ਲਈ ਤਿਆਰ ਨਹੀਂ ਹੁੰਦੇ ਕਿ ਵੱਖ-ਵੱਖ ਫਿਰਕਿਆਂ ਦੇ ਰੱਬ ਵੱਖਰੇ-ਵੱਖਰੇ ਹਨ? ਫਿਰ ਕਹਿੰਦੇ ਸਨ ਕਿ ਰੱਬ ਤੇ ਇੱਕ ਹੀ ਹੈ, ਪਰ ਵੱਖ-ਵੱਖ ਧਾਰਮਿਕ ਫਿਰਕੇ ਰੱਬ ਦੇ ਘਰ ਜਾਣ ਦੇ ਵੱਖ-ਵੱਖ ਰਸਤੇ ਹਨ, ਪਰ ਮੰਜ਼ਿਲ ਸਾਰਿਆਂ ਦੀ ਇੱਕੋ ਹੀ ਹੈ? ਅਜਿਹੀਆਂ ਗੱਲਾਂ ਮੈਨੂੰ ਬਚਪਨ ਤੋਂ ਬੜੀ ਦੁਬਿਧਾ ਵਿੱਚ ਪਾਉਂਦੀਆਂ ਰਹੀਆਂ ਹਨ ਕਿ ਜੇ ਮੰਜ਼ਿਲ ਇੱਕ ਹੈ, ਵੱਖਰੇ-ਵੱਖਰੇ ਫਿਰਕੇ ਵੱਖ-ਵੱਖ ਰਸਤੇ ਹਨ ਤਾਂ ਫਿਰ ਕਿਸੇ ਨੂੰ ਕੀ ਫਿਕਰ ਹੈ ਕਿ ਕੌਣ ਕਿਹੜੇ ਰਸਤੇ ਜਾਣਾ ਚਾਹੁੰਦਾ ਹੈ? ਜਦੋਂ ਕੋਈ ਵਿਅਕਤੀ ਇੱਕ ਫਿਰਕੇ ਤੋਂ ਆਸਥਾ ਹਟਾ ਦੂਜੇ ਵੱਲ ਝੁਕ ਜਾਂਦਾ ਹੈ ਤਾਂ ਬੜਾ ਵਾਵੇਲਾ ਮਚ ਜਾਂਦਾ ਹੈ ਕਿ ਫਲਾਨੇ ਨੇ ਧਰਮ ਪ੍ਰੀਵਰਤਨ ਕਰ ਲਿਆ ਜਾਂ ਧਰਮ ਪ੍ਰੀਵਰਤਨ ਕਰਾ ਦਿੱਤਾ? ਕਈ ਵਾਰ ਧਰਮ ਪ੍ਰੀਵਰਤਨ ਦੇ ਨਾਮ ਤੇ ਧਾਰਮਿਕ ਫਸਾਦ ਵੀ ਹੋ ਜਾਂਦੇ ਹਨ। ਮੈਨੂੰ ਅਜਿਹੀਆਂ ਬੇਹੂਦਾ ਗੱਲਾਂ ਦੀ ਸਮਝ ਨਹੀਂ ਆਉਂਦੀ ਸੀ ਕਿ ਚੱਕਰ ਕੀ ਹੈ? ਫਿਰ ਇੱਕ ਹੋਰ ਗੱਲ ਬੜੀ ਹੈਰਾਨ ਕਰਨ ਵਾਲੀ ਹੁੰਦੀ ਹੈ ਕਿ ਸਾਰੇ ਫਿਰਕੇ ਆਪਣੇ ਧਰਮ (ਧਾਰਮਿਕ ਫਿਰਕੇ) ਨੂੰ ਦੂਜੇ ਤੋਂ ਵਧੀਆ ਤੇ ਸੌਖਾ ਦੱਸੇ ਹਨ। ਜੇ ਇੱਕ ਨੂੰ ਆਪਣੇ ਨਵੇਂ ਫਿਰਕੇ ਦੇ ਮਾਡਰਨ ਹੋਣ ਦਾ ਫਖਰ ਹੈ ਤਾਂ ਦੂਜੇ ਨੂੰ ਆਪਣੇ ਪੁਰਾਣੇ ਹੋਣ ਦਾ ਮਾਣ ਹੈ ਕਿ ਸਾਡਾ ਧਰਮ ਬੜਾ ਪੁਰਾਣਾ ਹੈ। ਲੋਕ ਸਦੀਆਂ ਤੋਂ ਇਸਨੂੰ ਮੰਨਦੇ ਆ ਰਹੇ ਹਨ। ਫਿਰ ਇੱਕ ਗੱਲ ਹੋਰ ਕੇ ਜੇ ਸਾਰੇ ਧਰਮ ਵੀ ਬਰਾਬਰ ਹਨ, ਰੱਬ ਵੀ ਇੱਕ ਹੈ, ਸਾਰੇ ਧਰਮ ਅਸਥਾਨ ਰੱਬ ਦੇ ਘਰ ਹਨ ਤਾਂ ਕਦੇ ਸਮਝ ਨਹੀਂ ਆਈ ਕਿ ਸਿੱਖ ਆਪਣੇ ਗੁਆਂਢ ਵਿੱਚ ਰੱਬ ਦੇ ਘਰ (ਹਿੰਦੂਆਂ ਦੇ ਮੰਦਰ) ਵਿੱਚ ਸਾਰੀ ਉਮਰ ਨਹੀਂ ਵੜਦੇ, ਪਰ ਆਪਣੇ ਗੁਰਦੁਆਰੇ ਮੀਲਾਂ ਦਾ ਫਾਸਲਾ ਤਹਿ ਕਰਕੇ ਜਾਂਦੇ ਹਨ? ਇਸੇ ਤਰ੍ਹਾਂ ਹਿੰਦੂ ਰੱਬ ਦੇ ਘਰ ਮਸਜਿਦ ਕਦੇ ਰੱਬ ਦੀ ਨਵਾਜ ਨਹੀਂ ਪੜ੍ਹਨਗੇ, ਪਰ ਕਈ ਵਲ਼ ਪਾ ਕੇ ਦੂਰੀ ਤੇ ਬਣੇ ਆਪਣੇ ਮੰਦਰ ਵਿੱਚ ਮੂਰਤੀ ਪੂਜਾ ਕਰਨ ਜਾਣਗੇ, ਭਾਵੇਂ ਸਮਾਂ ਨਾ ਹੋਵੇ ਜਾਂ ਸਮਾਂ ਕਿਤਨਾ ਵੀ ਕਿਉਂ ਨਾ ਲੱਗੇ? ਇਸੇ ਤਰ੍ਹਾਂ ਇਸਾਈ ਕਦੇ ਬੁੱਧ ਦੇ ਮੰਦਰ ਨਹੀਂ ਜਾਣਗੇ ਭਾਵੇਂ ਗੁਆਂਢ ਵਿੱਚ ਹੋਵੇ, ਪਰ ਚਰਚ ਜਿਤਨੀ ਮਰਜ਼ੀ ਦੂਰ ਹੋਵੇ, ਉਥੇ ਹੀ ਜੀਸਸ ਅੱਗੇ ਪ੍ਰੇਅਰ ਕਰਨਗੇ? ਅਜਿਹੀਆਂ ਗੱਲਾਂ ਮੈਨੂੰ ਅਕਸਰ ਦੁਬਿਧਾ ਵਿੱਚ ਪਾਉਂਦੀਆਂ ਰਹੀਆਂ ਹਨ। ਮੈਂ ਅਜਿਹੇ ਸਵਾਲਾਂ ਦੇ ਜਵਾਬ ਲੱਭਣ ਦੇ ਹਮੇਸ਼ਾਂ ਯਤਨ ਕਰਦਾ ਰਿਹਾ ਹਾਂ।

ਅੱਜ ਦੀ ਚਰਚਾ ਅਸੀਂ ਇਸੇ ਗੱਲ ਨੂੰ ਸਮਝਣ ਲਈ ਕਰ ਰਹੇ ਹਾਂ ਕਿ ਸਾਨੂੰ ਅਜਿਹੇ ਸਵਾਲਾਂ ਦਾ ਕੋਈ ਜਵਾਬ ਮਿਲ ਸਕੇ? ਸਾਨੂੰ ਧਰਮ ਤੇ ਧਾਰਮਿਕ ਫਿਰਕੇ ਦਾ ਫਰਕ ਪਤਾ ਲੱਗ ਸਕੇ? ਜਦੋਂ ਤੱਕ ਸਾਨੂੰ ਇਹ ਫਰਕ ਸਮਝ ਨਹੀਂ ਆਉਂਦਾ ਤੇ ਸਾਨੂੰ ਇਹੀ ਲਗਦਾ ਹੈ ਕਿ ਧਾਰਮਿਕ ਫਿਰਕਾ ਹੀ ਧਰਮ ਹੁੰਦਾ ਹੈ ਤਾਂ ਕੋਈ ਵੀ ਹੱਲ ਹੋਣ ਵਾਲਾ ਨਹੀਂ ਹੈ? ਜੋ ਗੱਲ ਮੈਂ ਆਪਣੇ ਧਾਰਮਿਕ ਅਨੁਭਵ ਤੇ ਧਾਰਮਿਕ ਫਿਰਕਿਆਂ ਦੇ ਗ੍ਰੰਥਾਂ ਨੂੰ ਪੜ੍ਹ ਕੇ ਸਮਝੀ ਹੈ, ਤੁਹਾਡੇ ਨਾਲ ਸਾਂਝੀ ਕਰ ਰਿਹਾ ਹਾਂ, ਸ਼ਾਇਦ ਤੁਹਾਡੇ ਵੀ ਕੰਮ ਆ ਜਾਵੇ ਤੇ ਤੁਹਾਨੂੰ ਵੀ ਇਹ ਗੱਲ ਸਮਝਣ ਵਿੱਚ ਆਸਾਨੀ ਹੋ ਸਕੇ, ਜੇ ਤੁਹਾਡਾ ਵੀ ਕੋਈ ਅਜਿਹਾ ਹੀ ਸਵਾਲ ਹੋਵੇ? ਇੱਕ ਗੱਲ ਹੋਰ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਗਲਤੀ ਧਾਰਮਿਕ ਫਿਰਕਿਆਂ ਦੇ ਸ਼ਰਧਾਲੂ ਧਰਮ ਨੂੰ ਸਮਝਣ ਦੀ ਕਰਦੇ ਹਨ, ਉਸੇ ਤਰ੍ਹਾਂ ਦੀ ਹੋਰ ਢੰਗ ਨਾਲ ਗਲਤੀ ਧਾਰਮਿਕ ਫਿਰਕਿਆਂ ਨੂੰ ਨਾ ਮੰਨਣ ਵਾਲੇ ਜਾਂ ਨਾਸਤਿਕ ਲੋਕ ਵੀ ਕਰਦੇ ਹਨ। ਉਹ ਵੀ ਧਾਰਮਿਕ ਫਿਰਕਿਆਂ ਨੂੰ ਹੀ ਧਰਮ ਸਮਝਦੇ ਹਨ। ਉਹ ਧਾਰਮਿਕ ਫਿਰਕਿਆਂ ਦੀਆਂ ਸਮਾਂ ਵਿਹਾਅ ਚੁੱਕੀਆਂ ਮਰਿਯਾਦਾਵਾਂ, ਅੰਧ ਵਿਸ਼ਵਾਸ਼ੀ ਰੀਤਾਂ-ਰਸਮਾਂ, ਪੂਜਾ-ਪਾਠਾਂ ਜਾਂ ਕਿਸੇ ਹੋਰ ਕਿਸਮ ਦੇ ਧਾਰਮਿਕ ਪਾਖੰਡਾਂ ਆਦਿ ਨੂੰ ਹੀ ਧਰਮ ਸਮਝਦੇ ਹਨ ਤੇ ਉਸਦੀ ਆਲੋਚਨਾ ਕਰਦੇ ਹਨ ਤੇ ਸਮਝਦੇ ਹਨ ਕਿ ਧਰਮ ਨੂੰ ਛੱਡਣਾ ਹੀ ਜਿਵੇਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੋਵੇ। ਉਨ੍ਹਾਂ ਨੂੰ ਲਗਦਾ ਹੈ ਕਿ ਸਾਨੂੰ ਇਨ੍ਹਾਂ ਤੋਂ ਬਾਗੀ ਹੋ ਕੇ ਨਾਸਤਿਕ ਬਣਨਾ ਚਾਹੀਦਾ ਹੈ ਤਾਂ ਹੀ ਸਮਾਜ ਦਾ ਭਲਾ ਹੈ। ਉਨ੍ਹਾਂ ਦੀ ਸੋਚ ਹੈ ਕਿ ਪਦਾਰਥਕ ਤਰੱਕੀ ਤੇ ਪਦਾਰਥਾਂ ਦੀ ਸਮਾਜ ਵਿੱਚ ਬਰਾਬਰ ਵੰਡ ਤੇ ਧਾਰਮਿਕ ਅੰਧ ਵਿਸ਼ਵਾਸ਼ਾਂ ਤੋਂ ਮੁਕਤੀ ਹੀ ਮਨੁੱਖ ਦਾ ਆਖਰੀ ਨਿਸ਼ਾਨਾ ਹੋਣਾ ਚਾਹੀਦੀ ਹੈ ਤੇ ਜੇ ਸਮਾਜ ਇਸ ਤੋਂ ਮੁਕਤ ਹੋ ਜਾਵੇ ਤਾਂ ਸਭ ਸਮੱਸਿਆਵਾਂ ਹੱਲ ਹੋ ਜਾਣਗੀਆਂ ਅਤੇ ਧਰਤੀ ਤੇ ਸਵਰਗ ਉਤਰ ਆਵੇਗਾ, ਫਿਰ ਸਾਨੂੰ ਧਾਰਮਿਕ ਪੁਜਾਰੀਆਂ ਦੇ ਕਲਪਿਤ ਸਵਰਗ ਦੀ ਝਾਕ ਰੱਖਣ ਦੀ ਲੋੜ ਨਹੀਂ? ਪਹਿਲੀ ਗੱਲ ਕੀ ਅਜਿਹਾ ਸੰਭਵ ਹੈ ਜਾਂ ਜੇ ਹੋ ਜਾਵੇ ਤਾਂ ਕੀ ਮਨੁੱਖ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ ਜਾਂ ਕੀ ਸਾਰੀਆਂ ਸਮੱਸਿਆਵਾਂ ਸਿਰਫ ਆਰਥਿਕ ਨਾ ਬਰਾਬਰੀ ਦੀਆਂ ਹੀ ਹਨ? ਜੇ ਆਪਾਂ ਆਰਥਿਕ ਤੌਰ 'ਤੇ ਸੰਪਨ ਪੱਛਮੀ ਦੇਸ਼ਾਂ ਵੱਲ ਦੇਖੀਏ ਤਾਂ ਕੀ ਮਨੁੱਖ ਦੀ ਆਰਥਿਕ ਤਰੱਕੀ ਨਾਲ, ਬਾਹਰੀ (ਦੁਨਿਆਵੀ) ਸੁੱਖ-ਸਹੂਲਤਾਂ ਨਾਲ ਮਨੁੱਖ ਸੁੱਖੀ ਹੋ ਗਿਆ ਹੈ? ਅੱਜ ਵਿਕਸਤ ਪੱਛਮੀ ਦੇਸ਼ਾਂ ਵਿੱਚ ਮਾਨਸਿਕ ਰੋਗੀਆਂ, ਸਰੀਰਕ ਰੋਗੀਆਂ, ਪਾਗਲਾਂ, ਆਤਮਘਾਤੀਆਂ ਦੀ ਗਿਣਤੀ ਔਸਤਨ (ਆਬਾਦੀ ਮੁਤਾਬਿਕ) ਘੱਟ ਵਿਕਸਤ ਜਾਂ ਨਾ ਵਿਕਸਤ ਦੇਸ਼ਾਂ ਨਾਲੋਂ ਜ਼ਿਆਦਾ ਹੈ। ਇਸ ਲਈ ਮੇਰੀ ਸਮਝ ਮੁਤਾਬਿਕ ਧਰਮ ਤੇ ਧਾਰਮਿਕ ਫਿਰਕਿਆਂ ਦੇ ਫਰਕ ਨੂੰ ਸਮਝ ਕੇ ਮਨੁੱਖ ਦੀਆਂ ਜੇ ਸਾਰੀਆਂ ਨਹੀਂ ਤੇ









ਬਹੁਤੀਆਂ ਸਮੱਸਿਆਵਾਂ ਦਾ ਹੱਲ, ਅਸਲੀ ਧਰਮ ਨੂੰ ਅਪਨਾਉਣਾ ਹੈ ਤੇ ਧਾਰਮਿਕ ਫਿਰਕਿਆਂ ਵਿਚੋਂ ਮਨੁੱਖ ਨੂੰ ਕੱਢ ਕੇ ਅਸਲੀ ਧਰਮ ਨਾਲ ਜੋੜਨ ਨਾਲ ਹੀ ਕੋਈ ਹੱਲ ਨਿਕਲ ਸਕਦਾ ਹੈ।

ਆਓ! ਸਮਝੀਏ ਧਾਰਮਿਕ ਫਿਰਕਾ ਕੀ ਹੈ? ਧਾਰਮਿਕ ਫਿਰਕਿਆਂ ਨੂੰ ਸਮਝਣ ਤੋਂ ਪਹਿਲਾਂ ਇਹ ਸਮਝਣਾ ਜਰੂਰੀ ਹੈ ਕਿ ਧਰਮ ਕੀ ਹੈ? ਧਰਮ ਮਨੁੱਖੀ ਸਰੀਰ ਅੰਦਰ ਵਿਚਰਦੀ ਚੇਤੰਨਤਾ (ਆਤਮਾ) ਦੀ ਖੋਜ ਹੈ, ਜਿਨ੍ਹਾਂ ਗੁਰੂਆਂ, ਸੰਤਾਂ, ਭਗਤਾਂ, ਪੈਗੰਬਰਾਂ ਨੇ ਇਹ ਖੋਜ ਕੀਤੀ, ਉਨ੍ਹਾਂ ਨੇ ਆਪਣੇ ਨਿੱਜੀ ਅਨੁਭਵ ਆਪਣੇ ਬੋਲਾਂ ਰਾਹੀਂ ਜਾਂ ਲਿਖ ਕੇ ਸਾਂਝੇ ਕੀਤੇ, ਜਿਨ੍ਹਾਂ ਦੇ ਬਾਅਦ ਵਿੱਚ ਗ੍ਰੰਥ ਬਣੇ। ਉਨ੍ਹਾਂ ਨੇ ਆਪਣੇ ਨਿੱਜੀ ਅਨੁਭਵ ਸਿਰਫ ਇਸ਼ਾਰੇ ਮਾਤਰ ਸਾਂਝੇ ਕੀਤੇ ਤਾਂ ਕਿ ਦੂਜੇ ਲੋਕ ਵੀ ਉਨ੍ਹਾਂ ਇਸ਼ਾਰਿਆਂ ਨੂੰ ਸਮਝ ਕੇ ਆਪਣਾ ਅਨੁਭਵ ਕਰ ਸਕਣ। ਆਪਣੇ ਸਮਿਆਂ ਵਿੱਚ ਅਜਿਹੇ ਕ੍ਰਾਂਤੀਕਾਰੀ ਮਹਾਂਪੁਰਸ਼ ਲੋਕਾਂ ਨੂੰ ਆਪ ਵੀ ਨਿੱਜੀ ਦੇਖ-ਰੇਖ ਹੇਠ ਅਨੁਭਵ ਕਰਾਉਂਦੇ ਹਨ, ਜਿਸ ਨਾਲ ਹੌਲੀ-ਹੌਲੀ ਗੁਰੂ ਜਾਂ ਪੈਗੰਬਰ ਕੋਲ ਲੋਕ ਇਕੱਠੇ ਹੋ ਜਾਂਦੇ ਰਹੇ ਤੇ ਇੱਕ ਸੰਗਠਨ ਬਣਨਾ ਸ਼ੁਰੂ ਹੁੰਦਾ ਰਿਹਾ, ਅਜਿਹੇ ਮਹਾਂਪੁਰਸ਼ਾਂ ਦੇ ਸੰਸਾਰ ਤੋਂ ਵਿਦਾ ਹੋਣ ਬਾਅਦ, ਉਹ ਲੋਕ ਮੋਹਰੀ ਬਣ ਜਾਂਦੇ ਰਹੇ, ਜਿਨ੍ਹਾਂ ਕੋਲ ਧਰਮ ਦਾ ਆਪਣਾ ਨਿੱਜੀ ਅਨੁਭਵ ਨਹੀਂ ਹੁੰਦਾ ਤੇ ਉਹ ਇਨ੍ਹਾਂ ਗ੍ਰੰਥਾਂ ਦੇ ਬਚਨਾਂ ਦੀ ਪੂਜਾ ਪਾਠ ਕਰਾਉਂਦੇ, ਅੱਗੇ ਤੋਂ ਅੱਗੇ ਕਈ ਕੁੱਝ ਸ਼ੁਰੂ ਹੁੰਦਾ ਰਿਹਾ। ਅਜਿਹਾ ਹਰ ਧਾਰਮਿਕ ਫਿਰਕੇ ਵਿੱਚ ਵਾਪਰਿਆ ਹੈ। ਬਾਅਦ ਅਜਿਹਾ ਬਣਾ ਦਿੱਤਾ ਜਾਂਦਾ ਰਿਹਾ ਹੈ ਕਿ ਇਹ ਮਹਾਂਪੁਰਸ਼ ਦੁਨੀਆਂ ਨੂੰ ਸੁਧਾਰਨ ਲਈ ਆਏ ਸਨ ਤੇ ਉਨ੍ਹਾਂ ਦੇ ਬਚਨਾਂ ਦੀ ਪਾਲਣਾ ਕਰਨੀ, ਉਨ੍ਹਾਂ ਦਾ ਪੂਜਾ-ਪਾਠ ਕਰਨਾ ਹੀ ਧਰਮ ਹੈ, ਸਮਾਂ ਪਾ ਕੇ ਇਨ੍ਹਾਂ ਫਿਰਕਿਆਂ ਤੇ ਰਾਜਨੀਤਕ ਲੋਕ ਕਾਬਿਜ਼ ਹੋ ਜਾਂਦੇ ਰਹੇ ਤੇ ਆਪਣੇ ਫਿਰਕੇ ਨੂੰ ਵਧਾਉਣ ਲਈ ਦੂਜਿਆਂ ਤੇ ਹਮਲੇ ਜਾਂ ਜ਼ਬਰੀ ਧਰਮ ਬਦਲੀ ਵਰਗੇ ਘਿਨਾਉਣੇ ਅਪਰਾਧ ਕਰਦੇ ਰਹੇ। ਇਸ ਤਰ੍ਹਾਂ ਹੌਲੀ-ਹੌਲੀ ਨਵਾਂ ਧਾਰਮਿਕ ਫਿਰਕਾ ਬਣਦਾ ਰਿਹਾ। ਫਿਰ ਕੋਈ ਨਵਾਂ ਮਨੁੱਖ ਆਪਣੇ ਅਨੁਭਵ ਨਾਲ ਜਦੋਂ ਆਤਮਾ ਦੇ ਸੱਚ ਨੂੰ ਜਾਣਦਾ ਤੇ ਉਹ ਫਿਰ ਨਵੇਂ ਢੰਗ ਨਾਲ ਗੱਲ ਕਰਦਾ ਤੇ ਪੁਰਾਣੇ ਫਿਰਕਿਆਂ ਨੂੰ ਰੱਦ ਕਰਕੇ, ਆਪਣਾ ਅਨੁਭਵ ਕਰਨ ਦਾ ਹੋਕਾ ਦਿੰਦਾ, ਪਰ ਉਸਦੇ ਜਾਣ ਤੋਂ ਬਾਅਦ ਫਿਰ ਉਹੀ ਕਹਾਣੀ ਦੁਹਰਾਈ ਜਾਂਦੀ। ਇਹੀ ਦਸਤੂਰ

ਪਿਛਲੇ ਤਕਰੀਬਨ 8-10 ਹਜ਼ਾਰ ਸਾਲ ਤੋਂ ਚੱਲ ਰਿਹਾ ਹੈ। ਹੁਣ ਜਥੇਬੰਧਕ ਧਰਮ ਇਤਨੇ ਸੰਗਠਤ ਹੋ ਚੁੱਕੇ ਹਨ ਤੇ ਉਨ੍ਹਾਂ ਨੇ ਆਪਣਾ ਪ੍ਰਚਾਰ ਸਿਸਟਮ, ਮਰਿਯਾਦਾ, ਪੂਜਾ ਪਾਠ ਅਜਿਹਾ ਬਣਾ ਲਿਆ ਹੈ ਕਿ ਉਹ ਬਚਪਨ ਤੋਂ ਬੱਚੇ ਅੰਦਰ ਅਜਿਹਾ ਪ੍ਰਚਾਰ ਭਰ ਦਿੰਦੇ ਹਨ ਕਿ ਉਸਨੂੰ ਸਾਰੀ ਉਮਰ ਇਹੀ ਲਗਦਾ ਰਹਿੰਦਾ ਹੈ ਕਿ ਜੋ ਕੁੱਝ ਪੂਜਾ-ਪਾਠ, ਮਰਿਯਾਦਾ, ਚਿੰਨ੍ਹ, ਕਰਮਕਾਂਡ ਦੱਸੇ ਗਏ ਹਨ, ਉਹੀ ਧਰਮ ਹੈ। ਜਦਕਿ ਇਨ੍ਹਾਂ ਦਾ ਧਰਮ ਨਾਲ ਕੋਈ ਵੀ ਸਬੰਧ ਨਹੀਂ। ਧਰਮ ਸਿਰਫ ਤੇ ਸਿਰਫ ਤੁਹਾਡੀ ਆਪਣੀ ਅੰਤਰ ਯਾਤਰਾ ਹੈ, ਤੁਹਾਡਾ ਆਪਣਾ ਅਧਿਆਤਮਕ ਸਫਰ ਹੈ, ਜਿਸਨੂੰ ਤੁਸੀਂ ਆਪ ਹੀ ਅਨੁਭਵ ਕਰ ਸਕਦੇ ਹੋ। ਤੁਹਾਨੂੰ ਆਪਣਾ ਅਭਿਆਸ ਕਰਨ ਵਿੱਚ ਕੋਈ ਮਦਦ ਤੇ ਕਰ ਸਕਦਾ ਹੈ, ਅਭਿਆਸ ਕਰਨ ਲਈ ਤਰੀਕਾ ਤੇ ਦੱਸ ਸਕਦਾ ਹੈ। ਪਰ ਤੁਸੀਂ ਕਿਸੇ ਦੇ ਅਨੁਭਵ ਤੋਂ ਉਸ ਤਰ੍ਹਾਂ ਲਾਭ ਨਹੀਂ ਉਠਾ ਸਕਦੇ, ਜਿਸ ਤਰ੍ਹਾਂ ਕਿਸੇ ਸਾਇੰਸਦਾਨ ਦੀਆਂ ਖੋਜਾਂ ਦੇ ਲਾਭ ਕੋਈ ਵੀ ਉਠਾ ਸਕਦਾ ਹੈ। ਧਰਮ ਵਿੱਚ ਸਾਇੰਸ ਵਾਂਗ ਅਜਿਹਾ ਸੰਭਵ ਨਹੀਂ। ਧਰਮ ਤੁਹਾਡੇ ਨਿੱਜੀ ਅਭਿਆਸ ਅਧਾਰਿਤ, ਤੁਹਾਡਾ ਆਪਣਾ ਨਿੱਜੀ ਅਨੁਭਵ ਹੁੰਦਾ ਹੈ, ਇਸਦੀ ਕਿਸੇ ਹੋਰ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਹਰ ਇੱਕ ਯਾਤਰਾ ਆਪਣੀ ਹੁੰਦੀ ਹੈ, ਅਭਿਆਸ ਆਪਣਾ ਹੁੰਦਾ ਹੈ, ਇਸ ਲਈ ਨਤੀਜੇ ਵੀ ਵੱਖਰੇ ਹੋਣਗੇ। ਪਰ ਜਿਨ੍ਹਾਂ ਨੇ ਅੰਤਮ ਸੱਚ ਨੂੰ ਜਾਣਿਆ ਹੈ, ਉਨ੍ਹਾਂ ਸਭ ਦਾ ਇਕੋ ਤਰ੍ਹਾਂ ਦਾ ਅਨੁਭਵ ਹੈ। ਇਹ ਅਨੁਭਵ ਗੂੰਗੇ ਦੇ ਮਠਿਆਈ ਖਾਣ ਵਾਂਗ ਹਨ, ਜਿਸ ਤਰ੍ਹਾਂ ਗੂੰਗਾ ਮਠਿਆਈ ਖਾ ਕੇ ਉਸਦਾ ਸੁਆਦ ਨਹੀਂ ਦੱਸ ਸਕਦਾ, ਇਸੇ ਤਰ੍ਹਾਂ ਧਰਮ ਦੇ ਅਨੁਭਵ ਸਿਰਫ ਉਸ ਅਵਸਥਾ ਨੂੰ ਮਾਣ ਕੇ ਹੀ ਜਾਣੇ ਜਾ ਸਕਦੇ ਹਨ, ਕੋਈ ਤੁਹਾਨੂੰ ਦੱਸ ਨਹੀਂ ਸਕਦਾ, ਸਿਰਫ ਉਧਰ ਤੁਰਨ ਲਈ ਕਿਸੇ ਹੱਦ ਤੱਕ ਗਾਈਡ ਹੀ ਕਰ ਸਕਦਾ ਹੈ।

ਇਸ ਸਾਰੀ ਚਰਚਾ ਦਾ ਮਕਸਦ ਸਿਰਫ ਇਹੀ ਗੱਲ ਸਮਝਣਾ ਸੀ ਕਿ ਵੱਖ-ਵੱਖ ਧਾਰਮਿਕ ਫਿਰਕੇ, ਧਰਮ ਦੇ ਨਾਮ ਤੇ ਬਣੇ ਸੰਗਠਨ ਤੇ ਜਰੂਰ ਹਨ, ਜਿਨ੍ਹਾਂ ਰਾਹੀਂ ਸਮਾਜ ਜਾਂ ਮਨੁੱਖ ਦਾ, ਸਮਾਜਿਕ ਜਾਂ ਰਾਜਨੀਤਕ ਤੌਰ ’ਤੇ ਕੋਈ ਭਲਾ ਵੀ ਹੋ ਰਿਹਾ ਹੋਵੇ? ਹੋ ਸਕਦਾ ਮਨੁੱਖ ਦੀਆਂ ਸਮਾਜਿਕ, ਰਾਜਨੀਤਕ, ਆਰਥਿਕ ਲੋੜਾਂ ਲਈ ਜਾਂ ਸਮੱਸਿਆਵਾਂ ਲਈ ਅਜਿਹੇ ਸੰਗਠਨਾਂ ਦੀ ਲੋੜ ਹੋਵੇ? ਜੇ ਧਰਮ ਦੇ ਵਿਸ਼ੇ ਨੂੰ ਛੱਡ ਕੇ ਅਜਿਹੇ ਸੰਗਠਨਾਂ ਦੀ ਕਿਸੇ ਹੋਰ ਕੰਮ ਲਈ ਲੋੜ ਹੋਵੇ ਤਾਂ ਜਥੇਬੰਦੀ, ਸੰਸਥਾ, ਸੰਗਠਨ ਬਣਾਉਣ ਵਿੱਚ ਕੋਈ ਹਰਜ ਨਹੀਂ। ਪਰ ਇਹ ਧਰਮ ਕਦਾਚਿਤ ਵੀ ਨਹੀਂ ਹਨ, ਨਾ ਹੀ ਇਨ੍ਹਾਂ ਦਾ ਧਰਮ ਨਾਲ ਕੋਈ ਸਬੰਧ ਹੈ। ਇਨ੍ਹਾਂ ਨੂੰ ਧਰਮ ਸਮਝਣਾ, ਸਾਡੀ ਵੱਡੀ ਭੁੱਲ ਹੈ। ਸਾਨੂੰ ਅਜਿਹੇ ਸੰਗਠਨਾਂ ਨਾਲੋਂ ਧਰਮ ਸ਼ਬਦ ਹਟਾਉਣ ਲਈ ਯਤਨ ਕਰਨੇ ਚਾਹੀਦੇ ਹਨ। ਬੇਸ਼ਕ ਇਨ੍ਹਾਂ ਸੰਗਠਨਾਂ ਦੀ ਦੁਕਾਨਦਾਰੀ ਧਰਮ ਦੇ ਨਾਮ ਤੇ ਹੀ ਚਲਦੀ ਹੈ। ਪਰ ਜੇ ਇਹ ਮਨੁੱਖ ਦੀਆਂ ਧਾਰਮਿਕ ਜਾਂ ਅਧਿਆਤਮਕ ਲੋੜਾਂ ਪੂਰੀਆਂ ਨਹੀਂ ਕਰਦੇ ਤਾਂ ਇਨ੍ਹਾਂ ਤੋਂ ਪਾਸੇ ਹਟ ਜਾਣਾ ਹੀ ਸਾਡੇ ਸਭ ਦੇ ਹਿੱਤ ਵਿੱਚ ਹੈ। ਇਸ ਪੱਖੋਂ ਨਾਸਤਿਕਾਂ ਜਾਂ ਤਰਕਸ਼ੀਲਾਂ ਨਾਲ ਸਹਿਮਤ ਹੋਇਆ ਜਾ ਸਕਦਾ ਹੈ ਕਿ ਜੇ ਇਹ ਸਾਨੂੰ ਸਿਰਫ ਅੰਧ ਵਿਸ਼ਵਾਸ਼ਾਂ ਜਾਂ ਕਰਮਕਾਂਡਾਂ ਵਿੱਚ ਪਾ ਕੇ ਲੁੱਟਣ ਦੀਆਂ ਦੁਕਾਨਾਂ ਹੀ ਹਨ ਤੇ ਜਰੂਰ ਹੀ ਇਹ ਬੰਦ ਹੋਣੀਆਂ ਚਾਹੀਦੀਆਂ ਹਨ, ਇਨ੍ਹਾਂ ਨਾਲੋਂ ਸਾਨੂੰ ਨਾਤਾ ਤੋੜ ਲੈਣਾ ਚਾਹੀਦਾ ਹੈ। ਜੇ ਇਹ ਸਾਨੂੰ ਸੱਚੇ ਧਰਮ ਦੀ ਖੋਜ ਦੇ ਰਾਹੇ ਨਹੀਂ ਪਾ ਸਕਦੇ, ਸਾਨੂੰ ਕੋਈ ਅਭਿਆਸ ਜਾਂ ਅਨੁਭਵ ਨਹੀਂ ਕਰਾ ਸਕਦੇ ਤਾਂ ਫਿਰ ਅਸੀਂ ਕਿਉਂ ਆਪਣਾ ਕੀਮਤੀ ਸਮਾਂ ਇਨ੍ਹਾਂ ਵਿੱਚ ਖਰਾਬ ਕਰੀਏ। ਹਾਂ ਇਸ ਗੱਲ ਵਿੱਚ ਕੁੱਝ ਸਚਾਈ ਜ਼ਰੂਰ ਹੈ ਕਿ ਇਨ੍ਹਾਂ ਧਾਰਮਿਕ ਫਿਰਕਿਆਂ ਕੋਲ ਸਾਂਭੇ ਹੋਏ, ਸੱਚੇ ਗੁਰੂਆਂ ਦੇ ਅਸਲੀ ਧਰਮ ਬਾਰੇ ਇਸ਼ਾਰੇ ਮਾਤਰ ਬਚਨ, ਸਾਡੇ ਕੰਮ ਜ਼ਰੂਰ ਆ ਸਕਦੇ ਹਨ, ਉਹ ਵੀ ਕਿਸੇ ਹੱਦ ਤੱਕ। ਪਰ ਇਨ੍ਹਾਂ ਨੂੰ ਸਿਰਫ ਪੜ੍ਹਨ, ਸਮਝਣ, ਅਰਥ ਕਰਨ ਜਾਂ ਇਨ੍ਹਾਂ ਦਾ ਪਾਠ ਕਰਨ ਦਾ ਧਰਮ ਨਾਲ ਕੋਈ ਸਬੰਧ ਨਹੀਂ, ਧਰਮ ਦੇ ਨਾਮ ਤੇ ਪ੍ਰਚਲਤ ਕਰਮਕਾਂਡਾਂ ਜਾਂ ਪੂਜਾ ਪਾਠ ਦਾ ਵੀ ਧਰਮ ਨਾਲ ਕੋਈ ਸਬੰਧ ਨਹੀਂ, ਧਰਮ ਸਿਰਫ ਤੇ ਸਿਰਫ ਤੁਹਾਡਾ ਆਪਣਾ ਅੰਤਰ ਆਤਮੇ ਦਾ ਨਿੱਜੀ ਅਨੁਭਵ ਹੁੰਦਾ ਹੈ। ਧਰਮ ਤੁਹਾਡੀ ਆਪਣੀ ਆਪੇ ਦੀ ਖੋਜ ਦਾ ਨਾਮ ਹੈ। ਤੁਹਾਡੀ ਆਪਣੀ ਅੰਤਰ ਯਾਤਰਾ ਦੇ ਅਨੁਭਵਾਂ ਦਾ ਨਾਮ ਹੀ ਧਰਮ ਹੈ। ਧਰਮ ਦੇ ਮਾਰਗ ਤੇ ਤੁਸੀਂ ਕਿਸੇ ਦੀਆਂ ਪਾਈਆਂ ਪੈੜਾਂ ਤੇ ਨਹੀਂ ਚੱਲ ਸਕਦੇ, ਤੁਹਾਨੂੰ ਪੰਛੀਆਂ ਵਾਂਗ ਆਪਣੀ ਉਡਾਨ ਆਪ ਭਰਨੀ ਪੈਂਦੀ ਹੈ। ਆਕਾਸ਼ ਵਿੱਚ ਉਡਦੇ ਪੰਛੀਆਂ ਦੇ ਜਿਸ ਤਰ੍ਹਾਂ ਪਿਛੇ ਕੋਈ ਨਿਸ਼ਾਨ ਜਾਂ ਪਦ ਚਿੰਨ੍ਹ ਨਹੀਂ ਬਚਦੇ, ਇਸੇ ਤਰ੍ਹਾਂ ਅਸਲੀ ਧਰਮੀਆਂ ਦੇ ਆਪਣੀ ਅੰਤਰ ਯਾਤਰਾ ਦੇ ਮਾਰਗ ਤੇ ਕੋਈ ਪਦ ਚਿੰਨ੍ਹ ਨਹੀਂ ਬਚਦੇ, ਜਿਨ੍ਹਾਂ ਨੂੰ ਦੇਖ ਕੇ ਅਸੀਂ ਮਗਰ ਚੱਲ ਸਕੀਏ। ਉਨ੍ਹਾਂ ਦੇ ਬਚਨ ਸਿਰਫ ਇਸ਼ਾਰੇ ਮਾਤਰ ਸਾਡੇ ਲਈ ਮਾਰਗ ਦਰਸ਼ਨ ਹਨ, ਪਰ ਇਹ ਕੋਈ ਸਿਧਾਂਤ ਨਹੀਂ ਤੇ ਨਾ ਹੀ ਦੋ ਜਮਾਂ ਦੋ ਦੇ ਹਿਸਾਬ ਵਾਂਗ ਚਾਰ ਹੁੰਦੇ ਹਨ। ਜਿਸ ਤਰ੍ਹਾਂ ਕਿ ਇਨ੍ਹਾਂ ਨਕਲੀ ਧਾਰਮਿਕ ਫਿਰਕਿਆਂ ਵਲੋਂ ਸਿਖਾਇਆ ਜਾਂਦਾ ਹੈ ਕਿ ਅਸੀਂ ਆਪਣੇ ਗੁਰੂਆਂ, ਪੀਰਾਂ, ਪੈਗੰਬਰਾਂ ਦੇ ਪਦ ਚਿੰਨ੍ਹਾਂ ਤੇ ਚੱਲੀਏ। ਅਜਿਹੇ ਇਨਕਲਾਬੀ ਰਹਿਬਰਾਂ ਦੇ ਕੋਈ ਪਦ ਚਿੰਨ੍ਹ ਨਹੀਂ ਹੁੰਦੇ, ਉਹ ਆਕਾਸ਼ ਤੇ ਉਡਦੇ ਪੰਛੀਆਂ ਜਾਂ ਜਹਾਜ਼ਾਂ ਵਾਂਗ ਹੁੰਦੇ ਹਨ, ਨਾ ਕਿ ਧਰਤੀ ਤੇ ਚਲਦੀਆਂ ਗੱਡੀਆਂ ਵਾਂਗ, ਜਿਨ੍ਹਾਂ ਦੇ ਨਿਸ਼ਾਨ ਅਸੀਂ ਸਾਂਭ ਸਕੀਏ। ਸਭ ਧਰਮ ਗੁਰੂਆਂ ਦਾ ਹਮੇਸ਼ਾਂ ਤੋਂ ਇਹੀ ਸੰਦੇਸ਼ ਰਿਹਾ ਹੈ ਕਿ ਜਿਸਨੇ ਵੀ ਧਰਮ ਦੇ ਮਾਰਗ ਤੇ ਤੁਰਨਾ ਹੈ, ਉਸਨੂੰ ਆਪਣਾ ਅਨੁਭਵ ਆਪ ਕਰਨਾ ਪਵੇਗਾ। ਕਿਸੇ ਦਾ ਅਨੁਭਵ ਨਾ ਕਦੇ ਕਿਸੇ ਦੇ ਕੰਮ ਆਇਆ ਹੈ ਤੇ ਨਾ ਹੀ ਕਦੇ ਆ ਸਕੇਗਾ। ਇਹ ਕੁਦਰਤ ਦਾ ਇੱਕ ਪੱਕਾ ਸਿਧਾਂਤ ਹੈ। ਕੋਈ ਧਰਮ ਗ੍ਰੰਥ ਸਾਡੇ ਕਿਸੇ ਕੰਮ ਨਹੀਂ ਆ ਸਕਦੇ, ਜਦੋਂ ਤੱਕ ਅਸੀਂ ਉਨ੍ਹਾਂ ਵਿਚਲੇ ਇਸ਼ਾਰਿਆਂ ਨੂੰ ਸਮਝ ਕੇ ਆਪ ਨਹੀਂ ਤੁਰ ਪੈਂਦੇ।

ਮੇਰਾ ਮੰਨਣਾ ਹੈ ਕਿ ਜਦੋਂ ਤੱਕ ਪੁਜਾਰੀਆਂ ਅਧਾਰਿਤ ਧਾਰਮਿਕ ਫਿਰਕਿਆਂ ਦੀ ਹੋਂਦ ਕਾਇਮ ਹੈ, ਸੱਚੇ ਧਰਮ ਦਾ ਸੂਰਜ ਕਦੇ ਨਹੀਂ ਚੜ੍ਹ ਸਕਦਾ। ਬੇਸ਼ੱਕ ਇਨ੍ਹਾਂ ਦੀ ਹੋਂਦ ਮਿਟਾਉਣਾ ਵੀ ਅਸੰਭਵ ਹੈ ਕਿਉਂਕਿ ਇਹ ਡਰ ਤੇ ਲਾਲਚ ਦੇ ਅਧਾਰ ਤੇ ਚੱਲਦੇ ਹਨ। ਜਦੋਂ ਤੱਕ ਮਨੁੱਖ ਅੰਦਰ ਡਰ ਤੇ ਲਾਲਚ ਹੈ, ਇਹ ਚੱਲਦੇ ਰਹਿਣਗੇ। ਪਰ ਜਿਸ ਤਰ੍ਹਾਂ ਲੋਕ ਗਿਆਨਵਾਨ ਹੋ ਕੇ, ਡਰ ਤੇ ਲਾਲਚ ਤੋਂ ਮੁਕਤ ਹੁੰਦੇ ਜਾਣਗੇ, ਇਨ੍ਹਾਂ ਦੇ ਭਰਮੀ ਜ਼ਾਲ਼ ਵਿੱਚੋਂ ਨਿਕਲਦੇ ਜਾਣਗੇ। ਜਦੋਂ ਤੱਕ ਅਸੀਂ ਧਰਮ ਨੂੰ ਜਮਾਤੀ ਦੀ ਥਾਂ ਜਾਤੀ ਨਹੀਂ ਬਣਾਉਂਦੇ, ਇਹ ਫਿਰਕੇ ਲੋਕਾਂ ਦਾ ਧਰਮ ਤੇ ਰੱਬ ਦੇ ਨਾਮ ਤੇ ਸੋਸ਼ਣ ਕਰਦੇ ਰਹਿਣਗੇ। ਬੜੇ ਬੜੇ ਇਨਲਾਬੀ ਪੈਗੰਬਰ ਵੀ ਪੁਜਾਰੀਆਂ ਦਾ ਕੁਝ ਵਿਗਾੜ ਨਹੀਂ ਸਕੇ। ਸਿਰਫ ਕੁਝ ਲੋਕ ਹੀ ਉਨ੍ਹਾਂ ਦੀ ਸੰਗਤ ਜਾਂ ਸਿੱਖਿਆ ਨਾਲ ਧਾਰਮਿਕ ਫਿਰਕਿਆਂ ਤੋਂ ਮੁਕਤ ਹੋ ਸਕੇ। ਆਓ! ਹੋਰਨਾਂ ਨੂੰ ਬਾਅਦ ਵਿੱਚ ਪਹਿਲਾਂ ਆਪ ਇਨ੍ਹਾਂ ਤੋਂ ਆਜ਼ਾਦ ਹੋਈਏ? ਦੁਨਿਆਵੀ ਤੇ ਵਿਗਿਆਨਕ ਗਿਆਨ ਨਾਲ ਵਹਿਮਾਂ-ਭਰਮਾਂ, ਪਾਖੰਡਾਂ, ਕਰਮਕਾਂਡਾਂ, ਫੋਕਟ ਮਰਿਯਾਦਾਵਾਂ ਤੋਂ ਮੁਕਤ ਹੋ ਕੇ ਮਨ ਦੀ ਸਾਧਨਾ ਦੇ ਰਸਤੇ ਵੀ ਚੱਲੀਏ ਤਾਂ ਕਿ ਸੱਚੇ ਧਰਮ ਦੇ ਦਰਸ਼ਨ ਹੋ ਸਕਣ ਤੇ ਅਸੀਂ ਮਨੁੱਖਤਾ ਦੀ ਸੇਵਾ ਕਰ ਸਕੀਏ।


Redstone Plaza ਰੈਡ ਸਟੋਨ ਪਲਾਜਾ

Redstone Physiotherapy

ਫਿਜ਼ੀਓਥੈਰਪੀ, ਮਸਾਜ, ਕੈਰੋਪਰੈਕਟਰ, ਕਿਨਸਲੌਜੀ, ਕਲਿਨਿਕ ਸਾਈਕਲੌਜੀ ਦੀਆਂ ਸੇਵਾਵਾਂ ਲਈ ਤਜ਼ਰਬੇਕਾਰ ਟੀਮ ਹਾਜ਼ਰ। ਇਹ ਸੜਕ ਦੁਰਘਟਨਾਵਾਂ ਦੀ ਐਮਵੀਏ ਤੋਂ ਇਲਾਵਾ ਡਬਲਯੂ.ਸੀ.ਬੀ. ਦੇ ਕੇਸ ਵੀ ਦੇਖਦੇ ਹਨ ਤੇ ਸਾਰੀਆਂ ਇੰਸ਼ੋਰੈਂਸ਼ ਕੰਪਨੀਆਂ ਨੂੰ ਸਿੱਧਾ ਬਿੱਲ ਭੇਜਦੇ ਹਨ।

Unit-135, 630 Redstone Drive, NE
T3N 1L4 Calgary, Alberta
+1 587-534-0505
www.Redstonephysio.com
info@Redstonephysio.com
Services we offer
Physiotherapy, Massage , Chiropractor, Kinesiology, Clinical Psychology.
We deal with MVA, WCB and direct bill private insurance.

REDSTONE FAMILY MEDICAL CLINIC

ਮੈਡੀਕਲ ਕਲਿਨਿਕ ਵਿੱਚ ਡਾਕਟਰਾਂ ਦੀ ਟੀਮ ਤੁਹਾਡੀ ਸੇਵਾ ਵਿੱਚ ਹਾਜ਼ਰ। ਇਸ ਕਲਿਨਿਕ ਵਿੱਚ ਈਸੀਜੀ, ਈਕੇਜੀ, ਹੋਲਟਰ ਮੌਨੀਟਰ ਸਹੂਲਤਾਂ ਹਨ। ਖੂਨ ਜਾਂਚ ਲਈ ਹੁਣ ਲੈਬ ਜਾਣ ਦੀ ਲੋੜ ਨਹੀਂ ਕਿਉਂਕਿ ਖੂਨ ਦੇ ਸੈਂਪਲ ਇਸੇ ਕਲਿਨਿਕ ਵਿੱਚ ਲੈ ਲਏ ਜਾਂਦੇ ਹਨ।

Medical and Health
Unit 145, 630 Redstone Drive, NE, Calgary, Alberta T3N 1L4
+1 587-440-0777
info@Redstoneclinic.ca
Hours 09:00 - 17:00
Blood Work Collection Sevices
ECG Facility | EKG Facility
Holter Monitor Facility

Universal Health It's all about "U" PHARMACY
Compounding & Home Health Care

ਫਾਰਮੇਸੀ ਵਿੱਚ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਗੁਜਰਾਤੀ ਭਾਸ਼ਾਵਾਂ ਬੋਲਣ ਵਾਲ਼ਾ ਸਟਾਫ ਹੈ ਜਿਹੜਾ ਤੁਹਾਨੂੰ ਦਵਾਈਆਂ ਬਾਰੇ ਆਸਾਨੀ ਨਾਲ਼ ਸਮਝਾ ਸਕਦਾ ਹੈ। ਰੈਡਸਟੋਨ ਮੈਡੀਕਲ ਕਲਿਨਿਕ ਵਿੱਚ ਜਾਂਚ ਤੋਂ ਬਾਅਦ ਤੁਸੀਂ ਇਸ ਫਾਰਮੇਸੀ ਤੋਂ ਦਵਾਈ ਖਰੀਦ ਕੇ ਆਪਣੇ ਸਮੇਂ ਦੀ ਬੱਚਤ ਕਰ ਸਕਦੇ ਹੋ।

- Home Health care products
- Free med review with one on one care
- Immunization/Vaccinations
- Injectionservices
- Prescribing Pharmacist Available
- Travel Health Consultations
- Compliance Packaging
- Custom Meds Compounding

#150, 630 Redstone Drive NE
Calgary, AB T3N 1L4
587 440 0041
Fax : (587) 440-0042
Store Hours
Monday To Friday 10 am - 7 pm
Saturday 10 am-2 pm
Sunday 10am-3 pm
apatel@universalhealthcentre.com
www.universalhealthcentre.com

# Cuba found to be the most sustainably developed country in the world

Cuba is the most sustainably developed country in the world, according to a new report launched on November 29.

The socialist island outperforms advanced capitalist countries including Britain and the United States, which has subjected Cuba to a punitive six-decades-long economic blockade. The Sustainable Development Index (SDI), designed by anthropologist and author Dr Jason Hickel, calculates its results by dividing a nation's "human development" score, obtained by looking at statistics on life expectancy, health and education, by its "ecological overshoot", the extent to which the per capita carbon footprint exceeds Earth's natural limits.



Countries with strong human development and a lower environmental impact score highly, but countries with poorer life expectancies and literacy rates as well as those which exceed ecological limits are marked down.

Based on the most recent figures, from 2015, Cuba is top with a score of 0.859, while Venezuela is 12th and Argentina 18th.

The SDI was created to update the Human Development Index (HDI), developed by Pakistani economist Mahbub ul Haq and used by the United Nations Development Programme to produce its annual reports since 1990.

The HDI considers life expectancy, education and gross national income per capita, but ignores environmental degradation caused by the economic growth of top performers such as Britain and the US.

"These countries are major contributors to climate change and other forms of ecological breakdown, which disproportionately affects the poorer countries of the global South, where climate change is already causing hunger rates to rise," Hickel said.

"In this sense, the HDI promotes a model of development that is empirically incompatible with ecology and which embodies a fundamental contradiction: achieving high development according to HDI means driving de-development elsewhere in the world. For a development indicator that purports to be universal, such a contradiction is indefensible."

Britain, ranked 14th in 2018's HDI, falls to 131st in the SDI, while the US, 13th in the HDI, is 159th out of 163 countries featured in the new system. Hickel added: "The SDI ranking reveals that all countries are still "developing" — countries with the highest levels of human development still need to significantly reduce their ecological impact, while countries with the lowest levels of ecological impact still need to significantly improve their performance on social indicators."

The SDI is available at sustainabledevelopmentindex.org.

# High CEO pay shatters previous records, now 227 times more than average worker pay

## C-suite payrolls are so massive they account for at least 40% of some companies' losses

OTTAWA — Canada's 100 highest paid CEOs made 227 times more than the average worker made in 2018, surpassing all previous records, according to a new report from the Canadian Centre for Policy Alternatives (CCPA). That's up from 197 times average worker pay in 2017.

"Put another way, by 10:09 a.m. on January 2, the average top CEOs will have made as much money as the average Canadian worker will make all year. That's the earliest time on record in the 13 years we've been tracking these numbers," said report author and CCPA Senior Economist David Macdonald.

The report shows the country's highest paid 100 CEOs on the S&P/TSX Composite index made, on average, $11.8 million in 2018 (the most recent data available), beating 2016's record of $10.4 million. Between 2008-18, top CEOs saw their pay rise by a staggering 61%, and by 18% between 2017-18 alone. Average worker pay rose just 2.6% between 2017-18.

"Growth in the vast gap between excessive CEO compensation and average incomes is an indicator of Canada's income inequality juggernaut," adds Macdonald. "Wealth continues to concentrate at the very top while average incomes barely keep up with inflation." Even when companies lose money, executive pay remains high. New analysis of broader top executive payrolls beyond the CEO position (the "C-suite") reveals that in some cases executive payrolls have become so large that they are a major factor in overall company losses.

**Among the report's findings:**

- The "minimum wage" a top-100 CEO needed to make the list is $6 million annually, twice what it would have taken a decade ago;

- 79% of the average CEO's pay in 2018 came from bonuses related to company stock prices, though complicated formulas insure CEOs get much of their variable pay regardless of stock performance;

- Only four women are among Canada's richest 100 CEOs, up from three last year;

- Of the companies on the S&P/TSX composite that lost money, one-third reported C-suite payrolls amounting to at least 40% of their losses. These numbers undercut the argument that C-suite pay is based on performance;

- Among profitable companies, 13% paid C-suite executives more than what they paid in corporate income tax overall.

"The federal government needs to reckon with the runaway C-suite compensation that is contributing to Canada's growing income inequality gap. Left to their own devices, it is clear what these companies prioritize—big bucks for top positions regardless of performance, leaving crumbs for the vast majority of their workforce," Macdonald adds. The government could address excessive CEO pay through a review of tax loopholes, as proposed in the December fiscal update, with a focus on the preferential treatment of stock options and capital gains. Higher tax brackets for the extremely rich and the elimination of corporate deductions for pay over a million dollars would also help.

Fail Safe: CEO compensation in Canada is available for download on the CCPA website. For more information or to arrange interviews contact: Alyssa O'Dell, CCPA Media and Public Relations Officer, at 613-563-1341 x 307, cell 343-998-7575 or media@policyalternatives.ca.










# Declaration of "State of Emergency" in Brampton Hospital, Similar Issues Apply Across Ontario



Following the city's declaration of a health care emergency in Brampton, on the heels of CBC's release of new hospital overcrowding data, the Ontario Health Coalition revealed repeated warnings and reports from the District Health Council, thousands of Brampton residents, the Ontario Health Coalition and other groups showing that the community's hospital capacity is far below population need. The Coalition released the evidence of poor planning in Brampton as a microcosm of what is happening across the province in a report, Backgrounder on Brampton Hospital Crisis, Warnings and Broken Promises released today available here: https://www.ontariohealthcoalition.ca/wp-content/uploads/Backgrounder-on-Brampton-hospital.pdf

At the provincial level, the Coalition reports, warnings and reports have been issued by the Auditor General, the Fiscal Accountability Office, emergency physicians, paramedics, the Ontario Health Coalition, and health care unions showing that hospital capacity and funding are far below population need. This is certainly the responsibility of previous governments, but it still continues today. By key measures such as emergency department wait times and the duration of critical levels of overcrowding the situation has continued to deteriorate even since the last provincial election.

"The Ford government is blaming previous governments for the hospital crisis even though it set hospital funding in this current year's budget at a rate that does not even meet hospital inflation and population growth," noted Coalition executive director Natalie Mehra. "In several cities and towns across Ontario over the last year we have seen significant hospital bed and staff cuts. These are happening now, even after the election promise to end hallway medicine." For the most recent comparative data on Ontario hospital funding and bed capacity released by the Health Coalition this week see: https://www.ontariohealthcoalition.ca/index.php/ontario-pre-budget-hearing-2020/

"We are calling for action now, not excuses," she noted. "The province can open hospital wards and floors that have been closed as a result of funding cuts and austerity. They can open Operating Rooms that are closed or underused in hospitals in major towns as a result of inadequate funding. They can start to do this right away. They can improve funding, which is the lowest in the country, right away. Rhetoric about restructuring and further offloading of patients to justify an inhumane policy of continuing to hold hospital capacity far below population need should no longer pass unquestioned."

The Coalition warned that for-profit privatization would worsen the situation and contravenes the values of the vast majority of Ontarians, "The solution is to rebuild capacity in our excellent network of public hospitals and restore sound planning processes," said Ms. Mehra who called upon the province to:

Commit to increase hospital funding by at least 5.3% as is supported by the evidence, per year.

Develop an evidence-based capacity plan, through a transparent and accountable public process, to plan for restored public hospital capacity based on need.

Respond to Brampton's call for the Phase II development of the Peel Memorial site as a full service hospital with inpatient beds as is desperately needed by that community.

Ontario Health Coalition Backgrounder on Brampton Hospital Crisis, Warnings and Broken Promises

For decades, proper planning has been ignored in developing Brampton's hospital infrastructure. Repeated warnings from a wide array of groups were ignored. Promises regarding opening more beds and redeveloping the Peel Memorial Hospital have been broken and delayed repeatedly.

According to Statistics Canada, Brampton's population grew by more than 230,000 people from 2002 to 2016 (latest census) from 362,187 to 593,638 (almost double). In 2002, the District Health Council projected that the community would need 930 hospital beds by 2008. There are approximately 608 beds funded and in operation in the Brampton Civic Hospital and still no inpatient beds at the Peel Memorial site. (We have called the Brampton Civic Hospital to determine if the 37 additional temporary beds that were opened under Health Minister Eric Hoskins in 2017/18 are still open but could not obtain an answer in time for this release.)

Brampton is extremely low in terms of the number of hospital beds per person, even by Ontario's standards, and Ontario ranks at the bottom of Canada and developed nations. But a similar failure to plan, failure to listen to advocates and residents, and legacy of broken and false promises span decades in communities across Ontario even as the crisis in access to hospital care has worsened.

This is what happened in Brampton. It is a microcosm of the unacceptable state of hospital capacity planning in Ontario:

In 2003, the Halton-Peel District Health Council, which was the government body responsible for health care planning for the region, made a regional infrastructure plan that projected that by 2008, the community of Brampton and NW Peel would need 930 hospital beds. The government's plan at that time was to develop 810 beds between the two sites (the new Brampton Civic Hospital and the Peel Memorial Hospital). That plan never materialized.

In 2001, then Health Minister Tony Clement announced a new Brampton Civic Hospital as a privatized scheme – a Public Private Partnership (P3) hospital. At the time, the Peel Memorial Hospital in Brampton was open and had 367 beds.

The new Brampton Civic Hospital was supposed to house 608 beds. When it opened only 479 beds were opened. When Brampton Civic opened, the Peel Memorial site closed leaving a total of 479 beds for the community. It would take until 2016 before all 608 beds were finally opened at the Brampton Civic Hospital.

From the beginning of the planning for the new Brampton Civic Hospital, the promise from the government to the community was that the existing Peel Memorial hospital was to be redeveloped to house an additional 112 beds. This plan was put on hold in 2004 as the costs for the Brampton P3 hospital escalated. In response to public outrage, around 2007, the plan was then changed to redevelop Peel Memorial as an outpatient facility. Later, in response to public pressure, again, there was promise to open inpatient beds. In the end, Peel Memorial was redeveloped but still has no inpatient beds. Promises to open inpatient services at Peel Memorial continue two decades later but have not yet become a reality.

Costs in the privatized P3 hospital (Brampton Civic) escalated dramatically, even as the province had been amply warned by the Ontario Health Coalition, hundreds of doctors and nurses who wrote joint open letters to the Minister of Health, British doctors who wrote an unprecedented open international letter to Canadian political leaders warning them not to adopt the damaging privatization scheme, repeated medical journal articles detailing cuts to services as a result of the high cost of the P3 scheme, warnings from the health care unions, a group of eminent Canadian economists who wrote a report about the high costs of these schemes, academics and others. The P3 deal that was initiated by Tony Clement was not complete prior to the 2003 election and could have been cancelled. However, after promising to stop the P3 privatization, the new Liberal government of Dalton McGuinty moved forward with the P3 privatization after the election. The warnings were ignored.

In the end, the P3 deal committed more than $2.6 billion dollars in public money for capital and service privatization costs for a hospital that was initially supposed to cost $350 million. Capital costs alone almost doubled. As the costs escalated, the scale of the new hospital was reduced and the Peel Memorial redevelopment was sidelined. Ultimately, the redevelopment was put on hold indefinitely in 2004. After enormous public pressure, Peel Memorial was eventually redeveloped as an outpatient centre, not a full service hospital. The new Brampton Civic Hospital (P3) opened with 479 beds in a smaller building than planned. The hospital had to lease offsite space for its administrative offices.



### ਅਲੀਗੜ੍ਹ ਮੁਸਲਿਮ ਯੂਨੀਵਰਸਿਟੀ 'ਚ

# 15 ਅਤੇ 16 ਦਸੰਬਰ 2019 ਨੂੰ ਵਾਪਰੀਆਂ ਘਟਨਾਵਾਂ ਦੀ ਮੁਢਲੀ ਰਿਪੋਰਟ

ਅਨੁਵਾਦ ਡਾ ਬਲਜਿੰਦਰ ਸਿੰਘ

**ਜਾਣਕਾਰੀ :** ਐਡਵੋਕੇਟ ਅੱਮਾਨ ਖਾਨ ਐਡ. ਫਜ਼ਲ ਅਤੇ ਐਡ. ਫਵਾਜ਼ ਸ਼ਹੀਨ ਅਧਾਰਤ ਦੀ ਇੱਕ ਤਿੰਨ ਮੈਂਬਰੀ ਜਾਂਚ ਟੀਮ 16 ਦਸੰਬਰ 2019 ਦੀ ਸਵੇਰੇ 4 ਵਜੇ ਦੇ ਕਰੀਬ ਏ ਐਮ ਯੂ ਪਹੁੰਚੀ। ਅਸੀਂ ਯੂਨੀਵਰਸਿਟੀ ਦੇ ਮੁਖ ਗੇਟ ਬਾਬ-ਏ-ਸੱਯਦ ਰਾਹੀਂ ਯੂਨੀਵਰਸਿਟੀ ਸਰਕਲ ਪਾਸਿਓਂ ਕੈਂਪਸ ਅੰਦਰ ਦਾਖਲ ਹੋਏ। ਦਾਖਲ ਹੁੰਦਿਆਂ ਹੀ ਹਥਿਆਰਬੰਦ ਬਲਾਂ ਦਾ ਵਿਸ਼ਾਲ ਦਸਤਾ ਸਾਨੂੰ ਜੀ ਆਇਆਂ ਕਹਿਣ ਲਈ ਤਾਇਨਾਤ ਸੀ, ਜਿਸ 'ਚ ਮੁੱਖ ਰੂਪ 'ਚ ਆਰ ਏ ਐਫ ਸੀ ਪਰ ਉਹਨਾਂ 'ਚ ਸਥਾਨਕ ਪੁਲੀਸ ਵੀ ਸੀ ਜਿਹੜੇ ਯੂਨੀਵਰਸਿਟੀ ਸਰਕਲ ਅਤੇ ਬਾਬ-ਏ-ਸੱਯਦ ਤੋਂ ਚੁੰਗੀ ਗੇਟ ਤੱਕ ਵੱਡੇ-ਵੱਡੇ ਗਰੁੱਪਾਂ 'ਚ ਤਾਇਨਾਤ ਸਨ। ਬਾਬ-ਏ-ਸੱਯਦ ਦਾ ਸੱਜਾ ਗੇਟ ਇੱਕ ਪਾਸੇ ਨੂੰ ਟੁੱਟਾ ਪਿਆ ਸੀ। (ਜਦ ਅਸੀਂ ਸ਼ਾਮ ਨੂੰ ਵਾਪਸ ਆਏ ਤਾਂ ਇਸ ਨੂੰ ਵੈਲਡਿੰਗ ਕਰਕੇ ਮੁੜ ਜੋੜਿਆ ਜਾ ਚੁੱਕਾ ਸੀ।) ਅਤੇ ਕੈਂਪਸ ਦੇ ਹਰੇਕ ਚੁਰਾਹੇ 'ਤੇ ਬੈਰੀਕੇਡ ਲੱਗੇ ਹੋਏ ਸਨ। ਹੈਰਾਨੀ ਦੀ ਗੱਲ ਕਿ ਯੂਨੀਵਬਸਿਟੀ 'ਚ ਖੜ੍ਹੇ ਸਕੂਟਰਾਂ, ਮੋਟਰਸਾਈਕਲਾਂ ਨੂੰ ਟਰੈਕਟਰ ਨਾਲ ਚੁੱਕਿਆ ਜਾ ਰਿਹਾ ਸੀ ਅਤੇ ਉਹਨਾਂ ਨੂੰ ਮੁਖ ਯੂਨੀਵਰਸਿਟੀ ਵਾਲੀ ਸੜਕ 'ਤੇ ਮੌਲਾਨਾ ਆਜ਼ਾਦ ਲਾਇਬਰੇਰੀ ਦੇ ਸਾਹਮਣੇ ਖੜ੍ਹੇ ਟਰੱਕ 'ਚ ਸੁੱਟਿਆ ਜਾ ਰਿਹਾ ਸੀ। (ਵਿਦਿਆਰਥੀਆਂ ਦੀਆਂ ਇਹਨਾਂ ਗੱਡੀਆਂ ਨੂੰ ਪੁਲੀਸ ਬਲਾਂ ਨੇ ਆਪਣੇ ਹਿੰਸਕ ਗੁੱਸੇ ਦੌਰਾਨ ਭੰਨਿਆ ਸੀ।)





ਅਸੀਂ ਬਹੁਤ ਸਾਰੇ ਵਿਦਿਆਰਥੀਆਂ (ਇਕੱਲੇ ਇਕੱਲੇ ਤੇ ਗਰੁੱਪਾਂ ਵਿੱਚ ਵੀ) ਨਾਲ ਉਹਨਾਂ ਦੇ ਹੋਸਟਲਾਂ ਅੰਦਰ, ਜਵਾਹਰ ਲਾਲ ਨਹਿਰੂ ਹਸਪਤਾਲ 'ਚ ਇਲਾਜ ਅਧੀਨ ਪੀੜਤ ਵਿਦਿਆਰਥੀਆਂ ਤੇ ਉਹਨਾਂ ਦੇ ਤੀਮਾਰਦਾਰਾਂ, ਵਿਦਿਆਰਥੀ ਆਗੂਆਂ, ਹਸਪਤਾਲ ਦੇ ਇੰਤਜ਼ਾਮੀਆਂ (ਪ੍ਰਸਾਸ਼ਨੀ) ਅਮਲੇ, ਯੂਨੀਵਰਸਿਟੀ ਦੇ ਸੁਰੱਖਿਆ ਗਾਰਡਾਂ ਅਤੇ ਰਿਹਾਇਸ਼ੀ ਹਾਲਾਂ ਦੇ



ਅਧਿਆਪਕ ਪ੍ਰਬੰਧਕਾਂ ਨਾਲ ਵਿਸਥਾਰ 'ਚ ਖੁੱਲ੍ਹੀ ਗਲਬਾਤ ਕੀਤੀ। ਬਹੁਤ ਸਾਰੇ ਲੋਕ ਯੂਨੀਵਰਸਿਟੀ ਅਧਿਕਾਰੀਆਂ ਅਤੇ ਇੰਤਜ਼ਾਮੀਆਂ ਵੱਲੋਂ ਬਦਲਾਲਊ ਕਾਰਵਾਈ ਦੇ ਡਰ ਕਾਰਨ ਬੋਲਣ ਤੋਂ ਝਿਜਕਦੇ ਸਨ। ਇਸ ਲਈ ਅਸੀਂ ਸੰਖੇਪ ਰਿਪੋਰਟ 'ਚ ਕਿਸੇ ਵੀ ਵਿਅਕਤੀ ਦਾ ਨਾਮ ਜ਼ਾਹਰ ਨਾ ਕਰਨ ਦਾ ਫੈਸਲਾ ਲਿਆ। ਇਸ ਸਾਰੀ ਗਲਬਾਤ 'ਚੋਂ 15 ਅਤੇ 16 ਦਸੰਬਰ ਦੀਆਂ ਘਟਨਾਵਾਂ ਨੂੰ ਮੁੜ ਤਰਤੀਬ ਨਾਲ ਸੰਖੇਪ ਬਿਆਨ ਕਰ ਰਹੇ ਹਾਂ।

**ਘਟਨਾਵਾਂ ਦਾ ਸੰਖੇਪ:** 15 ਦਸਬੰਰ 2019 ਨੂੰ ਸ਼ਾਮ 7.30 ਵਜੇ ਏ ਐਮ ਯੂ ਦੇ ਵਿਦਿਆਰਥੀ ਨਾਗਰਿਕ ਸੋਧ ਕਾਨੂੰਨ (311) ਪ੍ਰਤੀ ਆਪਣਾ ਸ਼ਾਂਤਮਈ ਰੋਸ ਮੁਜਾਹਰਾ ਕਰਨ ਲਈ ਲਾਇਬਰੇਰੀ ਕੰਟੀਨ ਦੇ ਸਾਹਮਣੇ ਇਕੱਤਰ ਹੋਏ। ਯੂਨੀਵਰਸਿਟੀ ਅੰਦਰ ਹੋਣ ਵਾਲੇ ਅਜਿਹੇ ਰੋਸ ਮਾਰਚਾਂ ਦੇ ਮਨਜ਼ੂਰ ਸਥਾਨ ਬਾਬ-ਏ-ਸੱਯਦ ਦੇ ਮੁਖ ਗੇਟ ਵੱਲ ਯੂਨੀਵਰਸਿਟੀ ਰੋਡ 'ਤੇ ਵਿਦਿਆਰਥੀ ਸ਼ਾਂਤਮਈ ਢੰਗ ਨਾਲ ਨਾਅਰੇ ਮਾਰਦੇ ਹੋਏ ਜਲੂਸ ਦੀ ਸ਼ਕਲ 'ਚ ਜਾ ਰਹੇ ਸਨ। ਯੂਨੀਵਰਸਿਟੀ ਸਰਕਲ 'ਤੇ ਤਾਇਨਾਤ ਸਥਾਨਕ ਪੁਲੀਸ ਅਤੇ ਰੈਪਿਡ ਐਕਸ਼ਨ ਫੋਰਸ (ਆਰ ਏ ਐਫ) ਦੇ ਵੱਡੇ ਦਸਤੇ ਨੇ ਗੇਟ 'ਤੇ ਆ ਰਹੇ ਜਲੂਸ ਨੂੰ ਦੇਖਕੇ ਬਾਬ-ਏ-ਸੱਯਦ ਵੱਲ ਮਾਰਚ ਕਰਨਾ ਸ਼ੁਰੂ ਕਰ ਦਿੱਤਾ। ਤਾਇਨਾਤ ਵੱਡੀ ਟੁਕੜੀ ਨੇ ਵਿਦਿਆਰਥੀਆਂ ਨੂੰ ਹਿੰਸਾ ਲਈ ਭੜਕਾਉਣ ਦੇ ਮਨਸੂਬੇ ਨਾਲ ਉਹਨਾਂ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਹਥਿਆਰਬੰਦ ਬਲਾਂ ਵੱਲੋਂ ਆਮ ਤੌਰ 'ਤੇ ਭੜਕਾਊ ਗਾਲ ਬਾਹਰ ਆਓ ਮਾਤਰ 'ਚ ਕੱਢੀ। ਲਗਭਗ ਸ਼ਾਮ 8 ਵਜੇ ਪੁਲਿਸ ਅਤੇ ਆਰ ਏ ਐਫ ਨੇ ਅੱਥਰੂ ਗੈਸ ਦੇ ਗੋਲੇ, ਰਬੜ ਦੀਆਂ ਗੋਲੀਆਂ, ਹੈਂਡ ਗਰਨੇਡ, ਸ਼ੱਰ੍ਹੇ ਅਤੇ ਹੋਰ ਧਮਾਕਾਖੇਜ ਹਥਿਆਰ ਗੇਟ ਅੰਦਰ ਇਕੱਤਰ ਇਕੱਠ ਦੇ ਉਪਰ ਵਰਾਉਣੇ ਸ਼ੁਰੂ ਕਰ ਦਿੱਤੇ। ਕੁੱਝ ਲੋਕਾਂ ਨੇ ਦੱਸਿਆ ਕਿ ਪੁਲਿਸ ਬਲ ਇਕੱਠ 'ਤੇ ਪੱਥਰ ਵੀ ਵਰ੍ਹਾ ਰਹੇ ਸਨ। ਵਿਦਿਆਰਥੀਆਂ ਨੂੰ ਪਿਛਾਂਹ ਧੱਕ ਦਿੱਤਾ ਗਿਆ ਅਤੇ ਆਪਣੀ ਜਾਨ ਬਚਾਉਣ ਲਈ ਉਹ ਗੈਸਟ ਹਾਊਸ ਨੰਬਰ 2 ਤੇ 3 ਵਰਗੀਆਂ ਨੇੜਲੀਆਂ ਇਮਾਰਤਾਂ 'ਚ ਛੁੱਪਣ ਲੱਗੇ। ਇਸ ਹਾਲਾਤ 'ਚ ਹੋਰ ਦਖਲ ਦੇ ਦੀ ਲੋੜ ਨਹੀਂ ਸੀ ਕਿਉਕਿ ਮੁਜ਼ਾਹਰਾ ਖਿੰਡਪੁੰਡ ਗਿਆ ਸੀ ਅਤੇ ਵਿਦਿਆਰਥੀ ਇਮਾਰਤਾਂ ਅੰਦਰ ਦੁਬਕੇ ਬੈਠੇ ਸਨ। ਪਰ 10 ਵਜੇ ਦੇ ਕਰੀਬ ਪੁਲਸ ਅਤੇ ਹਥਿਆਬੰਦ ਬਲਾਂ ਨੇ ਬਾਬ-ਏ-ਸੱਯਦ ਦਾ ਲੋਹੇ ਦਾ ਗੇਟ ਤੋੜਣਾ ਸ਼ੁਰੂ ਕਰ ਦਿੱਤਾ।

ਯੂਨੀਵਰਸਿਟੀ ਗੇਟ ਅੰਦਰ ਦਾਖਲ ਹੋਕੇ ਹਥਿਆਰਬੰਦ ਬਲਾਂ ਨੇ ਵੱਡੀ ਪੱਧਰ 'ਤੇ ਅੱਥਰੂ ਗੈਸ ਦੇ ਗੋਲੇ, ਰਬੜ ਦੀਆਂ ਗੋਲੀਆਂ ਅਤੇ ਸ਼ੱਰ੍ਹੇ ਵਰ੍ਹਾਉਣ ਦੇ ਨਾਲ ਨਾਲ ਜਬਰਦਸਤ ਲਾਠੀਚਾਰਜ ਕਰਨਾ ਸ਼ੁਰੂ ਕਰ ਦਿੱਤਾ। ਉਸ ਵੇਲੇ ਘਟਨਾ ਵਾਲੀ ਥਾਂ 'ਤੇ ਇਮਾਰਤਾਂ 'ਚ ਛੁਪੇ ਬੈਠੇ ਵਿਦਿਆਰਥੀਆਂ ਦੇ ਕਹਿਣ ਮੁਤਾਬਕ ਲਾਠੀਚਾਰਜ ਦੇ ਪਹਿਲੇ ਗੇੜ ਅਤੇ ਅੱਥਰੂ ਗੈਸ, ਰਬੜ ਦੀਆਂ ਗੋਲੀਆਂ ਅਤੇ ਪੈਲਟ ਗੰਨਾਂ ਦੀ ਵੱਡੀ ਪੱਧਰ ਦੀ ਵਰਤੋਂ ਦੇ ਬਾਵਜੂਦ ਵੀ ਬੇਸਹਾਰੇ ਵਿਦਿਆਰਥੀ ਤੇ ਪ੍ਰੋਕਟਰ ਹਥਿਆਰਬੰਦ ਬਲਾਂ ਨੂੰ ਯੂਨੀਵਰਸਿਟੀ ਕੈਂਪਸ 'ਚੋਂ ਬਾਹਰ ਨਿਕਲ ਜਾਣ ਦੀ ਮੰਗ ਕਰ ਰਹੇ ਸਨ। ਪਰ ਹਥਿਆਰਬੰਦ ਬਲ ਉਹਨਾਂ ਨੇੜਲੀਆਂ ਇਮਾਰਤਾਂ 'ਚ ਦਾਖਲ ਹੋਣ ਲੱਗੇ ਜਿਹਨਾਂ ਅੰਦਰ ਵਿਦਿਆਰਥੀ ਛੁਪੇ ਹੋਏ ਸਨ। ਗੈਸਟ ਹਾਊਸ ਨੰਬਰ 2 ਤੇ 3 ਅਤੇ ਨਾਲ ਲੱਗਦੀ ਮਸਜਿਦ 'ਤੇ ਪੁਲਸ ਤੇ ਆਰ ਏ ਐਫ ਨੇ ਛਾਪੇ ਮਾਰੇ ਅਤੇ ਉਸ ਵੇਲੇ ਘਟਨਾ ਵਾਲੀ ਥਾਂ 'ਤੇ ਇਮਾਰਤਾਂ 'ਚ ਛੁਪੇ ਬੈਠੇ ਸਾਰੇ ਬੇਹਥਿਆਰੇ ਵਿਦਿਆਰਥੀਆਂ 'ਤੇ ਅੰਧਾਧੁੰਦ ਲਾਠੀਚਾਰਜ ਕੀਤਾ ਗਿਆ। ਇਮਾਰਤਾਂ ਵੱਲ ਅਥਰੂ ਗੈਸ ਦੇ ਗੋਲੇ ਵਰ੍ਹਾਏ ਗਏ ਜਿਸ ਨਾਲ ਬਹੁਤ ਸਾਰੇ ਵਿਦਿਆਰਥੀਆ ਨੂੰ ਦਮ ਘੁੱਟਣ ਅਤੇ ਬੇਹੋਸ਼ੀ ਦੀ ਤਕਲੀਫ ਹੋਈ। ਅੱਥਰੂ ਗੈਸ ਦੇ ਮਾਰੂ ਅਸਰ ਤੋਂ ਬਚਣ ਲਈ ਵਿਦਿਆਰਥੀਆਂ ਨੇ ਉਹ ਗੋਲੇ ਆਪਣੇ ਤੋਂ ਦੂਰ ਸੁੱਟਣੇ ਸ਼ੁਰੂ ਕਰ ਦਿੱਤੇ। ਪੁਲੀਸ ਤੇ ਆਰ ਏ ਐਫ ਸ਼ਾਤਰਾਨਾ ਢੰਗ ਨਾਲ ਗੋਲੇ ਸੁੱਟ ਰਹੇ ਸਨ ਜਿਹਨਾਂ ਦੇ ਚੁੱਕਣ ਨਾਲ ਵਿਦਿਆਰਥੀਆਂ ਦੇ ਹੱਥ ਸੜ-ਮੱਚ ਜਾਂਦੇ ਸਨ। ਇਸ ਦੋਰਾਨ ਇੱਕ ਵਿਦਿਆਰਥੀ ਦਾ ਹੱਥ ਜਲ ਗਿਆ ਜਿਸ ਨੂੰ ਜੇ ਐਨ ਐਮ ਸੀ ਦੇ ਆਈ ਸੀ ਯੂ ਵਾਰਡ 'ਚ ਦਾਖਲ ਕਰਵਾਇਆ ਗਿਆ ਜਿੱਥੇ ਉਸ ਦੇ ਹੱਥ ਨੂੰ ਕੱਟਣਾ ਪਿਆ। ਵੱਖ-ਵੱਖ ਰਿਹਾਇਸ਼ੀ ਹਾਲਾਂ 'ਚ ਰਹਿਣ ਵਾਲੇ ਵਿਦਿਆਰਥੀਆਂ ਨੇ ਗਲਬਾਤ 'ਚ ਦੱਸਿਆ ਕਿ ਉਹ 11-11.30 ਵਜੇ ਤੱਕ ਉਹਨਾਂ ਵਿਦਿਆਰਥੀਆਂ ਦੇ ਤਾਲਮੇਲ 'ਚ ਸਨ ਜਦ ਕਿ ਉਹਨਾਂ ਨੂੰ ਪੁਲੀਸ ਵੱਲੋਂ ਹਿਰਾਸਤ 'ਚ ਲਿਆ ਗਿਆ।

ਫਿਰ ਪੁਲਸ ਤੇ ਆਰ ਏ ਐਫ ਆਫਤਾਬ ਹਾਲ ਰੋਡ ਵੱਲ ਗਏ ਜਿਥੇ ਹਥਿਆਰਬੰਦ ਬਲਾਂ ਨੇ ਅੰਧਾਧੁੰਦ ਅੱਥਰੂ ਗੇਸ ਦੇ ਗੋਲੇ ਸੁੱਟੇ ਵਿਸ਼ੇਸ਼ ਰੂਪ 'ਚ ਉਹਨਾਂ ਨੇ ਸਰ ਸਯਦ ਉਤਰੀ ਹੋਸਟਲ ਨੂੰ ਨਿਸ਼ਾਨਾ ਬਣਾਇਆ ਅਤੇ ਉਸਦੇ ਬੰਦ ਗੇਟਾਂ ਦੇ ਉੱਤੋਂ ਦੀ ਗਰਨੇਡ ਤੇ ਅੱਥਰੂ ਗੈਸ ਦੇ ਗੋਲੇ ਸੁੱਟੇ। ਹਥਿਆਰਬੰਦ ਬਲਾਂ ਦਾ ਇੱਕ ਹੋਰ ਹੈਰਾਨੀਜਨਕ ਤੇ ਵਹਿਸ਼ੀ ਕਾਰਾ ਸੜਕ 'ਤੇ ਖੜ੍ਹੇ ਵਿਦਿਆਰਥੀਆਂ ਦੇ ਸਕੂਟਰਾਂ, ਮੋਟਰਸਾਈਕਲਾਂ ਤੇ ਕਾਰਾਂ ਦੀ ਭੰਨ ਤੋੜ ਕਰਨਾ ਸੀ।

ਨੀਚ ਇਰਾਦਿਆ ਨਾਲ ਪੁਲਿਸ ਵੱਲੋਂ ਕੀਤੀ ਗਈ ਬੇਥਾਹ ਤੇ ਬੇਦਰੇਗ ਵਰਤੋਂ ਦਾ ਇੱਕ ਮਾਮਲਾ ਮੋਰੀਸਨ ਕੋਰਟ ਹੋਸਟਲ ਦੇ ਕਮਰਾ ਨੰਬਰ 46 ਵਿਖੇ ਵਾਪਰਿਆ। ਇਸ ਹੋਸਟਲ ਅੰਦਰ ਉਹ ਵਿਦਿਆਰਥੀ ਵੀ ਸ਼ਾਮਲ ਸਨ ਜੋ ਕਿਸੇ ਤਰ੍ਹਾਂ ਦੇ ਰੋਸ ਪ੍ਰਦਰਸ਼ਨ 'ਚ ਸ਼ਾਮਲ ਨਹੀਂ ਸਨ। ਇੱਥੇ ਹਥਿਆਰਬੰਦ ਬਲਾਂ ਨੇ ਗੇਟ 'ਤੇ ਖੜ੍ਹੇ ਸੰਤਰੀ ਜਿਸਨੂੰ ਬਾਅਦ 'ਚ ਦਾਖਲ ਕਰਵਾਇਆ ਗਿਆ ਦੀ ਬਹੁਤ ਜ਼ਾਲਮਾਨਾਂ ਢੰਗ ਨਾਲ ਕੁੱਟਮਾਰ ਕਰਕੇ ਧੱਕੇ ਨਾਲ ਦਾਖਲ ਹੋਣ ਦੀ ਕਾਰਵਾਈ ਕੀਤੀ ਹੈ ਅਤੇ ਫੇਰ ਉਹਨਾਂ ਨੇ ਅੱਥਰੂ ਗੈਸ ਦੇ ਗੋਲੇ ਸੁੱਟੇ। ਸੁੰਨ ਕਰ ਦੇਣ ਵਾਲੀ ਗੱਲ ਇਹ ਹੈ ਇਸ ਉਪਰੰਤ ਹਥਿਆਰਬੰਦ ਬਲਾਂ ਨੇ ਕਮਰਾ ਨੰਬਰ 46 ਦੀ ਖਿੜਕੀ ਦੀ ਗਰਿਲ ਨੂੰ ਕੱਟਿਆ, ਸ਼ੀਸ਼ੇ ਨੂੰ ਤੋੜਿਆ ਅਤੇ ਬਹੁਤ ਹੀ ਨੇੜਿਓਂ ਅੱਥਰੂ ਗੈਸ ਦੇ ਗੋਲੇ ਵਰ੍ਹਾਏ। ਸਿੱਟੇ ਵਜੋਂ ਕਮਰੇ 'ਚ ਅੱਗ ਲੱਗ ਗਈ ਅਤੇ ਕਮਰੇ 'ਚ ਮੌਜੂਦ ਤਿੰਨ ਵਿਦਿਆਰਥੀ ਜੋ ਪ੍ਰਦਰਸ਼ਨ ਵਿੱਚ ਵੀ ਸ਼ਾਮਲ ਨਹੀਂ ਸਨ, ਨੀਮ ਬੇਹੋਸ਼ੀ ਦੀ ਹਾਲਤ 'ਚ ਕਮਰੇ 'ਚੋਂ ਬਾਹਰ ਨਿਕਲੇ। ਹਥਿਆਰਬੰਦ ਬਲਾਂ ਨੇ ਉਹਨਾਂ ਦੀ ਵਹਿਸ਼ੀ ਢੰਗ ਨਾਲ ਕੁੱਟਮਾਰ ਕੀਤੀ ਅਤੇ ਉਦੋਂ ਤੋਂ ਲੈ ਕੇ ਹੀ ਸੱਯਦ ਮੁਹੰਮਦ ਮੇਹਦੀ ਰਿਜ਼ਵੀ ਨਾਂ ਦਾ ਇੱਕ ਸ਼ਖਸ਼ ਲਾਪਤਾ ਹੈ (ਮੇਂਹਦੀ ਰਿਜ਼ਵੀ ਦਾ ਭਰਾ ਬਾਅਦ 'ਚ ਇੱਕ ਹੱਥ ਪਰਚਾ ਵੰਡ ਰਿਹਾ ਸੀ) ਬਾਕੀ ਦੇ ਦੋ ਵਿਦਿਆਰਥੀ ਅਣਪਛਾਤੇ ਹਨ।

**ਮੈਡੀਕਲ ਐਮਰਜੈਂਸੀਆਂ :** ਕੁੱਲ ਮਿਲਾਕੇ ਟੀਮ ਇਹ ਅੰਦਾਜ਼ਾ ਲਗਾ ਸਕੀ ਹੈ ਕਿ 60 ਦੇ ਕਰੀਬ ਵਿਦਿਆਰਥੀ ਜ਼ਖਮੀ ਹੋਏ ਹਨ ਤੇ ਸਦਮੇ 'ਚ ਹਨ ਅਤੇ ਐਮਰਜੈਂਸੀ 'ਚ ਲਿਜਾਇਆ ਗਿਆ। ਜਿਹਨਾਂ 'ਚੋਂ ਤਿੰਨ ਗੰਭੀਰ ਹਾਲਤ 'ਚ ਹਨ। ਉਹਨਾਂ ਨੂੰ ਆਈ ਸੀ ਯੂ 'ਚ ਰੱਖਣਾ ਪਿਆ। ਗੰਭੀਰ ਹਾਲਤ 'ਚ ਜ਼ਖਮੀਆਂ 'ਚ ਇੱਕ ਉਹ ਵਿਦਿਆਰਥੀ ਹੈ ਜਿਸਦਾ ਸੱਜਾ ਹੱਥ ਇਓਂ ਜਾਪਦਾ ਸੀ ਜਿਵੇਂ ਅਣਪਛਾਤੀ ਅੱਥਰੂ ਗੈਸ ਦੇ ਗੋਲੇ ਵਰਗੀ ਵਸਤੂ ਹੀ ਉਸਦੇ ਹੱਥ 'ਚ ਫੱਟ ਗਈ ਹੋਵੇ ਅਤੇ ਦੂਜਾ ਵਿਦਿਆਰਥੀ ਸਿਰ 'ਤੇ ਡਾਂਗਾਂ ਮਾਰੀਆਂ ਜਾਣ ਕਰਕੇ ਮਿਰਗੀ ਵਰਗੇ ਬਾਰ ਬਾਰ ਪੈ ਰਹੇ ਦੌਰਿਆਂ ਤੋਂ ਪੀੜਤ ਸੀ ਅਤੇ ਤੀਜੇ ਵਿਦਿਆਰਥੀ ਦੇ ਸਿਰ 'ਚ ਰਬੜ ਦੀ ਗੋਲੀ ਲੱਗੀ ਸੀ।

ਬਾਕੀ ਦੇ ਵਿਦਿਆਰਥੀਆਂ ਨੂੰ ਮੁਢਲੀ ਸਹਾਇਤਾ ਦੇਣ ਉਪਰੰਤ ਉਹਨਾਂ ਦੇ ਕਮਰਿਆਂ 'ਚ ਭੇਜ ਦਿੱਤਾ ਗਿਆ। ਉਹਨਾਂ 'ਚੋਂ ਬਹੁਤੇ ਅਜਿਹੇ ਸਨ ਜਿਹੜੇ ਗੰਭੀਰ ਰੂਪ 'ਚ ਜ਼ਖਮੀ ਸਨ ਪਰ ਹਸਪਤਾਲ 'ਚੋਂ ਉਹਨਾਂ ਨੂੰ ਮਹਿਜ਼ ਇਸ ਕਰਕੇ ਵਾਪਸ ਭੇਜ ਦਿੱਤਾ ਕਿਉਕਿ ਉਹਨਾਂ ਦੀ ਜਾਨ ਖਤਰੇ ਤੋਂ ਬਾਹਰ ਸੀ। ਇੱਕ ਵਿਦਿਆਰਥੀ ਸਮੇਤ ਟੀਮ ਉਹਨਾਂ ਕਈ ਵਿਦਿਅਰਥੀਆਂ ਨੂੰ ਮਿਲੀ ਜੋ ਘੱਟ-ਵੱਧ ਰੂਪ 'ਚ ਧਮਾਕਾ ਖੇਜ ਵਸਤੂ ਨਾਲ ਮਿਲਦੀ ਜੁਲਦੀ ਵਸਤੂ ਨਾਲ ਜ਼ਖਮੀ ਹੋਏ ਸਨ ਅਤੇ ਇੱਕ ਵਿਦਿਆਰਥੀ ਦੀ ਲੱਤ ਤਾਂ ਪੁਲੀਸ ਦੀ ਪੱਥਰਬਾਜ਼ੀ ਨਾਲ ਬੁਰੀ ਤਰ੍ਹਾਂ ਜ਼ਖਮੀ ਸੀ।

ਹਸਪਤਾਲ ਦੇ ਸਟਾਫ਼ ਨੇ ਸਹੀ ਗਿਣਤੀ ਜਾਂ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਬਦਲਾ ਲਊ ਕਾਰਵਾਈ ਦੇ ਡਰੋਂ ਵਿਦਿਆਰਥੀਆਂ ਦੇ ਨਾਮ ਜ਼ਾਹਰ ਨਾ ਕਰਨ ਦੀ ਸ਼ਰਤ 'ਤੇ ਸਾਡੇ ਨਾਲ ਅਣਪਛਾਤੇ ਲੋਕਾਂ ਨੇ ਹੀ ਗੱਲਬਾਤ ਕੀਤੀ। ਵਿਸ਼ੇਸ਼ ਰੂਪ 'ਚ ਇਹ ਦਹਿਸ਼ਤ ਫੈਲੀ ਹੋਈ ਸੀ ਕਿ ਜੇ ਕੋਈ ਵੀ ਸਾਡੇ ਨਾਲ ਗਲਬਾਤ ਕਰੂ ਉਸ ਉੱਪਰ ਐਨ ਐਸ ਏ ਤਹਿਤ ਮੁਕੱਦਮਾ ਦਰਜ਼ ਕੀਤਾ ਜਾਵੇਗਾ।

**ਲਾਪਤਾ ਅਤੇ ਹਿਰਾਸਤ 'ਚ ਲਏ ਗਏ ਵਿਦਿਆਰਥੀ:** ਬਹੁਤ ਵੱਡੀ ਤਾਦਾਤ 'ਚ ਵਿਦਿਆਰਥੀਆਂ ਦੇ ਲਾਪਤਾ ਹੋਣ ਜਾਂ ਹਿਰਾਸਤ 'ਚ ਲਏ ਜਾਣ ਦਾ ਸ਼ੱਕ ਜ਼ਾਹਰ ਕੀਤਾ ਗਿਆ। ਪਰ ਨਾ ਤਾਂ ਜ਼ਿਲ੍ਹਾ ਪ੍ਰਸਾਸ਼ਨ ਨੇ ਅਤੇ ਨਾ ਹੀ ਯੂਨੀਵਰਸਿਟੀ ਇੰਤਜ਼ਾਮੀਆਂ ਨੇ ਲਾਪਤਾ ਜਾਂ ਹਿਰਾਸਤ ਲਏ ਵਿਦਿਆਰਥੀਆਂ ਬਾਰੇ ਕੋਈ ਵੇਰਵੇ ਦਿੱਤੇ। ਲਾਪਤਾ ਅਤੇ ਹਿਰਾਸਤ 'ਚ ਲਏ ਗਏ ਵਿਦਿਆਰਥੀਆਂ ਬਾਰੇ ਟੁੱਟਵੇਂ ਇਕਹਿਰੇ ਵੇਰਵੇ ਸਾਨੂੰ ਉਹਨਾਂ ਦੇ ਦੋਸਤਾਂ ਮਿਤਰਾਂ ਅਤੇ ਹੋਸਟਲ 'ਚ ਰਹਿਣ ਵਾਲੇ ਉਹਨਾਂ ਦੇ ਸਾਥੀਆਂ ਨੇ ਪ੍ਰਦਾਨ ਕੀਤੇ। ਸਾਨੂੰ ਗੈਰ ਭਰੋਸੇਯੋਗ ਰਿਪੋਰਟਾਂ ਇਹ ਵੀ ਮਿਲੀਆਂ ਕਿ 20-25 ਵਿਦਿਆਰਥੀਆਂ ਨੂੰ ਅਲੀਗੜ੍ਹ ਦੇ ਰਸਾਲ ਗੰਜ ਦੇ ਮਲਖਾਨ ਸਿੰਘ ਹਸਪਤਾਲ ਅੰਦਰ ਹਿਰਾਸਤ'ਚ ਰੱਖਿਆ ਹੋਇਆ ਹੈ। ਬਾਅਦ ਦੁਪਿਹਰ ਟੀਮ ਨੂੰ ਇਹ ਗੈਰ ਭਰੋਸੇਯੋਗ ਰਿਪੋਰਟਾਂ ਮਿਲੀਆਂ ਕਿ ਹਿਰਾਸਤੀਆਂ ਨੂੰ ਸਿਵਲ ਲਾਈਨਜ਼, ਗਾਂਧੀ ਪਾਰਕ, ਖਾਊ ਅਤੇ ਤਪਾਲ ਸਮੇਤ 4 ਅਲੱਗ ਅਲੱਗ ਪੁਲੀਸ ਥਾਣਿਆ 'ਚ ਲਿਜਾਇਆ ਗਿਆ ਸੀ। ਲਾ ਪਾਕੇ ਲਾਪਤਾ ਵਿਦਿਆਰਥੀਆਂ ਦੇ ਸਬੰਧ 'ਚ ਬੇਯਕੀਨੀ ਤੇ ਸ਼ੱਕ ਦੀ ਹਾਲਤ ਬਣੀ ਹੋਈ ਸੀ ਅਤੇ ਨਾਲ ਹੀ ਇਹ ਤੌਖਲਾ ਸੀ ਕਿਤੇ ਉਹਨਾਂ ਨਾਲ ਕੋਈ ਅਣਹੋਣੀ ਨਾ ਵਾਪਰ ਜਾਵੇ। ਰਿਪੋਰਟਾਂ ਦੇ ਅਖੀਰ 'ਚ ਟੀਮ ਕੋਲ ਮੁਢਲੇ ਤੌਰ 'ਤੇ ਪ੍ਰਾਪਤ ਨਾਵਾਂ ਦੀ ਸੂਚੀ ਹੈ। ਪਰ ਇਹ ਫਿਰ ਵੀ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿ ਇਹ ਸੂਚੀ ਪੂਰੀ ਨਹੀਂ ਹੈ ਅਤੇ ਹੋਰ ਵਧੇਰੇ ਵਿਦਿਆਰਥੀ ਲਾਪਤਾ ਹਨ ਜਾਂ ਹਿਰਾਸਤ 'ਚ ਹਨ।

**ਕੈਂਪਸ ਖਾਲੀ ਕਰਨ ਲਈ ਦਬਾਅ:** 16 ਦਸੰਬਰ 2019 ਨੂੰ ਯੂਨੀਵਰਸਿਟੀ ਇੰਤਜਾਮੀਆ ਨੇ ਤੁਰੰਤ ਸਰਦੀਆਂ ਦੀਆਂ ਛੁੱਟੀਆਂ ਐਲਾਨ ਦਿੱਤੀਆਂ। ਦੁਪਹਿਰ ਬਾਅਦ ਯੂਨੀਵਰਸਿਟੀ ਅਧਿਕਾਰੀ ਵਿਦਿਆਰਥੀਆਂ ਨੂੰ ਆਪੋ ਆਪਣੇ ਕਮਰੇ ਖਾਲੀ ਕਰਨ ਲਈ ਕਹਿ ਰਹੇ ਸਨ ਜੋ ਕੇ ਯੂਨੀਵਰਸਿਟੀ ਦੇ ਛੁੱਟੀਆਂ ਦੇ ਆਮ ਅਮਲ ਦੇ ਉਲਟ ਹੈ। ਪਿਛਲੀ ਰਾਤ ਦੀ ਪੁਲਸ ਕਾਰਵਾਈ ਵੱਲੋਂ ਦੇ ਪੈਦਾ ਕੀਤੀ ਦਹਿਸ਼ਤ ਦੇ ਆਲਮ ਅਤੇ ਯੂਨੀਵਰਸਿਟੀ ਦੇ ਦਬਾਅ ਨੇ ਸ਼ਾਮ ਢਲਦਿਆਂ-ਢਲਦਿਆਂ ਕੈਂਪਸ ਨੂੰ ਪੂਰਨ ਰੂਪ



'ਚ ਖਾਲੀ ਕਰਵਾ ਦਿੱਤਾ।

**ਸਿੱਟੇ:** ਏ ਐਮ ਯੂ ਦੇ ਵਿਦਿਆਰਥੀਆਂ ਵੱਲੋਂ ਸ਼ਾਂਤਮਈ ਜਮਹੂਰੀ ਪ੍ਰਦਰਸ਼ਨ 'ਤੇ ਸਮੁੱਚੀ ਘਟਨਾ ਨੰਗੇ ਚਿੱਟੇ ਪੁਲਸ ਜਬਰ ਤੇ ਕਾਨੂੰਨੀ ਕਾਰਵਾਈ ਤੋਂ ਡਰ ਰਹਿਤ, ਬੇਲਗਾਮ ਦਿਲ ਦਹਿਲਾਊ ਮੁਜ਼ਾਹਰਾ ਹੈ । ਪੁਲਸ ਜਬਰ ਨਾ ਸਿਰਫ਼ ਜਾਬਰ ਦਿਸਦਾ ਹੈ ਸਗੋਂ ਵਿਦਿਆਰਥੀਆਂ ਨੂੰ ਉਹਨਾਂ ਦੀ ਔਕਾਤ ਦਿਖਾਉਣ ਦੀ ਬਦਲਾਖੋਰੀ ਦੇ ਮਨਸੇ 'ਚੋਂ ਪੈਦਾ ਹੋਈ ਇੱਛਾ ਹੈ। ਜਿੰਨੇ ਵੀ ਗਵਾਹਾਂ ਨਾਲ ਅਸੀਂ ਗਲਬਾਤ ਕੀਤੀ ਉਹਨਾਂ ਸਾਰਿਆਂ ਨੇ ਕਿਹਾ ਕਿ ਪੁਲੀਸ ਉਹਨਾਂ ਦੀ ਬੇਇਜ਼ਤੀ ਕਰ ਰਹੀ ਸੀ ਅਤੇ ਵਿਦਿਆਰਥੀਆਂ ਅਤੇ ਆਮ ਰੂਪ 'ਚ ਯੂਨੀਵਰਸਿਟੀ 'ਤੇ ਸੇਧਤ ਜ਼ਹਿਰ ਉਗਲਦੀਆਂ ਫ਼ਿਰਕੂ ਤੁਅੱਸਬ ਭਰਭੂਰ ਗੰਦੀਆਂ ਗਾਹਲਾਂ ਕੱਢ ਰਹੀ ਸੀ। ਫ਼ਿਰਕੂ ਰੰਗਤ ਵਾਲੀਆਂ ਇਹ ਗਾਲ੍ਹਾਂ ਉਹ ਮੁਜ਼ਾਹਰੇ 'ਤੇ ਲਾਠੀਚਾਰਜ ਕਰਨ ਤੋਂ ਪਹਿਲਾਂ ਵੀ ਕੱਢ ਰਹੇ ਸਨ ਅਤੇ ਜਦ ਉਹ ਯੂਨੀਵਰਸਿਟੀ 'ਚ ਚਾਰੇ ਪਾਸੇ ਫੈਲ ਗਏ ਤਾਂ ਉਹਨਾਂ ਨੇ ਇਹ ਗੰਦ ਬਕਣਾ ਹੋਰ ਤੇਜ਼ ਕਰ ਦਿੱਤਾ ਜਿਸ ਵਿੱਚ ਉਹਨਾਂ ਨੇ ਵਿਅਕਤੀਗਤ ਰੂਪ 'ਚ ਵਿਦਿਆਰਥੀਆਂ ਉੱਤੇ ਆਪਣੀਆਂ ਲਾਠੀਆਂ, ਅੱਥਰੂ ਗੈਸ ਦੇ ਗੋਲੇ, ਰਬੜ ਦੀਆਂ ਗੋਲੀਆਂ ਅਤੇ ਸ਼ੱਰ੍ਹਿਆਂ ਨਾਲ ਨਿਸ਼ਾਨਾ ਸੇਧਿਆ। ਪਹਿਲੀ ਨਜ਼ਰੇ ਹੀ ਇਹ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਪੁਲੀਸ ਤੇ ਆਰ ਏ ਐਫ ਵੱਲੋਂ ਕੀਤੀ ਗਈ ਵੱਡੀ ਪੱਧਰ 'ਤੇ ਹਿੰਸਾ ਬਹੁਤ ਹੀ ਜ਼ਿਆਦਾ ਵਹਿਸ਼ੀ ਸੀ ਅਤੇ ਰੋਸ ਪ੍ਰਦਰਸ਼ਨ ਨੂੰ ਖਦੇੜਨ ਦੇ ਮਕਸਦ ਨਾਲੋਂ ਪੂਰੀ ਤਰ੍ਹਾਂ ਬੇਮੇਲ ਸੀ। ਸ਼ਾਂਤਮਈ ਵਿਦਿਆਰਥੀਆਂ ਵਿਰੁੱਧ ਕੀਤੀ ਵਿਆਪਕ ਹਿੰਸਾ ਦੀ ਦੋਸ਼ੀ ਪੁਲੀਸ, ਆਰ ਏ ਐਫ ਅਤੇ ਜ਼ਿਲ੍ਹਾ ਇੰਤਜਾਮੀਆ ਬਣਦੀ ਹੈ ਜਿਸਨੇ ਉਹਨਾਂ ਨੂੰ ਇਹ ਹਿੰਸਾ ਕਰਨ ਦੀ ਢਿੱਲ ਦਿੱਤੀ। ਆਪਣੇ ਵਿਚਾਰ ਦਾ ਇਜਹਾਰ ਕਰਨ, ਜਥੇਬੰਦ ਹੋਣ ਅਤੇ ਆਪਣੇ ਹੱਕਾਂ ਦੀ ਮੰਗ ਕਰਨ ਦੇ ਵਿਦਿਆਰਥੀਆਂ ਦੇ ਬੁਨਿਆਦੀ ਤੇ ਜਮਹੂਰੀ ਅਧਿਕਾਰ ਨਾਲ ਨਜਿੱਠਣ ਲਈ ਸਾਰੀਆਂ ਸੀਮਾਵਾਂ ਤੇ ਕਾਨੂੰਨੀ ਮਿਆਰਾਂ ਦੀ ਉਲੰਘਣਾ ਪੁਲੀਸ ਦੀਆਂ ਇਹਨਾਂ ਕਾਰਵਾਈਆਂ ਨਾਲ ਹੋਈ ਹੈ।

**ਲਾਪਤਾ ਅਤੇ ਜੇਰੇ ਇਲਾਜ਼ 22 ਵਿਦਿਆਰਥੀਆਂ ਦੀ ਸੂਚੀ:** ਸਾਈਅਦ ਮੁਹੰਮਦ ਮੇਂਹਦੀ ਰਿਜ਼ਵੀ ਦੇ ਨਾਲ ਦੋ ਅਣਪਛਾਤੇ ਵਿਦਿਆਰਥੀ, ਮੁਹੰਮਦ ਅਕੈਬ, ਗੁਲਜ਼ਾਰ, ਜੀਸ਼ਾਨ, ਅਬਦੁੱਲ ਮੰਨਨ, ਅਬਦੁੱਲ ਰਹਿਮਾਨ ਪੁੱਤਰ ਸਦੀਕੀ 85339 35902, ਜੁਨੈਦ ਅਮੀਰ ਵਾਸੀ ਬਰੇਲੀ, ਤਾਰੀਕ ਆਲਮ, ਸਾਹਬਾਜ ਆਲਮ ਵਾਸੀ ਕਿਸ਼ਨਗੰਜ, ਉਮਰ ਸ਼ਾਮਜ਼, ਵਾਸੀਫ, ਮੁਹੰਮਦ ਅਦੀਲ ਵਾਸੀ ਬਿਜਨੌਰ, ਰਜਾ ਅਜ਼ਹਾਰੀ ਵਾਸੀ ਮੁਬਾਰਕਪੁਰ ਆਜ਼ਮਗੜ੍ਹ, ਅਬਦੁੱਲ ਮਾਬੂਦ ਪੁਤਰ ਅਬਦੁੱਲਾ, ਮੁਹੰਮਦ ਜੁਨੈਦ ਅਮੀਰ ਪੁਤਰ ਜਲੀਲ ਅਹਿਮਦ, ਅਬਦੁਲ ਮੁਨਾਮ ਪੁਤਰ ਅਬਦੁਲ ਮਾਬੂਦ ਉਮਰ 23 ਸਾਲ, ਸਾਹਿਦ ਹੂਸੈਨ, ਤਾਜ਼ੀਮ, ਅਸਜਦ, ਆਰਸੀ ਵਾਸੀ ਲਖਨਊ, ਅਸੂਤੋਸ਼, ਯੂਨੀਵਰਸਿਟੀ ਦੇ ਬਿਜਲੀ ਵਿਭਾਗ ਦਾ ਕਰਮਚਾਰੀ ਅਤੇ ਇੱਕ ਹੋਰ ਨਜਰਬੰਦੀ ਜਿਸ ਦਾ ਨਾਮ ਪੱਕੀ ਤਰਾਂ ਪਤਾ ਨਾ ਕੀਤਾ ਜਾ ਸਕਿਆ।

**ਪ੍ਰੋ. ਜਗਮੋਹਨ ਸਿੰਘ ਜਨਰਲ ਸਕੱਤਰ,**
**ਪ੍ਰੋ. ਏ ਕੇ ਮਲੇਰੀ ਸੂਬਾ ਪ੍ਰਧਾਨ**
**ਸੂਬਾ ਕਮੇਟੀ ਜਮਹੂਰੀ ਅਧਿਕਾਰ ਸਭਾ ਪੰਜਾਬ**

# ਦਿੱਲੀ ਵਿਧਾਨ ਸਭਾ ਚੋਣਾਂ : ਮੋਦੀ ਬਨਾਮ ਕੇਜਰੀਵਾਲ



**ਡੰਗ ਅਤੇ ਚੋਭਾਂ**

ਗੁਰਮੀਤ ਸਿੰਘ ਪਲਾਹੀ
98158-02070



ਸਾਲ 2015 ਵਿੱਚ ਆਮ ਆਦਮੀ ਪਾਰਟੀ (ਆਪ) ਨੇ ਦਿੱਲੀ ਦੀਆਂ 70 ਵਿਧਾਨ ਸਭਾ ਸੀਟਾਂ ਵਿੱਚੋਂ 67 ਉਤੇ ਜਿੱਤ ਪ੍ਰਾਪਤ ਕੀਤੀ ਸੀ, ਜਦ ਕਿ ਭਾਜਪਾ, ਜੋ 2014 'ਚ ਰਾਸ਼ਟਰੀ ਪੱਧਰ ਉਤੇ ਚੋਣ ਜਿੱਤਕੇ ਕੇਂਦਰ ਵਿੱਚ ਮੋਦੀ ਸਰਕਾਰ ਬਨਾਉਣ 'ਚ ਕਾਮਯਾਬ ਹੋਈ ਸੀ, ਇਨ੍ਹਾਂ ਚੋਣਾਂ ਵਿੱਚ ਸਿਰਫ਼ ਤਿੰਨ ਸੀਟਾਂ ਉਤੇ ਜਿੱਤੀ ਸੀ। ਕਾਂਗਰਸ ਨੂੰ ਇੱਕ ਵੀ ਸੀਟ ਨਹੀਂ ਸੀ ਮਿਲੀ ਅਤੇ ਉਸਦੇ 63 ਉਮੀਦਵਾਰਾਂ ਦੀਆਂ ਜ਼ਮਾਨਤਾਂ ਤੱਕ ਜਬਤ ਹੋ ਗਈਆਂ ਸਨ, ਜਿਹਨਾ ਵਿੱਚ ਕਾਂਗਰਸ ਦੇ ਕਈ ਪ੍ਰਮੁੱਖ ਨੇਤਾ ਸ਼ਾਮਲ ਸਨ। ਆਪ ਨੇ 54.3 ਫ਼ੀਸਦੀ, ਭਾਜਪਾ ਨੇ 32.2 ਫ਼ੀਸਦੀ ਅਤੇ ਕਾਂਗਰਸ ਨੇ ਮੁਸ਼ਕਲ ਨਾਲ 9.7 ਫ਼ੀਸਦੀ ਵੋਟ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਪ੍ਰਾਪਤ ਕੀਤੇ ਸਨ।

ਦਿੱਲੀ ਵਿਧਾਨ ਸਭਾ ਦੀਆਂ ਚੋਣਾਂ 8 ਫਰਵਰੀ ਨੂੰ ਹੋ ਰਹੀਆਂ ਹਨ। ਆਮ ਆਦਮੀ ਪਾਰਟੀ ਨੇ ਪਹਿਲ ਕਰਦਿਆਂ ਆਪਣੇ ਉਮੀਦਵਾਰਾਂ ਦੀ ਲਿਸਟ ਵੀ ਜਾਰੀ ਕਰ ਦਿੱਤੀ ਹੈ। ਇਹ ਚੋਣਾਂ ਜਿਥੇ ਆਪ ਲਈ 'ਕਰੋ ਜਾਂ ਮਰੋ' ਵਾਲੀ ਭਾਵਨਾ ਨਾਲ ਲੜੀਆਂ ਜਾ ਰਹੀਆਂ ਹਨ, ਉਥੇ ਭਾਜਪਾ ਲਈ ਵੀ ਇਹ ਇਮਤਿਹਾਨ ਦਾ ਸਮਾਂ ਹੈ। ਕਿਉਂਕਿ ਪਿਛਲੇ ਦਿਨੀਂ ਹੋਈਆਂ ਰਾਜਾਂ ਦੀਆਂ ਚੋਣਾਂ, ਜਿਹਨਾ ਵਿੱਚ ਖ਼ਾਸ ਕਰਕੇ ਝਾਰਖੰਡ ਵੀ ਸ਼ਾਮਲ ਹੈ, ਭਾਜਪਾ ਨੂੰ ਮੂੰਹ ਦੀ ਖਾਣੀ ਪਈ ਹੈ। ਮਹਾਂਰਾਸ਼ਟਰ ਉਸਦੇ ਹੱਥੋਂ ਖਿਸਕ ਗਿਆ ਹੈ। ਹਰਿਆਣਾ ਜਾਂਦਾ ਜਾਂਦਾ ਬਚਿਆ ਹੈ। ਇਹਨਾ ਚੋਣਾਂ 'ਚ ਭਾਜਪਾ ਨੇ ਰਾਸ਼ਟਰੀ ਮੁੱਦਿਆਂ, ਜਿਹਨਾ ਵਿੱਚ ਕਸ਼ਮੀਰ ਵਿੱਚੋਂ 370 ਦਾ ਖ਼ਾਤਮਾ, ਰਾਮ ਮੰਦਿਰ ਦੀ ਉਸਾਰੀ, ਸੀ.ਏ.ਏ. ਅਤੇ ਰਾਸ਼ਟਰੀ ਨਾਗਰਿਕਤਾ ਰਜਿਸਟਰ ਦੇ ਮੁੱਦਿਆਂ ਨੂੰ ਉਭਾਰਿਆ ਸੀ, ਪਰ ਸਥਾਨਕ ਲੋਕਾਂ ਨੇ ਇਹਨਾ ਮੁੱਦਿਆਂ ਪ੍ਰਤੀ ਦਿਲਚਸਪੀ ਨਾ ਲੈ ਕੇ ਸਥਾਨਕ ਮੁੱਦਿਆਂ ਉਤੇ ਵੋਟ ਦਿੱਤੀ ਅਤੇ ਉਹਨਾ ਲੋਕਾਂ ਨੂੰ ਹਾਕਮ ਚੁਣਿਆ, ਜਿਹੜੇ ਉਹਨਾ ਦੇ ਪਸੰਦੀਦਾ ਸਨ।

ਦਿੱਲੀ ਵਿਧਾਨ ਸਭਾ ਦੀ ਮੌਜੂਦਾ ਚੋਣ ਨੂੰ ਭਾਜਪਾ ਵਲੋਂ ਮੋਦੀ ਬਨਾਮ ਕੇਜਰੀਵਾਲ ਬਨਾਉਣ ਲਈ ਦਾਅ ਖੇਡਿਆ ਜਾਏਗਾ, ਕਿਉਂਕਿ ਭਾਜਪਾ ਦੇ ਰਣਨੀਤੀਕਾਰ, ਜਿਹਨਾ ਵਿੱਚ ਮੋਦੀ, ਸ਼ਾਹ, ਨੱਢਾ (ਭਾਜਪਾ ਦੇ ਐਕਟਿੰਗ ਪ੍ਰਧਾਨ) ਸ਼ਾਮਲ ਹਨ, ਨੇ ਪ੍ਰਧਾਨ ਮੰਤਰੀ ਦੀ ਹਰਮਨ ਪਿਆਰਤਾ ਨੂੰ ਦਾਅ ਉਤੇ ਲਾਉਣ ਦਾ ਫੈਸਲਾ ਕਰ ਲਿਆ ਹੈ, ਜਿਹਨਾ ਨੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ 300 ਤੋਂ ਵੱਧ ਸੀਟਾਂ ਉਤੇ ਜਿੱਤ ਦੁਆਈ ਸੀ। ਭਾਜਪਾ ਜਿਥੇ ਐਨ.ਆਰ.ਸੀ., ਸੀ.ਏ.ਏ., 370 ਧਾਰਾ ਦਾ ਕਸ਼ਮੀਰ 'ਚੋਂ ਖ਼ਾਤਮਾ, ਦੇ ਮੁੱਦੇ ਨੂੰ ਦਿੱਲੀ ਚੋਣਾਂ 'ਚ ਮੁੱਖ ਰਖੇਗੀ, ਉਥੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਅਤੇ ਦੇਸ਼ ਦੇ ਹੋਰ ਭਾਗਾਂ 'ਚ ਹੋਈ ਸੀਏਏ ਦੇ ਵਿਰੋਧ 'ਚ ਹੋਈ ਹਿੰਸਾ ਨੂੰ ਵੀ ਮੁੱਦਾ ਬਣਾਏਗੀ, ਕਿਉਂਕਿ ਇਸਨੂੰ ਖੱਬੇ ਪੱਖੀ ਬਨਾਮ ਆਰ.ਐਸ.ਐਸ. ਦੇ ਰੂਪ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਭਾਜਪਾ, ਜਵਾਹਰ ਲਾਲ ਨਹਿਰੂ ਯੂਨੀਰਵਸਿਟੀ ਨੂੰ ਦੇਸ਼ ਧਰੋਹੀਆਂ ਦੀ ਫੈਕਟਰੀ ਮੰਨਦੀ ਹੈ, ਹਲਾਂਕਿ ਇਸ ਵਿੱਚ ਪੜ੍ਹਨ ਵਾਲੇ ਵਿੱਦਿਆਰਥੀ ਦੇਸ਼ ਦੀਆਂ ਉੱਚ ਪ੍ਰੀਖਿਆਵਾਂ ਵਿੱਚ ਵੱਡੀ ਗਿਣਤੀ 'ਚ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਸਫ਼ਲ ਹੁੰਦੇ ਹਨ। ਪਰ ਭਾਜਪਾ ਇਹਨਾ ਵਿਰੁੱਧ ਸਖ਼ਤ ਕਾਰਵਾਈ ਕਰਕੇ ਦਿੱਲੀ ਦੇ ਮੱਧ ਵਰਗ ਦੇ ਲੋਕਾਂ ਅਤੇ ਹਿੰਦੂਆਂ ਦੀ ਮਾਨਸਿਕਤਾ ਨੂੰ ਆਪਣੇ ਹੱਥ 'ਚ ਭਨਾਉਣਾ ਚਾਹੁੰਦੀ ਹੈ। ਜੇਕਰ ਦਿੱਲੀ ਵਿੱਚ ਇਹ ਦਾਅ ਵਰਤਕੇ ਉਹ ਹਿੰਦੂਆਂ ਅਤੇ ਮੱਧ ਵਰਗ ਦੇ ਲੋਕਾਂ ਨੂੰ ਆਪਣੇ ਹੱਕ ਵਿੱਚ ਭੁਗਤਾਉਣ 'ਚ ਕਾਮਯਾਬ ਹੋ ਜਾਂਦੀ ਹੈ ਤਾਂ ਆਉਣ ਵਾਲੇ ਸਮੇਂ 'ਚ ਪੱਛਮੀ ਬੰਗਾਲ, ਬਿਹਾਰ ਆਦਿ ਵਿੱਚ ਜੋ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ, ਉਥੇ ਵੀ ਇਹੋ ਦਾਅ ਉਸ ਵਲੋਂ ਵਰਤਿਆ ਜਾਏਗਾ। ਉਂਜ ਵੀ ਮੁਢਲੇ ਤੌਰ ਤੇ ਭਾਜਪਾ ਇੱਕ ਵਰਗ ਵਿਸ਼ੇਸ਼ ਮੁਸਲਮਾਨਾਂ ਤੋਂ ਉਹ ਲਗਾਤਾਰ ਦੂਰੀ ਬਣਾਕੇ ਰੱਖਦੀ ਹੈ ਅਤੇ ਵਾਹ ਲੱਗਦਿਆਂ ਆਪਣੀ ਚੋਣ ਮੁਹਿੰਮ 'ਚ ਉਹ ਮੁਸਲਮਾਨ ਉਮੀਦਵਾਰਾਂ ਨੂੰ ਸ਼ਾਮਲ ਨਹੀਂ ਕਰਦੀ। ਪਰ ਭਾਜਪਾ ਦੇ ਮੁਕਾਬਲੇ ਐਨ.ਡੀ.ਏ., ਕਾਂਗਰਸ ਅਤੇ ਖੇਤਰੀ ਦਲਾਂ ਦਾ ਜਿਸ ਕਿਸਮ ਦਾ ਗੱਠਜੋੜ ਇਹਨਾ ਦਿਨਾਂ 'ਚ ਵੇਖਣ ਨੂੰ ਮਿਲ ਰਿਹਾ ਹੈ, ਜਿਹਨਾ ਵਲੋਂ ਰਾਸ਼ਟਰੀ ਮੁੱਦਿਆਂ ਦੀ ਵਿਜਾਏ ਸਥਾਨਕ ਮੁੱਦਿਆਂ ਨੂੰ ਪਹਿਲ ਦਿੱਤੀ ਜਾ ਰਹੀ, ਉਸ ਨਾਲ ਸਥਾਨਕ ਵਿਧਾਨ ਸਭਾ ਚੋਣਾਂ 'ਚ ਹੈਰਾਨੀ ਜਨਕ ਨਤੀਜੇ ਮਿਲਣ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਕੇਜਰੀਵਾਲ ਵਲੋਂ ਪਿਛਲੇ ਇੱਕ ਸਾਲ ਦੇ ਸਮੇਂ ਤੋਂ ਸਥਾਨਕ ਮੁੱਦਿਆਂ ਵੱਲ ਵਧੇਰੇ ਧਿਆਨ ਦਿੱਤਾ ਜਾ ਰਿਹਾ ਹੈ। ਉਸਦੀ ਸਰਕਾਰ ਨੇ ਲੋਕਾਂ ਦੇ ਬਿਜਲੀ ਅਤੇ ਪਾਣੀ ਦੇ ਬਿੱਲ ਮੁਆਫ਼ ਕੀਤੇ ਹਨ ਜਾਂ ਉਹਨਾ 'ਚ ਭਾਰੀ ਕਟੌਤੀ ਕੀਤੀ ਹੈ, ਬੱਸਾਂ 'ਚ ਔਰਤਾਂ ਨੂੰ ਮੁਫ਼ਤ ਯਾਤਰਾ ਦੀ ਸਹੂਲਤ ਦਿੱਤੀ ਹੈ, ਮੁਹੱਲਾ ਕਲਿਨਿਕਾਂ ਅਤੇ ਸਰਕਾਰੀ ਸਕੂਲਾਂ 'ਚ ਬਿਹਤਰ ਸੁਵਿਧਾਵਾਂ ਦੇਣ 'ਚ ਉਸਨੇ ਸਫ਼ਲਤਾ ਹਾਸਲ ਕੀਤੀ ਹੈ। ਉਸਨੇ ਮੋਦੀ ਨੂੰ ਬੁਰਾ ਭਲਾ ਕਹਿਣ ਦੀ ਨੀਤੀ ਤਿਆਗਕੇ, ਸਥਾਨਕ ਵਿਕਾਸ ਅਤੇ ਲੋਕਾਂ ਦੀਆਂ ਤਕਲੀਫ਼ਾਂ ਦੂਰ ਕਰਨ ਨੂੰ ਪਹਿਲ ਦੇਣੀ ਸ਼ੁਰੂ ਕੀਤੀ ਹੈ। ਕੇਜਰੀਵਾਲ ਵਲੋਂ ਇੱਕ ਰਣਨੀਤੀ ਤਹਿਤ ਕੇਂਦਰ ਸਰਕਾਰ ਦੇ ਪੁਲਿਸ ਬਲਾਂ ਅਤੇ ਉਪ ਰਾਜਪਾਲ ਵਲੋਂ ਉਸਨੂੰ ਕੰਮ ਨਾ ਕਰਨ ਦੇਣ ਦੀਆਂ ਉਦਾਹਰਾਨਾਂ ਲੋਕਾਂ ਸਾਹਮਣੇ ਪੇਸ਼ ਕਰਕੇ ਭਾਜਪਾ ਨੂੰ ਚੋਣਾਂ 'ਚ ਭਾਂਜ ਦੇਣ ਦੀ ਕੋਸ਼ਿਸ਼ ਹੋਏਗੀ। ਕੇਜਰੀਵਾਲ ਦੇ ਹੱਕ ਵਿੱਚ ਇਹ ਗੱਲ ਵੀ ਕੀਤੀ ਜਾਂਦੀ ਹੈ ਕਿ ਦੇਸ਼ ਦਾ ਇਸ ਵੇਲੇ ਜੋ ਮਾਹੌਲ ਮੌਜੂਦਾ ਸਰਕਾਰ ਵਲੋਂ ਬਣਾਇਆ ਜਾ ਰਿਹਾ ਹੈ, ਉਸ ਵਿੱਚ ਘੱਟ ਗਿਣਤੀਆਂ ਨੁਕਰੇ ਲਗਾਈਆਂ ਜਾ ਰਹੀਆਂ ਹਨ, ਉਹ ਚਿੰਤਤ ਵੀ ਹਨ। ਉਹ ਭਾਜਪਾ ਨੂੰ ਵੋਟ ਨਹੀਂ ਦੇਣਗੀਆਂ। ਕਿਉਂਕਿ ਕਾਂਗਰਸ, ਦਿੱਲੀ ਵਿੱਚ ਜਿੱਤਣ ਵਾਲੀ ਸਥਿਤੀ ਵਿੱਚ ਨਹੀਂ ਹੋ ਸਕਦੀ, ਇਸ ਲਈ ਭਾਜਪਾ ਨੂੰ ਹਰਾਉਣ ਲਈ ਘੱਟ ਗਿਣਤੀ ਫ਼ਿਰਕਿਆਂ ਦੇ ਵੋਟਰ ਕੇਜਰੀਵਾਲ ਦੀ ਪਾਰਟੀ 'ਆਪ' ਨੂੰ ਵੋਟ ਕਰ ਸਕਦੇ ਹਨ।

ਉਂਜ ਦਿੱਲੀ ਚੋਣਾਂ ਵਿੱਚ ਮੁਕਾਬਲਾ ਮੁੱਖ ਤੌਰ 'ਤੇ ਤਿਕੋਨਾ ਹੀ ਹੋਏਗਾ। ਭਾਜਪਾ ਭਾਵੇਂ ਹਾਲ ਦੀ ਘੜੀ ਹਮਲਾਵਰ ਨਹੀਂ ਦਿਖਦੀ। ਪਰ ਉਸ ਕੋਲ ਆਪਣੀਆਂ ਚੋਣਾਂ ਲੜਨ ਲਈ ਅਸੀਮਤ ਸਾਧਨ ਹਨ। ਗੋਦੀ ਮੀਡੀਆਂ ਵੀ ਮੋਦੀ ਦੀ ਪਾਰਟੀ ਦੀ ਬੰਸਰੀ ਵਜਾਉਂਦਾ ਹੈ। ਜਾਅਲੀ ਚੋਣ ਸਰਵੇਖਣ ਤਿਆਰ ਕੀਤੇ ਜਾਂਦੇ ਹਨ। ਪਰ ਹੀਲਾ ਵਰਤਕੇ ਚੋਣਾਂ ਜਿੱਤਣ ਦਾ ਗੁਰ ਮੋਦੀ-ਸ਼ਾਹ ਜੋੜੀ ਕਰਦੀ ਹੈ। ਦਿੱਲੀ ਵਿੱਚ ਤਾਂ ਆਪਣੀ ਨੱਕ ਰੱਖਣ ਲਈ ਭਾਜਪਾ ਪੂਰਾ ਜ਼ੋਰ ਲਗਾਏਗੀ। ਭਾਜਪਾ ਵਲੋਂ ਦਿੱਲੀ ਦੀਆਂ 1728 ਗੈਰ-ਕਾਨੂੰਨੀ ਕਲੋਨੀਆਂ ਨੂੰ ਨਿਯਮ ਕਰਨ, ਆਮਦਨ ਕਰ 'ਚ ਛੋਟ ਦੇਣ ਅਤੇ ਜਾਇਦਾਦ ਦੀ ਰਜਿਸਟਰੀ 9.5 ਫ਼ੀਸਦੀ ਲਗਾਉਣ ਦੇ ਮੁੱਦੇ ਨੂੰ ਜ਼ੋਰ ਸ਼ੋਰ ਨਾਲ ਪ੍ਰਚਾਰੇਗੀ ਅਤੇ ਕੇਜਰੀਵਾਲ ਦੀ ਵੋਟ ਬੈਂਕ ਨੂੰ ਸੇਂਧ ਲਗਾਉਣ ਦਾ ਯਤਨ ਕਰੇਗੀ। ਭਾਜਪਾ ਦੇ ਪ੍ਰਚਾਰ ਦੀ ਰੋਕ ਲਈ ਕੇਜਰੀਵਾਲ ਨੇ ਮੰਨੇ-ਪ੍ਰਮੰਨੇ ਰਣਨੀਤੀਕਾਰ ਪ੍ਰਸ਼ਾਤ ਕਿਸ਼ੋਰ ਦੀਆਂ ਸੇਵਾਵਾਂ ਲਈਆਂ ਹਨ। ਉਹ ਭਾਜਪਾ ਦਾ ਮੁੱਖ ਮੰਤਰੀ ਕੌਣ ਹੋਏਗਾ, ਜਿਸ ਬਾਰੇ ਫ਼ੈਸਲਾ ਕਰਨਾ ਭਾਜਪਾ ਲਈ ਅਤਿਅੰਤ ਔਖਾ ਹੈ, ਬਾਰੇ ਸੁਆਲ ਉਠਾਏਗੀ। ਆਪ ਕੋਲ ਵੀ ਭਾਜਪਾ ਅਤੇ ਆਰ.ਐਸ.ਐਸ. ਵਾਂਗਰ ਪ੍ਰਤੀਬੱਧ ਵਰਕਰ ਹਨ, ਜਿਹੜੇ ਚੋਣਾਂ ਦੌਰਾਨ ਜਾਂ ਚੋਣਾਂ ਤੋਂ ਪਹਿਲਾਂ ਲਗਾਤਾਰ ਭੈੜੇ ਪ੍ਰਚਾਰ ਦਾ ਜਵਾਬ ਦੇਣ ਦੇ ਸਮਰੱਥ ਹਨ ਅਤੇ ਜਿਹੜੇ ਜ਼ਮੀਨੀ ਪੱਧਰ ਉਤੇ ਲੋਕਾਂ ਦੇ ਸੰਪਰਕ ਵਿੱਚ ਹਨ ਅਤੇ ਉਹਨਾ ਲਈ ਕੰਮ ਕਰਦੇ ਨਜ਼ਰ ਆਉਂਦੇ ਹਨ। ਕੇਜਰੀਵਾਲ ਵਲੋਂ ਦਿੱਲੀ ਵਾਸੀਆਂ ਲਈ ਬਣਾਈਆਂ ਸਕੀਮਾਂ ਦਾ ਪ੍ਰਭਾਵ ਵੀ ਵੇਖਣ ਨੂੰ ਮਿਲ ਰਿਹਾ ਹੈ, ਜਿਹੜੀਆਂ ਕਿ ਆਮ ਆਦਮੀ ਦੇ ਦਰ ਉਤੇ ਉਹਨਾ ਦੇ ਵਰਕਰਾਂ ਰਾਹੀਂ ਕੇਜਰੀਵਾਲ ਦੇ ਸਰਕਾਰੀ ਕਰਮਚਾਰੀ ਪਹੁੰਚਾਉਂਦੇ ਹਨ।

ਦੇਸ਼ ਵਿੱਚ ਕਾਂਗਰਸ ਦੀ ਸਥਿਤੀ ਚੰਗੀ ਨਹੀਂ ਹੈ। ਰਾਹੁਲ ਗਾਂਧੀ ਨੇ ਪ੍ਰਧਾਨਗੀ ਛੱਡ ਦਿੱਤੀ ਹੋਈ ਹੈ। ਨਵਾਂ ਪ੍ਰਧਾਨ ਬਾਵਜੂਦ ਕੋਸ਼ਿਸ਼ਾਂ ਦੇ ਬਣ ਨਹੀਂ ਸਕਿਆ। ਸੋਨੀਆ ਗਾਂਧੀ ਨੂੰ ਮੁੜਕੇ ਐਕਟਿੰਗ ਪ੍ਰਧਾਨ ਬਨਣਾ ਪਿਆ, ਹਾਲਾਂਕਿ ਸੋਨੀਆ ਗਾਂਧੀ ਕਾਂਗਰਸ ਵਿਚਲੀਆਂ ਗੜਬੜੀਆਂ ਨੂੰ ਚੰਗੀ ਤਰ੍ਹਾਂ ਸੰਭਾਲ ਰਹੀ ਹੈ, ਪਰ ਉਸਦੇ ਕੋਲ ਲੰਮਾ ਸਮਾਂ ਰਾਜ ਭਾਗ ਸੰਭਾਲਣ ਵਾਲੀ ਕਾਂਗਰਸ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਦੀ ਮੌਤ ਤੋਂ ਬਾਅਦ ਹੋਰ ਕੋਈ ਵੀ ਪ੍ਰਭਾਵਸ਼ਾਲੀ ਚਿਹਰਾ ਨਹੀਂ ਹੈ। ਕਾਂਗਰਸ ਵਲੋਂ ਦਿੱਲੀ 'ਚ ਸੀ.ਏ.ਏ. ਅਤੇ ਐਨ.ਆਰ.ਸੀ. ਦੇ ਮੁੱਦੇ ਨੂੰ ਉਭਾਰਿਆ ਜਾਏਗਾ, ਜਿਸ ਨੂੰ ਉਭਾਰਨ ਲਈ ਆਪਣੀ ਸ਼ਕਤੀ ਅਨੁਸਾਰ ਪੂਰੇ ਦੇਸ਼ 'ਚ ਉਸਨੇ ਉਹਨਾ ਨੌਜਵਾਨਾਂ ਅਤੇ ਵਿੱਦਿਆਰਥੀਆਂ ਦਾ ਸਮਰਥਨ ਕੀਤਾ ਹੈ, ਜਿਹੜੇ ਦੇਸ਼ ਭਰ ਵਿੱਚ ਸੀ.ਏ.ਏ. ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੇ ਹਨ। ਜਾਪਦਾ ਹੈ ਕਾਂਗਰਸ ਦਿੱਲੀ ਵਿਧਾਨ ਸਭਾ ਚੋਣਾਂ ਜਿੱਤਣ ਨਾਲੋਂ ਦੇਸ਼ 'ਚ ਆਪਣਾ ਮੁੜ ਉਭਾਰ ਚਾਹੁੰਦੀ ਹੈ, ਇਸੇ ਕਰਕੇ ਕਿਧਰੇ ਉਹ ਖੱਬੇ ਪੱਖੀਆਂ ਨਾਲ, ਕਿਧਰੇ ਉਹ ਸਥਾਨਕ ਪ੍ਰਦੇਸ਼ਿਕ ਪਾਰਟੀਆਂ ਨਾਲ ਸਾਂਝ ਪਾਉਂਦੀ ਤੁਰੀ ਜਾਂਦੀ, ਸੂਬਾ ਦਰ ਸੂਬਾ ਚੋਣਾਂ ਜਿੱਤਣ ਲਈ ਸਹਾਈ ਹੋ ਰਹੀ ਹੈ ਅਤੇ ਭਾਜਪਾ ਦੇ ਵਿਰੋਧੀਆਂ ਨੂੰ ਇੱਕ ਪਲੇਟਫਾਰਮ ਤੇ ਇੱਕਠੇ ਕਰਨ ਦੇ ਰਸਤੇ ਤੁਰੀ ਹੋਈ ਹੈ। ਪਿਛਲੇ ਦਿਨੀਂ 20 ਪਾਰਟੀਆਂ ਦੇ ਨੁਮਾਇੰਦਿਆਂ ਨੂੰ ਨਾਲ ਲੈਕੇ ਉਸ ਵਲੋਂ ਰਾਸ਼ਟਰਪਤੀ ਨੂੰ ਇੱਕ ਮੰਮੋਰੰਡਮ ਸੀ.ਏ.ਏ. ਅਤੇ ਐਨ.ਆਰ.ਸੀ. ਦੇ ਸਬੰਧ 'ਚ ਦਿੱਤਾ ਸੀ।

ਇਸ ਸਭ ਕੁਝ ਦੀ ਪਿੱਠ ਭੂਮੀ 'ਚ ਇਹ ਵੇਖਣਾ ਦਿਲਚਸਪ ਹੋਏਗਾ ਕਿ ਭਾਜਪਾ ਅਤੇ ਆਮ ਆਦਮੀ ਪਾਰਟੀ ਵਲੋਂ ਇਹਨਾ ਵਿਧਾਨ ਸਭਾ ਚੋਣਾਂ 'ਚ ਕਿਸ ਕਿਸਮ ਦਾ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਕਿਹੜੇ ਕਿਹੜੇ ਮੁੱਦੇ ਉਠਾਏ ਜਾਂਦੇ ਹਨ। ਪੂਰੇ ਦੇਸ਼ ਦੀ ਨਜ਼ਰ ਇਹਨਾ ਚੋਣਾਂ ਉਤੇ ਹੋਏਗੀ, ਕਿਉਂਕਿ ਆਉਣ ਵਾਲੇ ਸਮੇਂ 'ਚ ਹੋਣ ਵਾਲੇ ਗੱਠਬੰਧਨਾਂ ਉਤੇ ਇਸ ਚੋਣ ਦਾ ਅਸਰ ਪਏਗਾ। ਇਹ ਚੋਣਾਂ ਇਹ ਵੀ ਸਿੱਧ ਕਰਨਗੀਆਂ ਕਿ ਕੀ ਮੋਦੀ ਦਾ ਕ੍ਰਿਸ਼ਮਾ ਬਰਕਰਾਰ ਹੈ ਜਾਂ ਭਾਜਪਾ ਇਸ ਚੋਣ ਨੂੰ ਮੋਦੀ ਬਨਾਮ ਕੇਜਰੀਵਾਲ ਬਨਾਉਣ ਦੀ ਗਲਤੀ ਕਰ ਰਹੀ ਹੈ, ਕਿਉਂਕਿ ਜਦੋਂ ਕੇਂਦਰ ਵਿੱਚ ਚੋਣਾਂ ਦੀ ਗੱਲ ਆਉਂਦੀ ਹੈ ਤਾਂ ਮੱਤਦਾਤਾ ਮੋਦੀ ਵੱਲ ਧਿਆਨ ਕਰਦੇ ਹਨ, ਜਿਸ ਵਲੋਂ ਹਰ ਕਿਸਮ ਦਾ ਭਰਮ-ਭੁਲੇਖਾ ਪਾਕੇ ਉਹਨਾ ਨੂੰ ਆਕਰਸ਼ਿਤ ਕਰਨ ਦਾ ਯਤਨ ਹੁੰਦਾ ਹੈ, ਪਰ ਵਿਧਾਨ ਸਭਾ ਚੋਣਾਂ 'ਚ ਤਾਂ ਲੋਕ ਰਾਸ਼ਟਰੀ ਮੁੱਦਿਆਂ ਨਾਲੋਂ ਸਥਾਨਕ ਮਸਲਿਆਂ ਨੂੰ ਜਿਆਦਾ ਧਿਆਨ ਦਿੰਦੇ ਹਨ।



# ਕੈਪਟਨ ਸਰਕਾਰ ਦੀ ਵਾਅਦਾ ਖਿਲਾਫੀ ਅਤੇ ਲੋਕ ਰੋਹ



ਦਰਬਾਰਾ ਸਿੰਘ ਕਾਹਲੋਂ
94170-94034
01-343-889-2550



ਜੇਕਰ ਪੰਜਾਬ ਅੰਦਰ ਵੱਖ-ਵੱਖ ਕਾਂਗਰਸ, ਅਕਾਲੀ-ਭਾਜਪਾ ਗਠਜੋੜ ਸਰਕਾਰਾਂ ਵਿਧਾਨ ਸਭਾ ਚੋਣਾਂ ਵੇਲੇ ਆਪੋ-ਆਪਣੀਆਂ ਪਾਰਟੀਆਂ ਦੇ ਚੋਣ ਮੈਨੀਫੈਸਟੋਆਂ ਅਨੁਸਾਰ ਕੀਤੇ ਜਨਤਾ ਨਾਲ ਪਵਿੱਤਰ ਵਾਅਦਿਆਂ ਦੀ ਘੋਰ ਵਾਅਦਾ ਖਿਲਾਫੀ ਨਾ ਕਰਦੀਆਂ, ਚੋਣ ਮੈਨੀਫੈਸਟੋਆਂ ਨੂੰ ਜਨਤਾ ਨਾਲ ਕੀਤੇ ਵਾਅਦਿਆਂ ਦਾ ਪਵਿੱਤਰ ਲੋਕਤੰਤਰੀ ਦਸਤਾਵੇਜ਼ ਸਮਝਦੇ ਉਨ੍ਹਾਂ ਤੇ ਜੀਅ-ਜਾਨ ਨਾਲ ਅਮਲ ਕਰਦੀਆਂ ਹੁੰਦੀਆਂ ਤਾਂ ਪੰਜਾਬ ਅੱਜ ਗੰਭੀਰ ਆਰਥਿਕ, ਸਮਾਜਿਕ, ਰਾਜਨੀਤਕ, ਧਾਰਮਿਕ, ਸਭਿਆਚਾਰਕ ਸੰਕਟ ਵਿਚ ਨਾ ਧੱਸਦਾ। ਹਰ ਮੁਹਾਜ਼ ਤੇ ਨਾ ਨਿਘਰਦਾ, ਇਸ ਦੇ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਨਾ ਹੁੰਦੇ, ਇਸਦੇ ਨੌਜਵਾਨ ਅੱਤਵਾਦ ਅਤੇ ਨਸ਼ੀਲੇ ਪਦਾਰਥਾਂ ਦਾ ਸ਼ਿਕਾਰ ਨਾ ਬਣਦੇ, ਗੈਂਗਸਟਰਵਾਦੀ ਨਾ ਬਣਦੇ, ਲੱਖਾਂ ਦੀ ਤਦਾਦ ਵਿਚ ਵਿਦੇਸ਼ਾਂ ਵਿਚ ਕੰਮ-ਕਾਜ ਦੀ ਤਲਾਸ਼ ਵਿਚ ਵਹੀਰਾਂ ਨਾ ਘੱਤਦੇ, ਹਜ਼ਾਰਾਂ ਦੀ ਤਦਾਦ ਵਿਚ ਸਨਅਤਾਂ ਅਤੇ ਸਨਅਤਕਾਰ ਪਲਾਇਨ ਨਾ ਕਰਦੇ, ਹਜ਼ਾਰਾਂ ਕਾਰਖ਼ਾਨੇ ਬੰਦ ਕਰਨ ਦੀ ਨੌਬਤ ਨਾ ਆਉਂਦੀ, ਪੰਜਾਬ ਅਸੀਮ ਕਰਜ਼ਿਆਂ, ਵਿਆਜ ਦੇਣਦਾਰੀਆਂ ਦੀਆਂ ਘੁੰਮਣ-ਘੇਰੀਆਂ ਵਿਚ ਨਾ ਫਸਦਾ, ਆਪਣੇ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣ ਲਈ ਅਵਾਜ਼ਾਰ, ਡੀ.ਏ. ਦੀਆਂ ਕਿਸ਼ਤਾਂ ਰੋਕਣ, ਵਿਕਾਸ ਫੰਡਾਂ ਦੀ ਫਾਈਲਾਂ ਰੋਕਣ, ਅਮਨ-ਕਾਨੂੰਨ ਦੀ ਵਿਗੜਦੀ ਸਥਿੱਤੀ ਦਾ ਸ਼ਿਕਾਰ ਬਣਨ, ਭ੍ਰਿਸ਼ਟਾਚਾਰ ਅਤੇ ਰਾਜਨੀਤਕ ਗੈਰ-ਇਮਾਨਦਾਰੀ ਦਾ ਦੋਸ਼ੀ ਬਣਨ ਲਈ ਮਜਬੂਰ ਨਾ ਹੁੰਦਾ। ਇਸ ਦੇ ਰਾਜ਼ਨੀਤੀਵਾਨਾਂ ਦੇ ਮੱਥੇ ਤੇ ਬੇਈਮਾਨ, ਵਾਅਦਾ-ਖਿਲਾਫੀ, ਭ੍ਰਿਸ਼ਟਾਚਾਰ, ਤਕੱਬਰ ਦੇ ਬਦਨੁਮਾ ਦਾਗ਼ ਨਾ ਉੱਕਰੇ ਹੋਏ ਹੁੰਦੇ।

ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ 16 ਮਾਰਚ, 2017 ਨੂੰ ਰਾਜ ਵਿਚ ਸੱਤਾ ਵਿਚ ਆਈ ਕਾਂਗਰਸ ਸਰਕਾਰ ਜੋ ਆਪਣੇ ਪੰਜ ਸਾਲਾਂ ਦਾ ਕਾਰਜਕਾਲ ਵਿਚੋਂ ਤਿੰਨ ਸਾਲ ਪੂਰੇ ਕਰਨ ਜਾ ਰਹੀ ਹੈ, ਵੱਲੋਂ ਪੰਜਾਬ ਦੇ ਹਰ ਵਰਗ ਦੇ ਲੋਕਾਂ ਨੂੰ ਆਪਣੇ ਚੋਣ ਮੈਨੀਫੈਸਟੋ ਅਨੁਸਾਰ ਵਿਖਾਏ ਸਬਜ਼ਬਾਗੀ ਵਾਅਦੇ ਪੂਰੇ ਕਰਨੋਂ ਇਸ ਕਦਰ ਨਾਕਾਮ ਹੋਈ ਹੈ ਕਿ ਅੱਜ ਪੰਜਾਬ ਦਾ ਹਰ ਵਰਗ ਇਸ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਸੜਕਾਂ 'ਤੇ ਉਤਰਨ ਲਈ ਮਜਬੂਰ ਹੋ ਗਿਆ ਹੈ। ਲੋਕ ਤ੍ਰਾਹੀ-ਤ੍ਰਾਹੀ ਕਰ ਉਠੇ ਹਨ। ਦੇਸ਼ ਅੰਦਰ ਕੇਂਦਰ ਸਰਕਾਰ ਵੱਲੋਂ ਬਣਾਏ ਨਾਗਰਿਕਤਾ ਕਾਨੂੰਨ ਵਿਰੁੱਧ ਕੈਪਟਨ ਸਮੇਤ ਪੂਰੀ ਸਰਕਾਰ ਅਤੇ ਕਾਂਗਰਸ ਪਾਰਟੀ ਨੇ ਲੋਕ ਰੋਹ ਤੋਂ ਬਚਣ ਲਈ ਆਪ ਸੜਕਾਂ ਉਤਰਨ ਦਾ ਜੋ ਡਰਾਮਾ ਰਚਿਆ ਹੈ, ਇਸ ਨਾਲ ਪੰਜਾਬ ਦੇ ਆਰਥਿਕ ਮੰਦਹਾਲੀ, ਬੇਰੋਜ਼ਗਾਰੀ, ਬਦਹਾਲੀ ਨਾਲ ਭੱਜੇ ਲੋਕਾਂ ਨੂੰ ਕੋਈ ਸਰੋਕਾਰ ਨਹੀਂ। ਨਵੇਂ ਸਾਲ-2020 ਵਿਚ ਉਹ ਹਰ ਪੱਧਰ 'ਤੇ ਹਰ ਵਰਗ ਦੇ ਲੋਕ ਨਾਮਬੰਦ ਹੋ ਕੇ ਇਸ ਸਰਕਾਰ ਦਾ ਨੱਕ ਵਿਚ ਦਮਕਰਨ ਲਈ 'ਕਰੋ ਜਾਂ ਮਰੋ' ਦੇ ਨਾਅਰੇ ਹੇਠ ਇਸਦੀਆਂ ਲਗਾਤਾਰ ਵਾਅਦਾ ਖਿਲਾਫੀਆਂ ਦੇ ਜਲੂਸ ਕਢਣਗੇ। ਸੋਸ਼ਲ ਮੀਡੀਆ ਤੇ ਵੱਡੇ ਪੱਧਰ 'ਤੇ ਰੋਜ਼ਾਨਾ ਪ੍ਰਤੀਕ੍ਰਿਆਵਾਂ ਇਹੋ ਸੰਕੇਤ ਦੇ ਰਹੀਆਂ ਹਨ। ਰਾਜ ਵਿਚ ਕਿਸਾਨ, ਮਜ਼ਦੂਰ, ਨੌਜਵਾਨ, ਸਨਅਤਕਾਰ, ਕਾਰੋਬਾਰੀ, ਮੁਲਾਜ਼ਮ ਆਦਿ ਵਰਗ, ਰਾਜਨੀਤਕ ਵਿਰੋਧੀ ਧਿਰਾਂ ਅਤੇ ਬੁੱਧੀਜੀਵੀ ਚਿੰਤਕ ਵਰਗ ਇਸ ਸਰਕਾਰ ਤੋਂ ਜਵਾਬਦੇਹੀ ਲਈ ਲਾਮਬੰਦ ਹੋ ਚੁੱਕੇ ਹਨ। ਹੁਣ ਤਾਂ ਹਾਲਾਤ ਇਸ ਸਰਕਾਰ ਵਿਰੁੱਧ ਏਨੇ ਬੱਦਤਰ ਹੋ ਗਏ ਹਨ ਕਿ ਸਰਕਾਰ ਨਾਲ ਸਬੰਧਿਤ ਵਿਧਾਇਕ, ਸੰਸਦ ਮੈਂਬਰ, ਪਾਰਟੀ ਕਾਰਕੁੰਨ ਅਵਾਜ਼ ਬੁਲੰਦ ਕਰ ਰਹੇ ਹਨ।

**ਆਰਥਿਕ ਸੰਕਟ:** ਰਾਜ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਦੂਸਰਾ ਨੰਬਰ ਵਾਅਦਾ ਖਿਲਾਫੀ, ਆਰਥਿਕ ਅਤੇ ਗੰਭੀਰ ਵਿੱਤੀ ਸੰਕਟ ਲਈ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਆਉਂਦਾ ਹੈ ਜਿੰਨਾਂ ਨੂੰ ਤੱਤਕਾਲੀ ਕੇਂਦਰੀ ਵਿੱਤ ਮੰਤਰੀ ਸ਼੍ਰੀ ਪ੍ਰਣਾਬ ਮੁਖਰਜੀ ਨਾਲ ਸਾਂਠ-ਸਾਂਠ ਕਰਕੇ ਗੰਭੀਰ ਵਿੱਤੀ ਸਮੱਸਿਆਵਾਂ ਖੜ੍ਹੀਆਂ ਕਰਨ ਕਰਕੇ ਸਾਬਕਾ ਅਕਾਲੀ-ਭਾਜਪਾ ਗਠਜੋੜ ਦੀ ਸ. ਪ੍ਰਕਾਸ਼ ਸਿੰਘ ਬਾਦਲ ਸਰਕਾਰ ਵਿਚੋਂ ਵਿੱਤ ਮੰਤਰੀ ਵੱਜੋਂ ਬਰਖਾਸਤ ਕਰ ਦਿਤਾ ਸੀ ਭਾਵੇਂ ਉਹ ਮੁੱਖ ਮੰਤਰੀ ਦੇ ਸੱਕੇ ਭਤੀਜੇ ਸਨ। ਇਸ ਵਿਅਕਤੀ ਨੂੰ ਕੈਪਟਨ ਸਰਕਾਰ ਵਿਚ ਵਿੱਤ ਮੰਤਰੀ ਬਣਾ ਕੇ ਕੈਪਟਨ ਸਾਹਿਬ ਅਤੇ ਕਾਂਗਰਸ ਪਾਰਟੀ ਨੇ ਵੱਡੀ ਭੁੱਲੀ ਕੀਤੀ। ਇਸ ਨੇ ਕਾਂਗਰਸ ਪਾਰਟੀ, ਮੁੱਖ ਮੰਤਰੀ ਅਤੇ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਦੋ ਸਾਲ ਵਿਚ ਵਿੱਤ ਮੰਤਰਾਲੇ ਨੂੰ ਕੈਪਟਨ ਸਰਕਾਰ ਦੇ ਮੱਥੇ ਦਾ ਚੰਨ ਬਣਾ ਦੇਵੇਗਾ ਪਰ ਹਾਲਤ ਇਹ ਹੈ ਕਿ ਉਲਟਾ ਇਹ ਮੰਤਰਾਲਾ ਇਸ ਨੇ 'ਮੱਥੇ ਦਾ ਕਲੰਕ ਬਣਾ ਦਿਤਾ ਹੈ। ਬਠਿੰਡਾ ਸ਼ਹਿਰੀਆਂ ਅਤੇ ਥਰਮਲ ਪਲਾਂਟ ਮੁਲਾਜ਼ਮਾਂ ਨੂੰ ਵਾਅਦਾ ਕੀਤਾ ਸੀ ਕਿ ਥਰਮਲ ਦੀਆਂ ਚਿਮਨੀਆਂ ਬੰਦ ਨਹੀਂ ਹੋਣ ਦੇਵਾਂਗਾ, ਉਲਟਾ ਮੂਲਾਜ਼ਮ ਕੱਢ ਦਿਤੇ ਜਾਂ ਹੋਰ ਥਾਈਂ ਭੇਜ ਦਿਤੇ। ਥਰਮਲ ਪਲਾਂਟ ਠੱਪ। ਇਸੇ ਕਰਕੇ ਰਾਜਾ ਵੜਿੰਗ ਨੇ ਮੰਗ ਕੀਤੀ ਹੈ ਕਿ 'ਜੋ ਮੰਤਰੀ ਕੰਮ ਨਹੀਂ ਕਰ ਰਿਹਾ, ਬਦਲ ਦਿਉ।'

ਜਿਸ ਰਾਜ ਨੂੰ ਸਲਾਨਾ 33000 ਕਰੋੜ ਕਰਜ਼ਿਆਂ ਦਾ ਵਿਆਜ ਜੋ ਹਰ ਸਾਲ ਵੱਧਦਾ ਹੈ, ਬਜ਼ਾਰ ਵਿਚੋਂ ਉਧਾਰ ਲੈ ਕੇ ਉਤਾਰਨਾ ਪਏ ਉਸ ਨੇ ਰਾਜ ਵਿਚ ਵਿਕਾਸ ਕੀ ਕਰਨੇ ਹਨ? 31000 ਕਰੋੜ ਦਾ ਜੋ ਦੇਸ਼ ਅਕਾਲੀ-ਭਾਜਪਾ ਸਰਕਾਰ ਤੇ ਮੜਿਆ ਜਾ ਰਿਹਾ ਸੀ, ਉਹ ਕਿਸ਼ਤਾਂ ਵਿਚ ਮੋੜਨ ਲਈ ਵਿੱਤ ਮੰਤਰੀ ਦਸਤਖ਼ਤ ਕਰ ਆਏ ਹਨ। ਭਾਵ ਸਹੀ ਦੇਣਦਾਰੀ ਸੀ। 90 ਹਜ਼ਾਰ ਕਰੋੜ ਕਿਸਾਨੀ ਕਰਜ਼ੇ ਵਿਚੋਂ ਜੋ 4700 ਕਰੋੜ ਮੁਆਫ ਕਰਨ ਦੀ ਗਲਤੀ ਕੀਤੀ ਉਹ ਉਨ੍ਹਾਂ ਦੀਆਂ ਜਿਣਸਾਂ ਤੇ ਮੁੜ੍ਹ ਮਾਰਕੀਟ ਫੀਸ ਅਤੇ ਹੋਰ ਫੀਸਾਂ ਠੋਕ ਕੇ ਵਾਪਸ 5800 ਕਰੋੜ ਉਨ੍ਹਾਂ ਤੋਂ ਇਕੱਤਰ ਕਰਨ ਦਾ ਜੁਗਾੜ ਬਣਾ ਲਿਆ। ਨਿਵੇਸ਼ ਕਰਤਾ ਸਨਅਤਕਾਰਾਂ ਨੂੰ 5 ਰੁਪਏ ਯੂਨਿਟ ਬਿਜਲੀ, ਪਹਾੜੀ ਰਾਜਾਂ ਵਾਂਗ ਟੈਕਸ ਹਾਲੀਡੇਅ ਅਤੇ ਸਸਤੀ ਦਰਾਂ ਤੇ ਜ਼ਮੀਨਾਂ ਨਾ ਦੇਣ ਕਰਕੇ ਰਾਜ ਚਿ ਕੋਈ ਸਨਅਤ ਖੋਲ੍ਹਣ ਲਈ ਅੱਗੇ ਨਹੀਂ ਆਇਆ। ਰਾਜ ਅੰਦਰ 2007 ਤੋਂ 14 ਤੱਕ 18770 ਸਨਅਤੀ ਯੂਨਿਟ ਬੰਦ ਹੋ ਗਏ। ਭਾਵ ਸਨਅਤਾਂ ਬੰਦ, ਰੋਜ਼ਗਾਰ ਬੰਦ। ਇੰਨਾਂ ਨੂੰ ਮੁੜ ਚਾਲੂ ਕਰਨ ਦੀ ਵਿੱਤੀ ਸੰਕਟ ਨੇ ਇਜਾਜ਼ਤ ਹੀ ਨਾ ਦਿਤੀ।

**ਘੋਰ ਵਾਅਦਾ ਖਿਲਾਫੀ** : ਕਾਂਗਰਸ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬੀਆਂ ਨਾਲ ਵੋਟਾਂ ਅਤ ਸੱਤਾ ਖ਼ਾਤਰ ਵੱਡੀ ਠੱਗੀ ਮਾਰੀ। ਘਰ-ਘਰ ਨੌਕਰੀ, ਸਰਕਾਰ ਬਣੀ ਨਹੀਂ ਸੀ ਫਾਰਮ ਭਰਵਾਏ, ਕਿਸਾਨੀ ਦਾ ਪੂਰਾ ਕਰਜ਼ਾ ਮੁਆਫ, ਫਸਲਾਂ ਦੀ ਸਹੀ ਕੀਮਤ ਅਦਾਇਗੀ, ਫਸਲੀ ਵਿਭਿੰਨਤਾ, ਨੌਜਵਾਨਾਂ ਨੂੰ ਸਮਾਰਟ ਫੋਨ, ਬਚੀਆਂ ਨੂੰ ਯੂਨੀਵਰਸਿਟੀ ਤੱਕ ਮੁਫਤ ਸਿਖਿਆ, ਬੁਢਾਪਾ ਪੈਨਸ਼ਨ 2 ਹਜ਼ਾਰ ਮਾਸਿਕ, ਨੌਜਵਾਨਾਂ ਨੂੰ ਬੇਰੋਜ਼ਗਾਰੀ ਭੱਤਾ 2500 ਰੁਪਏ ਮਾਸਿਕ, ਦਲਿਤ ਧੀਆਂ ਨੂੰ 51000 ਸ਼ਗਨ ਸਕੀਮ, ਆਟਾ-ਦਾਲ ਨਾਲ ਚਾਹਪਤੀ, ਖੰਡ, ਘੀ, ਬੇਅਦਬੀ ਅਤੇ ਬਰਗਾੜੀ ਕਾਂਡ ਦੇ ਦੋਸ਼ੀ ਪਕੜਨਾ, 4 ਹਫ਼ਤੇ 'ਚ ਨਸ਼ੇ ਬੰਦ ਕਰਨਾ, ਲੈਂਡ, ਸੈਂਡ, ਬਜਰੀ, ਟਰਾਂਸਪੋਰਟ, ਕੇਬਲ, ਸ਼ਰਾਬ ਮਾਫੀਏ ਖ਼ਤਮ ਕਰਨ, ਮੁਲਾਜ਼ਮਾਂ ਨੂੰ 7ਵਾਂ ਪੇਅ ਕਮਿਸ਼ਨ, ਕੱਚਿਆਂ ਨੂੰ ਪੱਕੇ ਕਰਨਾ, ਠੇਕੇ ਦੀ ਥਾਂ ਰੈਗੂਲਰ ਭਰਤੀ ਕਰਨਾ, ਬੇਘਰਿਆਂ ਨੂੰ ਮਕਾਨ ਉਸਾਰ ਕੇ ਦੇਣਾ ਅਤੇ ਹੋਰ ਅਨੇਕਾਂ ਸਭ ਠੁੱਸ। ਰੋਜ਼ਗਾਰ ਮੇਲੇ ਪ੍ਰਾਪਤੀ ਬਿਲਕੁਲ ਨਿਗੂਣੀ। ਸੰਨਤੀ ਨਿਵੇਸ ਇਕੱਠ ਮੁਹਾਲੀ ਵਿਚ ਜੋ ਮੁੱਖ ਮੰਤਰੀ ਕਹਿੰਦਾ ਹੈ ਕਿ ਪਾਕਿਸਤਾਨ ਕੋਈ ਹਰਕਤ ਕਰ ਸਕਦਾ ਹੈ ਸੋ ਪੰਜਾਬ ਦੇ ਨੌਜਵਾਨਾ ਨੂੰ ਵਧ ਤੋਂ ਵਧ ਫੌਜ ਵਿਚ ਭਰਤੀ ਹੋਣਾ ਚਾਹੀਦਾ ਹੈ। ਜਿਸ ਪ੍ਰਦੇਸ਼ ਵਿਚ ਗੁਆਂਢੀ ਰਾਜ ਦੇ ਹਮਲੇ ਦੇ ਡਰ ਬਾਰੇ ਮੁੱਖ ਮੰਤਰੀ ਸੰਨਤੀ ਨਿਵੇਸਕਾਰਾਂ ਨੂੰ ਦਰਸਾਉਂਦਾ ਹੋਵੇ ਉਥੇ ਕੋਣ ਨਿਵੇਸ ਕਰੇਗਾ।

**ਕੇਂਦਰ ਰਿਪੋਰਟਾਂ** : ਕੇਂਦਰੀ ਗ੍ਰਹਿ ਮੰਤਰਾਲਾ ਰਿਪੋਰਟ ਅਨੁਸਾਰ ਪੰਜਾਬ ਦੀ ਧਰਤੀ ਨਸ਼ੇ ਦਾ ਸਮੁੰਦਰ ਬਣ ਗਈ ਹੈ। ਸੰਨ 2015 ਤੋਂ 18 ਤੱਕ 46909 ਨਸ਼ੇ ਦੇ ਤਸਕਰ ਪਕੜੇ। 2017-18 ਵਿਚ ਵੱਡੀ ਪੱਧਰ ਤੇ ਗਾਂਜਾ, ਅਫੀਮ, ਹੈਰੋਇਨ, ਚੂਰਾ, ਤੁੱਕੀ ਨਸ਼ੀਲੇ ਕੈਪਸੂਲ ਪਕੜੇ। ਇਸਦੀ 553 ਕਿਲੋਮੀਟਰ ਸਰਹੱਦ ਤੇ ਹੁੰਦੀ ਨਸ਼ੀਲੇ ਪਦਾਰਥਾਂ ਦੀ ਤਸਕਰੀ 12 ਘੰਟੇ ਵਿਚ ਦਿੱਲੀ ਪੁੱਜ ਜਾਂਦੀ ਹੈ।

**ਖੇਤੀ ਵਿਕਾਸ ਠੁੱਸ** : 2005-06 ਵਿਚ ਖੇਤੀ ਵਿਕਾਸ ਦਰ 0.95 ਪ੍ਰਤੀਸ਼ਤ ਤੋਂ 2014-15 'ਚ- 3.4 ਪ੍ਰਤੀਸ਼ਤ ਪੁੱਜ ਗਈ। ਸੰਨ 2000 'ਚ ਪ੍ਰਤੀ ਜੀਅ ਆਮਦਨ 'ਚ ਦੇਸ਼ ਵਿਚ 4 ਸਥਾਨ ਸੀ ਜੋ ਹੁਣ 15 ਵਾਂ ਹੈ। ਵਧੀਆ ਸਰਕਾਰ ਦੇਣ ਵਿਚ 13ਵਾਂ ਸਥਾਨ ਹੈ। ਕੇਂਦਰੀ ਵਿਦਿਆ ਸਬੰਧੀ ਰਿਪੋਰਟ ਅਨੁਸਾਰ ਪੰਜਾਬ ਫਾਡੀ ਰਿਹਾ। 'ਇਜ਼ ਆਫ ਡੂਇੰਗ ਬਿਜਨਸ' ਵਿਚ ਹਰਿਆਣਾ ਤੀਸਰੇ ਜਦਕਿ ਪੰਜਾਬ 20ਵੇਂ ਸਥਾਨ ਤੇ ਹੈ।

ਸੋ ਸਲਾਨਾ ਇੱਕ ਲੱਖ ਤੋਂ ਵਧ ਨੌਜਵਾਨ ਵਿਦੇਸ਼ੀ ਜਾ ਰਿਹਾ। ਰਾਜ ਦਾ ਅਰਬਾਂ ਰੁਪਇਆ ਵਿਦੇਸ਼ਾਂ ਵਿਚ ਪੜ੍ਹਾਈ ਅਤੇ ਕਾਰੋਬਾਰ ਲਈ ਜਾ ਰਿਹਾ। ਇਸ ਹੁੰਨਰ ਅਤੇ ਨੌਜਵਾਨ ਸ਼ਕਤੀ ਦੇ ਨਿਕਾਸ ਨੂੰ ਕੇਂਦਰ ਅਤੇ ਪੰਜਾਬ ਸਰਕਾਰਾਂ ਨੇ ਰੋਕਣ ਲਈ ਕੁੱਝ ਨਹੀਂ ਕੀਤਾ। ਅੱਜ ਪੰਜਾਬ ਵਿੱਤੀ, ਆਰਥਿਕ, ਹੁੰਨਰ, ਨੌਜਵਾਨ ਸ਼ਕਤੀ ਪੱਖੋਂ ਖੋਖਲਾ ਹੋ ਗਿਆ ਹੈ। ਕੈਪਟਨ ਮੁਹੰਮਦ ਤੁਗਲਕੀ ਫਰਮਾਨਾਂ ਵਾਂਗ ਨਰਾਜ਼ ਵਿਧਾਇਕਾਂ ਨੂੰ ਸਲਾਹਕਾਰੀ ਵਜ਼ੀਰੀਆਂ, ਚੇਅਰਮੈਨੀਆਂ, ਕਾਂਗਰਸੀ ਕਾਰਕੁੰਨਾਂ ਨੂੰ ਸਰਕਾਰੀ, ਅਰਧ ਸਰਕਾਰੀ ਅਦਾਰਿਆਂ ਵਿਚ ਨਿਯੁੱਕਤੀ ਦੇ ਕੇ ਪਾਰਟੀ ਅੰਦਰੂਨੀ ਵਿਰੋਧ ਠੱਪਣ ਵਿਚ ਮਸਰੂਫ ਹੈ।

ਪੰਜਾਬ ਦੇ ਦੋ ਕਾਂਗਰਸ ਮੁੱਖ ਮੰਤਰੀਆਂ ਤੇ ਰੰਗੀਨ ਮਿਜ਼ਾਜ਼ੀ ਦੇ ਦੋਸ਼ ਲਗਦੇ ਰਹੇ। ਪਹਿਲੇ ਸਨ ਗਿਆਨੀ ਜ਼ੈਲ ਸਿੰਘ ਜਿਸਦੇ ਮਲੇਰਕੋਟਲਾ ਸਥਿੱਤ ਵਿਧਾਇਕਾ ਸਾਜਿਦਾ ਬੇਗਮ ਨਾਲ ਨੇੜਲੇ ਸਬੰਧ ਸਨ ਪਰ ਉਨ੍ਹਾਂ ਨੇ ਇੰਨਾਂ ਨੂੰ ਰਾਜ ਧਰਮ ਦੀ ਲਛਮਣ ਰੇਖਾ ਨਹੀਂ ਪਾਰ ਕਰਨ ਦਿਤੀ ਸੀ। ਦੂਸਰੇ ਹਨ ਕੈਪਟਨ ਸਾਹਿਬ ਜਿੰਨਾਂ ਦੇ ਪਾਕਿਸਤਾਨੀ ਔਰਤ ਅਰੂਸਾ ਨਾਲ ਸਬੰਧ ਹਨ ਜਿੰਨਾਂ ਨੇ ਰਾਜ ਧਰਮ ਦੀ ਲਛਮਣ ਰੇਖਾ ਪਾਰ ਕਰਨ ਕਰਕੇ ਪੰਜਾਬ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਸ਼ੋਸ਼ਲ ਮੀਡੀਆ ਵਿਚ ਇਹ ਸਬੰਧ ਜਿਸ ਕਦਰ ਵਾਇਰਲ ਹੋ ਰਹੇ ਹਨ ਉਹ ਪੰਜਾਬ ਤੇ ਕਾਂਗਰਸ ਪਾਰਟੀ ਲਈ ਨਮੋਸ਼ੀ ਦਾ ਕਾਰਨ ਬਣੇ ਪਏ ਹਨ।

ਕੈਪਟਨ ਸਾਹਿਬ ਕਾਗਰਸ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨਾਲ ਯੂ.ਪੀ. ਪੁਲਸ ਵਲੋਂ ਜ਼ਿਆਦਤੀ ਕਰਨ ਤੇ ਲੋਹਾ ਲਾਖਾ ਹੁੰਦੇ ਵੇਖੇ ਗਏ ਹਨ ਪਰ ਇੰਨਾਂ ਦੀ ਪੁਲਸ ਅਤੇ ਪ੍ਰਸਾਸਨ ਜਿਵੇਂ ਪੰਜਾਬ ਦੇ ਵੱਖ-ਵੱਖ ਵਰਗਾਂ ਦੀਆਂ ਨੌਕਰੀਆਂ ਮੰਗ ਰਹੀਆਂ ਧੀਆ ਨਾਲ ਜਿਵੇਂ ਕੁੱਟ ਮਾਰ ਕਰਨ, ਗੁੱਤਾਂ ਤੋਂ ਫੜ ਘਸੀਟਣ, ਮੰਤਰੀਆਂ ਵੱਲੋਂ ਬਦਸਲੂਕੀ ਰੋਜ਼ਾਨਾ ਸ਼ਰਮਨਾਕ ਕਰਤੂਤਾਂ ਕਰਦੇ ਹਨ ਕਦੇ ਇਸ ਤੇ ਲੋਹਾ ਲਾਖਾ ਨਹੀਂ ਹੁੰਦੇ ਵੇਖੇ ਗਏ। ਅਖੇ! ਹਾਥੀ ਨੇ ਦਾਂਤ ਖਾਨ ਕੇ ਔਰ ਦਿਖਾਨੇ ਕੇ ਔਰ। ਰਾਜ 'ਚ ਹਰ ਸਾਲ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਲਈ 5764 ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਹੁੰਦੇ ਹਨ।

ਸੋ ਨਵੇਂ ਸਾਲ ਵਿਚ ਰਾਜ ਵਿਚ ਹਰ ਵਰਗ ਦੇ ਲੋਕ ਵੱਖ-ਵੱਖ ਪਲੇਟ ਫਾਰਮਾਂ ਤੇ ਲਾਮਬੰਦ ਹੋ ਕੇ ਕੈਪਟਨ ਅਮਰਿੰਦਰ ਸਰਕਾਰ ਤੋਂ ਵਾਅਦਾ ਖਿਲਾਫੀਆਂ ਦਾ ਹਿਸਾਬ ਮੰਗਣਗੇ। ਇਵੇਂ ਹੀ ਵੱਖ-ਵੱਖ ਰਾਜਨੀਤਕ ਦਲ ਵੀ ਸੰਘਰਸ਼ ਵਿੱਢਣਗੇ। ਐਸੀ ਸਥਿੱਤੀ ਵਿਚ ਕੈਪਟਨ ਸਾਹਿਬ ਨੂੰ ਕਾਂਗਰਸ ਹਾਈਕਮਾਨ ਸੱਤਾ ਤੋਂ ਲਾਂਭੇ ਕਰਕੇ ਕਿਸੇ ਨੌਜਵਾਨ ਕਾਂਗਰਸ ਆਗੂ ਨੂੰ ਅੱਗੇ ਲਿਆ ਸਕਦੀ ਹੈ। ਰਾਜ ਅੰਦਰ ਕਾਂਗਰਸ ਸਰਕਾਰ, ਨੀਤੀਆਂ, ਨੀਯਤ : ਵਿਚ ਵੱਡੀ ਉਥਲ-ਪੁਥਲ ਰਾਹੀਂ ਹਾਈ ਕਮਾਨ ਜਨਤਕ ਰੋਹ ਰਹਿੰਦੇ ਕਾਰਜਕਾਲ ਤੱਕ ਠੱਲਣ ਦਾ ਯਤਨ ਕਰ ਸਕਦੀ ਹੈ।

**ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ**



# ਕਾਰਲ ਮਾਰਕਸ ਦੇ ਇਨਕਲਾਬੀ ਵਿਚਾਰ, ਜਿਨ੍ਹਾਂ ਸਾਡੀ ਜ਼ਿੰਦਗੀ ਬਦਲੀ



ਕੀ ਤੁਹਾਨੂੰ ਹਫ਼ਤੇ 'ਦੇ ਅਖ਼ੀਰ 'ਚ ਛੁੱਟੀਆਂ 'ਤੇ ਜਾਣਾ ਪਸੰਦ ਹੈ? ਸੜਕਾਂ 'ਤੇ ਗੱਡੀ ਭਜਾਉਣਾ ਜਾਂ ਜਨਤਕ ਲਾਇਬ੍ਰੇਰੀ ਵਿੱਚ ਜਾਣਾ ਕਿਵੇਂ ਲੱਗਦਾ ਹੈ?

ਕੀ ਤੁਸੀਂ ਵੀ ਉਨ੍ਹਾਂ ਲੋਕਾਂ ਵਿੱਚੋਂ ਹੋ ਜੋ ਚਾਹੁੰਦੇ ਹਨ ਕਿ ਅਨਿਆਂ, ਗੈਰ-ਬਰਾਬਰੀ ਅਤੇ ਸ਼ੋਸ਼ਣ ਦਾ ਖਾਤਮਾ ਹੋਣਾ ਚਾਹੀਦਾ ਹੈ?

ਜੇ ਤੁਹਾਨੂੰ ਲੱਗਦਾ ਹੈ ਕਿ ਕਾਰਲ ਮਾਰਕਸ ਨੇ ਤੁਹਾਡੇ ਲਈ ਕੁਝ ਨਹੀਂ ਕੀਤਾ ਤਾਂ ਉਨ੍ਹਾਂ ਦੇ ਜਨਮ ਦਿਨ 'ਤੇ ਤੁਹਾਨੂੰ ਆਪਣੀ ਸੋਚ 'ਤੇ ਦੁਬਾਰਾ ਵਿਚਾਰ ਕਰਨਾ ਚਾਹੀਦਾ ਹੈ।

20ਵੀਂ ਸਦੀ ਦੇ ਇਤਿਹਾਸ ਦੇ ਜਾਣਕਾਰਾਂ ਨੂੰ ਪਤਾ ਹੈ ਕਿ ਮਾਰਕਸਵਾਦ ਦੀ ਇਨਕਲਾਬੀ ਸਿਆਸਤ ਦਾ ਬਦਲ ਦੇਣਾ ਕੋਈ ਸੌਖਾ ਕੰਮ ਨਹੀਂ ਹੈ।

ਉਨ੍ਹਾਂ ਦੇ ਵਿਚਾਰ ਸਮਾਜਿਕ ਇੰਜੀਨੀਅਰਿੰਗ ਲਈ ਇੱਕ ਪ੍ਰੇਰਨਾ ਰਹੇ ਹਨ। ਹਾਲਾਂਕਿ ਕਈ ਵਾਰ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਨ ਦੇ ਭਿਆਨਕ ਨਤੀਜੇ ਵੀ ਨਿਕਲੇ ਹਨ।

ਉਨ੍ਹਾਂ ਦੇ ਸਿਧਾਂਤਾਂ ਨੂੰ ਟੋਟਲਟੇਰੀਅਨਵਾਦ, ਆਜ਼ਾਦੀ ਦੀ ਕਮੀ ਅਤੇ ਕਤਲੇਆਮ ਨਾਲ ਜੋੜ ਦਿੱਤਾ ਗਿਆ। ਉਸ ਮਗਰੋਂ ਇਹ ਹੈਰਾਨੀਜਨਕ ਨਹੀਂ ਹੈ ਕਿ ਉਨ੍ਹਾਂ ਦੇ ਨਾਂ 'ਤੇ ਦੁਨੀਆਂ ਧੜਿਆਂ 'ਚ ਵੰਡੀ ਜਾਂਦੀ ਹੈ।

ਮੀਡੀਆ ਪਲੇਬੈਕ ਤੁਹਾਡੀ ਡਿਵਾਈਸ 'ਤੇ ਸਪੋਰਟ ਨਹੀਂ ਕਰਦਾ

**ਕਾਰਲ ਮਾਰਕਸ:** ਕਿਹੜੀਆਂ ਭਵਿੱਖਬਾਣੀਆਂ ਨਿਕਲੀਆਂ ਸੱਚ?



**ਕਾਰਲ ਮਾਰਕਸ:** ਕਿਹੜੀਆਂ ਭਵਿੱਖਬਾਣੀਆਂ ਨਿਕਲੀਆਂ ਸੱਚ?

ਇਸ ਦੇ ਬਾਵਜੂਦ ਕਾਰਲ ਮਾਰਕਸ ਦਾ ਇੱਕ ਨੇਕ ਇਨਸਾਨ ਵਾਲਾ ਅਕਸ ਵੀ ਹੈ, ਜਿਸ ਨੇ ਦੁਨੀਆਂ ਦੀ ਬਿਹਤਰੀ ਵਿੱਚ ਅਹਿਮ ਦੇਣ ਦਿੱਤੀ ਹੈ।

ਕਾਰਲ ਮਾਰਕਸ ਦੇ ਉਹ ਪੰਜ ਇਨਕਲਾਬੀ ਵਿਚਾਰ ਜੋ ਪੂਰੀ ਦੁਨੀਆਂ ਵਿਚ ਜਿਉਂਦੇ ਹਨ।

1. ਉਹ ਚਾਹੁੰਦੇ ਸਨ ਕਿ ਬੱਚੇ ਕੰਮ 'ਤੇ ਨਹੀਂ ਸਗੋਂ ਸਕੂਲ ਜਾਣ ਇਹ ਹੁਣ ਇੱਕ ਆਮ ਗੱਲ ਹੈ ਜੋ ਹਰ ਕੋਈ ਕਰਦਾ ਹੈ ਪਰ ਸਾਲ 1848 ਜਦੋਂ ਮਾਰਕਸ ਕਮਿਊਨਿਸਟ ਮੈਨੀਫੈਸਟੋ ਲਿਖ ਰਹੇ ਸਨ ਤਾਂ ਬਾਲ ਮਜ਼ਦੂਰੀ ਬਹੁਤ ਆਮ ਸੀ।

ਕੌਮਾਂਤਰੀ ਮਜਦੂਰੀ ਸੰਗਠਨ ਦੇ ਅੰਕੜਿਆਂ (2016) ਮੁਤਾਬਕ ਹਾਲੇ ਵੀ ਦਸਾਂ ਵਿੱਚੋਂ ਇੱਕ ਬੱਚਾ ਬਾਲ ਮਜ਼ਦੂਰੀ ਕਰਦਾ ਹੈ।

ਜੇ ਹੁਣ ਬਹੁਤ ਸਾਰੇ ਬੱਚੇ ਕਿਸੇ ਫੈਕਟਰੀ ਵਿੱਚ ਜਾਣ ਦੀ ਥਾਂ ਸਕੂਲ ਜਾਂਦੇ ਹਨ ਤਾਂ ਇਸ ਦਾ ਸਿਹਰਾ ਕਾਫ਼ੀ ਹੱਦ ਤੱਕ ਕਾਰਲ ਮਾਰਕਸ ਨੂੰ ਹੀ ਜਾਂਦਾ ਹੈ।

'ਦਿ ਗਰੇਟ ਇਕੋਨੋਮਿਸਟਸ? ਹਾਓ ਦਿਅਰ ਆਈਡੀਆਜ਼ ਹੈਲਪ ਅਸ ਟੂਡੇ' ਦੀ ਲੇਖਿਕਾ ਲਿੰਡਾ ਯੂਹੇ ਦਾ ਕਹਿਣਾ ਹੈ, "ਮਾਰਕਸ ਅਤੇ ਏਂਜਲਜ਼ ਦੇ 1948 ਦੇ ਕਮਿਊਨਿਸਟ ਮੈਨੀਫੈਸਟੋ ਦੇ ਦਸ ਨੁਕਤਿਆਂ ਵਿੱਚੋਂ ਇੱਕ, ਸਰਕਾਰੀ ਸਕੂਲਾਂ ਵਿੱਚ ਸਾਰੇ ਬੱਚਿਆਂ ਲਈ ਮੁਫਤ ਸਿੱਖਿਆ ਅਤੇ ਕਾਰਖਾਨਿਆਂ ਵਿੱਚੋਂ ਬਾਲ ਮਜਦੂਰੀ ਦਾ ਖ਼ਾਤਮਾ ਸੀ।"

**ਰੂਸ ਨੇ ਹਥੌੜੇ ਅਤੇ ਦਾਤੀ ਨੂੰ ਕਿਉਂ ਬਣਾਇਆ ਕੌਮੀ ਚਿੰਨ੍ਹ?**

ਯੂਹੇ ਦਾ ਕਹਿਣਾ ਹੈ, "ਮਾਰਕਸ ਅਤੇ ਏਂਜਲਜ਼ ਬੱਚਿਆਂ ਦੇ ਹੱਕਾਂ ਦੀ ਵਕਾਲਤ ਕਰਨ ਵਾਲੇ ਪਹਿਲੇ ਨਹੀਂ ਸਨ ਪਰ



ਮਾਰਕਸਵਾਦ ਨੇ 19ਵੀਂ ਸਦੀ ਵਿੱਚ ਉਠਾਈਆਂ ਜਾ ਰਹੀਆਂ ਆਵਾਜ਼ਾਂ ਨੂੰ ਉਸ ਸਮੇਂ ਤਾਕਤ ਦਿੱਤੀ ਜਦੋਂ ਬੱਚਿਆਂ ਦੀ ਸਿੱਖਿਆ ਲਾਜ਼ਮੀ ਕੀਤੀ ਜਾ ਰਹੀ ਸੀ ਅਤੇ ਛੋਟੇ ਬੱਚਿਆਂ ਨੂੰ ਕਾਰਖਾਨਿਆਂ ਵਿੱਚ ਜਾਣ ਦੀ ਇਜਾਜ਼ਤ ਨਹੀਂ ਸੀ।"

2. ਉਹ ਚਾਹੁੰਦੇ ਸਨ ਕਿ ਤੁਹਾਡੇ ਕੋਲ ਫੁਰਸਤ ਹੋਵੇ ਅਤੇ ਫੈਸਲਾ ਕਰੋਂ ਕਿ ਇਹ ਸਮਾਂ ਕਿਵੇਂ ਬਿਤਾਉਣਾ ਹੈ

ਕੀ ਤੁਹਾਨੂੰ ਹੁਣ ਦਿਨ ਦੇ 24 ਘੰਟੇ ਅਤੇ ਸੱਤੇ ਦਿਨ ਕੰਮ ਨਾ ਕਰਨਾ ਵਧੀਆ ਲੱਗਦਾ ਹੈ? ਖਾਣੇ ਦੀ ਛੁੱਟੀ ਬਾਰੇ ਕੀ ਖਿਆਲ ਹੈ? ਕੀ ਤੁਸੀਂ ਸੇਵਾ ਮੁਕਤ ਹੋ ਕੇ ਬੁਢਾਪੇ ਵਿੱਚ ਪੈਨਸ਼ਨ ਵੀ ਲੈਣੀ ਚਾਹੁੰਦੇ ਹੋ?

ਜੇ ਇਨ੍ਹਾਂ ਵਿੱਚੋਂ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਸੀ ਕਾਰਲ ਮਾਰਕਸ ਦਾ ਸ਼ੁਕਰੀਆ ਕਰ ਸਕਦੇ ਹੋ।

ਲੰਡਨ ਸਕੂਲ ਆਫ਼ ਇਕਨਾਮਿਕਸ ਦੇ ਪ੍ਰੋਫੈਸਰ ਮਾਈਕ ਸਾਵੇਜ ਦਾ ਕਹਿਣਾ ਹੈ, "ਜਦੋਂ ਤੁਹਾਨੂੰ ਤੋਂ ਲੰਮੇ ਸਮੇਂ ਲਈ ਕੰਮ ਕਰਨ ਲਈ ਮਜਬੂਰ ਕੀਤੀ ਜਾਂਦਾ ਹੈ ਤਾਂ ਉਹ ਸਮਾਂ ਤੁਹਾਡਾ ਨਹੀਂ ਹੁੰਦਾ, ਤੁਸੀਂ ਆਪਣੇ ਜੀਵਨ ਦੀਆਂ ਸਾਰੀਆਂ ਜ਼ਿਮੇਵਾਰੀਆਂ ਨਹੀਂ ਨਿਭਾ ਸਕਦੇ।

ਮਾਰਕਸ ਨੇ ਲਿਖਿਆ ਕਿ ਕਿਵੇਂ ਇੱਕ ਪੂੰਜੀਵਾਦੀ ਸਮਾਜ ਵਿੱਚ ਬਹੁਤੇ ਲੋਕਾਂ ਨੂੰ ਜਿਉਣ ਲਈ ਪੈਸੇ ਦੇ ਬਦਲੇ ਆਪਣੀ ਮਜ਼ਦੂਰੀ ਵੇਚਣੀ ਪੈਂਦੀ ਹੈ।

ਅਕਸਰ ਇਹ ਇੱਕ ਗੈਰ-ਬਰਾਬਰੀ ਵਾਲਾ ਵਟਾਂਦਰਾ ਹੁੰਦਾ ਸੀ। ਜਿਸ ਕਰਕੇ ਮਾਰਕਸ ਮੁਤਾਬਕ ਵਿਅਕਤੀ ਦਾ ਸ਼ੋਸ਼ਣ ਅਤੇ ਇਕੱਲਾਪਣ ਹੁੰਦਾ ਸੀ। ਜਿਸ ਕਰਕੇ ਵਿਅਕਤੀ ਨੂੰ ਲੱਗਦਾ ਸੀ ਕਿ ਉਹ ਆਪਣੀ ਬੁਨਿਆਦੀ ਇਨਸਾਨੀਅਤ ਨਾਲੋਂ ਟੁੱਟ ਗਏ ਹਨ।

ਮਾਰਕਸ ਆਪਣੇ ਕਾਮੇ ਸਾਥੀਆਂ ਲਈ ਹੋਰ ਹੱਕ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਅਸੀਂ ਸਾਰੇ ਆਜ਼ਾਦ, ਰਚਨਾਤਮਿਕ ਅਤੇ ਸਭ ਤੋਂ ਉੱਪਰ ਆਪਣੇ ਸਮੇਂ ਦੇ ਆਪ ਸਵਾਮੀ ਹੋਣ।

ਸਾਵੇਜ ਦਾ ਕਹਿਣਾ ਹੈ, "ਬੁਨਿਆਦੀ ਤੌਰ 'ਤੇ ਮਾਰਕਸ ਦਾ ਕਹਿਣਾ ਹੈ ਕਿ ਸਾਨੂੰ ਨਿਕੰਮੀ ਜਿੰਦਗੀ ਨਹੀਂ ਜਿਉਂਣੀ ਚਾਹੀਦੀ। ਅਜਿਹੀ ਜ਼ਿੰਦਗੀ ਜਿੱਥੇ ਸਾਡੇ ਕੋਲ ਕੁਝ ਨਾ ਖ਼ੁਦਮੁਖ਼ਤਿਆਰੀ ਹੋਵੇ। ਅਜਿਹੀ ਜ਼ਿੰਦਗੀ ਜਿੱਥੇ ਅਸੀਂ ਫੈਸਲਾ ਕਰੀਏ ਕਿ ਅਸੀਂ ਆਪਣੀ ਜ਼ਿੰਦਗੀ ਕਿਵੇਂ ਜਿਉਣੀ ਹੈ। ਅੱਜ ਕੱਲ ਇਹ ਇੱਕ ਅਜਿਹਾ ਆਦਰਸ਼ ਹੈ ਜਿਸ ਨਾਲ ਬਹੁਤ ਸਾਰੇ ਸਹਿਮਤ ਹਨ।"

"ਮਾਰਕਸ ਦੀ ਇੱਕ ਪ੍ਰਸਿੱਧ ਕਹਾਵਤ ਸੀ, ਜਿੱਥੇ ਅਸੀਂ ਸਵੇਰੇ ਸ਼ਿਕਾਰ ਕਰ ਸਕੀਏ, ਦੁਪਹਿਰੇ ਮੱਛੀ ਫੜ ਸਕੀਏ, ਸ਼ਾਮ ਨੂੰ ਪਸ਼ੂ ਪਾਲੀਏ ਅਤੇ ਰਾਤ ਦੇ ਖਾਣੇ ਮਗਰੋਂ ਆਲੋਚਨਾ ਕਰ ਸਕੀਏ।" ਉਨ੍ਹਾਂ ਕਿਹਾ ਕਿ ਮਾਰਕਸ ਆਜ਼ਾਦੀ ਅਤੇ ਮੁਕਤੀ ਦੇ ਹਾਮੀ ਸਨ। ਚਾਹੁੰਦੇ ਸਨ ਕਿ ਕਿ ਵਿਅਕਤੀਆਂ ਦੇ ਅੱਲਗ-ਥਲੱਗ ਰਹਿ ਜਾਣ ਖਿਲਾਫ ਸੰਘਰਸ਼ ਕੀਤਾ ਜਾਵੇ।

3. ਉਹ ਚਾਹੁੰਦੇ ਸਨ ਕਿ ਤੁਸੀਂ ਆਪਣੇ ਕੰਮ ਤੋਂ ਖ਼ੁਸ਼ ਹੋਵੋ

ਜੇ ਲੋਕ ਆਪਣੀਆਂ ਤਿਆਰ ਕੀਤੀਆਂ ਵਸਤਾਂ ਵਿੱਚੋਂ ਆਪਣੇ-ਆਪ ਨੂੰ ਦੇਖ ਸਕਣ" ਤਾਂ ਕੰਮ ਤੁਹਾਡੀ ਪ੍ਰਸੰਨਤਾ ਦਾ ਇੱਕ ਵਧੀਆ ਸੋਮਾ ਹੋ ਸਕਦਾ ਹੈ।

ਕੰਮ ਸਾਨੂੰ ਰਚਨਾਤਮਿਕ ਅਤੇ ਸਾਡੇ ਬਾਰੇ ਜੋ ਵੀ ਬਿਹਤਰ ਹੈ- ਉਹ ਭਾਵੇਂ ਸਾਡੀ ਇਨਸਾਨੀਅਤ ਹੋਵੇ, ਸਾਡੀ ਬੁੱਧੀ ਹੋਵੇ ਤੇ ਭਾਵੇਂ ਸਾਡੇ ਕੌਸ਼ਲ ਹੋਣ, ਨੂੰ ਸਾਹਮਣੇ ਲਿਆਉਣ ਦਾ ਮੌਕਾ ਦੇਵੇ।

ਇਸ ਦੇ ਉਲਟ ਜੇ ਤੁਹਾਡਾ ਕੰਮ ਨੀਰਸ ਹੈ ਜੋ ਤੁਹਾਡੀ ਸਮਝ ਨੂੰ ਉਤੇਜਿਤ ਨਹੀਂ ਕਰਦਾ ਤਾਂ ਅੰਤ ਵਿੱਚ ਤੁਸੀਂ ਨਿਰਾਸ਼ ਅਤੇ ਤਣਾਅ ਅਤੇ ਇਸ ਤੋਂ ਵੀ ਅਗਾਂਹ ਅਲੱਗ-ਥਲੱਗ ਵੀ ਮਹਿਸੂਸ ਕਰੋਂਗੇ।

ਇਹ ਸਿਲੀਕੋਨ ਵੈਲੀ ਦੇ ਕਿਸੇ ਮੋਟੀਵੇਸ਼ਨ ਗੁਰੂ ਦੇ ਨਹੀਂ ਹਨ ਸਗੋਂ 19ਵੀਂ ਸਦੀ ਦੇ ਇਨਸਾਨ ਦੇ ਸ਼ਬਦ ਹਨ।

ਆਪਣੀ ਸਾਲ 1944 ਵਿੱਚ ਲਿਖੀ ਕਿਤਾਬ ਇਕਨੋਮਿਕਸ ਅਤੇ ਫਿਲੌਸਫਿਕ ਮੈਨੂਸਕਰਿਪਟਸ ਮਾਰਕਸ ਨੇ ਪਹਿਲੀ ਵਾਰ ਕੰਮ ਜਾਂ ਨੌਕਰੀ ਤੋਂ ਮਿਲਣ ਵਾਲੀ ਸੰਤੁਸ਼ਟੀ ਨੂੰ ਪ੍ਰਸੰਨਤਾ ਨਾਲ ਜੋੜਿਆ।

ਉਨ੍ਹਾਂ ਦਾ ਕਹਿਣਾ ਹੈ ਕਿ ਜੇ ਅਸੀਂ ਬਹੁਤਾ ਸਮਾਂ ਕੰਮ ਵਿੱਚ ਬਿਤਾਉਂਦੇ ਹਾਂ ਤਾਂ ਸਾਨੂੰ ਇਸ ਵਿੱਚੋਂ ਕੁਝ ਖੁਸ਼ੀ ਵੀ ਮਿਲਣੀ ਚਾਹੀਦੀ ਹੈ।

ਉਨ੍ਹਾਂ ਦਾ ਮੰਨਣਾ ਸੀ ਕਿ ਆਪਣੀ ਸਿਰਜਣਾ ਵਿੱਚੋਂ ਖੂਬਸੂਰਤੀ ਤਲਾਸ਼ਣਾ ਅਤੇ ਆਪਣੇ ਉਤਪਾਦ 'ਤੇ ਮਾਣ ਕਰਨ ਨਾਲ ਤੁਹਾਨੂੰ ਆਪਣੇ ਕੰਮ ਤੋਂ ਸੰਤੁਸ਼ਟੀ ਮਿਲੇਗੀ ਜੋ ਖ਼ੁਸ਼ ਰਹਿਣ ਲਈ ਜਰੂਰੀ ਹੈ।

ਮਾਰਕਸ ਨੇ ਦੇਖਿਆ ਕਿ ਕਿਵੇਂ ਪੂੰਜੀਵਾਦ ਨੇ ਆਪਣੀ ਗਤੀ, ਉਤਪਾਦਨ ਅਤੇ ਮੁਨਾਫਾ ਵਧਾਉਣ ਦੀ ਧੁੰਨ ਵਿੱਚ ਕੰਮ ਨੂੰ ਇੱਕ ਖਾਸ ਸਾਂਚੇ ਵਿੱਚ ਢਾਲ ਦਿੱਤਾ ਹੈ। ਜਿਸ ਕਰਕੇ ਇਹ ਮਾਹਿਰਾਂ ਦੇ ਕਰਨ ਵਾਲਾ ਬਣ ਗਿਆ ਹੈ।

4. ਉਹ ਚਾਹੁੰਦੇ ਸਨ ਕਿ ਲੋਕ ਬਦਲਾਅ ਦੇ ਵਾਹਕ ਬਣਨ

ਜੇ ਤੁਹਾਡੇ ਸਮਾਜ ਵਿੱਚ ਕੁਝ ਬੁਰਾ ਹੋ ਰਿਹਾ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਇਸ ਵਿੱਚ ਅਨਿਆਂ ਹੈ, ਵਿਤਕਰਾ ਹੈ ਜਾਂ ਗੈਰ-ਬਰਾਬਰੀ ਹੈ- ਤਾਂ ਤੁਸੀਂ ਹੱਲਾ ਕਰੋ, ਸੰਗਠਿਤ ਹੋਵੋ, ਪ੍ਰਦਰਸ਼ਨ ਕਰੋ ਅਤੇ ਤੁਸੀਂ ਬਦਲਾਅ ਲਈ ਸੰਘਰਸ਼ ਕਰੋ।

19ਵੀਂ ਸਦੀ ਦੇ ਬਰਤਾਨੀਆ ਵਿੱਚ ਹਾਲਾਂ ਕਿ ਕਿਸੇ ਸ਼ਕਤੀਹੀਣ ਮਜ਼ਦੂਰ ਨੂੰ ਪੂੰਜੀਵਾਦੀ ਸਮਾਜ ਇੱਕ ਨਾ ਹਿੱਲ ਸਕਣ ਵਾਲੀ ਸ਼ੈਅ ਲੱਗਦੀ ਹੋਵੇ ਪਰ ਕਾਰਲ ਮਾਰਕਸ ਦਾ ਬਦਲਾਅ ਵਿੱਚ ਯਕੀਨ ਸੀ ਅਤੇ ਉਨ੍ਹਾਂ ਨੇ ਦੂਜਿਆਂ ਨੂੰ ਵੀ ਤਬਦੀਲੀ ਵਿੱਚ ਯਕੀਨ ਕਰਨ ਲਈ ਪ੍ਰੇਰਿਤ ਕੀਤਾ। ਇਹ ਵਿਚਾਰ ਬੜਾ ਪ੍ਰਸਿੱਧ ਹੋਇਆ।

ਸੰਗਠਿਤ ਪ੍ਰਦਰਸ਼ਨਾਂ ਸਦਕਾ ਕਈ ਦੇਸਾਂ ਵਿੱਚ ਵੱਡਾ ਸਮਾਜਿਕ ਬਦਲਾਅ ਆਇਆ ਹੈ। ਨਸਲੀ ਵਿਤਕਰੇ ਖਿਲਾਫ਼, ਹਮਜਿਨਸੀਆਂ ਦੇ ਹੱਕਾਂ ਅਤੇ ਵਰਗ ਨਾਲ ਜੁੜੇ ਵਿਤਕਰੇ ਖਿਲਾਫ਼ ਕਾਨੂੰਨ ਪਾਸ ਹੋਏ ਹਨ।

ਮਾਰਕਸਿਜ਼ਮ ਫੈਸਟੀਵਲ ਇਨ ਲੰਡਨ ਦੇ ਇੱਕ ਆਰਗਨਾਈਜ਼ਰ ਲਿਊਇਸ ਨੀਲਸਨ ਮੁਤਾਬਕ, "ਤੁਹਾਨੂੰ ਸਮਾਜ ਬਦਲਣ ਲਈ ਇੱਕ ਕ੍ਰਾਂਤੀ ਦੀ ਲੋੜ ਹੁੰਦੀ ਹੈ। ਅਸੀਂ ਸਮਾਜ ਵਿੱਚ ਸੁਧਾਰ ਕਰਨ ਲਈ ਪ੍ਰਦਰਸ਼ਨ ਕਰਦੇ ਹਾਂ।"

ਮਾਰਕਸ ਨੂੰ ਇੱਕ ਦਾਰਸ਼ਨਿਕ ਕਿਹਾ ਜਾਂਦਾ ਹੈ ਪਰ ਨੀਲਸਨ ਇਸ ਨਾਲ ਸਹਿਮਤ ਨਹੀਂ ਹਨ। ਇਸ ਨਾਲ ਲੱਗਦਾ ਕਿ ਉਨ੍ਹਾਂ ਨੇ ਸਿਰਫ਼ ਗੱਲਾਂ ਦਾ ਦਾਰਸ਼ਨਿਕੀਕਰਨ ਕੀਤਾ ਅਤੇ ਸਿਧਾਂਤ ਲਿਖੇ। ਜੇ ਤੁਸੀਂ ਦੇਖੋਂ ਕੇ ਮਾਰਕਸ ਨੇ ਆਪਣੀ ਜ਼ਿੰਦਗੀ ਵਿੱਚ ਜੋ ਕੁਝ ਕੀਤਾ ਤਾਂ ਵੇਖੋਂਗੇ ਕਿ ਉਹ ਕਾਰਕੁਨ ਵੀ ਸਨ। ਉਨ੍ਹਾਂ ਨੇ ਕਾਮਿਆਂ ਦੀ ਕੌਮਾਂਤਰੀ ਐਸੋਸੀਏਸ਼ਨ ਬਣਾਈ। ਉਹ ਹੜਤਾਲਾਂ ਕਰ ਰਹੇ ਗਰੀਬਾਂ ਦੀ ਹਮਾਇਤ ਦੇ ਕੰਮਾਂ ਵਿੱਚ ਲੱਗੇ ਹੋਏ ਸਨ।

ਉਨ੍ਹਾਂ ਦਾ ਕਹਿਣਾ ਹੈ, "ਪ੍ਰਦਰਸ਼ਨ ਕਰਨ ਵਾਲੇ ਭਾਵੇਂ ਆਪਣੇ ਆਪ ਨੂੰ ਮਾਰਕਸਵਾਦੀ ਮੰਨਣ ਭਾਵੇਂ ਨਾ ਪਰ ਸਾਨੂੰ



ਸੁਧਾਰ ਕਰਨ ਲਈ ਸੰਘਰਸ਼ ਕਰਨ ਦਾ ਜੋ ਵਿਰਸਾ ਮਿਲਿਆ ਹੈ ਉਹੀ ਮਾਰਕਸ ਦੀ ਅਸਲੀ ਦੇਣ ਹੈ।"

ਨੀਲਸਨ ਨੇ ਕਿਹਾ, "ਔਰਤਾਂ ਨੂੰ ਵੋਟ ਪਾਉਣ ਦਾ ਹੱਕ ਇਸ ਲਈ ਨਹੀਂ ਮਿਲਿਆ ਕਿ ਮਰਦਾਂ ਨੂੰ ਉਨ੍ਹਾਂ 'ਤੇ ਤਰਸ ਆ ਗਿਆ। ਇਹ ਇਸ ਕਰਕੇ ਮਿਲਿਆ ਹੈ ਕਿਉਂਕਿ ਉਨ੍ਹਾਂ ਨੇ ਇੱਕ-ਜੁੱਟ ਹੋ ਕੇ ਸੰਘਰਸ਼ ਕੀਤਾ। ਸਾਨੂੰ ਹਫਤੇ ਦੇ ਅੰਤ ਤੇ ਛੁੱਟੀ ਹੁੰਦੀ ਹੈ ਕਿਉਂਕਿ ਟਰੇਡ ਯੂਨੀਅਨਾਂ ਨੇ ਇਸ ਲਈ ਸੰਘਰਸ਼ ਕੀਤਾ ਹੈ।'

ਮਾਰਕਸਵਾਦ ਸਮਾਜਿਕ ਸੁਧਾਰਾਂ ਦਾ ਇੰਜਣ ਹੈ। ਬਰਤਾਨੀਆ ਦੇ ਕੰਜ਼ਰਵੇਟਿਵ ਸਿਆਸਤਦਾਨਾਂ ਨੇ 1943 ਵਿੱਚ ਮੰਨਿਆ, "ਸਾਨੂੰ (ਲੋਕਾਂ ਨੂੰ) ਸੁਧਾਰ ਦੇਣੇ ਪੈਣਗੇ ਨਹੀਂ ਤਾਂ ਉਹ ਸਾਨੂੰ ਕ੍ਰਾਂਤੀ ਦੇਣਗੇ"

5. ਉਨ੍ਹਾਂ ਤੁਹਾਨੂੰ ਚੇਤਾਵਨੀ ਦਿੱਤੀ ਕਿ ਸਿਆਸਤ ਅਤੇ ਵਪਾਰ ਦਾ ਸਮਝੌਤਾ ਨਾ ਹੋਣ ਦਿਓ ਅਤੇ ਮੀਡੀਆ 'ਤੇ ਨਜ਼ਰ ਰੱਖੋ

ਕੀ ਤੁਹਾਨੂੰ ਬੁਰਾ ਲੱਗਦਾ ਹੈ ਕਿ ਗੂਗਲ ਨੇ ਚੀਨ ਨੂੰ ਪਿਛਲੇ ਦਰਵਾਜ਼ੇ ਦੀ ਚਾਬੀ ਦੇ ਦਿੱਤੀ ਹੈ?

ਫੇਸਬੁੱਕ ਵੱਲੋਂ ਵਰਤੋਂਕਾਰਾਂ ਦਾ ਨਿੱਜੀ ਡਾਟਾ ਵੋਟਰਾਂ ਦੀ ਰਾਇ ਪ੍ਰਭਾਵਿਤ ਕਰਨ ਵਾਲੀ ਕੰਪਨੀ ਨੂੰ ਦੇਣ ਬਾਰੇ ਕਿਵੇਂ ਲੱਗਦਾ ਹੈ। ਇਸ ਬਾਰੇ ਮਾਰਕਸ ਅਤੇ ਏਂਜਲਜ਼ ਨੇ 19ਵੀਂ ਸਦੀ ਵਿੱਚ ਹੀ ਫਿਕਰ ਜਾਹਰ ਕਰ ਦਿੱਤਾ ਸੀ ਵਲੇਰੀਆ ਵੈਘ ਵੀਜ਼ ਜੋ ਕਿ ਬੁਇਨੋਸ ਏਰੀਜ਼ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਨਿਊਯਾਰਕ ਯੂਨੀਵਰਸਿਟੀ ਵਿੱਚ ਸੀਨੀਅਰ ਰਿਸਰਚ ਫੈਲੋ ਹਨ ਮੁਤਾਬਕ, ਬੇਸ਼ੱਕ ਉਹ ਸੋਸ਼ਲ ਮੀਡੀਆ ਨਹੀਂ ਚਲਾਉਂਦੇ ਸਨ ਪਰ ਉਹ ਅਜਿਹੇ ਖਤਰਿਆਂ ਨੂੰ ਪਛਾਨਣ ਵਾਲੇ ਪਹਿਲੇ ਵਿਅਕਤੀ ਸਨ।

"ਉਨ੍ਹਾਂ ਨੇ ਕਾਰਪੋਰਟਾਂ ਅਤੇ ਸਰਕਾਰਾਂ ਦੇ ਨੈੱਟਵਰਕਾਂ ਦਾ ਅਧਿਐਨ ਆਪਣੇ ਸਮੇਂ ਤੋਂ ਪੰਦਰਵੀਂ ਸਦੀ ਤੱਕ ਪਿੱਛੇ ਤੱਕ ਕੀਤਾ।"

ਮੀਡੀਆਂ ਬਾਰੇ ਉਨ੍ਹਾਂ ਦੇ ਵਿਚਾਰ ਮਾਰਕਸ ਨੂੰ 21ਵੀਂ ਸਦੀ ਵਿੱਚ ਵੀ ਪ੍ਰਸੰਗਿਕ ਬਣਾ ਦਿੰਦੇ ਹਨ।

ਵੀਜ਼ ਮੁਤਾਬਕ,"ਮਾਰਕਸ ਨੇ ਮੀਡੀਆ ਦੀ ਲੋਕਾਂ ਦੀ ਸੋਚ ਨੂੰ ਪ੍ਰਭਾਵਿਤ ਕਰਨ ਦੀ ਸ਼ਕਤੀ ਨੂੰ ਸਮਝ ਲਿਆ ਸੀ। ਅੱਜ ਅਸੀਂ ਫੇਕ ਨਿਊਜ਼ ਅਤੇ ਮੀਡੀਆ ਦੇ ਫੈਲਾਏ ਡਰ ਦੀਆਂ ਗੱਲਾ ਕਰਦੇ ਹਾਂ ....ਪਰ ਮਾਰਕਸ ਨੇ ਇਹ ਪਹਿਲਾਂ ਹੀ ਸਮਝ ਲਿਆ ਸੀ।"

ਵੀਜ਼ ਮੁਤਾਬਕ, "ਉਨ੍ਹਾਂ ਨੇ ਛਪ ਰਹੀਆਂ ਖ਼ਬਰਾਂ ਦੇ ਅਧਿਐਨ ਤੋਂ ਇਹ ਨਤੀਜਾ ਕੱਢਿਆ ਕਿ ਗਰੀਬਾਂ ਦੇ ਛੋਟੇ-ਛੋਟੇ ਜੁਰਮਾਂ ਨੂੰ ਵਧਾ-ਚੜ੍ਹਾ ਕੇ ਲਿਖਿਆ ਜਾਂਦਾ ਜਦ ਕਿ ਸਿਆਸੀ ਸਕੈਂਡਲਾਂ ਨੂੰ ਉਸ ਤਰ੍ਹਾਂ ਨਹੀਂ ਸੀ ਉਭਾਰਿਆ ਜਾਂਦਾ।"

ਪ੍ਰੈਸ ਸਮਾਜ ਨੂੰ ਵੰਡਣ ਦਾ ਵੀ ਤਾਕਤਵਰ ਹਥਿਆਰ ਸੀ।

ਵੀਜ਼ ਨੇ ਕਿਹਾ, "ਇਹ ਕਹਿਣਾ ਕਿ ਆਇਰਿਸ਼ ਬਰਤਾਨਵੀ ਨਾਗਰਿਕਾਂ ਦੀਆਂ ਨੌਕਰੀਆਂ ਖੋਹ ਰਹੇ ਹਨ, ਕਾਲੇ ਲੋਕਾਂ ਨੂੰ ਗੋਰਿਆਂ ਖਿਲਾਫ਼ ਭੜਕਾਉਣਾ, ਮਰਦਾਂ ਨੂੰ ਔਰਤਾਂ ਖਿਲਾਫ਼, ਪ੍ਰਵਾਸੀਆਂ ਨੂੰ ਸਥਾਨਕ ਲੋਕਾਂ ਖਿਲਾਫ਼...ਜਦੋਂ ਲੋਕ ਇੱਕ ਦੂਜੇ ਖਿਲਾਫ਼ ਲੜ ਰਹੇ ਸਨ ਤਾਂ ਤਾਕਤਵਰ ਲੋਕਾਂ ਨੇ ਲਾਭ ਉਠਾਇਆ।"

ਇੱਕ ਹੋਰ ਗੱਲ ਮਾਰਸਵਾਦ ਪੂੰਜੀਵਾਦ ਤੋਂ ਪਹਿਲਾਂ ਦਾ ਹੈ।

ਇਹ ਭਾਵੇਂ ਅਜੀਬ ਲੱਗੇ ਪਰ ਜਦੋਂ ਲੋਕਾਂ ਨੂੰ ਪੂੰਜੀਵਾਦ ਦੀ ਸਮਝ ਆਈ ਉਸ ਤੋਂ ਪਹਿਲਾਂ ਹੀ ਮਾਰਕਸਵਾਦ ਬਾਰੇ ਪਤਾ ਸੀ।

ਵੀਜ਼ ਨੇ ਕਿਹਾ ਕਿ ਪੂੰਜੀਵਾਦ ਸ਼ਬਦ ਐਡਮ ਸਮਿੱਥ ਨੇ ਨਹੀਂ ਸੀ ਘੜਿਆ- ਜਿਸ ਨੂੰ ਅਰਥਸ਼ਾਸਤਰ ਦਾ ਪਿਤਾਮਾ ਕਿਹਾ ਜਾਂਦਾ ਹੈ। ਉਸ ਤੋਂ ਪਹਿਲਾਂ ਤਾਂ ਇਹ 1854 ਦੇ ਇੱਕ ਨਾਵਲ ਵਿੱਚ ਵਰਤਿਆ ਜਾ ਚੁੱਕਾ ਸੀ ਜਿਸ ਦੇ ਲੇਖਕ ਵੈਨਿਟੀ ਫੇਅਰ ਵਾਲੇ ਵਿਲੀਅਮ ਮੇਕਪੀਸ ਥੈਕਰੇ ਸਨ।



# ਨਾਗਰਿਕਤਾ ਕਾਨੂੰਨ ਮੁਸਲਮਾਨਾਂ, ਦਲਿਤਾਂ, ਗਰੀਬਾਂ ਅਤੇ ਪ੍ਰਗਟਾਵੇ ਦੇ ਹੱਕ 'ਤੇ ਭਿਆਨਕ ਹਮਲਾ

ਕੀਮਤਾ 'ਤੇ ਨਰੋਏ, ਸਹਿਣਸ਼ੀਲ਼ ਅਤੇ ਤਰੱਕੀਪਸੰਦ ਸਮਾਜ ਦੀ ਸਿਰਜਣਾ ਦੀ ਜਦੋਜਹਿਦ ਦਾ ਧਰਤਾਲ ਬਣਦਾ ਹੈ।

ਇਸ ਕਾਨੂੰਨ ਬਾਰੇ ਕਿਸੇ ਵੀ ਕਿਸਮ ਦੀ ਅਰਥ ਭਰਪੂਰ ਟਿੱਪਣੀਕਾਰੀ ਵਾਸਤੇ ਜ਼ਰੂਰੀ ਹੈ ਕਿ ਇਸ ਕਾਨੂੰਨ ਨੂੰ ਇਸਦੀ ਸ਼ਬਦਾਵਲੀ, ਨਾਲ ਜੋੜਵੇਂ ਕਾਨੂੰਨਾਂ ਨਾਲ ਮਿਲਕੇ ਬਣਦੇ ਇਸਦੇ ਅਸਰਾਂ, ਸੰਵਿਧਾਨਕ ਚੌਖਟੇ ਅਧੀਨ ਰੱਖਕੇ ਜਾਣਿਆ ਜਾਵੇ ਤੇ ਕਾਨੂੰਨੀ ਹਵਾਲਿਆਂ ਨਾਲ ਸਮਝਿਆ ਜਾਵੇ। ਇਹ ਸਾਰੀ ਜਾਣਕਾਰੀ ਭਾਵੁਕ ਤੇ ਦਿਲਚਸਪ ਨਾਹਰਿਆਂ, ਜਿਹਨਾਂ ਆਪਣੀ ਮਹੱਤਤਾ ਹੈ, ਦੀ ਬਜਾਇ ਬਹੁਤ ਰੁੱਖੀ ਹੈ ਪਰ ਇਸਦਾ ਬਦਲ ਕੋਈ ਨਹੀਂ ਕਿਉਂਕਿ ਕਿ ਹਾਕਮ ਜਮਾਤਾਂ ਪਾਸ ਬੇਥਾਹ ਬੌਧਿਕ ਵਸੀਲੇ ਹਨ ਜਿਹਨਾਂ ਨਾਲ ਉਹ ਅੰਦੋਲਨਾਂ ਦੀ ਬੋਲੀ, ਮੁਹਾਵਰੇ, ਦਾਇਰੇ, ਮੰਗਾਂ ਨੂੰ ਅੰਦਰੋਂ ਹੀ ਸੀਮਤ ਕਰਨ ਤੇ ਤੈਅ ਕਰਨ ਦੇ ਸਮਰਥ ਹੁੰਦੇ ਹਨ। ਇਸ ਕਰਕੇ ਅੰਦੋਲਨਾਂ ਅੰਦਰ ਮੰਗਾਂ ਮਸਲਿਆਂ ਦੀ ਸਪੱਸ਼ਟਤਾ ਤੋਂ ਬਿਨਾਂ ਕੋਈ ਵੀ ਅੰਦਲੋਨ ਮਹਿਜ ਜਨਤਕ ਗੁੱਸੇ ਦੇ ਨਿਕਾਸ ਦਾ ਰਸਤਾ ਬਣਕੇ ਰਹਿ ਸਕਦਾ ਹੈ।

ਖੈਰ, ਆਓ ਸਰਲ ਤੋਂ ਸਰਲ ਤਰੀਕੇ ਨਾਲ ਨਾਗਰਿਕਤਾ ਕਾਨੂੰਨ ਦੀ ਮੌਜੂਦਾ ਸਥਿਤੀ ਨੂੰ ਸਮਝਣ ਦੀ ਕੋਸ਼ਿਸ ਕਰੀਏ। ਇਸ ਵਾਸਤੇ ਅਸੀਂ ਉਸਨੂੰ ਉਲਟੇ ਰੁਖ ਪੜ੍ਹਾਂਗੇ। ਭਾਵ, ਇਸਦੇ ਲਾਗੂ ਹੋਣ ਵਾਲੇ ਨਿਯਮਾਂ ਤੋਂ ਇਸਦੇ ਕਾਨੂੰਨ ਵੱਲ:-

ਨਾਗਰਿਕਤਾ ਨਿਯਮ 2003 (ਨਾਗਰਿਕਾਂ ਦੀ ਰਜਿਸਟਰੇਸ਼ਨ ਅਤੇ ਕੌਮੀ ਸ਼ਨਾਖਤੀ ਕਾਰਡਾਂ ਸਬੰਧੀ) :- (ਤੁਹਾਨੂੰ ਪਤਾ ਹੈ ਨਾ ਕਿ ਜੇ ਗੱਡੀ ਦੀ ਆਰ.ਸੀ. (ਰਜਿਸਟਰੇਸ਼ਨ) ਤੁਹਾਡੇ ਪਾਸ ਨਾ ਹੋਵੇ ਤਾਂ ਨਾਕੇ ਤੇ ਕੀ ਹੁੰਦਾ ਹੈ?) ਇਹ ਕਾਨੂੰਨ ਇਹਨਾਂ ਨਿਯਮਾਂ ਰਾਹੀਂ ਹਰੇਕ ਨਾਗਰਿਕ ਦੀ ਲਾਜ਼ਮੀ ਰਜਿਸਟਰੇਸ਼ਨ ਦਾ ਸੰਕਲਪ ਪੇਸ਼ ਕਰਦਾ ਹੈ। ਹੁਣ ਨਾਗਰਿਕ ਕਾਰਡ, ਨਾਗਰਿਕਤਾ ਦਾ ਸਬੂਤ ਹੋਵੇਗਾ ਤੇ ਜੇ ਅਸੀਂ ਇਹ ਯਾਦ ਕਰੀਏ ਕਿ ਮੁਢਲੇ ਨਾਗਰਿਕ ਅਧਿਕਾਰ ਨਾਗਰਿਕਾਂ ਨੂੰ ਹਾਸਲ ਹਨ, ਵਿਅਕਤੀਆਂ ਜਾਂ ਕੇਵਲ ਇਨਸਾਨਾਂ ਨੂੰ ਨਹੀਂ ਤਾਂ ਅਸੀਂ ਸਮਝ ਸਕਦੇ ਹਾਂ ਕਿ ਜੀਵਨ ਤੇ ਅਜਾਦੀ ਦੇ ਮੁਢਲੇ ਹੱਕ ਹਾਸਲ ਕਰਨ ਲਈ ਇਸ ਕਾਰਡ ਦੀ ਕਿੰਨੀ ਕਾਨੂੰਨੀ ਮਹੱਤਤਾ ਬਣਨ ਜਾ ਰਹੀ ਹੈ। ਸਭ ਤੋਂ ਪਹਿਲਾਂ ਤਾਂ ਭਾਰਤ ਦੇ ਹਰੇਕ ਬਸ਼ਿੰਦੇ ਵਾਸਤੇ ਇਹਨਾਂ ਨਿਯਮਾਂ ਦੀ ਧਾਰਾ 7 (1) ਤਹਿਤ ਖੁਦ ਦੀ ਰਜਿਸਟਰੇਸ਼ਨ ਕਰਾਉਣਾ ਜ਼ਰੂਰੀ ਹੈ। ਤੁਸੀਂ ਨਾ ਸਿਰਫ ਖੁਦ ਦੀ ਰਜਿਸਟਰੇਸ਼ਨ ਕਰਾਉਣੀ ਹੈ ਸਗੋਂ ਤੁਸੀਂ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਰਜਿਸਟਰੇਸ਼ਨ ਵੀ ਕਰਾਉਣੀ ਹੈ। ਇਹਨਾਂ ਨਿਯਮਾਂ ਰਾਹੀਂ ਪਰਿਵਾਰ ਦੇ ਮੁਖੀ ਦਾ ਸੰਕਲਪ ਪੇਸ਼ ਕੀਤਾ ਗਿਆ ਹੈ ਅਤੇ ਪਰਿਵਾਰ ਦੇ ਮੁਖੀ 'ਤੇ ਇਹ ਜ਼ੁੰਮੇਵਾਰੀ ਤੈਅ ਕੀਤੀ ਗਈ ਹੈ ਕਿ ਆਪਣੇ ਘਰ ਦੇ ਸਾਰੇ ਜੀਆਂ ਦੀ ਰਿਹਾਇਸ਼ੀ ਤੇ ਹੋਰ ਜਾਣਕਾਰੀ ਮੁਹੱਈਆ ਕਰਾਵੇ। ਜੇ ਇਹ ਜਾਣਕਾਰੀ ਵਿਅਕਤੀ ਜਾਂ ਪਰਿਵਾਰ ਦਾ ਮੁਖੀਮੁਹੱਈਆ ਨਹੀਂ ਕਰਾਉਂਦਾ ਤਾਂ ਇਸ ਨੂੰ ਸਜ਼ਾਯੋਗ ਮੰਨਿਆ ਗਿਆ ਹੈ ਤੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਨਾ ਸਿਰਫ ਇਹ ਜਾਣਕਾਰ ਇੱਕ ਵਾਰ ਦੇਣੀ ਹੈ ਸਗੋਂ ਅਰਸਾਵਾਰ ਇਸ ਜਾਣਕਾਰੀ ਨੂੰ ਨਵਿਆਉਂਦੇ ਰਹਿਣਾ ਹੈ। (ਜਮਹੂਰੀ ਹੱਕਾਂ ਦੇ ਕਾਰਕੁੰਨ ਸਮਝ ਸਕਦੇ ਹਨ ਕਿ ਕਿਵੇਂ ਇਹ ਨਿਯਮ ਇਕ ਪੁਲਸੀਆ ਸਟੇਟ ਦੀ ਉਸਾਰੀ ਦੇ ਕਾਨੂੰਨੀ ਬੰਦੋਬਸਤ ਬਣਨ ਜਾ ਰਹੇ ਹਨ। ਸੀਆਈਡੀ ਮੁਲਾਜ਼ਮਾਂ ਦਾ ਕੰਮ ਪਰਿਵਾਰ ਦੇ ਮੁਖੀ ਦੀ ਜ਼ੁੰਮੇਵਾਰੀ ਬਣਾ ਦਿਤਾ ਗਿਆ ਹੈ!)

ਸਿਰਫ ਇਹ ਹੀ ਨਹੀਂ, ਸਾਰਾ ਰੁਜ਼ਗਾਰ, ਸਹੂਲਤਾਂ ਤੇ ਸਭ ਕੁਝ ਨਾਗਰਿਕਾਂ ਨੂੰ ਹਾਸਲ ਹੈ। ਤਾਂ, ਰਜਿਸਟਰੇਸ਼ਨ ਖੁਲ੍ਹਣ ਤੋਂ ਬਾਅਦ ਸਭ ਕੁਝ ਜੋ ਤੁਸੀਂ ਬਤੌਰ ਨਾਗਰਿਕ ਹਾਸਲ ਕਰ ਰਹੇ ਉਹ ਸਭ ਇਸ ਕਾਰਡ ਨਾਲ ਜੁੜਨ ਦੀ ਸੂਰਤ ਵਿੱਚ ਨਾਗਰਿਕਤਾ ਕਾਰਡ ਹਾਸਲ ਕਰਨਾ ਉਸੇ ਤਰ੍ਹਾਂ ਜ਼ਰੂਰੀ ਹੋ ਜਾਣਾ ਹੈ ਜਿਵੇਂ ਅਧਾਰ ਕਾਰਡ ਸੀ, ਦਰਅਸਲ ਇਹ ਉਸ ਤੋਂ ਵੀ ਵੱਧ ਲੋੜੀਂਦਾ ਦਸਤਾਵੇਜ਼ ਬਣਨ ਜਾ ਰਿਹਾ ਹੈ : ਕਿਉਂਕਿ ਇਸ ਨਾਲ ਵਿਅਕਤੀ ਦੇ ਸਾਰੇ ਬੁਨਿਆਦੀ ਅਧਿਕਾਰ ਤੈਅ ਹੁੰਦੇ ਹਨ।

ਜੇ ਫਾਰਨਰਜ਼ ਕਾਨੂੰਨ ਨਾਲ ਮੇਲ ਕੇ ਦੇਖੀਏ ਤਾਂ ਇਸਦਾ ਮਤਲਬ ਵਾਕਿਆ ਹੀ ਇਹ ਬਣ ਜਾਦਾ ਹੈ ਕਿ ਭਾਰਤ ਇਕ ਵੱਡੀ ਜੇਲ੍ਹ ਹੈ ਜਿਥੇ ਨਾਗਰਿਕਤਾ ਕਾਰਡ ਦਾ ਪਾਸ ਲੈ ਕੇ ਤੁਸੀਂ ਘੁੰਮ ਫਿਰ ਸਕਦੇ ਹੋ। ਹੁਣ ਕਾਨੂੰਨ ਦੀ ਮਨੌਤ ਹੈ ਕਿ ਹਰ ਨਾਗਰਿਕ ਪਾਸ ਕਾਰਡ ਹਨ ਤਾ ਜਿਹਨਾਂ ਪਾਸ ਕਾਰਡ ਨਹੀਂ ਹਨ ਉਹਨਾਂ ਨੂੰ ਸਟੇਟ 'ਫਾਰਨਰਜ਼ ਐਕਟ'ਤਹਿਤ ਹਿਰਾਸਤ 'ਚ ਲੈ ਸਕਦੀ ਹੈ। ਬੇਸ਼ੱਕ ਤੁਸੀਂ ਕਾਰਡ ਦਿਖਾ ਕੇ ਜਾਂ ਬਣਾਉਣ ਦੀ ਮੋਹਲਤ ਲੈ ਕਾਨੂੰਨੀ ਡਿਫੈਂਸ ਜੁਟਾ ਸਕੋਂਗੇ ਪਰ ਕਾਰਡ ਦਾ ਨਾ ਹੋਣਾ ਹੀ ਫਾਰਨਰ ਐਕਟ ਨਾਲ ਜੁੜ ਕੇ ਤੁਹਾਨੂੰ ਹਿਰਾਸਤ 'ਚ ਲਏ ਜਾਣ ਦੀ ਤਾਕਤ ਸਟੇਟ ਨੂੰ ਦੇ ਰਿਹਾ ਹੈ।

**ਨਾਗਰਿਕਤਾ ਨਿਯਮਾਂ ਅਧੀਨ ਪ੍ਰਕਿਰਿਆ ਕੀ ਅਪਣਾਈ ਜਾਵੇਗੀ?**

ਧਾਰਾ 4 (3) ਤਹਿਤ ਸਭ ਤੋਂ ਪਹਿਲਾਂ ਸਾਰੇ ਬਸ਼ਿੰਦਿਆਂ ਦਾ ਅਬਾਦੀ ਰਜਿਸਟਰ ਬਣਾਇਆ ਜਾਵੇਗਾ। ਇਹ ਰਜਿਸਟਰ ਜਨਗਣਨਾ ਵਰਗੀ ਪ੍ਰਕਿਰਿਆ ਰਾਹੀਂ ਤਿਆਰ ਹੋਵੇਗਾ। ਇਸ ਰਜਿਸਟਰ ਦੇ ਅਧਾਰ ਤੇ ਨਾਗਰਿਕ ਰਜਿਸਟਰ ਬਣਾਇਆ ਜਾਵੇਗਾ।

ਅਬਾਦੀ ਰਜਿਸਟਰ 'ਚੋਂ ਉਹ ਵਿਅਕਤੀ, ਜਿਹਨਾਂ ਦੀ ਨਾਗਰਿਕਤਾ ਸ਼ੱਕੀ ਹੋਵੇਗੀ ਉਹਨਾਂ ਨੂੰ ਛਾਂਟ ਲਿਆ ਜਾਵੇਗਾ।

**ਸ਼ੱਕੀ ਵਿਅਕਤੀ ਕੌਣ ਹੋਵੇਗਾ?**

1. **ਪਹਿਲੀ ਸਥਿਤੀ**: ਧਾਰਾ 3 (ਸੀ) (1) ਤਹਿਤ ਮੰਨ ਲਓ ਕੋਈ ਬੱਚਾ 2003 ਤੋਂ ਬਾਅਦ ਭਾਰਤ 'ਚ ਪੈਦਾ ਹੋਇਆ ਹੈ ਤੇ ਭਾਰਤ 'ਚ ਹੀ ਰਹਿ ਕੇ ਵੱਡਾ ਹੋਇਆ ਹੈ। ਤਾਂ ਉਸਨੇ ਉਕਤ ਨਿਯਮਾਂ ਤਹਿਤ ਇਹ ਦੱਸਣਾ ਹੈ ਕਿ ਉਸਦੇ ਮਾਂ ਬਾਪ ਦੋਹੇਂ ਭਾਰਤੀ ਨਾਗਰਿਕ ਹਨ। (ਆਪਣੀ ਕਲਪਨਾ 'ਚ ਜ਼ਰਾ ਸੜਕਾਂ ਤੇ ਰੁਲਦੇ, ਕੁਦਰਤੀ ਜਾਂ ਹੋਰ ਬਿਪਤਾਵਾਂ 'ਚ ਅਨਾਥ ਹੋ ਗਏ ਲੱਖੇ ਕਰੋੜਾਂ ਬੱਚੇ ਲਿਆਓ!) ਹੁਣ ਉਸਦੇ ਮਾਂ ਪਿਓ ਭਾਰਤੀ ਨਾਗਰਿਕ ਤਾਂ ਹੋਣਗੇ ਜੇ ਧਾਰਾ 3 (ਬੀ) ਤਹਿਤ ਇਹ ਸਾਬਤ ਹੋਵੇਗਾ ਕਿ ਅਗਰ ਉਹਨਾਂ ਦਾ ਜਨਮ 1987 ਤੋਂ ਬਾਅਦ ਹੋਇਆ ਹੈ ਤਾਂ ਉਕਤ ਬੱਚੇ ਦੇ ਦਾਦੀ/ਦਾਦੀ 'ਚੋਂ ਕੋਈ ਇਕ ਤੇ ਨਾਨਾ/ਨਾਨੀ 'ਚੋਂ ਇਕ ਭਾਰਤੀ ਨਾਗਰਿਕ ਸੀ। ਹੁਣ ਦਾਦਾ/ਦਾਦੀ 'ਚੋਂ ਕੋਈ ਇਕ ਜਾਂ ਨਾਨਾ/ਨਾਨੀ 'ਚੋਂ ਕੋਈ ਇਕ ਤਾਂ ਭਾਰਤੀ ਨਾਗਰਿਕ ਸਾਬਤ ਹੋਵੇਗਾ ਜੇ ਧਾਰਾ 3 (ਸੀ) (1) ਤਹਿਤ ਉਹਨਾਂ ਦਾ ਜਨਮ 1950 ਤੋਂ ਲੈਕੇ 1987 ਦੇ ਅਰਸੇ ਦਰਮਿਆਨ ਭਾਰਤ 'ਚ ਹੋਇਆ ਹੈ। ਉਸ ਤੋਂ ਪਹਿਲਾਂ ਦੇ ਅਰਸੇ ਦੀ ਨਾਗਰਿਕਤਾ ਭਾਰਤ ਦੇ ਸੰਵਿਧਾਨ ਦੀਆਂ ਧਰਾਵਾਂ ਅਨੁਸਾਰ ਤੈਅ ਹੁੰਦੀ ਹੈ ਜੋ ਭਾਰਤ 'ਚ ਜਨਮੇ ਜਾਂ ਅਜ਼ਾਦੀ ਤੋਂ 5 ਸਾਲ ਪਹਿਲਾਂ ਤੋਂ ਮੌਜੂਦਾ ਭਾਰਤ 'ਚ ਰਹਿ ਰਹੇ ਵਿਅਕਤੀ ਨੂੰ ਅਤੇ ਸ਼ਰਨਾਰਥੀ ਹਿੰਦੂ ਸਿਖਾਂ ਨੂੰ ਨਾਗਰਿਕਤਾ ਪ੍ਰਦਾਨ ਕਰਦੀ ਹੈ।

2. **ਦੂਸਰੀ ਸਥਿਤੀ**: ਕਿਸੇ ਵਿਅਕਤੀ ਦਾ ਜਨਮ 1992 ਤੋਂ ਪਹਿਲਾਂ ਭਾਰਤ ਤੋਂ ਬਾਹਰ ਹੋਇਆ ਹੈ ਤਾਂ ਉਸਨੂੰ ਜਾਂ ਉਸਦੇ ਵੰਸ਼ ਨੂੰ ਭਾਰਤ ਦਾ ਨਾਗਰਿਕ ਸਾਬਤ ਹੋਣ ਲਈ ਦਰਸਾਉਣਾ ਪਵੇਗਾ ਕਿ ਜਨਮ ਵਕਤ ਉਸਦਾ ਪਿਤਾ ਭਾਰਤ ਦਾ ਨਾਗਰਿਕ ਸੀ। ਜਾਂ ਜੇ ਕਿਸੇ ਵਿਅਕਤੀ ਦਾ ਜਨਮ 1992 ਤੋਂ ਬਾਅਦ ਭਾਰਤ ਤੋਂ ਬਾਹਰ ਹੋਇਆ ਹੈ ਤਾਂ ਉਸ ਵਿਅਕਤੀ ਦੇ ਮਾਂ ਜਾਂ ਪਿਉ 'ਚੋਂ ਕੋਈ ਇਕ ਭਾਰਤ ਦਾ ਨਾਗਰਿਕ ਸੀ।

3. **ਤੀਸਰੀ ਸਥਿਤੀ**: ਕਿਸੇ ਵਿਅਕਤੀ ਨੇ ਐਕਟ ਵਿਚ ਦਿਤੇ ਨਿਯਮਾਂ ਅਨੁਸਾਰ ਅਪਲਾਈ ਕਰਕੇ ਨਾਗਰਿਕਤਾ ਲਈ ਹੋਵੇ ਤਾਂ ਉਸਨੂੰ ਤੇ ਉਸਦੇ ਵੰਸ਼ ਨੂੰ ਭਾਰਤ ਦਾ ਨਾਗਰਿਕ ਮੰਨਿਆ ਜਾਵੇਗਾ। ਤਾਂ ਇਸਦਾ ਮਤਲਬ ਇਹ ਹੈ ਕਿ ਭਾਰਤ ਦੇ ਹਰੇਕ ਬਸ਼ਿੰਦੇ ਨੇ, ਚਾਹੇ ਉਹ ਨਵ-ਜਨਮਿਆ ਬੱਚਾ ਹੈ, ਚਾਹੇ ਬਾਲਗ ਹੈ ਤੇ ਚਾਹੇ ਬਜ਼ੁਰਗ ਵਿਅਕਤੀ ਹੈ, ਉਸਨੇ ਉਸਨੇ ਉਕਤ ਦਿਤੇ

**(ਸਫ਼ਾ 1 ਦੀ ਬਾਕੀ)**

ਪੈਮਾਨੇ ਅਨੁਸਾਰ ਸਟੇਟ ਪਾਸ ਖੁਦ ਨੂੰ ਨਾਗਰਿਕ ਸਾਬਤ ਕਰਨਾ ਹੈ। ਤਾਂ ਹਰ ਸ਼ਖਸ ਮੁਦਈ ਹੈ ਤੇ ਜੇ ਉਸਨੇ ਆਪਣੀ ਵੰਸ਼ਾਵਲੀ ਰਾਹੀਂ ਖੁਦ ਨੂੰ ਨਾਗਰਿਕ ਹੋਣ ਦੇ ਕਾਗਜ਼ ਪੇਸ਼ ਕਰਨੇ ਹਨ ਤੇ ਜੇ ਉਹ ਇਹ ਪੇਸ਼ ਨਹੀਂ ਕਰ ਪਾਉਂਦਾ ਤਾਂ ਉਹ ਸ਼ੱਕੀ ਵਿਅਕਤੀ ਸਮਝਿਆ ਜਾਵੇਗਾ।

ਸੋ, ਜੋ ਵਿਅਕਤੀ 1950 ਤੋਂ 1987 ਤੱਕ ਭਾਰਤ ਤੋਂ ਬਾਹਰ ਜਨਮੇ ਹਨ ਤੇ ਕਾਨੂੰਨ ਅਨੁਸਾਰ ਉਹਨਾਂ ਨੇ ਨਾਗਰਿਕਤਾ ਹਾਸਲ ਨਹੀਂ ਕੀਤੀ ਤਾਂ ਉਹ ਜਾਂ ਉਹਨਾਂ ਦੀ ਸੰਤਾਨ ਜਾ ਸੰਤਾਨ ਦੀ ਸੰਤਾਨ ਭਾਰਤ ਦੇ ਨਾਗਰਿਕ ਨਹੀਂ ਮੰਨੇ ਜਾਣਗੇ।

**ਪਰ, ਇਸ ਗੱਲ 'ਚ ਵਧੀਕੀ ਕੀ ਹੈ?**

ਦੇਖੋ, ਸਭਿਅਕ ਤੇ ਜਮਹੂਰੀ ਸਮਝਦਾਰੀ ਅਨੁਸਾਰ ਸਾਰਾ ਸੰਸਾਰ ਸਾਰੀ ਮਨੁੱਖਤਾ ਦਾ ਹੈ ਅਤੇ ਨਾਗਰਿਕਤਾ ਕਾਨੂੰਨ ਅਜਿਹੇ ਹੋਣੇ ਚਾਹੀਦੇ ਹਨ ਜੋ ਮਨੁੱਖਾਂ ਨੂੰ ਨਾਗਰਿਕਤਾ ਰਹਿਤ ਤੇ ਇਸਦੇ ਮੂਲ ਅਧਿਕਾਰਾਂ ਤੋਂ ਵਾਂਝੇ ਨਾ ਕਰਨ। ਇਸ ਲਈ ਇਕ ਅਸੂਲ ਹੈ ਕਿ ਜਿਸ ਵੀ ਵਿਅਕਤੀ ਦਾ ਜਨਮ ਜਿਸ ਵੀ ਦੇਸ਼ 'ਚ ਹੋਇਆ ਹੈ ਤਾਂ ਉਸਨੂੰ ਉਸ ਦੇਸ਼ ਦਾ ਨਾਗਰਿਕ ਮੰਨਿਆ ਜਾਂਦਾ ਹੈ। ਬਾਲਗ ਹੋਣ ਵੇਲੇ ਅਜਿਹੇ ਵਿਅਕਤੀ ਪਾਸ ਚੋਣ ਹੁੰਦੀ ਹੈ ਕਿ ਉਹ ਆਪਣੇ ਜੱਦੀ ਦੇਸ਼ ਜਾਂ ਜਨਮ ਹੋਣ ਵਾਲੇ ਦੇਸ਼ ਵਿਚਕਾਰ ਨਾਗਰਿਕਤਾ ਦੀ ਚੋਣ ਕਰੇ। ਪਰ, ਵਿਤਕਰਾਪੂਰਨ ਕਾਨੂੰਨ ਨਾਗਰਿਕਤਾ ਨੂੰ ਨਸਲ, ਧਰਮ ਜਾਂ ਹੋਰ ਕਿਸੇ ਤਰੀਕੇ ਨਾਲ ਵੰਸ਼ਾਵਲੀ ਨਾਲ ਜੋੜਦੇ ਹਨ ਅਤੇ ਇਸ ਤਰ੍ਹਾਂ ਦੀ ਨਾਗਰਿਕਤਾ ਦਾ ਮਕਸਦ ਘੱਟ ਗਿਣਤੀਆਂ ਜਾਂ ਕਿਸੇ ਵਿਸ਼ੇਸ਼ ਸਮੂਹ ਨਾਲ ਵਿਤਕਰੇ ਦੀ ਸਿਆਸਤ ਕਰਨਾ ਹੁੰਦਾ ਹੈ। ਮਸਲਨ, ਜੇ ਸਮਝਣਾ ਹੋਵੇ ਤਾਂ ਸਾਡੇ ਮੁਲਕ 'ਚੋਂ ਗਏ ਜੋੜੇ ਜਿਹੜੇ ਬਾਹਰਲੇ ਮੁਲਕਾਂ 'ਚ ਪੱਕੇ ਨਹੀਂ ਹੋਏ, ਉਹਨਾਂ ਦੀ ਪੈਦਾ ਹੋਈ ਸੰਤਾਨ ਨੂੰ ਉਸ ਦੇਸ਼ ਦਾ ਨਾਗਰਿਕ ਮੰਨਿਆ ਜਾਂਦਾ ਹੈ। ਇਸ ਅਸੂਲ ਨਾਲ ਅਜਿਹੀ ਸਥਿਤੀ ਨਹੀਂ ਪੈਦਾ ਹੁੰਦੀ ਕਿ ਕੋਈ ਇਨਸਾਨ ਦੇਸ ਵਿਹੂਣਾ ਹੀ ਰਹਿ ਜਾਵੇ ਭਾਵ ਧਰਤੀ ਤੇ ਆਇਆ ਹੀ ਨਾ ਗਿਣਿਆ ਜਾਵੇ। ਇਸ ਲਈ ਮੌਜੂਦਾ ਨਾਗਰਿਕਤਾ ਕਾਨੂੰਨ ਇਸ ਅਸੂਲ ਦੀ ਉਲੰਘਣਾ ਕਰਦਾ ਹੈ।

**ਇਸ ਕਾਨੂੰਨ ਦਾ ਸ਼ਰਣਾਰਥੀਆਂ ਤੇ ਕੀ ਅਸਰ ਹੈ?**

ਪਹਿਲੀ ਗੱਲ ਇਹ ਹੈ ਕਿ ਸ਼ਰਨਾਰਥੀਆਂ ਦੀ ਅਸਲ ਸਥਿਤੀ ਕੀ ਹੈ। ਸਰਕਾਰ ਵਧਾ ਚੜ੍ਹਾ ਕੇ ਇਸਦਾ ਹਊਆ ਪੇਸ਼ ਕਰਦੀ ਹੈ। ਮਸਲਨ, ਨੇਪਾਲ ਕਦੇ ਵੀ ਭਾਰਤ ਦਾ ਅੰਗ ਨਹੀਂ ਰਿਹਾ ਤੇ ਇਸ ਇਥੋਂ ਦੀ ਕਾਫੀ ਵਸੋਂ ਆਕੇ ਭਾਰਤ 'ਚ ਵਸਦੀ ਹੈ ਤੇ ਸਰਕਾਰੀ ਰੁਜ਼ਗਾਰ ਵੀ ਹਾਸਲ ਕਰਦੀ ਹੈ। ਪਰ ਇਹ ਹਿੰਦੂ ਹਨ ਤੇ ਇਸ ਅਬਾਦੀ ਦਾ ਕਦੇ ਕੋਈ ਰੌਲਾ ਨਹੀਂ ਪਿਆ। ਹਾਲਾਂਕਿ ਇਹਨਾਂ ਦਾ ਅਬਾਦੀ ਸਮੂਹ ਭਾਰਤ 'ਚ ਅੰਦਾਜਨ 30 ਤੋਂ 40 ਲੱਖ ਦੇ ਕਰੀਬ ਹੈ (ਹਾਲਾਕਿ ਇਹ ਵੀ ਇੱਕ ਲੰਬਿਤ ਮਾਮਲਾ ਹੀ ਹੈ!)। ਸ਼੍ਰੀਲੰਕਾ ਵਿਚ ਤਾਮਿਲਾਂ ਨਾਲ ਵਧੀਕੀਆਂ ਵਕਤ ਕਰੀਬ 1 ਲੱਖ ਤਾਮਿਲ ਅਬਾਦੀ ਵੀ ਭਾਰਤ ਆਈ। ਤਾਮਿਲ ਵੀ ਮੁੱਖ ਤੌਰ ਤੇ ਹਿੰਦੂ ਧਰਮੀ ਸ਼ਰਨਾਰਥੀ ਹਨ। ਪਿਛੇ ਜਿਹੇ ਅਲੱਗ-ਅਲੱਗ ਅੰਦਾਜ਼ਿਆਂ ਅਨੁਸਾਰ ਕਰੀਬ 40/50 ਹਜ਼ਾਰ ਰੋਹਿੰਗੀਆ ਮੁਸਲਮਾਨ ਵੀ ਬਰਮਾ ਹਕੂਮਤ ਦੀ ਵਧੀਕੀਆਂ ਕਾਰਣ ਭਾਰਤ ਆਏ ਹਨ। ਇਹ ਮੁਸਲਮਾਨ ਸ਼ਰਨਾਰਥੀ ਹਨ। ਸਭ ਤੋਂ ਵੱਧ ਚਰਚਾ ਬੰਗਲਾਦੇਸ਼ ਦੇ ਅਵਾਸੀਆਂ ਦਾ ਹੁੰਦਾ ਹੈ ਜਿੰਨਾ ਦੀ ਤਦਾਦ ਬਾਰੇ ਵੱਖ ਵੱਖ ਅੰਦਾਜ਼ੇ ਹਨ ਪਰ ਅਸਾਮ ਦੇ ਤਾਜ਼ਾ NRC ਡਾਟੇ ਅਨੁਸਾਰ, ਜਿਥੇ ਬੰਗਲਾਦੇਸ਼ੀ ਅਵਾਸੀਆਂ ਦੀ ਸਭ ਤੋਂ ਜ਼ਿਆਦਾ ਤਦਾਦ ਕੇਂਦਰਤ ਹੈ, ਉਥੇ ਨਾਗਰਿਕਤਾ ਦਸਤਾਵੇਜ਼ ਪੂਰੇ ਨਾ ਕਰ ਸਕਣ ਵਾਲੀ ਕੁੱਲ 19 ਲੱਖ ਅਬਾਦੀ 'ਚੋਂ 7 ਲੱਖ ਹੀ ਮੁਸਲਮਾਨ ਸਨ ਤੇ ਇਹਨਾਂ 'ਚੋਂ ਬਹੁਤ ਸਾਰੇ ਅਜਿਹੇ ਮਾਮਲੇ ਜਾਹਿਰ ਹੋਏ ਹਨ ਜਿਥੇ ਸਥਾਨਕ ਮੁਸਲਮਾਨ ਹੀ ਕਾਗਜ ਪੂਰੇ ਨਾ ਹੋਣ ਕਾਰਣ ਬਦੇਸ਼ੀ ਕਰਾਰ ਦੇ ਦਿਤੇ ਗਏ। ਪਰ ਫੇਰ ਵੀ ਜੇ ਇਸ ਡਾਟੇ ਨੂੰ ਅਧਾਰ ਬਣਾ ਕੇ ਅੰਦਾਜਾ ਕਰਨਾ ਹੋਵੇ ਤਾਂ ਇਹ ਅਬਾਦੀ ਕਿਸੇ ਵੀ ਸੂਰਤ ਨੇਪਾਲ ਦੇ ਅਵਾਸੀਆਂ ਦੇ ਨੇੜੇ ਨਹੀਂ ਢੁਕੇਗੀ ਜਿਥੋਂ ਅਬਾਦੀ ਦਾ ਬੇਰੋਕ ਆਗਮਨ ਹੁੰਦਾ ਹੈ। ਬੰਗਲਾਦੇਸ਼ ਬਨਣ ਵੇਲੇ ਉਸ ਪਾਸੇ ਪੰਜਾਬ ਵਰਗੇ ਫਸਾਦ ਨਹੀਂ ਹੋਏ ਤੇ ਬਹੁਤ ਸਾਰੀ ਹਿੰਦੂ ਅਬਾਦੀ ਬੰਗਲਾਦੇਸ਼ ਤੇ ਮੁਸਲਮਾਨ ਅਬਾਦੀ ਬੰਗਾਲ 'ਚ ਬੈਠੀ ਰਹੀ। ਹੱਦਾਂ ਵੀ ਰੈਲੀਆਂ ਸੀ। ਪਰ, ਪਾਕਿਸਤਾਨ ਟੁੱਟਣ ਵੇਲੇ ਦੇ ਹਲਾਤਾਂ 'ਚ ਹਿੰਦੂ ਮੁਸਲਮਾਨ ਬੰਗਲਾਦੇਸ਼ੀ ਅਬਾਦੀ ਦਾ ਭਾਰਤ 'ਚ ਅਵਾਸ ਹੋਇਆ। ਇਹ ਅਵਾਸ ਮੁੱਖ ਤੌਰ ਤੇ 70 ਵਿਆਂ 'ਚ ਹੋਇਆ। ਭਾਰਤ ਅੰਦਰ ਅਵਾਸ ਦੇ ਅੰਕੜਿਆਂ ਅਨੁਸਾਰ ਬੰਗਲਾਦੇਸ਼ ਤੋਂ ਜ਼ਿਆਦਾਤਰ ਅਵਾਸ 1991 ਤੋਂ ਪਹਿਲਾਂ ਦਾ ਹੈ। ਹੁਣ ਭਾਰਤ ਗੁਆਂਢੀ ਮੁਲਕਾਂ 'ਚੋਂ ਪ੍ਰਵਾਸ ਦੀ ਤਰਜੀਹ ਦਾ ਮੁਲਕ ਨਹੀਂ ਹੈ। ਸੋ, ਬੰਗਲਾਦੇਸ਼ੀ ਹਿੰਦੂ ਮੁਸਲਮਾਨ ਅਵਾਸੀਆਂ 'ਚੋਂ ਵਡੀ ਗਿਣਤੀ 50 ਤੋਂ 30 ਸਾਲ ਦੇ ਅਰਸੇ 'ਚ ਇਥੇ ਆਈ ਅਤੇ ਉਹਨਾਂ ਦੇ ਬੱਚੇ ਵੀ ਇਥੇ ਜੰਮ ਪਲ ਕੇ ਪੜ੍ਹ ਲਿਖ ਕੇ ਵੱਡੇ ਹੋਏ ਤੇ ਰਹਿ ਰਹੇ ਹਨ। ਹੁਣ ਅਬਾਦੀ ਆਪਣੀ ਚੋਣ ਕਰਕੇ ਭਾਰਤ ਨਹੀਂ ਆਈ ਸਗੋਂ ਭਾਰਤ ਵਲੋਂ ਪਾਕਿਸਤਾਨ ਨੂੰ ਤੋੜਨ ਲਈ ਸਰਗਰਮ ਦਖਲ ਦੌਰਾਨ ਜੋ ਹਿੰਸਾ ਦੀ ਹਾਲਤ ਪੈਦਾ ਹੋਈ ਉਸ ਸਥਿਤੀ ਦੇ ਸਿਟੇ ਵਜੋਂ ਭਾਰਤ ਆਈ। ਭਾਰਤ ਪਾਕਿਸਤਾਨ ਟੁੱਟਣ ਤੇ ਬੰਗਲਾਦੇਸ਼ ਬਨਣ ਦੇ ਅਮਲ ਦਾ ਸਰਗਰਮ ਹਿੱਸੇਦਾਰ ਸੀ; ਉਥੇ ਮੁਕਤੀ ਵਾਹਿਨੀ ਨੂੰ ਖੜ੍ਹਾ ਕਰਨ 'ਚ ਹਿੱਸੇਦਾਰ ਸੀ ਤੇ ਇਹ ਉਹ ਅਬਾਦੀ ਸੀ ਜੋ ਪਾਕਿਸਤਾਨ ਹਕੂਮਤ ਨਾਲ ਲੜ ਰਹੀ ਸੀ। ਤਾਂ ਬੰਗਲਾਦੇਸ਼ੀਆਂ ਦੇ ਵਿਸਥਾਪਨ ਦੀਆਂ ਪੈਦਾ ਹੋਈਆਂ ਇਹਨਾਂ ਸਥਿਤੀਆਂ 'ਚ ਭਾਰਤ ਦਾ ਆਪਣਾ ਇਕ ਰੋਲ ਰਿਹਾ ਹੈ ਤੇ ਇਸਦੇ ਨਤੀਜਿਆਂ ਤੋਂ ਇਕਦਮ ਪੱਲਾ ਝਾੜਕੇ ਬਰੀ ਨਹੀਂ ਹੋਇਆ ਜਾ ਸਕਦਾ। ਇਸ ਤੋਂ ਬਿਨਾਂ ਪਾਕਿਸਤਾਨ ਤੇ ਅਫਗਾਨਿਸਤਾਨ 'ਚੋਂ ਥੋੜ੍ਹੀ ਬਹੁਤ ਹਿੰਦੂ ਸਿਖ ਅਬਾਦੀ ਦਾ ਵੀ ਅਵਾਸ ਹੁੰਦਾ ਆ ਰਿਹਾ ਹੈ ਹਾਲਾਂਕਿ ਉਹਨਾਂ ਲਈ ਵੀ ਪ੍ਰਵਾਸ ਵਾਸਤੇ ਭਾਰਤ ਕੋਈ ਤਰਜੀਹੀ ਮੁਲਕ ਨਹੀਂ ਹੈ।

ਤਾਂ ਵੀ ਭਾਰਤ ਵਰਗੇ ਵਿਸ਼ਾਲ ਦੇਸ ਤੇ ਸਵਾ ਸੌ ਕਰੋੜ ਅਬਾਦੀ ਵਾਲੇ ਦੇਸ ਅੰਦਰ ਇਹ ਬਹੁਤੇ ਵਡੇ ਅਵਾਸ ਵਾਲੀ ਹਾਲਤ ਨਹੀਂ ਹੈ।

ਤਾਂ ਨਾਗਰਿਕਤਾ ਕਾਨੂੰਨ ਵੱਖ ਵੱਖ ਸਮੂਹਾਂ ਦੀ ਇਸ ਸ਼ਰਨਾਰਥੀ ਅਬਾਦੀ (ਨੇਪਾਲ ਨੂੰ ਛੱਡ ਕੇ) ਨੂੰ ਸਿੱਧੇ ਤੌਰ 'ਤੇ ਨਿਸ਼ਾਨੇ ਤੇ ਲੈਂਦਾ ਹੈ। ਇਹਨਾਂ ਅਵਾਸੀਆਂ ਦੀਆਂ ਅਗਲੀਆਂ ਪੀੜ੍ਹੀਆਂ, ਜੋ ਭਾਰਤ 'ਚ ਹੀ ਜਨਮੀਆਂ ਹਨ ਤੇ ਇਥੇ ਰਚਮਿਚ ਗਈਆਂ ਹਨ, ਉਹਨਾਂ ਨੂੰ ਇਹ ਕਾਨੂੰਨ ਨਾਗਰਿਕਤਾ ਪ੍ਰਦਾਨ ਕਰਨ ਦੀ ਬਜਾਇ ਨਾਗਕਿਰਤਾ ਵਿਹੂਣੇ ਕਰਨ ਦਾ ਸ਼ਿਕੰਜ਼ਾ ਕਸਦਾ ਹੈ। ਇਹ ਇਨਸਾਨੀ ਹੱਕਾਂ ਤੇ ਕਰੂਰ ਹਮਲਾ ਹੈ।

ਕੌਮਾਂਤਰੀ ਕਾਨੂੰਨਾਂ ਤੇ ਮਨੁੱਖੀ ਸਰੋਕਾਰਾਂ ਨੂੰ ਛਿੱਕੇ ਟੰਗ ਕੇ ਭਾਰਤ ਸਰਕਾਰ ਨੇ ਰੋਹਿੰਗੀਆਂ ਮੁਸਲਮਾਨਾਂ ਦੇ ਕੁਝ ਪੂਰ ਜਬਰਦਸਤੀ ਬਰਮਾ ਧੱਕ ਦਿੱਤੇ ਹਨ ਜਿਥੋਂ ਉਹਨਾਂ ਨੂੰ ਵਢਾਂਗਾ ਕਰਕੇ ਭਜਾਇਆ ਗਿਆ ਸੀ ਤੇ ਹੁਣ ਵਾਪਸੀ ਤੇ ਉਹਨਾਂ ਨਾਲ ਵਧੀਕੀ ਹੋਣ ਨਿਸ਼ਚਤ ਹੀ ਸੀ। ਸ਼ਰਨਾਰਥੀਆਂ ਬਾਰੇ ਕੌਮਾਂਤਰੀ ਕਾਨੂੰਨੀ ਇਸ ਤਰ੍ਹਾਂ ਬਿਪਤਾਵਾਂ 'ਚ ਫਸੇ ਲੋਕਾਂ ਨੂੰ ਉਹਨਾਂ ਹੀ ਹਾਲਤਾਂ 'ਚ ਵਾਪਸ ਧੱਕਣ ਦੀ ਇਜਾਜ਼ਤ ਨਹੀਂ ਦਿੰਦਾ। ਹੁਣ ਇਹ ਭਾਰਤ ਦੇ ਮੁਸਲਮਾਨਾਂ ਨਾਲੋਂ ਵੱਧ, ਜਿੰਨਾ ਨੂੰ ਖੁਦ ਆਪਣੀ ਹਿਫਾਜ਼ਤ ਦੇ ਲਾਲ੍ਹੇ ਪਏ ਹੋਏ ਹਨ, ਭਾਰਤ ਦੀ ਕਿਰਤੀ ਜਮਾਤ ਦਾ ਕੌਮਾਂਤਰੀ ਕਿਰਤੀਆਂ ਪ੍ਰਤੀ ਫਰਜ ਹੈ ਕਿ ਉਹ ਨਿਤਰਕੇ ਇਹਨਾਂ ਕਿਰਤੀ ਸ਼ਰਨਾਰਥੀਆਂ ਦੇ ਮਨੁੱਖੀ ਤੇ ਸ਼ਰਨਾਰਥੀ ਹੱਕਾਂ ਬਾਰੇ ਅਵਾਜ਼ ਉਠਾਉਣ ਤੇ ਇਸਦੀ ਉਮੀਦ ਮਜ਼ਦੂਰ ਮਿਹਨਤਕਸ਼ਾਂ ਦੀ ਲਹਿਰ ਤੋਂ ਹੀ ਹੈ ਜਿੰਨਾ ਦਾ ਕੌਮਾਂਤਰੀ ਤੇ ਜਮਾਤੀ ਨਜ਼ਰੀਆ ਹੈ; ਇਹ ਆਸ ਸੋੜੇ ਰਾਸ਼ਟਰਵਾਦ ਦੇ ਦਾਇਰੇ ਤੇ ਮੁਹਾਵਰੇ 'ਚ ਸੀਮਤ ਪੈਂਤੜੇ ਤੋਂ ਨਹੀਂ ਕੀਤੀ ਜਾ ਸਕਦੀ। ਕਿਰਤੀ ਜਮਾਤ ਦੀਆਂ ਲਹਿਰਾਂ ਨੂੰ ਹੀ ਬੁਲੰਦ ਅਵਾਜ਼ 'ਚ ਰੋਹਿੰਗੀਆਂ ਤੇ ਬੰਗਲਾਦੇਸ਼ੀ ਮੁਸਲਮਾਨ ਸ਼ਰਨਾਰਥੀਆਂ ਦੇ ਹੱਕ ਵਿੱਚ ਬੋਲਣਾ ਪੈਣਾ ਹੈ। ਇਹ ਅਵਾਸੀ ਕਿਰਤੀ ਸ਼ਰਨਾਰਥੀ ਨਹੀਂ, ਸਗੋਂ ਬਦੇਸ਼ੀ ਸਾਮਰਾਜੀ ਸਰਮਾਇਆ ਹੈ ਜੋ ਸਾਡੀ ਕਿਰਤ ਤੇ ਮਾਲ ਖਜਾਨਿਆਂ ਨੂੰ ਲੁੱਟ ਚੂੰਡ ਰਿਹਾ ਹੈ ਤੇ ਸੰਸਾਰ ਭਰ 'ਚ ਜਬਰੀ ਵਿਸਥਾਪਨ ਦੀਆਂ ਹਾਲਤਾਂ ਪੈਦਾ ਕਰਕੇ ਰਿਫਿਊਜੀ ਸੰਕਟ ਪੈਦਾ ਕਰ ਰਿਹਾ ਹੈ। ਇਹ ਇਹਨਾਂ ਬਦੇਸ਼ੀ ਧਨਾਢਾਂ ਦੇ ਸਥਾਨਕ ਜੋਟੀਦਾਰ ਤੇ ਸਥਾਨਕ ਧਨਾਢ ਹਨ ਜੋ ਸਾਡੇ ਮਿਹਨਤੀ ਲੋਕਾਂ ਦੀ ਕਿਰਤੀ ਕਮਾਈ ਛਕ ਰਹੇ ਹਨ। ਇਸ ਲਈ ਸਾਡੇ ਕਿਰਤੀ ਲੋਕਾਂ ਦਾ ਇਹਨਾਂ ਬਿਪਤਾ ਮਾਰੇ ਕਿਰਤੀ ਅਵਾਸੀਆਂ ਨਾਲ ਕੋਈ ਟਕਰਾ ਨਹੀਂ, ਸਗੋਂ ਦੁਨੀਆਂ ਭਰ ਦੇ ਕਿਰਤੀਆਂ ਦੀ ਮਨੁੱਖੀ, ਜਮਹੂਰੀ ਹੱਕਾਂ ਵਾਸਤੇ ਸਾਂਝ ਹੈ।

ਹੁਣ ਕਾਨੂੰਨ ਦੀ ਅਗਲੀ ਵਿਆਖਿਆ ਨੂੰ ਸਮਝਣ ਤੋਂ ਪਹਿਲਾਂ ਇਥੇ ਰੁਕਣਾ ਪੈਣਾ ਹੈ।

ਮਸਲਾ ਇਹ ਹੈ ਕਿ ਮੌਜੂਦਾ ਅੰਦੋਲਨ ਦੀ ਇਕ ਮਹਤਵਪੂਰਣ ਮੰਗ ਇਹ ਹੈ ਕਿ ਸਾਰੇ ਮੁਲਕ 'ਚ ਲਾਜਮੀ ਕੌਮੀ ਨਾਗਰਿਕਤਾ ਰਜਿਸਟਰੇਸ਼ਨ ਰੱਦ ਹੋਵੇ। ਪਰ ਜੋ ਇਹ ਕੰਪਲਸਰੀ ਜਾਂ ਲਾਜਮੀ ਰਜਿਸਟਰੇਸ਼ਨ ਹੈ ਇਹ 2019 ਦੀ ਕਾਨੂੰਨੀ ਸੋਧ ਨਾਲ ਲਾਗੂ ਨਹੀਂ ਕੀਤੀ ਗਈ। ਇਹ ਤਾਂ ਅੱਜ ਤੋਂ 16 ਸਾਲ ਪਹਿਲਾਂ 2004 ਵਿਚ ਲਾਗੂ ਕੀਤੀ ਗਈ ਸੀ। ਭਾਵ, 2004 ਦੀ ਪਾਰਲੀਮੈਂਟ ਨੇ ਲਾਜਮੀ ਰਜਿਸਟਰੇਸ਼ਨ ਜਾਂ ਐਨ ਆਰ ਸੀ (NRC) ਦਾ ਬੰਦੋਬਸਤ ਧਾਰਾ 14 ਏ ਰਾਹੀਂ 2004 'ਚ ਕੀਤਾ ਸੀ। ਮਤਲਬ ਅਸੀਂ ਹੁਣ ਤੱਕ ਜੋ ਪੜ੍ਹਿਆ ਹੈ ਉਹ 2004 ਵਿਚ ਕਾਨੂੰਨ ਅੰਦਰ ਪਾਸ ਹੋਇਆ ਸੀ।

ਤੇ ਇਹ ਬੰਦੋਬਸਤ ਪਾਰਲੀਮੈਂਟ 'ਚ ਸਰਬਸੰਮਤੀ ਨਾਲ ਕੀਤਾ ਗਿਆ ਸੀ। ਇਹ ਬਿਲ ਤਤਕਾਲੀਨ ਵਾਜਪਾਈ ਸਰਕਾਰ ਵੇਲੇ ਅਡਵਾਨੀ ਨੇ ਪੇਸ਼ ਕੀਤਾ ਸੀ ਜਿਸਨੂੰ ਸਾਰੀਆਂ ਖੇਤਰੀ, ਖੱਬੀਆਂ, ਕਾਂਗਰਸ ਤੇ ਹਰ ਮੈਂਬਰ ਦੀ ਹਮਾਇਤ ਹਾਸਲ ਸੀ। ਇਹ ਹੀ ਨਹੀਂ ਮੁਲਕ ਨੂੰ ਵੱਡੀ ਜੇਲ੍ਹ ਬਣਾ ਦੇਣ ਵਾਲੇ ਇਸ ਕਾਨੂੰਨ ਨੂੰ ਪਹਿਲਾਂ ਸਟੈਂਡਿੰਗ ਕਮੇਟੀ ਵਿਚ ਵਿਚਾਰਿਆ ਗਿਆ। ਇਸ ਸਟੈਂਡਿੰਗ ਕਮੇਟੀ ਦਾ ਮੁਖੀ ਪ੍ਰਨਬ ਮੁਖਰਜੀ ਸੀ। ਇਸ ਵਿਚ ਰਾਮ ਜੇਠਮਲਾਨੀ ਵਰਗੇ ਘਾਗ ਵਕੀਲ ਸੀ। ਪੰਜਾਬ ਤੋਂ ਸਿਮਰਨਜੀਤ ਸਿੰਘ ਮਾਨ ਵੀ ਇਸਦਾ ਮੈਂਬਰ ਸੀ। ਬੰਗਾਲ ਤੋਂ ਦੋਹਾਂ ਕਮਿਊਨਿਸਟ ਪਾਰਟੀਆਂ ਦੇ ਐਮਪੀ ਇਸ ਕਮੇਟੀ ਦੇ ਮੈਂਬਰ ਸੀ। ਲਾਲੂ ਪ੍ਰਸਾਦ ਯਾਦਵ, ਮਤਲਬ ਮੁਲਕ ਦੇ ਸਾਰੀ ਪਾਰਲੀਮਾਨੀ ਸਿਆਸੀ ਰਾਇ ਇਸ ਕਮੇਟੀ ਅੰਦਰ ਮੌਜੂਦ ਸੀ। ਇਸਨੂੰ ਪੂਰੇ ਵਿਸਥਾਰ 'ਚ ਵਿਚਾਰਿਆ ਗਿਆ ਤੇ ਸਰਬਸਹਿਮਤੀ ਨਾਲ ਪਾਸ ਕਰਕੇ ਸਟੈਂਡਿੰਗ ਕਮੇਟੀ ਨੇ ਇਸਨੂੰ ਪਾਰਲੀਮੈਂਟ 'ਚ ਪੇਸ਼ ਕੀਤਾ। ਇਸ ਤੇ ਹੋਈ ਬਹਿਸ 'ਚ ਕਾਂਗਰਸ ਵਲੋਂ ਮਨਮੋਹਨ ਸਿੰਘ ਤੇ ਇਕ ਹੋਰ ਐਮਪੀ ਸ਼ੰਕਰ ਰਾਇ ਚੌਧਰੀ ਨੇ ਹਮਾਇਤੀ ਟਿੱਪਣੀਆਂ ਕਰਕੇ ਸਿਰਫ ਇਹ ਖਦਸ਼ਾ ਜਤਾਇਆਂ ਕਿ ਭਵਿਖ ਵਿਚ ਇਸ ਕਾਨੂੰਨ ਦੀ ਮਾਰ ਤੋਂ ਗੈਰ ਮੁਸਲਮਾਨ ਅਵਾਸੀਆਂ ਨੂੰ ਬਚਾਉਣ ਦੇ ਬੰਦੋਬਸਤ ਹੋਣੇ ਚਾਹੀਦੇ ਹਨ ਤੇ ਇਸ ਖਦਸ਼ੇ ਨਾਲ ਅਡਵਾਨੀ ਨੇ ਵੀ ਸਹਿਮਤੀ ਜਤਾਈ।

ਇਸ ਤੋਂ ਸਪਸ਼ਟ ਹੈ ਕਿ ਸਾਰੀਆਂ ਹੁਕਮਰਾਨ ਪਾਰਟੀਆਂ ਤੇ ਹਾਕਮ ਜਮਾਤੀ ਹਿਸਿਆਂ ਨੂੰ ਇਸ ਕਾਨੂੰਨ ਬਾਰੇ ਸਾਰੀ ਸਥਿਤੀ ਸਪਸ਼ਟ ਸੀ ਤੇ ਉਹ ਪੜਾਅ ਦਰ ਪੜਾਅ ਇਸ ਨੂੰ ਲਾਗੂ ਕਰਨ ਵਾਸਤੇ ਸਹਿਮਤ ਸਨ। ਹੁਣ ਇਹੀ ਪਾਰਟੀਆਂ ਦੰਭ ਰਚ ਰਹੀਆਂ ਹਨ। ਬਹੁਤ ਸਾਰੀਆਂ ਸੂਬਾਈ ਅਸੰਬਲੀਆਂ ਨੇ ਮਤੇ ਪਾਏ ਹਨ ਕਿ ਉਹ ਲਾਜ਼ਮੀ ਅਬਾਦੀ ਰਜਿਸਟਰ ਤੇ ਨਾਗਰਿਕਤਾ ਰਜਿਸਟਰੇਸ਼ਨ ਨਹੀਂ ਕਰਨਗੀਆਂ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਕਾਨੂੰਨ ਕੇਂਦਰੀ ਲਿਸਟ 'ਚ ਸਾਮਲ ਹੈ ਤੇ ਸੂਬਾ ਸਰਕਾਰਾਂ ਪਾਸ ਇਸ ਨੂੰ ਲਾਗੂ ਹੋਣ ਤੋਂ ਰੋਕਣ ਦਾ ਕੋਈ ਜਰੀਆ ਨਹੀਂ। ਦੂਸਰਾ, ਜਦੋਂ ਇਹ ਕਾਨੂੰਨ ਪਾਸ ਹੋ ਰਿਹਾ ਸੀ ਤਾਂ ਉਹ ਪਾਰਟੀਆਂ ਤੇ ਉਹਨਾਂ ਦੇ ਨੁਮਾਇੰਦੇ ਇਸ ਨੂੰ ਪਾਸ ਕਰਾਉਣ

ਵਾਲਿਆਂ ਵਜੋਂ ਸ਼ਾਮਲ ਸੀ। ਆਪਣੇ ਵਿਰੋਧ ਦੇ ਨਕਲੀ ਸ਼ੋਰ ਵਿਚ ਇਹ ਹਾਕਮ ਜਮਾਤੀ ਪਾਰਟੀਆਂ ਆਪਣੇ ਇਸ ਕੁਕਰਮ ਤੇ ਪਰਦਾਪੋਸ਼ੀ ਨਹੀਂ ਕਰ ਸਕਦੀਆਂ। ਇਹਨਾਂ ਹਾਕਮ ਜਮਾਤੀ ਪਾਰਟੀਆਂ ਤੇ ਨੁਮਾਇੰਦਿਆਂ ਦਾ ਇਸ ਕਾਨੂੰਨ ਨਾਲ ਕੋਈ ਵਿਰੋਧ ਨਹੀਂ ਹੈ ਸਗੋਂ ਅੰਦੋਲਨ ਅੰਦਰ ਇਹਨਾਂ ਨੇ ਇਸ ਅੰਦੋਲਨ ਦੀ ਸਪਸ਼ਟਤਾ ਨੂੰ ਖੁੰਢਾ ਕਰਕੇ, ਲੋਕ ਚੇਤਨਾ ਦੀ ਗੁੰਜਾਇਸ਼ ਨੂੰ ਮੱਧਮ ਕਰਕੇ, ਅੰਦੋਲਨ ਦੇ ਦਾਇਰੇ ਨੂੰ ਸੀਮਤ ਕਰਕੇ ਹਾਕਮ ਜਮਾਤਾਂ ਦੀ ਸੇਵਾ ਕਰਨੀ ਹੈ ਤੇ ਬਣੇ ਮਹੌਲ ਅੰਦਰ ਆਪਣੀਆਂ ਸਿਆਸੀ ਰੋਟੀਆਂ ਸੇਕਣੀਆਂ ਹਨ।

ਉਕਤ ਕਾਨੂੰਨ ਨੂੰ ਜਦੋਂ ਵਿਸ਼ੇਸ਼ ਬੰਦੋਬਸਤਾਂ ਤਹਿਤ ਅਸਾਮ ਅੰਦਰ ਲਾਗੂ ਕੀਤਾ ਗਿਆ ਤਾਂ ਇਕ ਨਤੀਜਾ ਇਹ ਨਿਕਲਿਆ ਕਿ ਸੱਚੇ ਝੂਠੇ ਦਰਸਾਏ ਗਏ ਗੈਰ ਕਾਨੂੰਨੀ ਅਵਾਸੀਆਂ 'ਚੋਂ ਬਹੁਗਿਣਤੀ ਹਿੰਦੂ ਵਸੋਂ ਨਿਕਲ ਆਈ। ਹਾਲਾਂਕਿ 2004 ਦੀਆਂ ਸੋਧਾਂ ਦੇ ਘਾੜਿਆਂ ਦਾ ਅੰਦਾਜਾ ਇਹ ਸੀ ਕਿ ਮੁੱਖ ਤੌਰ 'ਤੇ ਮੁਸਲਮਾਨ ਅਬਾਦੀ ਨੂੰ ਗੈਰਕਾਨੂੰਨੀ ਅਵਾਸੀ ਵਜੋਂ ਦਰਸਾਇਆ ਜਾਵੇਗਾ। ਮਨਮੋਹਨ ਸਿੰਘ ਅਤੇ ਸ਼ੰਕਰ ਰਾਇ ਚੌਧਰੀ ਦੇ ਖਦਸ਼ੇ ਸੱਚ ਸਾਬਤ ਹੋਏ।

ਤਾਂ ਇਸ ਸਥਿਤੀ ਨੇ ਨਾਗਰਿਕ ਕਾਨੂੰਨ ਦੀਆਂ ਮੌਜੂਦਾ ਸੋਧਾਂ ਨੂੰ ਜਨਮ ਦਿਤਾ। ਇਸ ਵਿਚ ਭਾਰਤ ਵਿਚ ਰੰਹਿਦੀ ਸਾਰੀ ਗੈਰ ਮੁਸਲਮਾਨ ਅਬਾਦੀ ਨੂੰ ਨਾਗਰਿਕਤਾ ਦੇਣ ਦਾ ਬੰਦੋਬਸਤ ਕੀਤਾ ਗਿਆ। ਨਵੀਂ ਸੋਧ ਰਾਹੀਂ ਧਾਰਾ 2 (ਬੀ) (1) ਪਾਈ ਗਈ ਜਿਸ ਤਹਿਤ ਪਾਕਿਸਤਾਨ, ਬੰਗਲਾਦੇਸ਼ ਤੇ ਅਫਗਾਨਿਸਤਾਨ 'ਚੋਂ 2014 ਤੱਕ ਆਈ ਆਈ ਗੈਰ-ਮੁਸਲਮਾਨ ਅਬਾਦੀ ਨੂੰ ਗੈਰਕਾਨੂੰਨੀ ਅਵਾਸੀ ਨਹੀਂ ਮੰਨਿਆ ਗਿਆ। ਤਾਂ ਜਦੋਂ ਇਹਨਾਂ ਦੇਸਾਂ 'ਚੋਂ ਆਈ ਅਬਾਦੀ ਗੈਰ ਕਾਨੂੰਨੀ ਅਵਾਸੀ ਨਹੀਂ ਰਹੀ ਤਾਂ ਉਹ ਰਜਿਸਟਰੇਸ਼ਨ ਰਾਹੀਂ ਨਾਗਰਿਕਤਾ ਲੈਣ ਦੀ ਹਕਦਾਰ ਬਣ ਗਈ ਹੈ।

ਇਸਦਾ ਮਤਲਬ ਇਹ ਹੈ ਕਿ ਇਹਨਾਂ ਮੁਲਕਾਂ ਦੇ ਗੈਰ-ਮੁਸਲਮਾਨ ਬਸ਼ਿੰਦੇ ਉਹ 2014 ਤੱਕ ਚਾਹੇ ਗੈਰਕਾਨੂੰਨੀ ਤਰੀਕਾ ਵਰਤ ਕੇ ਭਾਰਤ ਆਏ ਹਨ ਉਹਨਾਂ ਨੂੰ ਨਾਗਰਿਕਤਾ ਦਿਤੀ ਜਾਵੇਗੀ। ਜਦਕਿ 50 ਸਾਲ ਤੋਂ ਅਜਿਹੀਆਂ ਹੀ ਸਥਿਤੀਆਂ ਕਾਰਣ ਭਾਰਤ ਆਏ ਮੁਸਲਮਾਨ ਸ਼ਰਨਾਰਥੀ ਤੇ ਉਹਨਾਂ ਦੀਆਂ ਇਥੇ ਜੰਮੀਆਂ ਪਲੀਆਂ ਵਿਆਹੀਆਂ ਵਰ੍ਹੀਆਂ ਪੁਸ਼ਤਾਂ ਕੇਵਲ ਮੁਸਲਮਾਨ ਹੋਣ ਕਾਰਣ ਨਾਗਰਿਕਤਾ ਤੋਂ ਵਿਹੂਣੀਆਂ ਹੋ ਜਾਣਗੀਆਂ। (ਇਹ ਵਿਤਕਰੇ ਦੀ ਅਜਿਹੀ ਵਿਸ਼ਾਲ ਤੇ ਘਿਨੌਣੀ ਕਾਰਵਾਈ ਹੈ ਜਿਸਦੇ ਮੂਹਰੇ ਹਿਟਲਰਸ਼ਾਹੀ ਵੀ ਬੌਣੀ ਨਜ਼ਰ ਆਉਂਦੀ ਹੈ।)

ਤਾਂ ਹੁਣ ਉਥੋਂ ਲੜੀ ਜੋੜੀਏ ਕਿ ਜਦ ਉਕਤ ਪੁਣਨੀ 'ਚੋਂ ਲੰਘਣ ਤੋਂ ਬਾਅਦ ਕੋਈ ਵਿਅਕਤੀ ਸ਼ੱਕੀ ਸਮਝਿਆ ਜਾਂਦਾ ਹੈ ਤਾਂ ਕੀ ਪ੍ਰਕਿਰਿਆ ਹੋਵੇਗੀ?

ਇਸ ਪ੍ਰਕਿਰਿਆ ਨੂੰ ਸਿਵਲ ਪ੍ਰਸ਼ਾਸਨ ਦੀ ਅਫਸਰਸ਼ਾਹੀ ਨਜਿਠੇਗੀ। ਜੋ ਵੀ ਵਿਅਕਤੀ/ਇਸਤਰੀ/ਬੱਚਾ ਉਕਤ ਪੈਮਾਨਿਆਂ ਅਨੁਸਾਰ ਪੂਰੇ ਦਸਤਾਵੇਜ ਮੁਹਈਆ ਨਾ ਕਰਵਾ ਸਕਣ ਕਾਰਣ ਸ਼ੱਕੀ ਦੇ ਘੇਰੇ 'ਚ ਆ ਜਾਵੇਗਾ 2003 ਦੇ ਨੇਮਾਂ ਦੀ ਧਾਰਾ 4 (5) ਤਹਿਤ ਉਸਨੂੰ ਐਸਡੀਐਮ ਪੱਧਰ ਦਾ ਅਧਿਕਾਰੀ ਸੁਣਵਾਈ ਦਾ ਮੌਕਾ ਦੇਵੇਗਾ ਅਤੇ 90 ਦਿਨਾਂ 'ਚ ਇਸ ਪ੍ਰਕਿਰਿਆ ਨੂੰ ਨਿਬੇੜ ਦੇਵੇਗਾ। ਆਖਰ ਨੂੰ ਸਬੰਧਤ ਤਹਿਸੀਲ ਅੰਦਰ ਨਾਗਰਿਕਾ ਦਾ ਰਜਿਸਟਰ ਤਿਆਰ ਕੀਤਾ ਜਾਵੇਗਾ। ਜੇ ਕਿਸੇ ਵਿਅਕਤੀ ਦਾ ਨਾ ਇਸ ਰਜਿਸਟਰ 'ਚ ਸਾਮਲ ਨਹੀਂ ਹੁੰਦਾ ਤਾਂ ਉਹ 30 ਦਿਨਾਂ ਦੇ ਅੰਦਰ ਅਪੀਲ ਕਰ ਸਕੇਗਾ ਜਿਸ ਦਾ 90 ਦਿਨਾਂ ਅੰਦਰ ਨਿਪਟਾਰਾ ਕੀਤਾ ਜਾਵੇਗਾ ਜਿਸ ਪਾਸ ਅਗੇ ਡਿਪਟੀ ਕਮਿਸ਼ਨਰ ਪਾਸ ਅਪੀਲ ਦਾ ਹੱਕ ਵੀ ਹੋਵੇਗਾ ਜੋ ਸੁਣਵਾਈ ਦਾ ਆਖਰੀ ਅਧਿਕਾਰੀ ਹੋਵੇਗਾ ਤੇ ਉਸਦੇ ਫੈਸਲਾ ਕਿਸੇ ਵਿਅਕਤੀ ਦੀ ਨਾਗਰਿਕਤਾ ਨੂੰ ਅੰਤਿਮ ਤੌਰ 'ਤੇ ਤੈਅ ਕਰੇਗਾ।

ਹੁਣ, ਯੂਪੀ ਵਰਗੇ ਸੂਬਿਆਂ ਅੰਦਰ ਪੱਖਪਾਤੀ ਸਥਾਨਕ ਪ੍ਰਸ਼ਾਸਨ ਨੂੰ ਚਿਤਵ ਕੇ ਦੇਖੋ : ਕੌਣ ਸ਼ੱਕੀ ਸਮਝੇ ਜਾਣਗੇ? ਤੇ ਏਨੇ ਸੀਮਤ ਸਮੇਂ ਅੰਦਰ ਕੌਣ ਇਹ ਕਾਗਜ਼ ਜੁਟਾ ਨਹੀਂ ਸਕਣਗੇ? ਅਨਪੜ੍ਹ, ਮੁਥਾਜ, ਬੇਸਹਾਰੀ, ਅਪੰਗ ਮੁਸਲਮਾਨ ਅਬਾਦੀ, ਫਿਰਕੂ ਤੇ ਤੁਅਸਬੀ ਅਫਸਰਸ਼ਾਹੀ ਦੇ ਰਹਿਮੋ ਕਰਮ ਤੇ ਮੁਥਾਜ ਹੋ ਜਾਵੇਗੀ। ਇਹ ਪ੍ਰਕਿਰਿਆ ਇਸ ਕਾਨੂੰਨ ਦੀ ਆੜ ਥੱਲੇ ਸਿਰਫ ਮੁਠੀ ਭਰ ਰੋਹਿੰਗੀਆਂ, ਜਾਂ ਅੱਧੀ ਸਦੀ ਤੋਂ ਵਸ ਰਹੇ ਬੰਗਲਾਦੇਸ਼ੀ ਮੁਸਲਮਾਨਾਂ ਨੂੰ ਹੀ ਨਹੀਂ ਸਗੋਂ ਆਮ ਨਿਤਾਣੀ ਤੇ ਗਰੀਬ ਮੁਸਲਮਾਨ ਵਸੋਂ ਨੂੰ ਅਪਰਾਧੀ ਬਣਾ ਦੇਣ, ਜਲੀਲ ਕਰਨ ਤੇ ਮਹਿਰੂਮ ਕਰਨ ਦਾ ਸਾਧਨ ਬਣਾਈ ਜਾਵੇਗੀ। ਇਹ ਉਹ ਹਕੀਕਤ ਹੈ ਜਿਸ ਨੂੰ ਮੁਸਲਮਾਨ ਭਾਈਚਾਰਾ ਆਉਂਦੀ ਵੇਖ ਰਿਹਾ ਹੈ।

ਹੁਣ ਜੋ ਵਿਅਕਤੀ ਨਾਗਰਿਕਤਾ ਰਜਿਸਟਰ 'ਚੋਂ ਬਾਹਰ ਰਹਿ ਜਾਣਗੇ, ਉਹਨਾਂ ਬਾਰੇ ਅਗਲੀ ਪ੍ਰਕਿਰਿਆ ਕੀ ਹੋਵੇਗੀ?

ਜਿਵੇਂ ਕਿ ਉਪਰਲੀ ਚਰਚਾ ਤੋਂ ਸਪਸ਼ਟ ਹੈ ਕਿ ਨਾਗਰਿਕਤਾ ਰਜਿਸਟਰ 'ਚੋਂ ਬਾਹਰ ਰਿਹਾ ਵਿਅਕਤੀ/ਬੱਚਾ/ਇਸਤਰੀ ਅਗਰ ਹਿੰਦੂ/ਸਿੱਖ ਜਾਂ ਗੈਰ ਮੁਸਲਮਾਨ ਹੈ ਤਾਂ ਉਹ ਖੁਦ ਬ ਖੁਦ ਭਾਰਤ ਦਾ ਨਾਗਰਿਕ ਨਹੀਂ ਮੰਨਿਆ ਜਾਵੇਗਾ ਸਗੋਂ ਉਸ ਨੂੰ ਧਾਰਾ 5 ਅਤੇ 6 ਤਹਿਤ ਨਾਗਰਿਕਤਾ ਲੈਣ ਲਈ ਚਾਰਾਜੋਈ ਕਰਨੀ ਪਵੇਗੀ। ਇਕ ਤੈਅ ਪ੍ਰਕਿਰਿਆ ਤੋਂ ਬਾਅਦ ਉਸਨੂੰ ਨਾਗਰਿਕਤਾ ਦੇਣ ਸਬੰਧੀ ਫੈਸਲਾ ਕੀਤਾ ਜਾਵੇਗਾ। ਨਾਗਰਿਕਤਾ ਲੈਣ ਵਾਸਤੇ ਉਹ ਭਾਰਤ ਦੇ ਸੰਵਿਧਾਨ ਪ੍ਰਤੀ ਵਫਾਦਾਰੀ; ਆਗਿਆਕਾਰਤਾ ਤੇ ਇਸਦੇ ਕਾਨੂੰਨਾਂ ਦੀ ਪਾਲਣਾ ਦੀ ਸਹੁੰ ਚੁਕੇਗਾ।

ਕੀ ਇਸ ਤਰ੍ਹਾਂ ਨਾਗਰਿਕ ਬਣੇ ਲੋਕਾਂ ਦੇ ਹੱਕ ਜੱਦੀ ਨਾਗਰਿਕਾ ਵਾਂਗ ਹੋਣਗੇ?

ਨਹੀਂ। ਇਹ ਪਹਿਲੂ ਲਗਭਗ ਚਰਚਾ 'ਚ ਆਇਆ ਹੀ ਨਹੀ ਪਰ ਇਸ ਵੱਲ ਤਵਜੋ ਦੀ ਜ਼ਰੂਰਤ ਹੈ। ਇਸ ਤਰ੍ਹਾਂ ਬਣੇ ਨਾਗਰਿਕ ਦੀ ਧਾਰਾ 10 'ਚ ਦਿੱਤੇ ਅਧਾਰਾਂ ਤੇ ਨਾਗਰਿਕਤਾ ਰੱਦ ਕੀਤੀ ਜਾ ਸਕਦੀ ਹੈ ਜਿਸ ਵਿਚ ਅਗਰ ਉਹ ਵਿਅਕਤੀ ਕੋਈ ਅਜਿਹਾ ਕੰਮ ਕਰਦਾ ਹੈ ਜਾਂ ਸਪੀਚ ਦਿੰਦਾ ਹੈ ਜਿਸ ਨਾਲ ਸਵਿਧਾਨ ਅਤੇ ਕਾਨੂੰਨਾਂ ਪ੍ਰਤੀ ਬੇਵਫਾਈ ਜਾਂ ਬੇਲਾਗਤਾ (Dissaffection) ਝਲਕਦੀ ਹੋਵੇ ਤਾ ਵੀ ਉਸਦੀ ਨਾਗਰਿਕਤਾ ਰੱਦ ਕੀਤੀ ਜਾ ਸਕਦੀ।

ਤਾਂ ਸਥਿਤੀ ਦਾ ਕਿਆਸ ਇਹ ਬਣਦਾ ਹੈ ਕਿ ਜ਼ਿਆਦਾਤਰ ਦਲਿਤਾਂ, ਆਦਿਵਾਸੀਆਂ, ਮਜ਼ਦੂਰਾਂ ਤੇ ਆਮ ਤੌਰ 'ਤੇ ਗਰੀਬਾਂ ਪਾਸ ਨਾਗਰਿਕਤਾ ਸਾਬਤ ਕਰਨ ਦੇ ਕਾਗਜ਼ ਨਹੀਂ ਹੋਣਗੇ ਤੇ ਇਹਨਾਂ ਤਬਕਿਆਂ 'ਚੋਂ ਹੀ ਜ਼ਿਆਦਾਤਰ ਹਿੱਸੇ ਇਸ ਜ਼ਰੀਏ ਰਾਹੀਂ ਨਾਗਰਿਕਤਾ ਲੈਣਗੇ। ਇਸ ਲਈ ਇਹਨਾਂ ਦੇ ਸੰਘਰਸ਼ ਤੇ ਪ੍ਰਗਟਾਵੇ ਦੇ ਹੱਕ ਖਤਰੇ ਮੂੰਹ ਬਣੇ ਰਹਿਣਗੇ ਤਾਂ ਇਸਦਾ ਮਤਲਬ ਇਹ ਹੈ ਕਿ ਅਗਰ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਪੰਜਾਬ ਖੇਤ ਮਜ਼ਦੂਰ ਯੂਨੀਅਨ ਜਾਂ ਕਿਸੇ ਸਨਅਤੀ ਮਜ਼ਦੂਰ ਜਥੇਬੰਦੀ ਦੇ ਆਗੂ ਦਾ ਕਾਰਡ ਉਸਨੂੰ ਇਸ ਜਰੀਏ ਰਾਹੀਂ ਨਾਗਰਿਕ ਬਣਿਆ ਦਰਸਾਉਂਦਾ ਹੈ ਤਾਂ ਕਿਸੇ ਸੰਘਰਸ਼ ਦੌਰਾਨ ਉਸਦੀ ਗ੍ਰਿਫਤਾਰੀ ਦੀ ਹਾਲਤ ਵਿਚ ਇਸ ਕਾਨੂੰਨ ਤਹਿਤ ਉਹ ਆਪਣੀ ਨਾਗਰਿਕਤਾ ਗੁਆ ਬੈਠਣ ਦੇ ਖਤਰੇ ਦਾ ਸਾਹਮਣਾ ਵੀ ਕਰੇਗਾ।

ਦੂਸਰਾ, ਇਹਨਾਂ ਧਾਰਾਵਾਂ ਦੇ ਜੋੜਮੇਲ ਰਾਹੀਂ ਹਕੂਮਤ ਪਾਸ ਆਪਣੇ ਰਾਜਨੀਤਕ ਵਿਰੋਧੀਆਂ ਨੂੰ ਸਿਆਸੀ ਅਧਾਰਾਂ ਤੇ ਨਾਗਰਿਕਤਾ ਵਰਗੇ ਬੁਨਿਆਦੀ ਹੱਕ ਤੋਂ ਵਾਂਝਾ ਕਰ ਸਕਣ ਦੀ ਤਾਕਤ ਦੇ ਸਿਧਾਂਤ ਨੂੰ ਪ੍ਰਵਾਨ ਕੀਤਾ ਗਿਆ ਹੈ ਜਿਸ ਨੂੰ ਆਉਣ ਵਾਲੇ ਸਮੇਂ ਅੰਦਰ ਜੱਦੀ ਨਾਗਰਿਕਾਂ ਵੱਲ ਵੀ ਵਧਾਏ ਜਾਣ ਦੇ ਦਰਵਾਜੇ ਖੁੱਲ੍ਹ ਗਏ ਹਨ।

ਹੁਣ ਅਗਲਾ ਸਵਾਲ ਇਹ ਹੈ ਕਿ ਨਾਗਰਿਜਤਾ ਰਜਿਸਟਰ 'ਚੋਂ ਰਹਿ ਗਏ ਮੁਸਲਮਾਨਾਂ ਦਾ ਕੀ ਬਣੇਗਾ?

ਉਹਨਾਂ ਪਾਸ ਨਾਗਰਿਕਤਾ ਹਾਸਲ ਕਰਨ ਦਾ ਕੋਈ ਰਸਤਾ ਬਾਕੀ ਨਹੀਂ ਹੋਵੇਗਾ।

ਹੁਣ ਜੋ ਵੀ ਵਿਅਕਤੀ ਚਾਹੇ ਉਹ ਮੁਸਲਮਾਨ ਹੋਣ ਕਾਰਨ, ਚਾਹੇ ਨਾਗਰਿਕਤਾ ਵਲੋਂ ਵਾਂਝੇ ਕਰ ਦਿਤੇ ਜਾਣ ਕਾਰਣ ਨਾਗਰਿਕ ਨਹੀਂ ਰਹਿਣਗੇ ਤਾਂ ਅਜਿਹੇ ਵਿਅਕਤੀਆਂ ਨੂੰ ਕਾਨੂੰਨ ਫਾਰਨਰ ਐਕਟ ਜਾਂ ਬਦੇਸ਼ੀ ਕਾਨੂੰਨ ਰਾਹੀਂ ਨਜਿਠਦਾ ਹੈ।

ਬਦੇਸ਼ੀ ਕਾਨੂੰਨ ਤਹਿਤ ਜੋ ਨਾਗਰਿਕ ਨਹੀਂ, ਉਹ ਬਦੇਸ਼ੀ ਹੈ। ਸੋ, ਉਕਤ ਕਾਨੂੰਨ ਵਲੋਂ ਜਦੋਂ ਕੋਈ ਵਿਅਕਤੀ/ਬੱਚਾ ਭਾਰਤ ਦਾ ਨਾਗਰਿਕ ਨਹੀਂ ਮੰਨਿਆ ਜਾਂਦਾ ਤਾਂ ਉਹ ਬਦੇਸ਼ੀ ਗਿਣਿਆ ਜਾਂਦਾ ਹੈ। ਹੁਣ ਜੇ ਕੋਈ ਵਿਅਕਤੀ ਜਾਂ ਬੱਚਾ ਬਦੇਸ਼ੀ ਹੈ ਤਾਂ ਉਹ ਬਦੇਸ਼ੀ ਕਾਨੂੰਨ ਦੀ ਧਾਰਾ 2 ਤਹਿਤ ਆ ਜਾਂਦਾ ਹੈ ਤੇ ਸਰਕਾਰ ਉਸ ਦੇ ਆਵਾਗਮਨ, ਰਿਹਾਇਸ਼, ਮੇਲ ਮਿਲਾਪ, ਵਿਚਾਰਾਂ ਦੇ ਪ੍ਰਗਟਾਵੇ, ਦੇਸ਼ 'ਚੋਂ ਬਾਹਰ ਜਾਣ ਵਗੈਰਾ ਸਬੰਧੀ ਹੁਕਮ ਦੇ ਸਕਦੀ ਹੈ ਅਤੇ ਜੇ ਉਸ ਪਾਸ ਦੇਸ ਅੰਦਰ ਰਹਿਣ ਦੇ ਲੋੜੀਂਦੇ ਪਤਰ ਨਹੀਂ ਤਾਂ ਉਸਨੂੰ ਗ੍ਰਿਫਤਾਰ ਕੀਤਾ ਜਾਵੇਗਾ।

ਹੁਣ ਜਦੋਂ ਕਿਸੇ ਵਿਅਕਤੀ ਨੂੰ ਬਦੇਸ਼ੀ ਕਰਾਰ ਦਿਤਾ ਜਾਂਦਾ ਹੈ ਤਾਂ ਉਹ ਬਦੇਸ਼ੀ ਹੈ ਜਾਂ ਨਹੀਂ, ਜਾਂ ਅਗਰ ਸਬੰਧਤ ਅਧਿਕਾਰੀ ਉਸਨੂੰ ਕਿਸੇ ਹੋਰ ਦੇਸ਼ ਦਾ ਨਾਗਰਿਕ ਹੋਣ ਬਾਰੇ ਕਰਾਰ ਦੇ ਦਿੰਦਾ ਹੈ ਤਾਂ ਜੇ ਉਹ ਵਿਅਕਤੀ ਇਸ ਤੋਂ ਇਨਕਾਰ ਕਰਦਾ ਹੈ ਤਾਂ ਇਹ ਸਾਬਤ ਕਰਨ ਦਾ ਕਿ ਉਹ ਵਿਅਕਤੀ ਬਦੇਸ਼ੀ ਨਹੀਂ ਜਾਂ ਦੋਸ਼ ਲਗਾਏ ਦੇਸ਼ ਦਾ ਨਾਗਰਿਕ ਨਹੀਂ, ਇਹ ਜ਼ੁੰਮਾ ਧਾਰਾ 9 ਤਹਿਤ ਉਸ ਵਿਅਕਤੀ ਦਾ ਹੁੰਦਾ ਹੈ।

ਧਾਰਾ 8 ਤਹਿਤ ਸਬੰਧਤ ਟ੍ਰਿਬਿਊਨਲ ਆਵਦੇ ਲੱਖਣ ਨਾਲ ਵੀ ਕਿਸੇ ਬਦੇਸ਼ੀ ਨੂੰ ਕਿਸੇ ਦੇਸ ਦਾ ਨਾਗਰਿਕ ਕਰਾਰ ਦੇ ਸਕਦਾ ਹੈ ਤੇ ਉਸਦੇ ਫੈਸਲੇ ਨੂੰ ਕਿਸੇ ਅਦਾਲਤ 'ਚ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਹੁਣ ਇਕ ਵਿਅਕਤੀ, ਜੋ ਬਦੇਸ਼ੀ ਕਰਾਰ ਦਿੱਤੇ ਜਾਣ ਕਾਰਨ ਜੇਲ੍ਹ 'ਚ ਬੰਦ ਹੈ, ਉਸ ਵਾਸਤੇ ਇਸ ਸਥਿਤੀ ਦਾ ਸਾਹਮਣਾ ਕਰਨਾ ਨਾਮੁਮਕਿਨ ਹੈ। ਤੁਅਸਬੀ ਤੇ ਫਿਰਕੂ ਅਫਸਰਸ਼ਾਹੀ ਮੂਹਰੇ ਕਿਸ ਦੀ ਗੁਹਾਰ ਸੁਣੀ ਜਾਣੀ ਹੈ, ਇਹ ਕਿਆਸ ਮੁਸ਼ਕਿਲ ਨਹੀਂ।

ਹੁਣ ਜੇ ਕੋਈ ਵਿਅਕਤੀ ਉਕਤ ਮਨਮਰਜ਼ੀ ਤੇ ਧੱਕੇ ਦੀ ਪ੍ਰਕਿਰਿਆ ਕਰ ਬਦੇਸ਼ੀ ਜਾਂ ਅੱਗੇ ਬੰਗਲਾਦੇਸ਼ੀ ਕਰਾਰ ਦੇ ਦਿਤਾ ਗਿਆ ਹੈ ਤਾਂ ਉਸਨੂੰ ਅਦਾਲਤ ਵਲੋਂ ਸਾਬਤ ਹੋਇਆ ਮੰਨਿਆ ਜਾਵੇਗਾ। ਜਾਹਰ ਹੈ ਕਿ ਅਜਿਹੇ ਨਾਗਰਿਕਾਂ ਨੂੰ ਬੰਗਲਾਦੇਸ਼ ਜਾ ਕੋਈ ਵੀ ਹੋਰ ਦੇਸ਼ ਕਿਉਂ ਸਵੀਕਾਰ ਕਰੇਗਾ। ਤਾਂ ਇਸ ਤਰ੍ਹਾਂ ਅਜਿਹੇ ਵਿਅਕਤੀ ਬਿਨਾ ਦੋਸ਼ ਭਾਰਤੀ ਜੇਲ੍ਹਾਂ 'ਚ ਸੜਨ ਲਈ ਮਜਬੂਰ ਹੋ ਜਾਣਗੇ।

ਜੋ ਕੋਈ ਵੀ ਅਜਿਹੇ ਵਿਅਕਤੀਆਂ ਨੂੰ ਇਸ ਧੱਕੜ ਕਾਨੂੰਨ ਦੀ ਨਿਗਰਾਨੀ, ਗ੍ਰਿਫਤ ਤੇ ਘੇਰੇ 'ਚੋਂ ਨਿਕਲਣ ਲਈ ਮਦਦ ਕਰੇਗਾ, ਉਸਨੂੰ 5 ਸਾਲ ਦੀ ਕੈਦ ਦਾ ਬੰਦੋਬਸਤ ਕੀਤਾ ਗਿਆ ਹੈ। ਤਾਂ ਸਾਡੀਆਂ ਨਜਰਾਂ ਸਾਹਮਣੇ ਮੁਸਲਮਾਨ ਜਾਂ ਬਦੇਸ਼ੀ ਕਰਾਰ ਦਿਤੇ ਗਏ ਹੋਰ ਨਾਗਰਿਕ ਇਹਨਾਂ ਧਕੱੜ ਤੇ ਅਨਿਆਈਂ ਪ੍ਰਕਿਰਿਆ ਕਾਰਨ ਜੇਲ੍ਹਾਂ 'ਚ ਰੁਲਣਗੇ ਤੇ ਜੇ ਅਸੀਂ ਉਹਨਾਂ ਲਈ ਸੰਘਰਸ਼ ਕਰਾਂਗੇ ਤੇ ਭਾਰਤ ਦੇ ਲੋਕਾਂ ਨੂੰ ਝੂਠੀਆਂ ਸੱਚੀਆਂ ਐਫਆਈਆਰਾਂ ਰਾਹੀਂ ਇਸ ਕਿਸਮ ਦੀਆਂ ਸਖਤ ਧਾਰਾਵਾਂ ਦਾ ਸ਼ਿਕਾਰ ਬਣਾਇਆ ਜਾਵੇਗਾ।

ਹੁਣ ਇਹ ਜਾਨਣਾ ਅਹਿਮ ਹੈ ਕਿ ਇਸ ਤਰ੍ਹਾਂ ਕਰਾਰ ਦਿਤੀ ਬਦੇਸ਼ੀ ਅਬਾਦੀ ਦੀ ਕੁੱਲ ਸਥਿਤੀ ਭਾਰਤ ਦੇ ਨਾਗਰਿਕਾਂ ਨਾਲੋਂ ਕਿਵੇਂ ਵੱਖਰੀ ਹੋਵੇਗੀ?

ਧਾਰਾ 14 ਤਹਿਤ ਚਾਹੇ ਕੋਈ ਨਾਗਰਿਕ ਹੈ ਤੇ ਚਾਹੇ ਬਦੇਸ਼ੀ, ਦੋਹਾਂ ਨੂੰ ਕਾਨੂੰਨ ਸਾਹਮਣੇ ਬਰਾਬਰੀ ਹਾਸਲ ਹੈ। ਪਰੰਤੂ ਧਾਰਾ 15 ਕਹਿੰਦੀ ਹੈ ਕਿ ਨਾਗਰਿਕਾਂ ਨਾਲ ਧਰਮ, ਨਸਲ, ਲਿੰਗ, ਜਨਮ ਸਥਾਨ ਦੇ ਅਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ ਪਰ ਇਹ ਸੁਰੱਖਿਆ ਬਦੇਸ਼ੀਆਂ ਨੂੰ ਹਾਸਲ ਨਹੀਂ। ਵਰਨਣਯੋਗ ਹੈ ਕਿ ਬਦੇਸ਼ੀ ਕਾਨੂੰਨ ਸਵਿਧਾਨ ਬਣਨ ਤੋਂ ਪਹਿਲਾਂ ਲਾਗੂ ਸੀ ਅਤੇ ਇਸ ਦੇ ਬੰਦੋਬਸਤ ਸੰਵਿਧਾਨ ਵਲੋਂ ਸੁਰੱਖਿਅਤ ਹਨ। ਇਸੇ ਤਰ੍ਹਾਂ ਰੁਜ਼ਗਾਰ ਦੇ ਮਾਮਲੇ 'ਚ ਉਕਤ ਅਧਾਰਾਂ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ ਪਰ ਬਦੇਸ਼ੀਆਂ ਨੂੰ ਇਹ ਹੱਕ ਹਾਸਲ ਨਹੀਂ। ਇਸੇ ਤਰ੍ਹਾਂ ਵਿਚਾਰਾਂ ਦੇ ਪ੍ਰਗਟਾਵੇ, ਯੂਨੀਅਨ ਬਣਾਉਣ, ਰੋਸ ਪ੍ਰਗਟ ਕਰਨ ਦਾ ਹੱਕ ਨਾਗਰਿਕ ਨੂੰ ਹਾਸਲ ਹੈ ਬਦੇਸ਼ੀ ਵਿਅਕਤੀ ਨੂੰ ਨਹੀਂ। ਧਾਰਾ 21 ਤਹਿਤ ਜੀਵਨ ਦੀ ਸੁਰੱਖਿਆ ਦਾ ਹੱਕ, ਭਾਵ ਕਿਸੇ ਵੀ ਵਿਅਕਤੀ ਚਾਹੇ ਉਹ ਬਦੇਸ਼ੀ ਹੈ ਜਾਂ ਨਾਗਰਿਕ, ਉਸ ਨੂੰ ਅਜ਼ਾਦੀ ਤੇ ਜ਼ਿੰਦਗੀ ਤੋਂ ਕਾਨੂੰਨ ਦੁਆਰਾ ਤੈਅ ਕੀਤੀ ਪ੍ਰਕਿਰਿਆ ਅਨੁਸਾਰ ਹੀ ਮਹਰੂਮ ਕੀਤਾ ਜਾ ਸਕਦਾ, ਇਹ ਹੱਕ ਸਭ ਵਿਅਕਤੀਆਂ ਨੂੰ ਹਾਸਲ ਹੈ।

ਤਾਂ, ਇਹਨਾਂ ਬੁਨਿਆਦੀ ਅਧਿਕਾਰਾਂ ਤੋਂ ਸਾਫ ਹੈ ਕਿ ਬਦੇਸ਼ੀਆਂ ਨੂੰ ਸ਼ਰਨ ਦੇ ਮਾਮਲੇ 'ਚ ਧਰਮ ਅਧਾਰ ਤੇ ਵਿਤਕਰੇ ਨੂੰ ਸੰਵਿਧਾਨਕ ਮਾਨਤਾ ਹਾਸਲ ਹੈ। ਦਰਅਸਲ, ਇਹ ਵਿਤਕਰਾ ਸੰਵਿਧਾਨ 'ਚ ਖੁਦ ਜਾਹਰਾ ਤੌਰ 'ਤੇ ਮੌਜੂਦ ਹੈ। ਭਾਰਤ 'ਚ ਫਸਾਦੀਆਂ ਨੇ 1947 'ਚ ਜੱਦੀ ਮੁਸਲਮਾਨ ਖਦੇੜ ਕੇ ਭਜਾ ਦਿੱਤੇ ਤਾਂ ਕੁਝ ਮਹੀਨਿਆਂ ਦੇ ਟਿਕਟਕਾ ਤੋਂ ਬਾਅਦ ਉਹਨਾਂ 'ਚ ਵਾਸਤੀ ਦਾ ਰੁਝਾਨ ਪੈਦਾ ਹੋਇਆ। ਧੱਕੇ ਨਾਲ ਲੁਟਮਾਰ ਕੇ ਭਜਾਏ ਜੱਦੀ ਮੁਸਲਮਾਨਾਂ ਦਾ ਆਪਣੇ ਘਰਾਂ ਜਾਇਦਾਦ ਤੇ ਵਾਪਸ ਦਾ ਪੂਰੀ ਹੱਕ ਬਣਦਾ ਸੀ ਪਰ ਭਾਰਤ ਸਰਕਾਰ ਨੇ 1948 'ਚ "ਪੱਛਮੀ ਪਾਕਿਸਤਾਨ ਤੋਂ ਆਮਦ 'ਤੇ ਕੰਟਰੋਲ ਆਰਡੀਨੈਂਸ (The Influx from West Pakistan (Control) Ordinance, 1948) 'ਤੇ ਮਗਰੋਂ ਕਾਨੂੰਨ ਜਾਰੀ ਕਰਕੇ ਉਹਨਾਂ ਦੀ ਵਾਪਸੀ ਤੇ ਰੋਕ ਲਗਾ ਦਿਤੀ ਤੇ ਉਪਰ ਜ਼ਿਕਰ ਆਏ 'ਬਦੇਸ਼ੀ ਕਾਨੂੰਨ' ਤਹਿਤ ਉਹਨਾਂ ਨੂੰ ਧੜਾਧੜ ਪਾਕਿਸਤਾਨ ਦਵੱਲ ਦਿਤਾ ਗਿਆ। ਮਗਰੋਂ ਸੰਵਿਧਾਨ ਦੀ ਧਾਰਾ 7 'ਚ ਮਾਰਚ 1947 ਤੋਂ ਬਾਅਦ ਭਾਰਤ 'ਚ ਪਾਕਿਸਤਾਨ ਗਏ ਮੁਸਲਮਾਨਾਂ ਦੀ ਨਾਗਰਿਕਤਾ ਖਤਮ ਕਰ ਦਿੱਤੀ ਜਦਕਿ ਉਸੇ ਸਮੇਂ ਜੋ ਹਿੰਦੂ ਸਿੱਖ 1950 ਸੰਵਿਧਾਨ ਲਾਗੂ ਹੋਣ ਤੱਕ ਪਾਕਿਸਤਾਨ ਤੋਂ ਆ ਰਹੇ ਸਨ, ਉਹਨਾਂ ਨੂੰ ਧਾਰਾ 6 ਤਹਿਤ ਨਾਗਰਿਕਤਾ ਦਿੱਤੀ ਜਾਂਦੀ ਰਹੀ। ਇਸੇ ਕਰਕੇ ਬੁਨਿਆਦੀ ਅਧਿਕਾਰਾਂ ਵਿਚ ਬਦੇਸ਼ੀਆਂ ਨਾਲ ਧਰਮ ਅਧਾਰ ਤੇ ਵਿਤਕਰੇ ਦਾ ਬੰਦੋਬਸਤ ਜਾਹਰਾ ਤੌਰ 'ਤੇ ਰੱਖਿਆ ਗਿਆ ਹੈ। (ਇਹ ਅਕਾਰਣ ਨਹੀਂ ਸੀ ਕਿ ਸੰਵਿਧਾਨ ਦੀ ਪ੍ਰਸਤਾਵਨਾ 'ਚ ਸੈਕੂਲਰ ਸ਼ਬਦ ਪਾਉਣ ਤੋਂ ਗੁਰੇਜ ਕੀਤਾ ਗਿਆ! ਇਹ ਭੁੱਲ-ਚੁੱਕ ਨਹੀਂ ਸੀ, ਸੰਵਿਧਾਨ ਦੇ ਚਰਿਤਰ ਦੀ ਬਿਆਨੀ ਦਾ ਮਾਮਲਾ ਸੀ। ਮਗਰੋਂ 1976 ਵਿੱਚ ਜਾਕੇ ਪ੍ਰਸਤਾਵਨਾ ਵਿਚ ਸਮਾਜਵਾਦੀ ਧਰਮਨਿਰਪੱਖ ( Secular Socialist) ਸ਼ਬਦ ਜੋੜੇ ਗਏ ਜੋ ਇਸਦੇ ਚਰਿਤਰ ਨਾਲੋਂ ਮੇਕਅੱਪ ਦਾ ਮਾਮਲਾ ਸੀ। ਸੰਵਿਧਾਨ ਭਾਰਤ ਨੂੰ ਓਨਾ ਕੁ ਹੀ ਸੈਕੂਲਰ ਬਣਾਉਂਦਾ ਹੈ ਜਿੰਨਾ ਕਿ ਇਥੇ ਸਮਾਜਵਾਦ ਸਿਰਜਿਆ ਗਿਆ ਹੈ!) ਇਸ ਲਈ ਸ਼ਰਣ ਦੇ ਮਾਮਲੇ 'ਚ ਜੋ ਮੌਜੂਦਾ ਕਾਨੂੰਨੀ ਸੋਧ ਰਾਹੀਂ ਧਰਮ ਅਧਾਰਤ ਵਿਤਕਰਾ ਕੀਤਾ ਗਿਆ ਹੈ ਉਹ ਅਨਿਆਈ ਤਾਂ ਹੈ ਪਰ ਗੈਰ-ਸੰਵਿਧਾਨਕ ਬਿਲਕੁਲ ਨਹੀਂ। ਸਗੋਂ ਇਹ ਸੰਵਿਧਾਨ 'ਚ ਮੌਜੂਦ ਸਿਧਾਂਤ ਦਾ ਜਾਰੀ ਰੂਪ ਹੈ। ਇਸੇ ਤਰ੍ਹਾਂ ਧਾਰਾ 10 ਤੇ 11 ਭਾਰਤ ਦੀ ਪਾਰਲੀਮੈਂਟ ਨੂੰ ਨਾਗਰਿਕਤਾ ਤੈਅ ਕਰਨ, ਖਤਮ ਕਰਨ ਇਸਦੇ ਸਿਧਾਂਤਾਂ ਨੂੰ ਸੋਧਣ ਦੀਆਂ ਅਸੀਮਤ ਤਾਕਤਾਂ ਦਿੰਦਾ ਹੈ। ਸੰਵਿਧਾਨ ਘੜਨੀ ਸਭਾ 'ਚ ਨਾਗਰਿਕਤਾ ਦਾ ਮਸੌਦਾ ਡਾ. ਭੀਮ ਰਾਓ ਨੇ ਪੇਸ਼ ਕੀਤਾ ਸੀ ਅਤੇ ਇਸ ਤੇ ਚਲੀ ਬਹਿਸ 'ਚ ਉਹਨਾਂ ਸਵਿਧਾਨ ਮੋਕੇ ਨਾਗਰਿਕਤਾ ਨੂੰ ਐਡਹੌਕ (ਆਰਜੀ) ਕਰਾਰ ਦਿੱਤਾ ਸੀ। ਇਸ ਰੌਸ਼ਨੀ 'ਚ ਪਾਰਲੀਮੈਂਟ ਨੇ ਇਹ ਸਾਰੀਆਂ ਸੋਧਾਂ ਆਪਣੇ ਅਖਤਿਆਰਾਂ ਅਧੀਨ ਕੀਤੀਆਂ ਹਨ। ਸੰਵਿਧਾਨ ਦਾ ਇਹ ਬੰਦੋਬਸਤ ਪੂਰੀ ਤਰ੍ਹਾਂ ਅਨਿਆਈ ਹੈ ਕਿ ਇਸਨੇ ਨਾਗਰਿਕਤਾ ਵਰਗੇ ਹੱਕ ਨੂੰ ਵੀ ਪਾਰਲੀਮੈਂਟ ਦੀ ਰੋਜਮਰ੍ਹਾ ਦੀ ਤਾਕਤ ਦੇ ਅਧੀਨ ਕੀਤਾ ਹੋਇਆ ਹੈ, ਪਰ ਇਹ ਜੋ ਵੀ ਹੈ, ਇਹ ਸੁਚੇਤ ਤੌਰ 'ਤੇ ਅਪਣਾਈ ਦਿਸ਼ਾ ਦਾ ਨਤੀਜਾ ਹੈ।

ਲੋਕਪੱਖੀ ਦਿਸ਼ਾ ਇਹ ਮੰਗ ਕਰਦੀ ਹੈ ਕਿ ਸੰਵਿਧਾਨ, ਕਾਨੂੰਨ ਅਤੇ ਸਮਾਜਕ ਜੀਵਨ ਅੰਦਰ ਧਰਮ ਦਾ ਦਖਲ ਨਾ ਹੋਵੇ। ਧਰਮ ਨਿੱਜੀ ਮਾਮਲਾ ਬਣੇ। ਰਾਜਕੀ ਨੀਤੀ ਨਾਲ ਧਰਮ ਜਾਂ ਧਰਮ ਦੀ ਕਿਸੇ ਗਿਣਤੀ ਦਾ ਕੋਈ ਸਬੰਧ ਨਾ ਹੋਵੇ। ਰਾਜ, ਸਹੀ ਅਰਥਾਂ ਵਿਚ ਸੈਕੂਲਰ ਹੋਵੇ। ਸਾਰੀਆਂ ਸੰਵਿਧਾਨਕ, ਕਾਨੂੰਨੀ ਵਿਵਸਥਾਵਾਂ ਖਰੇ ਸੈਕੂਲਰਵਾਦ ਦੀ ਦਿਸ਼ਾ ਵਿਚ ਸੋਧੀਆਂ ਜਾਣ। ਨਾਗਰਿਕਤਾ ਜਾਂ ਸ਼ਰਣ ਦੇ ਕਿਸੇ ਵੀ ਮਾਮਲੇ 'ਚ ਧਰਮ ਦਾ ਹਵਾਲਾ ਬੰਦ ਹੋਵੇ। ਸੰਸਾਰ ਦੇ ਸਾਰੇ ਵਿਕਸਤ ਸਮਾਜਾਂ ਨੇ ਖਰੇ ਸੈਕੂਲਰਵਾਦ ਨੂੰ ਲਾਗੂ ਕਰਕੇ ਸਮਾਜਾਂ ਅੰਦਰ ਸਹਿਣਸ਼ੀਲਤਾ, ਵੰਨਸੁਵੰਨਤਾ ਤੇ ਤਰੱਕੀ ਸਿਰਜੀ ਹੈ। ਇਸੇ ਧਰਤਾਲ ਤੋਂ ਨਾਗਰਿਕਤਾ ਕਾਨੂੰਨ ਦੀਆਂ ਮੌਜੂਦਾਂ ਸੋਧਾਂ ਦਾ ਵਿਰੋਧ ਕੀਤਾ ਜਾਣਾ ਬਣਦਾ ਹੈ।

ਨਾਗਰਿਕਤਾ ਕਾਨੂੰਨ ਦੀਆਂ ਮੌਜੂਦਾ ਸੋਧਾਂ ਅਪ੍ਰਵਾਸੀ ਭਾਰਤੀਆਂ ਵਲੋਂ ਸਮੇਂ ਸਮੇਂ ਕੀਤੇ ਜਾਂਦੇ ਵਿਰੋਧ ਨੂੰ ਨੱਥ ਮਾਰਨ ਲਈ ਸਰਕਾਰ ਨੂੰ ਅਸੀਮਤ ਅਧਿਕਾਰ ਦਿੰਦੀਆਂ ਹਨ।

ਅਪ੍ਰਵਾਸੀ ਭਾਰਤੀ ਜੋ ਬਦੇਸ਼ਾਂ ਦੇ ਨਾਗਰਿਕ ਬਣ ਜਾਂਦੇ ਹਨ ਉਹਨਾਂ ਦੀ ਭਾਰਤ ਦੀ ਨਾਗਰਿਕਤਾ ਖਤਮ ਹੋ ਜਾਂਦੀ ਸੀ। ਇਸ ਨਾਲ ਉਹਨਾਂ ਨੂੰ ਭਾਰਤ ਅੰਦਰ ਆਪਣੀ ਜਾਇਦਾਦ, ਬੇਰੋਕ ਆਵਾਜਾਈ ਤੇ ਹੋਰ ਹੱਕਾਂ ਦੇ ਮਾਮਲੇ 'ਚ ਦਿਕਤ ਆਉਂਦੀ ਸੀ। ਜਿਸ ਕਾਰਣ ਸਰਕਾਰ ਨੇ 2003 'ਚ ਭਾਰਤੀ ਮੂਲ ਦੇ ਬਦੇਸ਼ੀ ਨਾਗਰਿਕਾਂ ਵਾਸਤੇ ਓਵਰਸੀਜ਼ ਸਿਟੀਜਨ ਆਫ ਇੰਡੀਆ ਕਾਰਡਹੋਲਡਰ ਦੀ ਸਕੀਮ ਸ਼ੁਰੂ ਕੀਤੀ ਜੋ ਉਹਨਾਂ ਨੂੰ ਇਕ ਤਰ੍ਹਾਂ ਨਾਲ ਭਾਰਤ ਦੀ ਨਾਗਰਿਕਤਾ ਤੇ ਨਾਗਰਿਕਾਂ ਦੇ ਕੁਝ ਅਧਿਕਾਰ ਦਿੰਦੀ ਸੀ। ਹੁਣ ਧਾਰਾ 7 (ਡੀ) 'ਚ ਸੋਧ ਕਰਕੇ ਸਰਕਾਰ ਨੇ ਬੰਦੋਬਸਤ ਕੀਤਾ ਹੈ ਕਿ ਅਗਰ ਅਜਿਹਾ ਵਿਅਕਤੀ ਭਾਰਤ ਦੇ ਕਿਸੇ ਕਾਨੂੰਨ ਦੀ ਉਲੰਘਣਾ ਕਰਦਾ ਹੈ (ਦੋਸ਼ੀ ਸਿੱਧ ਹੋਣਾ ਜ਼ਰੂਰੀ ਨਹੀਂ) ਤਾਂ ਸਰਕਾਰ ਉਸਦੀ ਨਾਗਰਿਕਤਾ ਰੱਦ ਕਰ ਸਕਦੀ ਹੈ। ਜਿਸਦਾ ਮਤਲਬ ਹੈ ਕਿ ਸਿਰਫ ਪਰਚਾ ਦਰਜ ਹੋਣ ਨਾਲ ਹੀ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਸਕਦੀ ਹੈ ਅਤੇ ਸਿਆਸੀ ਵਿਰੋਧੀਆਂ 'ਤੇ ਝੂਠੇ ਪਰਚੇ ਦਰਜ ਕਰਨਾ ਬਿਲਕੁਲ ਵੀ ਮੁਸ਼ਕਿਲ ਨਹੀਂ। ਪ੍ਰਸਿੱਧ ਪੱਤਰਕਾਰ ਆਤਿਸ਼ ਤਾਸੀਰ ਨੇ ਅਮਰੀਕੀ ਅਖਬਾਰ 'ਚ ਮੋਦੀ ਸਰਕਾਰ ਦੀ ਅਲੋਚਨਾ ਕੀਤੀ ਤਾਂ ਭਾਰਤ ਸਰਕਾਰ ਨੇ ਉਸਦਾ ਉਕਤ ਕਾਰਡ ਤਕਨੀਕੀ ਬਹਾਨੇ ਬਣਾ ਕੇ ਰੱਦ ਕਰ ਦਿੱਤਾ ਤੇ ਉਸਨੂੰ ਭਾਰਤ ਰਹਿੰਦੀ ਆਪਣੀ ਮਾਂ, ਤਲਵੀਨ ਕੌਰ ਜੋ ਖੁਦ ਪ੍ਰਸਿੱਧ ਪੱਤਰਕਾਰ ਹੈ, ਪਾਸ ਆਉਣ ਨਹੀਂ ਦਿੱਤਾ। ਭਾਤਰ ਸਰਕਾਰ ਨੇ ਇਸ ਪ੍ਰਤੀਕਰਮ ਨਾਲ ਅਪ੍ਰਵਾਸੀ ਭਾਰਤੀਆਂ ਨੂੰ ਜੁਬਾਨਬੰਦੀ ਦਾ ਸਪਸ਼ਟ ਸੁਨੇਹਾ ਦਿੱਤਾ ਹੈ। ਹੁਣ ਤਾਂ ਸਰਕਾਰ ਨੇ ਨਵੀਆਂ ਸੋਧਾਂ ਨਾਲ ਇਹ ਤਾਕਤਾਂ ਅਸੀਮਤ ਕਰ ਦਿੱਤੀਆਂ ਹਨ ਤਾਂ ਅਪ੍ਰਵਾਸੀ ਭਾਰਤੀਆਂ ਨੂੰ ਸਰਕਾਰ ਨਾਲ ਆਪਣੀ ਨਾਖੁਸ਼ੀ ਪ੍ਰਗਟ ਕਰਨ ਦੀ ਮੰਹਿਗੀ ਕੀਮਤ ਤਾਰਨੀ ਪੈ ਸਕਦੀ ਹੈ।

ਇਸ ਕਾਨੂੰਨ ਨਾਲ ਉਪਜੀ ਸਥਿਤੀ ਦੀ ਗੰਭੀਰਤਾ ਨੂੰ ਡਾ. ਗ੍ਰੈਗਰੀ ਸਟੈਨਟਨ, ਜੋ ਨਸਲਕੁਸ਼ੀ ਨਜਰਸਾਨੀ ਨਾਂ ਦੀ ਸੰਸਥਾ ਨਾਲ ਸਬੰਧਤ ਹੈ, ਦੇ ਅਮਰੀਕੀ ਅਧਿਕਾਰੀਆਂ ਤੇ ਕਾਂਗਰਸ ਮੈਂਬਰਾ ਨੂੰ ਕੀਤੇ ਸੰਬੋਧਨ ਦੌਰਾਨ ਪ੍ਰਗਟ ਕੀਤੇ ਖਦਸ਼ੇ ਨਾਲ ਹੀ ਸਹੀ ਪ੍ਰਗਟਾਇਆ ਜਾ ਸਕਦਾ ਹੈ ਕਿ ਯਕੀਨੀ ਤੌਰ 'ਤੇ ਭਾਰਤ ਅੰਦਰ ਨਸਲਕੁਸ਼ੀ ਦੀਆਂ ਤਿਆਰੀਆਂ ਚੱਲ ਰਹੀਆਂ ਹਨ ( "Preparation for a genocide is definitely under way in India")। ਮੌਜੂਦਾ ਕਾਨੂੰਨੀ ਸੋਧਾਂ ਨੂੰ ਉਸਨੇ ਨਾਗਰਿਕਾਂ ਦੇ ਇਕ ਸਮੂਹ ਨੂੰ ਕਾਨੂੰਨੀ ਹੱਕਾਂ ਤੋਂ ਵਾਂਝੇ ਕਰਨ ਤੇ ਉਹਨਾਂ ਨਾਲ ਕਾਨੂੰਨੀ ਤੌਰ 'ਤੇ ਵਿਤਕਰੇਬਾਜ਼ੀ ਕਰਨ ਵਾਲਾ ਕਰਾਰ ਦਿੱਤਾ ਅਤੇ ਇਹਨਾਂ ਸੋਧਾਂ ਨੂੰ ਨਸਲਕੁਸ਼ੀ ਵੱਲ ਵਧ ਰਹੇ ਕਦਮਾਂ ਵਜੋਂ ਚਿਤਵਿਆ ਹੈ। ਕਾਨੂੰਨੀ ਹੱਕਾਂ ਤੇ ਬੁਨਿਆਦੀ ਸੁਰੱਖਿਆ ਤੋਂ ਵਾਂਝੀ ਅਬਾਦੀ ਲਈ ਆਪਣੀ ਜਾਇਦਾਦ, ਮਾਲ ਅਸਬਾਬ, ਜੀਵਨ, ਅਜ਼ਾਦੀ ਦੀ ਰਾਖੀ ਕਰ ਸਕਣਾ ਅਸੰਭਵ ਹੋ ਜਾਵੇਗਾ ਅਤੇ ਉਹ ਜਥੇਬੰਦ ਗਰੁਪਾਂ ਤੋਂ ਬਿਨਾਂ, ਜ਼ਰਾਇਮਪੇਸ਼ਾ ਲੋਕਾਂ ਦੇ ਅਸਾਨ ਸ਼ਿਕਾਰ ਬਣਨ ਲਈ ਸਰਾਪੇ ਜਾਣਗੇ ਜਿਵੇਂ ਕਿ ਅਸੀਂ ਲਿੰਚਿੰਗ ਦੌਰਾਨ ਵਾਪਰਦਾ ਵੇਖਦੇ ਰਹੇ ਹਾਂ। ਸਥਿਤੀ ਦੀ ਚੁਣੌਤੀ ਬੇਹੱਦ ਗੰਭੀਰ ਹੈ ਜਿਸ ਨੂੰ ਸਾਰੇ ਇਨਸਾਫਪਸੰਦ ਲੋਕ ਮਹਿਸੂਸ ਕਰ ਹੀ ਰਹੇ ਹਨ।

## ਇਤਿਹਾਸ – 9 ਜਨਵਰੀ 1905

# ਮਜ਼ਦੂਰਾਂ ਦੇ ਪਹਿਲੇ ਰਾਜ ਪੈਰਿਸ ਕਮਿਊਨ ਦੀ ਨਾਇਕਾ ਲੂਸੀ ਮਿਸ਼ੇਲ ਦੀ ਬਰਸੀ




ਮੈਂ ਮਨੁੱਖਤਾ ਲਈ ਵੱਡੀਆਂ ਉਮੀਦਾਂ ਪਾਲਦੀ ਹਾਂ; ਮੈਂ ਚਾਹੁੰਦੀ ਹਾਂ ਕਿ ਹਰ ਕੋਈ ਕਲਾਕਾਰ ਹੋਵੇ, ਇੰਨਾ ਕੁ ਕਾਵਿਕ ਹੋਵੇ ਕਿ ਮਨੁੱਖਾਂ ਦਾ ਸਾਰਾ ਆਤਮਕ ਸੱਖਣਾਪਨ ਸਦਾ ਲਈ ਖਤਮ ਹੋ ਜਾਵੇ।

ਅਧਿਆਪਕਾਂ ਦਾ, ਸੱਭਿਅਤਾ ਦੇ ਇਹਨਾਂ ਗੁੰਮਨਾਮ ਸਿਪਾਹੀਆਂ ਦਾ ਕਾਰਜ ਲੋਕਾਂ ਨੂੰ ਬਗਾਵਤ ਕਰ ਦੇਣ ਲਈ ਬੌਧਿਕ ਹਥਿਆਰਾਂ ਨਾਲ਼ ਲੈੱਸ ਕਰਨਾ ਹੈ।

18 ਮਾਰਚ, 1871 ਨੂੰ ਫਰਾਂਸ ਦੀ ਰਾਜਧਾਨੀ ਪੈਰਿਸ ਦੇ ਕਿਰਤੀਆਂ ਨੇ ਸੰਸਾਰ ਵਿੱਚ ਪਹਿਲੀ ਵਾਰ ਆਪਣਾ ਰਾਜ ਕਾਇਮ ਕੀਤਾ, ਜੋ ਭਾਵੇਂ ਮਹਿਜ 72 ਦਿਨ ਹੀ ਕਾਇਮ ਰਿਹਾ ਅਤੇ ਸਰਮਾਏਦਾਰਾ ਤਾਕਤਾਂ ਦੁਆਰਾ ਖੂਨ ਦੀਆਂ ਨਦੀਆਂ ਵਿੱਚ ਡੁਬੋ ਦਿੱਤਾ ਗਿਆ, ਪਰ ਕਿਰਤੀਆਂ ਦੇ ਇਸ ਪਹਿਲੇ ਰਾਜ ਨੇ ਨਾ ਸਿਰਫ ਇਹ ਦਿਖਾਇਆ ਕਿ ਕਿਰਤੀਆਂ ਦੀ ਰਾਜਸੱਤ੍ਹਾ ਕਿਸ ਤਰ੍ਹਾਂ ਸਿਆਸਤ ਅਤੇ ਪ੍ਰਸ਼ਾਸ਼ਨ ਦੇ ਕੰਮਾਂ ਵਿੱਚ ਯੁੱਗ-ਪਲਟਾਊ ਹੋਵੇਗੀ, ਸਗੋਂ ਇਸ ਛੋਟੇ ਜਿਹੇ ਅਰਸੇ ਵਿੱਚ ਪੈਰਿਸ ਦੇ ਕਿਰਤੀਆਂ ਨੇ ਬਹਾਦਰੀ ਤੇ ਕੁਰਬਾਨੀਆਂ ਦੀ ਮਿਸਾਲ ਕਾਇਮ ਕੀਤੀ ਅਤੇ ਕਿਰਤੀਆਂ ਦੇ ਅਨੇਕਾਂ ਹੀ ਨਾਇਕ ਪੈਦਾ ਕੀਤੇ। ਇਹਨਾਂ ਹੀ ਨਾਇਕਾਂ ਵਿੱਚੋਂ ਇੱਕ ਨਾਂ ਲੂਸੀ ਮਿਸ਼ੇਲ ਦਾ ਹੈ।

29 ਮਈ, 1830 ਨੂੰ ਫਰਾਂਸ ਵਿੱਚ ਜਨਮੀ ਲੂਸੀ ਮਿਸ਼ੇਲ ਇੱਕ ਅਮੀਰਜ਼ਾਦੇ ਤੇ ਉਸਦੀ ਨੌਕਰਾਣੀ ਦੀ ਔਲਾਦ ਸੀ। ਪਰ ਉਸਦੇ ਦਾਦਾ-ਦਾਦੀ ਨੇ ਉਸਨੂੰ ਆਪਣੇ ਕੋਲ਼ ਰੱਖ ਕੇ ਪਾਲ਼ਿਆ ਅਤੇ ਉਸਦੀ ਸਿੱਖਿਆ ਉਦਾਰਵਾਦੀ ਖਿਆਲਾਂ ਦੇ ਮਾਹੌਲ ਵਿੱਚ ਹੋਈ। ਉਸਨੇ ਆਪਣੀ ਅਜ਼ਾਦ ਹੈਸੀਅਤ ਬਣਾਉਣ ਲਈ ਅਧਿਆਪਨ ਦਾ ਕਿੱਤਾ ਚੁਣਿਆ, ਕਿਉਂਕਿ ਉਸ ਸਮੇਂ ਦੇ ਫਰਾਂਸ ਵਿੱਚ ਲੂਸੀ ਜਿਹੀ ਇੱਕ ਕੁੜੀ ਲਈ ਸਮਾਜ ਵਿੱਚ ਇੱਕ ਆਦਰਯੋਗ ਜਗ੍ਹਾ ਬਣਾਉਣ ਲਈ ਇਹੀ ਇੱਕ ਕਿੱਤਾ ਸੀ। ਉਸੇ ਸਮੇਂ ਹੀ 1848 ਦੇ ਤੂਫਾਨੀ ਸਾਲ ਨੇ ਪੂਰੇ ਫਰਾਂਸ ਨੂੰ ਝੰਜੋੜ ਦਿੱਤਾ ਸੀ। ਮਜ਼ਦੂਰਾਂ ਦੀ ਜੂਨ ਮਹੀਨੇ ਦੀ ਬਗਾਵਤ ਨੂੰ ਦਬਾਅ ਦਿੱਤਾ ਗਿਆ ਅਤੇ ਮਜ਼ਦੂਰਾਂ ਤੋਂ ਡਰੀ ਹੋਈ ਸਰਮਾਏਦਾਰ ਜਮਾਤ ਨੇ ਰਾਜਾਸ਼ਾਹੀ ਨਾਲ਼ ਸਮਝੌਤਾ ਕਰ ਕੇ ਚੱਲਣ ਵਿੱਚ ਹੀ ਆਪਣੀ ਭਲਾਈ ਸਮਝੀ। ਲੂਸੀ ਨੂੰ ਵੀ ਇਸ ਤੂਫਾਨ ਨੇ ਪ੍ਰਭਾਵਿਤ ਕਰਿਆ ਸੀ ਅਤੇ ਉਹ ਬੋਨਾਪਾਰਟ-ਵਿਰੋਧੀ ਹੋ ਚੁੱਕੀ ਸੀ, ਸਿੱਟੇ ਵਜੋਂ 1850 ਵਿੱਚ ਜਦੋਂ ਉਸਨੂੰ ਅਧਿਆਪਕ ਵਜੋਂ ਸਰਕਾਰੀ ਨੌਕਰੀ ਲੈਣ ਸਮੇਂ ਨੈਪੋਲੀਅਨ ਤੀਜੇ ਦੀ ਸਹੁੰ ਚੁੱਕਣ ਲਈ ਕਿਹਾ ਗਿਆ ਤਾਂ ਉਸਨੇ ਨਾਂਹ ਕਰ ਦਿੱਤੀ ਅਤੇ ਇੱਕ ਅਜ਼ਾਦ ਅਧਿਆਪਕ ਵਜੋਂ ਕੰਮ ਕਰਨ ਦਾ ਫੈਸਲਾ ਕੀਤਾ। ਉਸਨੇ ਆਪਣਾ ਸਕੂਲ ਖੋਲ੍ਹ ਕੇ ਗਰੀਬਾਂ ਦੇ ਬੱਚਿਆਂ ਅਤੇ ਪੜ੍ਹਨ-ਲਿਖਨ ਵਿੱਚ ਜਮਾਂਦਰੂ ਕਮਜ਼ੋਰੀ ਵਾਲ਼ੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਉਸਦਾ ਕਲਾਸਰੂਮ ਕਮਾਲ ਦਾ ਸੀ ਜਿਹੜਾ ਪੇਂਟਿੰਗਾਂ, ਸੰਗੀਤ ਯੰਤਰਾਂ ਤੇ ਜੀਵਾਂ ਦੇ ਮਾਡਲਾਂ ਨਾਲ਼ ਸਜਿਆ ਹੁੰਦਾ। ਉਸਨੇ ਰਵਾਇਤੀ ਬੋਝਲ, ਆਤਮਾ ਨੂੰ ਤਬਾਹ ਕਰ ਦੇਣ ਵਾਲ਼ੇ ਘੋਟਾ-ਲਾਊ ਪੜ੍ਹਾਉਣ-ਢੰਗਾਂ ਦੀ ਥਾਂ ਆਪਣੇ ਨਵੇਂ ਕਿਸਮ ਦੇ ਢੰਗਾਂ ਨਾਲ਼ ਬੱਚਿਆਂ ਨੂੰ ਸਿੱਖਿਆ ਦੇਣੀ ਸ਼ੁਰੂ ਕੀਤੀ। ਇਸੇ ਦੌਰਾਨ ਉਹ ਫਰਾਂਸ ਦੇ ਅਰਾਜਕਤਾਵਾਦੀਆਂ ਦੇ ਸੰਪਰਕ ਵਿੱਚ ਆ ਗਈ ਅਤੇ ਸਿਆਸੀ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗੀ।

1866 ਵਿੱਚ ਉਹ ਫਰਾਂਸ ਦੀ ਰਾਜਧਾਨੀ ਪੈਰਿਸ ਦੇ ਇੱਕ ਇਲਾਕੇ ਮਾਉਂਟਮਾਰਤਰੀ ਵਿੱਚ ਇੱਕ ਸਕੂਲ ਵਿੱਚ ਅਧਿਆਪਕਾ ਵਜੋਂ ਨਿਯੁਕਤ ਹੋਣ ਵਿੱਚ ਕਾਮਯਾਬ ਹੋ ਗਈ। ਇੱਥੇ ਆ ਕੇ ਉਸਦੀ ਸਿਆਸੀ ਸਰਗਰਮੀ ਹੋਰ ਵੀ ਤਿੱਖੀ ਹੋ ਗਈ। ਫਰਾਂਸ ਵਿੱਚ ਇੱਕ ਵਾਰ ਫਿਰ ਤੂਫਾਨ ਆਉਣ ਵਾਲ਼ਾ ਸੀ। 1870 ਵਿੱਚ ਲੂਈ ਬੋਨਾਪਾਰਟ ਨੇ ਪਰੂਸ਼ੀਆ (ਅੱਜ ਦਾ ਜਰਮਨੀ) ਖਿਲਾਫ ਜੰਗ ਛੇੜਨ ਦਾ ਐਲਾਨ ਕਰ ਦਿੱਤਾ ਜਿਸ ਲਈ ਫਰਾਂਸ ਦੇ ਲੋਕ ਉੱਕਾ ਹੀ ਰਾਜ਼ੀ ਨਹੀਂ ਸਨ। ਜੰਗ ਵਿੱਚ ਫਰਾਂਸ ਨੂੰ ਤੇਜ਼ੀ ਨਾਲ਼ ਹਾਰ ਹੋਣ ਲੱਗੀ, ਲੂਈ ਬੋਨਾਪਾਰਟ ਦੀ ਫੌਜ ਖਿੰਡ ਗਈ ਅਤੇ ਪਰੂਸ਼ੀਆ ਦੀਆਂ ਫੌਜਾਂ ਪੈਰਿਸ ਵੱਲ ਵਧਣ ਲੱਗੀਆਂ। ਪੈਰਿਸ ਦੀ ਰੱਖਿਆ ਲਈ ਨੈਸ਼ਨਲ ਗਾਰਡ ਨਾਂ ਦਾ ਹਥਿਆਰਬੰਦ ਦਸਤਾ ਕਾਇਮ ਕੀਤਾ ਗਿਆ ਜਿਸ ਵਿੱਚ ਬਹੁਗਿਣਤੀ ਪੈਰਿਸ ਦੇ ਕਿਰਤੀਆਂ ਦੀ ਸੀ। ਲੂਸੀ ਮਿਸ਼ੇਲ ਨੇ ਅਧਿਆਪਕਾ ਦੀ ਨੌਕਰੀ ਛੱਡ ਕੇ ਬੰਦੂਕ ਚੁੱਕਣੀ ਜ਼ਰੂਰੀ ਸਮਝੀ ਅਤੇ ਉਹ ਕਿਰਤੀਆਂ ਦੀ ਫੌਜ ਵਿੱਚ ਆ ਭਰਤੀ ਹੋਈ। ਉੱਧਰ ਜਨਵਰੀ, 1871 ਆਉਂਦੇ-ਆਉਂਦੇ ਫਰਾਂਸ ਦੀ ਸੱਤ੍ਹਾ ਨੈਪੋਲੀਅਨ ਤੀਜੇ ਦੇ ਹੱਥਾਂ ਵਿੱਚੋਂ ਨਿੱਕਲ਼ ਕੇ ਪੂਰੀ ਤਰ੍ਹਾਂ ਨਾਲ ਸਰਮਾਏਦਾਰ ਜਮਾਤ ਦੇ ਹੱਥਾਂ ਵਿੱਚ ਆ ਗਈ ਜਿਸਨੇ ਪਰੂਸ਼ੀਆ ਨਾਲ਼ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਨਾਲ਼ ਹੀ ਨੈਸ਼ਨਲ ਗਾਰਡ ਨੂੰ ਨਿਹੱਥਾ ਕਰਨ ਦਾ ਫਰਮਾਨ ਜਾਰੀ ਕਰ ਦਿੱਤਾ। ਪਰ ਪੈਰਿਸ ਦੇ ਕਿਰਤੀ ਪਰੂਸ਼ੀਆ ਅੱਗੇ ਆਤਮ-ਸਮਰਪਣ ਲਈ ਤਿਆਰ ਨਹੀਂ ਸਨ, ਸਿੱਟੇ ਵਜੋਂ ਉਹਨਾਂ ਨੇ ਹਥਿਆਰ ਸਰਕਾਰ ਨੂੰ ਸਪੁਰਦ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਹੋਰ ਵਧੇਰੇ ਗਿਣਤੀ ਵਿੱਚ ਕਿਰਤੀਆਂ ਨੂੰ ਹਥਿਆਰਬੰਦ ਕਰਨਾ ਸ਼ੁਰੂ ਕਰ ਦਿੱਤਾ। 18 ਮਾਰਚ, 1871 ਨੂੰ ਇੱਕ ਆਮ ਬਗਾਵਤ ਤੇ ਬਾਅਦ ਸਰਮਾਏਦਾਰਾਂ ਦੀ ਸਰਕਾਰ ਨੂੰ ਸ਼ਹਿਰ 'ਚੋਂ ਭਜਾ ਦਿੱਤਾ ਗਿਆ ਅਤੇ ਪੈਰਿਸ ਦੇ ਕਿਰਤੀਆਂ ਨੇ ਸੱਤ੍ਹਾ ਸੰਭਾਲ਼ ਲਈ ਜਿਸਨੂੰ ਉਹਨਾਂ ਨੇ 'ਪੈਰਿਸ ਕਮਿਊਨ' ਦਾ ਨਾਮ ਦਿੱਤਾ। 'ਪੈਰਿਸ ਕਮਿਊਨ' ਦੁਨੀਆਂ ਦੀ ਪਹਿਲੀ ਮਜ਼ਦੂਰ ਰਾਜਸੱਤ੍ਹਾ ਸੀ। ਲੂਸੀ ਮਿਸ਼ੇਲ ਕਮਿਊਨਾਰਡਾਂ ਦੀ ਮੋਹਰੀ ਕਤਾਰ ਵਿੱਚ ਸੀ। ਉਸਨੇ ਐਂਬੂਲੈਂਸ ਡਰਾਈਵਰ ਤੇ ਮੁੱਢਲੀ ਮੈਡੀਕਲ ਸਹਾਇਤਾ ਦੇਣ ਵਾਲ਼ੇ ਕਾਮੇ ਦੇ ਕੰਮ ਤੋਂ ਲੈ ਕੇ ਜ਼ਮੀਨੀ ਜਥੇਬੰਦੀਆਂ ਖੜੀਆਂ ਕਰਨ, ਆਮ ਸ਼ਹਿਰੀਆਂ ਨੂੰ ਖਾਸ ਕਰਕੇ ਔਰਤਾਂ ਨੂੰ ਹਥਿਆਰਬੰਦ ਕਰਨ ਅਤੇ ਹਥਿਆਰਬੰਦ ਦਸਤਿਆਂ ਦੀ ਮਦਦ ਕਰਨ ਵਾਲ਼ੀਆਂ ਟੋਲੀਆਂ ਕਾਇਮ ਕਰਨ ਦੇ ਕੰਮ ਤੋਂ ਲੈ ਕੇ ਬੈਰੀਕੇਡਾਂ ਉੱਤੇ ਬੰਦੂਕ ਫੜ੍ਹ ਕੇ ਖੜਨ ਤੱਕ ਦੇ ਸਾਰੇ ਕੰਮਾਂ ਵਿੱਚ ਹਿੱਸਾ ਲਿਆ। ਜਦੋਂ ਮਈ, 1871 ਵਿੱਚ ਫਰਾਂਸ ਦੀ ਸਰਮਾਏਦਾਰ ਜਮਾਤ ਨੇ ਪਰੂਸ਼ੀਆ ਦੀਆਂ ਫੌਜਾਂ ਨਾਲ ਮਿਲ਼ਕੇ ਪੈਰਿਸ ਉੱਤੇ ਹਮਲਾ ਕੀਤਾ ਤਾਂ ਮਾਉਂਟਮਾਰਤਰੀ ਦੇ ਮੋਰਚੇ ਉੱਤੇ ਲੜ ਰਹੀ ਲੂਸੀ ਆਖਿਰ ਤੱਕ ਮੋਰਚੇ ਉੱਤੇ ਲੜਨ ਵਾਲ਼ੇ ਕਮਿਊਨਾਰਡਾਂ ਵਿੱਚੋਂ ਇੱਕ ਸੀ।

ਪੈਰਿਸ ਕਮਿਊਨ ਦੀ ਹਾਰ ਤੋਂ ਬਾਅਦ ਕਿਰਤੀਆਂ ਦਾ ਕਤਲੇਆਮ ਸ਼ੁਰੂ ਹੋਇਆ, ਜਿਸਨੂੰ ਇਤਿਹਾਸ ਵਿੱਚ 'ਖੂਨੀ ਹਫਤਾ' ਕਿਹਾ ਜਾਂਦਾ ਹੈ। ਇੱਕ ਹਫਤੇ ਵਿੱਚ 30,000 ਤੋਂ ਉੱਤੇ ਕਿਰਤੀਆਂ ਨੂੰ ਕਤਲ ਕੀਤਾ ਗਿਆ। ਲੂਸੀ ਮਿਸ਼ੇਲ ਨੂੰ ਉਸਦੇ ਸਾਥੀ ਕਮਿਊਨਾਰਡਾਂ ਸਣੇ ਗ੍ਰਿਫਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਉਸਨੂੰ ਦੇਸ਼-ਨਿਕਾਲ਼ੇ ਦੀ ਸਜ਼ਾ ਦਿੱਤੀ ਗਈ। ਉਸਦੇ ਸਾਥੀ ਕਮਿਊਨਾਰਡਾਂ ਵਿੱਚੋਂ ਕਈਆਂ ਨੂੰ ਫਾਹੇ ਲਾ ਦਿੱਤਾ ਗਿਆ, ਜਿਹਨਾਂ ਲਈ ਉਸਨੇ ਆਪਣੀ ਮਸ਼ਹੂਰ ਕਵਿਤਾ 'ਰੈੱਡ ਕਾਰਨੇਸ਼ਨਜ਼' ਲਿਖੀ। ਕਮਿਊਨਾਰਡਾਂ, ਖਾਸ ਕਰਕੇ ਲੂਸੀ ਵੱਲੋਂ ਅਦਾਲਤ ਵਿੱਚ ਦਿਖਾਈ ਨਿਧੜਕਤਾ ਨੂੰ ਦੇਖ ਕੇ ਹੀ ਵਿਕਟਰ ਹਿਊਗੋ ਨੇ ਆਪਣੀ ਕਵਿਤਾ ਵਿਰੋ ਮੇਜਰ ਲਿਖੀ ਸੀ। ਲੂਸੀ ਨੂੰ ਦੋ ਸਾਲ ਤੱਕ ਫਰਾਂਸ ਵਿੱਚ ਕਠੋਰ ਕੈਦ ਵਿੱਚ ਰੱਖਣ ਤੋਂ ਬਾਅਦ 4,000 ਹੋਰ ਕਮਿਊਨਾਰਡਾਂ ਸਮੇਤ ਫਰਾਂਸ ਤੋਂ ਹਜ਼ਾਰਾਂ ਮੀਲ ਦੂਰ ਪ੍ਰਸ਼ਾਂਤ ਮਹਾਂਸਾਗਰ ਵਿੱਚ ਸਥਿਤ ਇੱਕ ਟਾਪੂ 'ਨਿਊ ਕੈਲੀਡੋਨਿਆ' ਭੇਜ ਦਿੱਤਾ ਗਿਆ ਜਿਸਨੂੰ ਉਸ ਸਮੇਂ ਫਰਾਂਸ ਸਰਕਾਰ ਵੱਲੋਂ ਕੈਦੀਆਂ, ਖਾਸ ਕਰਕੇ ਸਿਆਸੀ ਕੈਦੀਆਂ ਨੂੰ ਦੇਸ਼-ਨਿਕਾਲ਼ਾ ਦੇਣ ਲਈ ਭਾਰਤ ਵਿੱਚ ਕਾਲ਼ੇਪਾਣੀ ਦੀ ਸਜ਼ਾ ਵਾਂਗ ਵਰਤਿਆ ਜਾਂਦਾ ਸੀ।

ਨਿਊ ਕੈਲੀਡੋਨਿਆ ਵਿੱਚ ਆਪਣੇ ਦੇਸ਼-ਨਿਕਾਲ਼ੇ ਦੀ ਸਜ਼ਾ ਦੌਰਾਨ ਵੀ ਲੂਸੀ ਇੱਕ ਸੱਚੇ ਇਨਕਲਾਬੀ ਵਾਂਗੂੰ ਸਥਾਨਕ ਮੂਲਵਾਸੀ 'ਕਨਕ' ਲੋਕਾਂ ਨੂੰ ਪੜ੍ਹਾਉਣ-ਲਿਖਾਉਣ ਤੇ ਸਿੱਖਿਅਤ ਕਰਨ ਦੇ ਕੰਮ ਵਿੱਚ ਜੁੱਟ ਗਈ ਅਤੇ 1878 ਦੇ 'ਕਨਕ ਵਿਦਰੋਹ' ਵਿੱਚ ਉਹਨਾਂ ਦਾ ਸਾਥ ਦਿੱਤਾ। 1880 ਵਿੱਚ ਫਰਾਂਸ ਦੀ ਸਰਕਾਰ ਵੱਲੋਂ ਐਲਾਨੀ ਆਮ-ਮੁਆਫੀ ਦੇ ਹਿੱਸੇ ਵਜੋਂ ਲੂਸੀ ਨੂੰ ਵੀ ਫਰਾਂਸ ਵਾਪਸ ਆਉਣ ਦੀ ਆਗਿਆ ਮਿਲ਼ ਗਈ, ਪਰ ਉਸਨੇ ਆਉਂਦੇ ਹੀ ਸਿਆਸੀ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਉਸਨੇ ਇਨਕਲਾਬ ਦਾ ਪ੍ਰਚਾਰ ਕਰਨ ਲਈ ਪੂਰੇ ਫਰਾਂਸ ਦਾ ਦੌਰਾ ਸ਼ੁਰੂ ਕਰ ਦਿੱਤਾ ਅਤੇ ਕਈ ਸਾਰੇ ਜਨਤਕ ਰੋਸ-ਵਿਖਾਵਿਆਂ ਦੀ ਅਗਵਾਈ ਵੀ ਕੀਤੀ, ਸਿੱਟੇ ਵਜੋਂ 1883 ਵਿੱਚ ਉਸਨੂੰ ਫਿਰ ਗ੍ਰਿਫਤਾਰ ਕਰ ਲਿਆ ਗਿਆ ਤੇ ਛੇ ਸਾਲ ਦੀ ਸਜ਼ਾ ਹੋ ਗਈ। 1886 ਵਿੱਚ ਉਸਨੂੰ ਜੇਲ੍ਹ ਤੋਂ ਛੱਡ ਦਿੱਤਾ ਗਿਆ, ਪਰ ਭੜਕਾਊ ਭਾਸ਼ਣ ਦੇਣ ਦੇ ਦੋਸ਼ਾਂ ਹੇਠ ਕੁਝ ਦੇਰ ਬਾਅਦ ਹੀ ਫਿਰ ਗ੍ਰਿਫਤਾਰ ਕਰ ਲਿਆ ਗਿਆ। ਕੁਝ ਮਹੀਨਿਆਂ ਬਾਅਦ ਉਸ ਨੂੰ ਛੱਡ ਦਿੱਤਾ ਗਿਆ, ਪਰ ਉਸਨੂੰ 'ਪਾਗਲ' ਕਰਾਰ ਦੇ ਕੇ ਪਾਗਲਖਾਨੇ ਵਿੱਚ ਬੰਦ ਕਰਨ ਦੀ ਸਰਕਾਰੀ ਯੋਜਨਾ ਬਣ ਗਈ, ਜਿਸ ਦਾ ਪਤਾ ਲੱਗਣ ਉੱਤੇ ਉਹ ਇੰਗਲੈਂਡ ਚਲੀ ਗਈ। ਇੱਥੇ ਆ ਕੇ ਉਸਨੇ ਫਿਰ ਤੋਂ ਅਧਿਆਪਨ ਦਾ ਕੰਮ ਸ਼ੁਰੂ ਕਰ ਦਿੱਤਾ, ਪਰ ਉਸਨੇ ਸਿਆਸੀ ਸਰਗਰਮੀ ਨਾ ਤਿਆਗੀ ਅਤੇ ਚੋਰੀ-ਛੁਪੇ ਫਰਾਂਸ ਵਿੱਚ ਇਨਕਲਾਬੀ ਕਾਰਜ ਕਰਨ ਲਈ ਦੌਰੇ ਕਰਦੀ ਰਹੀ। 1895 ਵਿੱਚ ਉਸਨੂੰ ਫਰਾਂਸ ਵਾਪਸ ਆਉਣ ਦੀ ਇਜ਼ਾਜਤ ਮਿਲ਼ ਗਈ। ਇਸ ਤੋਂ ਬਾਅਦ ਵੀ ਜੇਲ੍ਹ ਅਤੇ ਲੂਸੀ ਦਾ ਰਿਸ਼ਤਾ ਲਗਾਤਾਰ ਬਣਿਆ ਰਿਹਾ। 1905 ਵਿੱਚ ਬਿਮਾਰੀ ਦੀ ਹਾਲਤ ਵਿੱਚ ਹੀ ਉਹ ਫਰਾਂਸ ਦੇ ਬਸਤੀਵਾਦੀ ਹਾਕਮਾਂ ਦੀ ਸੱਤ੍ਹਾ ਖਿਲਾਫ ਲੜ ਰਹੇ ਅਲਜੀਰੀਆ ਦੇ ਬਾਗੀਆਂ ਦੀ ਹਮਾਇਤ ਵਿੱਚ ਪ੍ਰਚਾਰ ਕਰਨ ਲਈ ਗਈ, ਜਿੱਥੋਂ ਵਾਪਸ ਆਉਣ 'ਤੇ 9 ਜਨਵਰੀ, 1906 ਨੂੰ ਉਹ ਚੱਲ ਵਸੀ। ਉਸ ਦੀ ਆਖਰੀ ਯਾਤਰਾ ਵਿੱਚ ਪੈਰਿਸ ਦੀਆਂ ਸੜਕਾਂ ਉੱਤੇ ਬੇਮਿਸਾਲ ਗਿਣਤੀ ਵਿੱਚ ਆਮ ਲੋਕਾਂ ਉਸਦੇ ਨਾਲ਼ ਤੁਰੇ, ਇਹੋ-ਜਿਹਾ ਸਨਮਾਨ ਉਸ ਸਮੇਂ ਕਿਸੇ ਨੂੰ ਵੀ ਹਾਸਲ ਨਹੀਂ ਹੋਇਆ। ਲੂਸੀ ਮਿਸ਼ੇਲ ਜਿਹੇ ਕਿਰਤੀ ਲੋਕਾਂ ਦੇ ਕਿੰਨੇ ਹੀ ਨਾਇਕ/ਨਾਇਕਾਵਾਂ ਦੀਆਂ ਸ਼ਾਨਾਮੱਤੀਆਂ ਗਾਥਾਵਾਂ ਸਰਮਾਏਦਾਰੀ ਦੇ ਭਾੜੇ 'ਤੇ ਲਿਖਾਏ ਇਤਿਹਾਸ ਦੀ ਧੂੜ ਥੱਲੇ ਦੱਬੀਆਂ ਪਈਆਂ ਹਨ, ਪਰ ਕਿਰਤੀ ਲਹਿਰ ਜਿਵੇਂ ਜਿਵੇਂ ਅੱਗੇ ਵਧੇਗੀ, ਕਿਰਤੀ ਲੋਕ ਆਪਣੇ ਇਤਿਹਾਸ ਨੂੰ ਫਰੋਲਣਗੇ ਅਤੇ ਆਪਣੇ ਨਾਇਕਾਂ ਨੂੰ ਇੱਕ ਵਾਰ ਸਥਾਪਤ ਕਰਨਗੇ।

**ਲਲਕਾਰ ਦੇ ਫੇਸਬੁੱਕ ਸਫ਼ੇ ਤੋਂ**

## 4 ਜਨਵਰੀ ਜਨਮ ਦਿਨ ਮੌਕੇ

# ਗ਼ਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਨੂੰ ਯਾਦ ਕਰਦਿਆਂ...



ਪਿੰਡ ਭਕਨਾ ਗ਼ਦਰੀਆਂ ਦਾ 'ਮੱਕਾ' ਕਰਕੇ ਜਾਣਿਆ ਜਾਂਦਾ ਹੈ। ਇਸ ਪਿੰਡ ਦੇ ਮਹਾਨ ਗ਼ਦਰੀ ਦੇਸ਼ ਭਗਤ ਹੋਏ ਹਨ। ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਦਾ ਜਨਮ 4 ਜਨਵਰੀ, 1870 ਈ: ਨੂੰ ਸ: ਕਰਮ ਸਿੰਘ ਅਤੇ ਬੀਬੀ ਰਾਮ ਕੌਰ ਦੇ ਘਰ ਹੋਇਆ ਸੀ। ਬਾਬਾ ਸੋਹਣ ਸਿੰਘ ਭਕਨਾ ਕਾਮਾਗਾਟਾਮਾਰੂ ਦੇ ਮੁਸਾਫ਼ਿਰਾਂ ਨੂੰ ਮਿਲ ਕੇ ਯੋਕੋਹਾਮਾ (ਜਾਪਾਨ) ਤੋਂ ਸ਼ਿੰਘਾਈ ਆ ਕੇ ਭਾਈ ਗੁੱਜਰ ਸਿੰਘ ਨੂੰ ਮਿਲੇ। ਉਨ੍ਹਾਂ ਨੇ ਗੁੱਜਰ ਸਿੰਘ ਨੂੰ ਗ਼ਦਰ ਪਾਰਟੀ ਦਾ ਸਾਰਾ ਪ੍ਰੋਗਰਾਮ ਸਮਝਾਇਆ ਕਿ ਆਪਾਂ ਹਿੰਦੁਸਤਾਨ ਜਾ ਕੇ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਨੂੰ ਅੰਜਾਮ ਦੇਣਾ ਹੈ। ਲੋਕਾਂ ਨਾਲ ਤਾਲਮੇਲ ਬਣਾ ਕੇ ਉਨ੍ਹਾਂ ਨੂੰ ਇਨਕਲਾਬੀ ਜੰਗ ਵਾਸਤੇ ਤਿਆਰ ਕਰਨਾ ਹੈ। ਕੌਮੀ ਆਗੂਆਂ ਨੂੰ ਮਿਲ ਕੇ ਅੰਤਰਰਾਸ਼ਟਰੀ ਹਾਲਾਤ ਤੋਂ ਜਾਣੂ ਕਰਾਉਣਾ ਸਾਡਾ ਕੰਮ ਹੈ। ਛਾਉਣੀਆਂ ਵਿਚ ਜਾ ਕੇ ਹਿੰਦੀ ਫ਼ੌਜਾਂ ਨੂੰ ਤਿਆਰ ਕਰਨਾ ਕਿ ਉਹ ਵਿਸ਼ਵ ਜੰਗ ਵਿਚ ਨਾ ਜਾਣ ਅਤੇ ਅੰਗਰੇਜ਼ ਸਾਮਰਾਜੀ ਹਕੂਮਤ ਵਿਰੁੱਧ, ਵਿਦਰੋਹ ਵਿਚ ਸ਼ਾਮਿਲ ਹੋਣ ਲਈ ਗ਼ਦਰ ਪਾਰਟੀ ਦਾ ਸਾਥ ਦੇਣ। ਬਾਬਾ ਸੋਹਣ ਸਿੰਘ ਦੇ ਵਿਚਾਰ ਸੁਣ ਕੇ ਭਾਈ ਗੁੱਜਰ ਸਿੰਘ ਨੇ ਪੁਲਿਸ ਦੀ ਨੌਕਰੀ ਛੱਡ ਦਿੱਤੀ ਅਤੇ ਦੇਸ਼ ਦੀ ਆਜ਼ਾਦੀ ਦੀ ਜੰਗ ਵਿਚ ਸ਼ਾਮਿਲ ਹੋਣ ਲਈ 40 ਸਾਥੀਆਂ ਦਾ ਜਥਾ ਤਿਆਰ ਕਰ ਲਿਆ। ਬਾਬਾ ਸੋਹਣ ਸਿੰਘ ਤੇ ਭਾਈ ਗੁੱਜਰ ਸਿੰਘ, ਸ਼ਿੰਘਾਈ ਤੋਂ ਇਕ ਵੱਡਾ ਜਥਾ ਗ਼ਦਰੀਆਂ ਦਾ ਲੈ ਕੇ ਕਲਕੱਤੇ ਰਾਹੀਂ ਭਾਰਤ ਪਹੁੰਚੇ ਸਨ। ਬਾਬਾ ਸੋਹਣ ਸਿੰਘ ਨੂੰ ਤਾਂ ਅੰਗਰੇਜ਼ੀ ਸਰਕਾਰ ਨੇ ਜਹਾਜ਼ 'ਚੋਂ ਹੀ ਗ੍ਰਿਫ਼ਤਾਰ ਕਰ ਲਿਆ ਅਤੇ ਕਲਕੱਤੇ ਜੇਲ੍ਹ ਵਿਚ ਬੰਦ ਕਰ ਦਿੱਤਾ ਸੀ। ਕਲਕੱਤੇ ਤੋਂ ਬਾਬਾ ਸੋਹਣ ਸਿੰਘ ਨੂੰ ਪੁੱਛ ਪੜਤਾਲ ਕੇਂਦਰ ਲੁਧਿਆਣਾ ਵਿਖੇ ਲਿਆਂਦਾ ਗਿਆ ਅਤੇ ਪੁੱਛ ਪੜਤਾਲ ਤੋਂ ਬਾਅਦ ਉਨ੍ਹਾਂ ਨੂੰ ਮੁਲਤਾਨ ਜਿਲਾ ਕੇ ਕੈਦ ਕਰ ਦਿੱਤਾ ਗਿਆ ਸੀ।

ਬਾਬਾ ਗੁੱਜਰ ਸਿੰਘ ਭਕਨਾ ਨੂੰ ਅੰਗਰੇਜ਼ ਹਕੂਮਤ ਨੇ ਪਿੰਡ ਵਿਚ ਨਜ਼ਰਬੰਦ ਕਰ ਦਿੱਤਾ ਸੀ। ਭਾਈ ਗੁੱਜਰ ਸਿੰਘ ਨੇ ਨਨਕਾਣਾ ਸਾਹਿਬ, ਖਾਸਾ, ਅੰਮ੍ਰਿਤਸਰ, ਝਾੜ ਸਾਹਿਬ ਆਦਿ ਕਈ ਥਾਵਾਂ 'ਤੇ ਗ਼ਦਰੀਆਂ ਦੀਆਂ ਮੀਟਿੰਗਾਂ ਵਿਚ ਹਿੱਸਾ ਲਿਆ ਸੀ। ਬਾਬਾ ਗੁੱਜਰ ਸਿੰਘ ਤਰਨ ਤਾਰਨ ਵਿਖੇ ਗ਼ਦਰੀਆਂ ਦੀ ਮੀਟਿੰਗ ਵਿਚ ਹਿੱਸਾ ਲੈਣ ਲਈ ਜਾ ਰਹੇ ਸਨ ਅਤੇ ਅੰਗਰੇਜ਼ ਹਾਕਮਾਂ ਨੇ ਉਨ੍ਹਾਂ ਨੂੰ ਰਾਹ ਵਿਚੋਂ ਹੀ ਗ੍ਰਿਫ਼ਤਾਰ ਕਰ ਲਿਆ ਸੀ।

ਬਾਬਾ ਸੋਹਣ ਸਿੰਘ ਭਕਨਾ ਨੂੰ ਅੰਗਰੇਜ਼ ਹਾਕਮ ਬਾਕੀ ਗ਼ਦਰੀਆਂ ਨਾਲ ਕਾਲੇਪਾਣੀ ਦੀ ਜੇਲ੍ਹ ਵਿਚ ਲੈ ਗਏ ਸਨ। ਇਸ ਜੇਲ੍ਹ ਦਾ ਵਾਤਾਵਰਨ ਮਨੁੱਖੀ ਜੀਵਨ ਲਈ ਬੜਾ ਘਾਤਕ ਸੀ। ਜੇਲ੍ਹ ਵਿਚ ਹਰ ਵਕਤ ਸਿੱਲ੍ਹ, ਜੋਕਾਂ ਤੇ ਮੱਛਰਾਂ ਦੀ ਭਰਮਾਰ ਰਹਿੰਦੀ ਸੀ। ਇਸ ਬੰਦੇ ਖਾਣੀ ਜੇਲ੍ਹ ਵਿਚ 8 ਦੇ ਕਰੀਬ ਗ਼ਦਰੀ ਅੰਗਰੇਜ਼ ਹਾਕਮਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਕੇ ਸ਼ਹਾਦਤਾਂ ਪ੍ਰਾਪਤ ਕਰ ਗਏ ਸਨ। ਸ਼ੇਰਾਂ ਵਰਗੇ ਗ਼ਦਰੀ ਨਾ ਮੁਰਾਦ ਬਿਮਾਰੀਆਂ ਦੇ ਸ਼ਿਕਾਰ ਹੋ ਗਏ ਸਨ। ਗ਼ਦਰੀਆਂ ਨੇ ਆਪਣੇ ਸਰੀਰ ਤੇ ਤਸੀਹੇ ਝੱਲੇ ਪਰ ਸਰਕਾਰ ਅੱਗੇ ਨਹੀਂ ਸਨ ਝੁਕੇ। ਗ਼ਦਰੀਆਂ ਦੇ ਸੰਘਰਸ਼ ਨੂੰ ਭਾਂਪ ਕੇ ਅੰਗਰੇਜ਼ੀ ਹਕੂਮਤ ਨੇ ਕਾਲੇਪਾਣੀ ਦੀ ਜੇਲ੍ਹ ਤੋੜ ਦਿੱਤੀ। ਗ਼ਦਰੀਆਂ ਨੂੰ ਕਾਲੇਪਾਣੀ ਤੋਂ ਵਾਪਸ ਆਪਣੇ ਦੇਸ਼ ਦੀਆਂ ਜੇਲ੍ਹਾਂ ਵਿਚ ਤਬਦੀਲ ਕਰ ਦਿੱਤਾ ਗਿਆ। ਬਾਬਾ ਸੋਹਣ ਸਿੰਘ ਵੀ 1921 ਵਿਚ ਅੰਡੇਮਾਨ ਦੀ ਜੇਲ੍ਹ ਤੋਂ ਵਾਪਸ ਕੋਇੰਬਟੂਰ ਜੇਲ੍ਹ ਵਿਚ ਆ ਗਏ ਸਨ।

ਆਪ ਨੂੰ ਹਜ਼ਾਰੀ ਬਾਗ ਜੇਲ੍ਹ ਵਿਚ ਭੇਜਿਆ ਗਿਆ ਸੀ। ਜੇਲ੍ਹ ਅਧਿਕਾਰੀਆਂ ਦੇ ਮਾੜੇ ਵਿਹਾਰ ਕਾਰਨ ਗ਼ਦਰੀਆਂ ਨੇ ਜੇਲ੍ਹ ਤੋੜ ਕੇ ਭੱਜਣ ਦਾ ਫ਼ੈਸਲਾ ਕਰ ਲਿਆ। ਗ਼ਦਰੀਆਂ ਦਾ ਮੰਤਵ ਇਹ ਸੀ ਕਿ ਬਾਹਰ ਜਾ ਕੇ ਅੰਗਰੇਜ਼ ਵਿਰੋਧੀ ਖੇਮੇ ਵਿਚ ਰਲ ਕੇ ਅੰਗਰੇਜ਼ਾਂ ਵਿਰੁੱਧ ਲੜਾਈ ਲੜੀ ਜਾਵੇ।

ਭਾਈ ਗੁੱਜਰ ਸਿੰਘ ਸਮੇਤ 18 ਗ਼ਦਰੀ, ਮਾਰਚ 1918 ਦੀ ਰਾਤ ਨੂੰ ਜੇਲ੍ਹ ਪਾੜ ਕੇ ਦੌੜ ਗਏ। ਸਰਕਾਰ ਨੇ ਬਿਹਾਰ ਦੇ ਪਿੰਡਾਂ ਵਿਚ ਢੰਡੋਰਾ ਪਿਟਵਾ ਦਿੱਤਾ ਕਿ ਜੇਲ੍ਹ ਵਿਚੋਂ ਮੁਜਰਮ ਦੌੜ ਗਏ ਹਨ, ਜਿਹੜਾ ਇਨ੍ਹਾਂ ਨੂੰ ਫੜਵਾਏਗਾ ਉਨ੍ਹਾਂ ਨੂੰ 3000 ਤੋਂ ਲੈ ਕੇ 7000 ਰੁਪਏ ਤੱਕ ਇਨਾਮ ਦਿੱਤਾ ਜਾਏਗਾ। ਅੰਤ ਵਹੀਰ ਨੇ ਗ਼ਦਰੀ ਲੱਭ ਲਏ ਅਤੇ ਗ਼ਦਰੀਆਂ ਦੇ ਗਲ ਪੈ ਗਏ। ਵਹੀਰ ਦੇ ਹਮਲੇ ਨਾਲ ਬਾਬਾ ਗੁੱਜਰ ਸਿੰਘ ਭਕਨੇ ਦਾ ਜਬਾੜਾ ਵੱਢਿਆ ਗਿਆ ਅਤੇ ਗੋਡੇ ਦੀ ਚੱਪਣੀ ਦੇ ਦੋ ਟੁਕੜੇ ਹੋ ਗਏ। ਭਾਈ ਇੰਦਰ ਸਿੰਘ ਤੇ ਭਾਈ ਸੱਜਣ ਸਿੰਘ ਨਾਰੰਗਵਾਲ ਦੇ ਵੀ ਡੂੰਘੀਆਂ ਸੱਟਾਂ ਵੱਜੀਆਂ ਸਨ। ਹਕੂਮਤ ਇਨ੍ਹਾਂ ਤਿੰਨਾਂ ਗ਼ਦਰੀਆਂ ਨੂੰ ਗ੍ਰਿਫ਼ਤਾਰ ਕਰਕੇ ਫਿਰ ਹਜ਼ਾਰੀ ਬਾਗ ਲੈ ਗਈ।

ਬਾਬਾ ਸੋਹਣ ਸਿੰਘ ਜਦੋਂ ਰਿਹਾਅ ਹੋ ਕੇ ਪਿੰਡ ਆਏ ਤਾਂ ਉਨ੍ਹਾਂ ਨੇ ਭਾਈ ਗੁੱਜਰ ਸਿੰਘ ਤੇ ਪਿੰਡ ਦੇ ਹੋਰ ਪਤਵੰਤਿਆਂ ਨਾਲ ਸਲਾਹ ਕਰਕੇ ਕੁੜੀਆਂ ਦੀ ਪੜ੍ਹਾਈ ਲਈ ਪਿੰਡ ਵਿਚ 'ਕੰਨਿਆ ਪਾਠਸ਼ਾਲਾ' ਖੋਲ੍ਹ ਦਿੱਤੀ। ਇਸ ਦੇ ਨਾਲ ਕਿਸਾਨ ਆਸ਼ਰਮ ਬਣਾਉਣ ਤੋਂ ਪਹਿਲਾਂ ਬਾਬਾ ਸੋਹਣ ਸਿੰਘ ਨੇ ਹਲਟ ਵਾਲਾ ਖੂਹ ਤਿਆਰ ਕਰਵਾਇਆ। ਬੱਚਿਆਂ ਦੀ ਰਿਹਾਇਸ਼ ਵਾਸਤੇ ਕਮਰੇ ਰੂਪੀ ਕਾਨੇ, ਸਰਕੜੇ ਤੇ ਕਾਹੀ ਦੀਆਂ ਛੰਨਾਂ (ਚੌਂਪੜੀਆਂ) ਬਣਾਈਆਂ ਗਈਆਂ। ਇਸ ਆਸ਼ਰਮ ਵਿਚ ਬੱਚੇ ਪੜ੍ਹਾਈ ਦੇ ਨਾਲ-ਨਾਲ ਖੇਤੀਬਾੜੀ ਅਤੇ ਪਸ਼ੂ ਪਾਲਣ ਦਾ ਕੰਮ ਵੀ ਕਰਿਆ ਕਰਦੇ ਸਨ। ਇਹ ਫਾਰਮ ਬੜਾ ਪ੍ਰਸਿੱਧ ਹੋਇਆ ਸੀ। ਇਸ ਫਾਰਮ ਨੂੰ ਦੂਰ-ਦੂਰ ਤੋਂ ਲੋਕ ਵੇਖਣ ਆਉਂਦੇ ਸਨ।

ਅੰਗਰੇਜ਼ ਹਾਕਮ ਇਹ ਸਮਝਦੇ ਸਨ ਕਿ ਕਿਰਤੀ ਕਿਸਾਨ ਆਸ਼ਰਮ ਵਿਚ ਗਦਰੀ, ਬੱਚਿਆਂ ਨੂੰ ਪੜ੍ਹਾ ਕੇ ਅੰਗਰੇਜ਼ਾਂ ਵਿਰੁੱਧ ਜੰਗ ਲੜਨ ਦੀ ਤਿਆਰ ਕਰ ਰਹੇ ਹਨ। ਇਸੇ ਸੋਚ ਅਧੀਨ ਅੰਗਰੇਜ਼ਾਂ ਨੇ ਬਾਬਾ ਸੋਹਣ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਬਾਬਾ ਜੀ ਦੀ ਵਾਰ-ਵਾਰ ਗ੍ਰਿਫ਼ਤਾਰੀ ਹੋਣ ਕਰਕੇ ਕਿਰਤੀ ਕਿਸਾਨ ਆਸ਼ਰਮ ਜੋ ਹਰਿਆ-ਭਰਿਆ ਵਸ ਰਿਹਾ ਸੀ, ਉਹ ਵੀਰਾਨ ਹੋ ਗਿਆ। ਹੁਣ ਉਸੇ ਜਗ੍ਹਾ 'ਤੇ ਬਾਬਾ ਸੋਹਣ ਸਿੰਘ ਭਕਨਾ ਸੀਨੀਅਰ ਸੈਕੰਡਰੀ ਸਕੂਲ ਚਲ ਰਿਹਾ ਹੈ ਅਤੇ ਸਕੂਲ ਦੇ ਨਾਲ ਹੀ ਬਾਬਾ ਸੋਹਣ ਸਿੰਘ ਦੀ ਸਮਾਧ ਅਤੇ ਗ਼ਦਰ ਪਾਰਟੀ ਦੀ ਵਿਰਾਸਤ ਦਾ ਚਿੰਨ ਇਕ ਸ਼ਾਨਦਾਰ ਸਮਾਰਕ ਦੇ ਰੂਪ ਵਿਚ ਸਥਾਪਤ ਹੈ।

**-ਪ੍ਰਿਥੀਪਾਲ ਸਿੰਘ ਮਾੜੀਮੇਘਾ**
**ਬਾਬਾ ਸੋਹਣ ਸਿੰਘ ਭਕਨਾ ਭਵਨ, 40 ਕੋਰਟ ਰੋਡ, ਅੰਮ੍ਰਿਤਸਰ**
**ਮੋ: 98760-78731**

# ਸਰਕਾਰੀ ਸਕੂਲੀ ਸਿੱਖਿਆ-ਦਸ਼ਾ, ਦਿਸ਼ਾ, ਹੱਲ ਤੇ ਨਿੱਜੀਕਰਨ ਦਾ ਖਤਰਾ

**ਜਸਦੇਵ ਸਿੰਘ ਲਲਤੋਂ**
0161-2805677



ਪੰਜਾਬ ਸਰਕਾਰ, ਇਸਦਾ ਸਿੱਖਿਆ ਵਿਭਾਗ ਤੇ ਇਸਦੀ ਉੱਚ ਪੱਧਰੀ ਅਫਸਰਸ਼ਾਹੀ ਲਗਾਤਾਰ ਦਾਅਵਾ ਕਰ ਰਹੀ ਹੈ ਕਿ ਸਰਕਾਰੀ ਸਕੂਲਾਂ ਦੀ ਸਿੱਖਿਆ ਦਾ ਪੱਧਰ ਉੱਚਾ ਉਠ ਰਿਹਾ ਹੈ, ਇਸ ਵਿਚ ਸੁਧਾਰ ਹੋ ਰਿਹਾ ਹੈ। ਵਰਨਣਯੋਗ ਹੈ ਕਿ ਪਹਿਲੀ ਤੋਂ ਅੱਠਵੀਂ ਤੱਕ ਥੋਕ ਰੂਪ 'ਚ ਸਭ ਨੂੰ ਪਾਸ ਕਰਨ ਦੀ ਪੁੱਠਪੈਰੀ ਨੀਤੀ 2011 ਤੋਂ 2018 ਅਤੇ (2019 'ਚ ਬਦਲਵੇਂ ਢੰਗ ਨਾਲ) ਲਗਾਤਾਰ ਅੱਜ ਵੀ ਜਾਰੀ ਹੈ। ਆਓ ਇਸ ਲਿਖਤ ਰਾਹੀਂ ਇਨ੍ਹਾਂ ਦਾਅਵਿਆਂ ਦੀ ਅਸਲ ਹਕੀਕਤ, ਮੌਜੂਦਾ ਹਾਲਤ, ਇਸ ਪਿਛੇ ਖੜੇ ਕਾਰਨਾਂ ਤੇ ਢੁਕਵੇਂ ਹੱਲ ਤੇ ਚੁਣੌਤੀਆਂ ਬਾਰੇ ਭਰਵਾਂ ਤੇ ਡੂੰਘਾ ਵਿਚਾਰ ਕਰੀਏ:

**('ਸਮਾਰਟ' ਤੇ 'ਸੈਲਫ ਸਮਾਰਟ' ਸਕੂਲ ਬਣਾਉਣ ਬਾਰੇ**

ਜੂਨ 2018 ਦੇ ਸਿੱਖਿਆ ਵਿਭਾਗ ਦੇ ਹੁਕਮ ਅਨੁਸਾਰ 1000 ਪ੍ਰਾਇਮਰੀ ਤੇ 1800 ਸੈਕੰਡਰੀ ਸਕੂਲ, ਕੁੱਲ 2800 ਸਕੂਲ ਸਮਾਰਟ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਤਾਜਾ ਫੈਸਲੇ ਅਨੁਸਾਰ ਹਰ ਬਲਾਕ 'ਚ ਇਕ ਸੀਨੀਅਰ ਸੈਕੰਡਰੀ ਸਕੂਲ ਨੂੰ ਸਮਾਰਟ ਤੇ ਕਈ ਹੋਰਾਂ ਨੂੰ ਸਿਟੀ ਸਮਾਰਟ ਬਣਾਇਆ ਜਾ ਰਿਹਾ ਹੈ। ਇਨ੍ਹਾਂ ਨੂੰ ਦਿੱਤੀਆਂ ਜਾ ਰਹੀਆਂ ਵੱਡੀਆਂ/ਛੋਟੀਆਂ ਗਰਾਂਟਾਂ ਨਾਲ ਫੁੱਲ, ਬੂਟਿਆਂ ਵਾਲੇ ਪਾਰਕ, ਸਕੂਲਾਂ ਨੂੰ ਰੰਗ ਰੋਗਨ, ਕਮਰਿਆਂ ਦੇ ਅੰਦਰ/ਬਾਹਰ ਕੰਧਾਂ 'ਤੇ ਸਿਖਿਆਦਾਇਕ ਤਸਵੀਰਾਂ ਵਾਲੇ ਮਾਟੋ, ਵੱਖਰੀ ਕਿਸਮ ਦੀਆਂ ਵਰਦੀਆਂ, ਕੁਝ ਕਮਰਿਆਂ 'ਚ ਹਰੇ/ਚਿੱਟੇ ਬੋਰਡ ਤੇ ਪਰੋਜੈਕਟਰ ਲਾਉਣ ਦਾ ਕਾਰਜ ਕੀਤਾ ਜਾਵੇਗਾ। ਬਾਕੀ ਸਕੂਲਾਂ 'ਚੋਂ ਕਾਫ਼ੀਆਂ ਨੂੰ ਸੈਲਫ-ਸਮਾਰਟ ਬਣਨ ਲਈ ਜ਼ੋਰ ਪਾਇਆ ਜਾ ਰਿਹਾ ਹੈ। ਸ਼ਹਿਰੀ ਸਕੂਲਾਂ ਦੇ ਘੱਟੋ ਘੱਟ 60% ਤੇ ਪੇਂਡੂ ਸਕੂਲਾਂ ਦੇ 40% ਬੱਚਿਆਂ ਨੂੰ ਛੇਵੀਂ ਜਮਾਤ ਤੋਂ ਹੀ ਗਣਿਤ ਤੇ ਵਿਗਿਆਨ ਵਿਸ਼ੇ ਅੰਗਰੇਜ਼ੀ ਮੀਡੀਅਮ 'ਚ ਪੜ੍ਹਾਉਣ ਦੇ ਆਦੇਸ਼ ਜਬਰੀ (ਬਗੈਰ ਪੰਜਾਬ ਦੇ ਸਿੱਖਿਆ-ਮਾਹਿਰਾਂ, ਮਾਪਿਆਂ ਤੇ ਵਿਦਿਆਰਥੀਆਂ ਦੀ ਰਾਏ ਲੈਣ ਤੋਂ) ਜ਼ਾਰੀ ਕੀਤੇ ਗਏ ਹਨ। ਸੋ ਕੁਲ ਮਿਲਾ ਕੇ ਇਸ ਮੀਡੀਅਮ ਦੇ ਸਿੱਟੇ ਬਹੁਤ ਮਾਰੂ ਹੋਣਗੇ। ਬਾਹਰੀ/ਅੰਦਰੂਨੀ ਦਿਖ, ਕੰਧਾਂ ਦਾ ਸਜਾਵਟੀਕਰਨ ਸਹਾਇਕ ਸਮੱਗਰੀ, ਵੱਖਰੀਆਂ ਵਰਦੀਆਂ ਤੇ ਅੰਗਰੇਜ਼ੀ ਮੀਡੀਅਮ ਰਾਹੀਂ ਰੂਪਕ ਪਹਿਲੂ ਨੂੰ ਨਿੱਜੀ ਮਾਡਲ ਸਕੂਲਾਂ ਵਰਗਾ ਲੱਗਣ 'ਤੇ ਮੁੱਖ ਜ਼ੋਰ ਕੇਂਦਰਤ ਕੀਤਾ ਗਿਆ ਹੈ।

**ਸਿੱਖਿਆ ਦੇ ਕੇਂਦਰੀ ਧੁਰੇ-ਅਧਿਆਪਕਾਂ ਬਾਰੇ**

ਜਗਿਆਸੂ ਵਿਦਿਆਰਥੀਆਂ ਤੇ ਕਾਬਲ ਅਧਿਆਪਕ ਵਿਚਕਾਰ ਜਮਾਤ ਦੇ ਸ਼ਾਂਤ, ਇਕਾਂਤ, ਇਕਾਗਰ ਤੇ ਉਤਸ਼ਾਹੀ ਮਾਹੌਲ ਅੰਦਰ ਗਿਆਨ ਦੇ ਆਦਾਨ-ਪ੍ਰਦਾਨ ਵਾਲੀ ਸਿੱਖਿਆ ਪ੍ਰਕਿਰਿਆ ਦਾ ਕੋਈ ਵੀ ਬਦਲ ਨਾਂ ਹੈ ਤੇ ਨਾਂ ਹੀ ਹੋ ਸਕੇਗਾ। ਅਧਿਆਪਕ ਦੇ ਪ੍ਰਭਾਵਸ਼ਾਲੀ ਬੋਲਣ, ਲਿਖਣ, ਢੁਕਵੇਂ ਐਕਸ਼ਨਾਂ ਤੇ ਸੁਆਲ-ਜੁਆਬ ਦਾ ਸਥਾਨ ਕੋਈ ਵੀ ਸਹਾਇਕ ਸਮੱਗਰੀ ਨਹੀਂ ਲੈ ਸਕਦੀ। ਬਿਨ੍ਹਾਂ ਸ਼ੱਕ ਸਹਾਇਕ ਸਮੱਗਰੀ-ਮਾਡਲ, ਚਾਰਟ, ਪ੍ਰੋਜੈਕਟਰ ਤੇ ਹੋਰ ਸਾਜੋ-ਸਮਾਨ ਸਿੱਖਿਆ ਦੀ ਪ੍ਰਕਿਰਿਆ ਲਈ ਸਹਾਇਕ ਭੂਮਿਕਾ ਜ਼ਰੂਰ ਨਿਭਾਉਂਦੀ ਹੈ। ਲੇਕਿਨ ਅਧਿਆਪਕ ਦਾ ਕੇਂਦਰੀ ਸਥਾਨ ਨਹੀਂ ਲੈ ਸਕਦੀ। ਸੋ ਆਓ ਅਧਿਆਪਕ ਦੇ ਪਹਿਲੂ ਨੂੰ ਵਿਚਾਰੀਏ:-

**1. ਵਿਦਿਆਰਥੀ-ਅਧਿਆਪਕ ਅਨੁਪਾਤ ਦਾ ਕੀ ਹਾਲ ਹੈ?**

ਪੰਜਾਬ 'ਚ ਦਹਾਕਿਆਂ ਬੱਧੀ ਚੱਲਦੀ ਰਹੀ ਵਿਦਿਆਰਥੀ-ਅਧਿਆਪਕ ਅਨੁਪਾਤ ਛੇਵੀਂ ਤੋਂ ਦੱਸਵੀਂ ਤੱਕ 1:30 ਰਹਿੰਦੀ ਰਹੀ ਹੈ। ਜਿਸ ਨੂੰ 2009-10 ਤੋਂ ਸੋਧ ਕੇ 1:40 (ਸਮੇਤ 10% ਵਾਧੇ ਤੱਕ), 10+1 ਤੇ 10+12 ਲਈ 1:40 ਤੋਂ ਸੋਧ ਕੇ 1:60 (ਸਮੇਤ 10% ਵਾਧੇ ਤੱਕ) ਕਰ ਦਿੱਤਾ ਗਿਆ ਸੀ। ਅਮਲੀ ਰੂਪ 'ਚ ਅਨੇਕਾਂ ਸਕੂਲਾਂ 'ਚ ਇਸ ਤੋਂ ਵੀ ਕਿਤੇ ਵਧੇਰੇ ਹੈ। ਪਿਛਲੇ 20 ਸਾਲਾਂ 'ਚ ਵਿਦਿਆਰਥੀ ਦੀ ਗਿਣਤੀ 'ਚ ਵੱਡਾ ਵਾਧਾ ਹੋਣ ਦੇ ਬਾਵਜੂਦ, ਅਧਿਆਪਕਾਂ ਦੀ ਗਿਣਤੀ ਕਰੀਬ ਅੱਧੀ ਰਹਿ ਗਈ ਹੈ। ਤਕਰੀਬਨ 1.50 ਲੱਖ ਦੀ ਬਜਾਏ ਕਰੀਬ 85 ਹਜ਼ਾਰ। ਜਦ ਕਿ ਭਾਰਤ ਦੀ ਸਿੱਖਿਆ ਦੇ ਉਤਮ ਕਮਿਸ਼ਨ-ਕੋਠਾਰੀ ਕਮਿਸ਼ਨ (1966) ਮੁਤਾਬਕ ਇਹ 1:20 ਹੋਣੀ ਚਾਹੀਦੀ ਹੈ। ਜਿਸ ਤੋਂ ਬਗੈਰ ਵਿਦਿਆਰਥੀ ਨੂੰ ਅਧਿਆਪਕ ਦਾ ਵਿਅਕਤੀਗਤ ਧਿਆਨ, ਠੋਸ ਅਗਵਾਈ, ਕੰਮ ਦੀ ਚੈਕਿੰਗ ਤੇ ਸੋਧਾਂ ਸੰਭਵ ਨਹੀਂ। ਇਸ ਫਾਰਮੂਲੇ ਨਾਲ ਅੱਜ 1.25 ਲੱਖ ਤੋਂ ਉਪਰ ਹੋਰ ਅਧਿਆਪਕਾਂ ਦੀ ਲਾਜ਼ਮੀ ਲੋੜ ਹੈ। ਦੂਜੇ ਪਾਸੇ ਮੌਜੂਦਾ ਖਾਲੀ ਆਸਾਮੀਆਂ ਭਰਨ ਲਈ 30,000 ਤੋਂ ਉਪਰ ਅਧਿਆਪਕਾਂ ਦੀ ਅੱਜ ਖੜੇ ਪੈਰ ਲੋੜ ਹੈ। 1978 'ਚ ਪ੍ਰਾਇਮਰੀ ਡਾਇਰੈਕਟੋਰੇਟ ਅੱਡ ਬਣਨ ਤੋਂ ਬਾਅਦ ਅੱਜ ਤੱਕ ਕਦੇ ਵੀ ਪ੍ਰਾਇਮਰੀ ਦੀਆਂ 5 ਜਮਾਤਾਂ ਨੂੰ ਘੱਟੋ ਘੱਟ ਪੂਰੇ 5 ਅਧਿਆਪਕ ਵੀ ਨਹੀਂ ਮਿਲੇ।

**ਹੱਲ:-** ਵਿੱਦਿਆ ਦੀ ਹੋਰ ਬਰਬਾਦੀ ਨੂੰ ਰੋਕਣ ਲਈ ਸਮੇਂ ਦੀ ਤਿਖੀ ਲੋੜ ਹੈ ਕਿ ਮੌਜੂਦਾ ਖਾਲੀ ਆਸਾਮੀਆਂ ਭਰਨ ਲਈ 30,000 ਪੱਕੇ ਅਧਿਆਪਕ ਫੌਰੀ ਭਰਤੀ ਕੀਤੇ ਜਾਣ। ਪਹਿਲਾਂ ਮੌਜੂਦ 28,000 ਠੇਕੇ ਵਾਲੇ ਅਧਿਆਪਕ ਪੂਰੇ ਤਨਖਾਹ ਸਕੇਲ 'ਚ ਰੈਗੂਲਰ ਕੀਤੇ ਜਾਣ ਤਾਂ ਜੋ ਉਨ੍ਹਾਂ ਦੀ ਨਿਰਾਸ਼ਤਾ ਦੂਰ ਹੋ ਸਕੇ ਤੇ ਉਹ ਉਤਸ਼ਾਹੀ ਰੌਂਅ ਨਾਲ ਕੰਮ 'ਚ ਜੁਟ ਸਕਣ।

**2. ਵਰਤਮਾਨ ਅਧਿਆਪਕਾਂ ਸਿਰ ਡਾਕਾਂ ਦੇ ਅੰਬਾਰ ਕਿਉਂ?**

ਹਰ ਸਕੂਲ 'ਚੋਂ ਆਏ ਦਿਨ ਉਪਰਲੇ ਵੱਖ-ਵੱਖ ਦਫ਼ਤਰਾਂ ਵੱਲੋਂ ਮੰਗੀਆਂ ਜਾਂਦੀਆਂ ਤਰ੍ਹਾਂ-ਤਰ੍ਹਾਂ ਦੀਆਂ ਵਿਭਾਗੀ ਡਾਕਾਂ ਭੇਜਣ ਦਾ ਜ਼ੋਰਦਾਰ ਸਿਲਸਿਲਾ ਬੇਰੋਕ ਜਾਰੀ ਰਹਿੰਦਾ ਹੈ। ਸਿਟੇ ਵਜੋਂ ਸਕੂਲ ਮੁਖੀ ਤੇ ਹੋਰ ਅਧਿਆਪਕ ਡਾਕਾਂ ਦੇ ਕਾਗਜ਼ ਤਿਆਰ ਕਰਨ, ਵੱਟਸਐਪ ਫੋਟੋ ਭੇਜਣ, ਈ ਮੇਲ ਕਰਨ ਦੇ ਕੰਮ, ਜਮਾਤਾਂ ਦੇ ਕਮਰਿਆਂ 'ਚ ਚੱਲਣ ਵਾਲੀ ਵਿੱਦਿਆ ਨੂੰ ਵੱਡਾ ਰਗੜਾ ਲਾਉਂਦੇ ਹਨ। "ਜਮਾਤਾਂ ਤਰਸਣ ਉਸਤਾਦਾਂ ਨੂੰ, ਜਿਉਂ ਪੁੱਤਰਾਂ ਨੂੰ ਮਾਵਾਂ।"

**ਹੱਲ:-** ਅਧਿਆਪਕ ਸਿਰੋਂ ਡਾਕਾਂ ਦੇ ਬੋਝ ਦਾ ਮੁਕੰਮਲ ਖਾਤਮਾ ਕਰਕੇ, ਹਰ ਪ੍ਰਾਇਮਰੀ ਸਕੂਲ ਨੂੰ, ਹਰ ਮਿਡਲ ਨੂੰ 1, ਹਰ ਹਾਈ ਨੂੰ 2, ਹਰ ਪ੍ਰਾਇਮਰੀ ਸੈਂਟਰ ਨੂੰ 2 ਤੇ ਹਰ ਸੀਨੀਅਰ ਸੈਕੰਡਰੀ ਨੂੰ 4 ਕੰਪਿਊਟਰ ਕਮ ਕਲਰਕ ਦਿੱਤੇ ਜਾਣ ਤਾਂ ਜੋ ਡਾਕਾਂ ਦਾ ਕੁਲ ਕੰਮ ਇਹ ਨਵਾਂ ਸਟਾਫ ਨਜਿੱਠੇ ਅਤੇ ਜਮਾਤਾਂ 'ਚ ਪੜ੍ਹਾਈ ਨਾਂ ਦੀ ਚੀਜ਼ ਬਹਾਲ ਹੋ ਸਕੇ।

**3. ਮਿੱਡ-ਡੇ-ਮੀਲ ਦਾ ਬੋਝ ਅਧਿਆਪਕ ਸਿਰ ਕਿਉਂ?**

ਹਰ ਸਕੂਲ 'ਚ ਸੈਂਕੜੇ ਵਿਦਿਆਰਥੀ ਨੂੰ ਮਿਡ ਡੇ ਮੀਲ ਮੁਹੱਈਆ ਕਰਨ ਦੇ ਕੰਮਾਂ ਲਈ ਰੋਜ਼ਾਨਾ 1 ਤੋਂ 4 ਅਧਿਆਪਕਾਂ (ਸਕੂਲ ਦੀ ਗਿਣਤੀ ਅਨੁਸਾਰ) ਜੁਟੇ ਰਹਿੰਦੇ ਹਨ। ਰਾਸ਼ਨ ਦਾ ਗਰਾਮਾਂ ਤੱਕ ਤੇ ਰਾਸ਼ੀ ਦਾ ਪੈਸਿਆਂ ਤੱਕ ਰੋਜ਼ ਹਿਸਾਬ-ਕਿਤਾਬ ਕਰਨ ਤੇ ਡਾਕਾਂ ਭੇਜਣ ਲਈ ਉਨ੍ਹਾਂ ਦਾ ਬਹੁਤ ਸਮਾਂ ਜਾਇਆ ਜਾਂਦਾ ਹੈ।

**ਹੱਲ:-** ਇਹ ਕੰਮ ਅਧਿਆਪਕਾਂ ਪਾਸੋਂ ਲੈ ਕੇ, ਲੋੜੀਂਦੀ ਯੋਗਤਾ ਵਾਲੇ ਵੱਖਰੇ ਮਿਡ ਡੇ ਮੀਲ ਮਾਸਟਰ ਭਰਤੀ ਕਰਕੇ (ਲੋੜ ਅਨੁਸਾਰ 1 ਜਾਂ 2) ਉਨ੍ਹਾਂ ਨੂੰ ਸੌਂਪਿਆ ਜਾਵੇ।

**4. ਬੀ.ਐਲ.ਓ., ਨੀਲੇ/ਪੀਲੇ ਕਾਰਡ, ਐਕਸਾਈਜ਼ ਆਰਥਿਕ ਸਰਵੇ, ਮਰਦਮਸੁਮਾਰੀ ਵਗੈਰਾ ਗੈਰ ਵਿਦਿਅਕ ਡਿਊਟੀਆਂ ਲਈ ਅਧਿਆਪਕ ਕਿਉਂ?**

ਵੋਟਾਂ ਬਣਾਉਣ, ਕੱਟਣ, ਸੋਧਣ ਲਈ ਸਾਰਾ ਸਾਲ ਚੱਲਣ ਵਾਲੀਆਂ ਬੀ.ਐਲ.ਓ ਡਿਊਟੀਆਂ, ਤਰ੍ਹਾਂ ਤਰ੍ਹਾਂ ਦੇ ਆਰਥਿਕ ਸਰਵੇ, ਨੀਲੇ/ਪੀਲੇ ਕਾਰਡਾਂ ਦੀ ਚੈਕਿੰਗ ਐਕਸਾਈਜ਼, ਮਰਦਮਸ਼ੁਮਾਰੀ ਵਗੈਰਾ ਦੀਆਂ ਗੈਰ ਵਿਦਿਅਕ ਡਿਊਟੀਆਂ, 26 ਜਨਵਰੀ, 15 ਅਗਸਤ ਤੇ ਮੰਤਰੀਆਂ ਦੇ ਹੋਰ ਸਮਾਗਮਾਂ ਲਈ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਇਕੱਠਾਂ ਨੂੰ ਪੂਰੀ ਤਰ੍ਹਾਂ ਬੰਦ ਕਰਕੇ, ਵਿਦਿਆ ਦੀ ਘੋਰ ਬਰਬਾਦੀ ਨੂੰ ਠੱਲ੍ਹ ਪਾਈ ਜਾਵੇ।

**ਹੱਲ:-** ਇਨ੍ਹਾਂ ਗੈਰ ਵਿਦਿਅਕ ਕਾਰਜਾਂ ਲਈ ਹਰ ਪਿੰਡ/ਮੁਹੱਲੇ 'ਚ ਮਿਲਦੇ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਲੋੜੀਂਦੀ ਸਿਖਲਾਈ ਤੇ ਵਾਜਬ ਮਿਹਨਤਾਨਾ ਦੇ ਕੇ ਤਾਇਨਾਤ ਕੀਤਾ ਜਾਵੇ।

**5. ਬੇਲੋੜੇ ਤੇ ਫਜ਼ੂਲ ਸੈਮੀਨਾਰ ਤੇ ਮੀਟਿੰਗਾਂ ਕਿਉਂ?**

ਸਰਕਾਰੀ ਸਕੂਲਾਂ ਦੇ ਅਧਿਆਪਕ

(ਬਾਕੀ ਸਫ਼ਾ 23 'ਤੇ)












### ਪਲਸ ਮੰਚ ਸੂਬਾਈ ਸਮਾਗਮ ਨੇ ਦਿੱਤਾ ਸੰਘਰਸ਼ ਦਾ ਹੋਕਾ

# ਫਾਸ਼ੀ ਹੱਲੇ ਨੂੰ ਲੋਕ-ਤਾਕਤ ਪਛਾੜੇਗੀ: ਡਾ. ਨਵਸ਼ਰਨ





ਜਲੰਧਰ, (ਅਮੋਲਕ ਸਿੰਘ) : ਪੰਜਾਬ ਲੋਕ ਸਭਿਆਚਾਰਕ ਮੰਚ ਵੱਲੋਂ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਕੀਤੇ ਸੂਬਾਈ ਸਮਾਗਮ 'ਚ ਜੁੜੇ ਲੋਕਾਂ ਨੇ ਖੜ੍ਹੇ ਹੋ ਕੇ ਅਹਿਦ ਕੀਤਾ ਕਿ ਉਹ ਮੋਦੀ-ਸ਼ਾਹ ਦੀ ਅਗਵਾਈ ਵਾਲੀ ਭਾਜਪਾ ਹਕੂਮਤ ਦੇ ਫ਼ਿਰਕੂ ਫਾਸ਼ੀ ਹੱਲੇ ਦਾ ਮੂੰਹ ਤੋੜਵਾਂ ਜਵਾਬ ਦੇਣ ਲਈ ਸਾਹਿਤਕਾਰਾਂ, ਲੇਖਕਾਂ, ਸਭਿਆਚਾਰਕ ਕਾਮਿਆਂ, ਪੱਤਰਕਾਰਾਂ, ਤਰਕਸ਼ੀਲਾਂ, ਜਮਹੂਰੀਅਤ ਪਸੰਦਾਂ, ਕਿਰਤੀ, ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ ਅਤੇ ਔਰਤਾਂ ਦੀ ਵਿਸ਼ਾਲ ਲੋਕ ਲਹਿਰ ਉਸਾਰਨ ਲਈ ਲੱਕ ਬੰਨ੍ਹਵੀਂ ਜੱਦੋ ਜਹਿਦ ਕਰਨਗੇ।

ਪ੍ਰੋ. ਜਗਮੋਹਨ ਸਿੰਘ, ਡਾ.ਪਰਮਿੰਦਰ, ਨੌਨਿਹਾਲ ਸਿੰਘ, ਹੰਸਾ ਸਿੰਘ ਦੀ ਪ੍ਰਧਾਨਗੀ ਅਤੇ ਪਲਸ ਮੰਚ ਦੇ ਸੂਬਾ ਪ੍ਰਧਾਨ ਅਮੋਲਕ ਸਿੰਘ ਦੀ ਮੰਚ ਸੰਚਾਲਨਾ 'ਚ ਹੋਏ ਇਸ ਸਮਾਗਮ ਦੇ ਮੁੱਖ ਵਕਤਾ ਡਾ. ਨਵਸ਼ਰਨ ਨੇ ਆਸਾਮ ਦੇ ਡੀਟੈਂਸ਼ਨ ਸੈਂਟਰ, ਯੂ.ਪੀ. ਦੇ ਸ਼ਹਿਰਾਂ, ਪਿੰਡਾਂ ਵਿੱਚ ਜਾ ਕੇ ਇਕੱਤਰ ਤੱਥਾਂ ਭਰੀਆਂ ਪੜਤਾਲੀਆਂ ਰਿਪੋਰਟਾਂ, ਦਸਤਾਵੇਜ਼ੀ ਫ਼ਿਲਮਾਂਕਣ, ਲੋਕਾਂ ਦੇ ਹਲਫ਼ੀਆਂ ਬਿਆਨਾਂ, ਤਸਵੀਰਾਂ ਦੀ ਅੱਖੀਂ ਡਿੱਠੀ ਕਹਾਣੀ ਦਾ ਬਿਰਤਾਂਤ ਪੇਸ਼ ਕਰਦਿਆਂ ਰੌਂਗਟੇ ਖੜ੍ਹੇ ਕਰ ਦਿੱਤੇ। ਖਚਾ ਖਚ ਭਰੇ ਪੰਡਾਲ ਦੀ ਉਹ ਕਿਹੜੀ ਅੱਖ ਹੈ, ਜਿਹੜੀ ਸਿੱਲ੍ਹੀ ਨਾ ਹੋਈ ਹੋਵੇ, ਉਹ ਕਿਹੜਾ ਮੱਥਾ ਹੈ ਜੋ ਜਰਿਆ ਅਤੇ ਬਲ਼ਿਆ ਨਾ ਹੋਵੇ। ਡਾ.ਨਵਸ਼ਰਨ ਨੇ ਪ੍ਰੋਜੈਕਟਰ ਦੀ ਸਕਰੀਨ 'ਤੇ ਦ੍ਰਿਸ਼ ਵੀ ਵਿਖਾਏ ਕਿ ਕਿਵੇਂ ਯੂ.ਪੀ. 'ਚ 16 ਮੁਸਲਮਾਨਾਂ ਨੂੰ ਚੋਣਵਾਂ ਨਿਸ਼ਾਨਾ ਬਣਾਕੇ ਸਿਰਾਂ 'ਚ ਗੋਲੀਆਂ ਮਾਰੀਆਂ ਗਈਆਂ। ਡੀਟੈਂਸ਼ਨ ਸੈਂਟਰ 'ਚ ਭੁੱਖਿਆ, ਬੇ-ਇਲਾਜ ਰੱਖਕੇ ਤਸੀਹੇ ਦੇ ਕੇ ਮਾਰਿਆ ਗਿਆ। ਨੰਨੇ ਮੁੰਨੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨੂੰ ਕਿਵੇਂ ਪਸ਼ੂਆਂ ਵਾਂਗ ਕੁਟਾਪਾ ਚਾੜ੍ਹਿਆ ਜਾਂਦਾ ਹੈ।



ਅਲਫ਼ ਨੰਗਿਆਂ ਕਰਨਾ, ਸਾਜੋ ਸਾਮਾਨ ਭੰਨਣਾ, ਅੱਗਾਂ ਲਾਉਣਾ ਅਤੇ ਬਦਲੇ ਲੈਣ ਦੀਆਂ ਧਮਕੀਆਂ ਨਾਲ ਡਰਾਉਣਾ ਹਰ ਪਲ ਦਾ ਸਿਲਸਿਲਾ ਬਣਿਆ ਹੋਇਆ ਹੈ।

ਡਾ. ਨਵਸ਼ਰਨ ਨੇ ਕਿਹਾ ਕਿ 'ਐਨ. ਆਰ. ਸੀ. ਲਾਗੂ ਨਹੀਂ ਹੋਏਗਾ', 'ਮੁਸਲਮਾਨਾਂ ਨੂੰ ਡਰਨ ਦੀ ਲੋੜ ਨਹੀਂ', 'ਦੇਸ਼ 'ਚ ਕੋਈ ਡੀਟੈਂਸ਼ਨ ਕੈਂਪ ਨਹੀਂ' ਦੰਭ ਨਾਲੋਂ ਵੱਡਾ ਝੂਠ-ਤੂਫ਼ਾਨ ਮੋਦੀ ਹਕੂਮਤ ਹੋਰ ਕੀ ਮਾਰ ਸਕਦੀ ਹੈ, ਜਦੋਂ ਕਿ ਹਕੂਮਤ ਦੀ ਹੱਲਾਸ਼ੇਰੀ ਨਾਲ, ਏ.ਬੀ.ਪੀ., ਪੁਲਸ ਅਤੇ ਗੁੰਡਾ ਢਾਣੀ ਮਿਲਕੇ ਲੋਕਾਂ ਉਪਰ ਜ਼ਬਰ ਦੇ ਚੌਤਰਫ਼ੇ ਝੱਖੜ ਝੁਲਾ ਰਹੀ ਹੈ। ਡਾ. ਨਵਸ਼ਰਨ ਨੇ ਦ੍ਰਿੜ੍ਹ ਇਰਾਦੇ ਨਾਲ ਕਿਹਾ ਕਿ ਦੇਸ਼ ਦੇ ਲੋਕ ਜਾਗਰੂਕ ਹੋਕੇ ਜਿਵੇਂ ਜੇ.ਐਨ.ਯੂ., ਜਾਮੀਆਂ ਇਸਲਾਮੀਆਂ, ਸ਼ਾਹੀਨ ਬਾਗ਼ ਅਤੇ ਹੋਰ ਕਿੰਨੇ ਥਾਈਂ ਮੈਦਾਨ 'ਚ ਨਿੱਤਰੇ ਹਨ, ਇਹ ਸੁਲੱਖਣਾ ਵਰਤਾਰਾ ਦਰਸਾਉਂਦਾ ਹੈ ਕਿ ਇੱਕ ਮੁੱਠ ਹੋਈ ਲੋਕ-ਤਾਕਤ ਅਵੱਸ਼ ਹੀ ਭਾਜਪਾ ਦੇ ਫ਼ਿਰਕੂ ਹੱਲੇ ਨੂੰ ਪਛਾੜੇਗੀ ਅਤੇ ਲੋਕਾਂ ਦੀ ਭਾਈਚਾਰਕ ਸਾਂਝ ਦਾ ਪਰਚਮ ਲਹਿਰਾਏਗੀ। ਸ਼ਹੀਦ ਭਗਤ ਸਿੰਘ ਦੇ ਭਾਣਜੇ, ਪ੍ਰੋ. ਜਗਮੋਹਨ ਸਿੰਘ ਨੇ ਬੋਲਦਿਆਂ ਕਿਹਾ ਕਿ ਅੱਜ ਦੀ ਵਿਚਾਰ-ਚਰਚਾ ਜੋ ਕਿ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਦੀ 150ਵੀਂ ਜਨਮ ਵਰ੍ਹੇਗੰਢ ਨੂੰ ਸਮਰਪਤ ਹੈ, ਇਸ ਲਈ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਆਜ਼ਾਦੀ ਲਹਿਰ ਦੀ ਸਾਂਝੀ ਵਿਰਾਸਤ ਨੂੰ ਦਰਪੇਸ਼ ਅਜੋਕੀਆਂ ਚੁਣੌਤੀਆਂ ਨੂੰ ਭਾਂਜ ਦੇਣ ਲਈ ਘਰ-ਘਰ, ਗਲੀ-ਗਲੀ ਤੱਕ ਜਨ ਸੰਪਰਕ ਮੁਹਿੰਮ ਚਲਾਈਏ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਨੌਨਿਹਾਲ ਸਿੰਘ ਨੇ ਕਿਹਾ ਕਿ ਅਜੇ ਵੀ ਵੇਲਾ ਹੈ ਕਿ ਅਸੀਂ ਜੋਟੀ ਪਾ ਕੇ ਲੋਕ ਲਹਿਰ ਉਸਾਰੀਏ ਨਹੀਂ ਤਾਂ ਫਾਸ਼ੀ ਹੱਲਾ ਹੋਰ ਵੀ ਭਿਆਨਕ ਦਿਨ ਲੈ ਕੇ ਆਏਗਾ।

ਪਲਸ ਮੰਚ ਦੇ ਸਹਾਇਕ ਸਕੱਤਰ ਹਰਕੇਸ਼ ਚੌਧਰੀ ਨੇ ਪਲਸ ਮੰਚ ਵੱਲੋਂ ਪੇਸ਼ ਮਤਿਆਂ 'ਚ ਮੰਗ ਕੀਤੀ ਕਿ ਸੀ.ਏ.ਏ., ਐਨ. ਆਰ. ਸੀ., ਐਨ.ਪੀ.ਆਰ. ਅਤੇ ਕਾਲ਼ੇ ਕਾਨੂੰਨ ਰੱਦ ਕੀਤੇ ਜਾਣ। ਡੀਟੈਂਸ਼ਨ ਸੈਂਟਰ ਬੰਦ ਕੀਤੇ ਜਾਣ। ਮੁਲਕ ਭਰ 'ਚ ਵਿਦਿਆਰਥੀਆਂ, ਬੁੱਧੀਜੀਵੀਆਂ ਅਤੇ ਸਮਾਜਕ ਕਾਰਕੁੰਨਾਂ ਉਪਰ ਮੜ੍ਹੇ ਝੂਠੇ ਕੇਸ ਰੱਦ ਕਰਕੇ ਫੌਰੀ ਰਿਹਾਅ ਕੀਤਾ ਜਾਵੇ। ਲੋਕਾਂ ਉਪਰ ਆਰਥਕ ਬੋਝ ਲੱਦਣਾ ਬੰਦ ਕੀਤਾ ਜਾਏ। ਕਸ਼ਮੀਰੀ ਲੋਕਾਂ ਨੂੰ ਖੁੱਲ੍ਹੀ ਜੇਲ੍ਹ 'ਚ ਬਦਲ ਦੇਣ ਦੇ ਫਾਸ਼ੀ ਕਦਮ ਵਾਪਸ ਲਏ ਜਾਣ। ਦਲਿਤ ਵਰਗ ਨੂੰ ਚੋਣਵਾਂ ਨਿਸ਼ਾਨਾ ਬਣਾਉਣਾ ਬੰਦ ਕੀਤਾ ਜਾਵੇ। ਮਤਿਆਂ ਨੂੰ ਲੋਕਾਂ ਨੇ ਹੱਥ ਖੜ੍ਹੇ ਕਰਕੇ ਪਾਸ ਕੀਤਾ। ਇਸ ਮੌਕੇ "ਕਿਰਤੀ ਲਹਿਰ ਤੋਂ ਦੇਸ਼ ਭਗਤ ਯਾਦਗਾਰ ਹਾਲ ਤੱਕ, ਸਦੀ ਦਾ ਸਫ਼ਰ: ਗੰਧਰਵ ਸੈਨ ਕੋਛੜ" ਪੁਸਤਕ ਜਿਸਦੀ ਰਚਨਾ, ਸੰਪਾਦਨਾ, ਅਮੋਲਕ ਸਿੰਘ, ਸਹਿ-ਸੰਪਾਦਨ ਸੁਰਿੰਦਰ ਕੁਮਾਰੀ ਕੋਛੜ ਨੇ ਕੀਤਾ, ਲੋਕ ਅਰਪਣ ਕੀਤੀ ਗਈ। ਸਮਾਗਮ 'ਚ ਧਰਮਿੰਦਰ ਮਸਾਣੀ, ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਅਤੇ ਸਨਦੀਪ ਦਰਦੀ ਨੇ ਗੀਤ ਪੇਸ਼ ਕੀਤੇ। ਸਮਾਗਮ ਉਪਰੰਤ ਰੋਹ ਭਰਿਆ ਵਿਖਾਵਾ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਔਰਤਾਂ ਅਗਵਾਈ ਕਰ ਰਹੀਆਂ ਸਨ। ਲੋਕਾਂ ਨੇ ਹੱਥਾਂ 'ਚ ਫੜੀਆਂ ਤਖ਼ਤੀਆਂ ਉਪਰ ਸੀ.ਏ.ਏ., ਐਨ.ਆਰ.ਪੀ., ਅਤੇ ਐਨ.ਪੀ.ਏ. ਰੱਦ ਕਰੋ ਦੇ ਨਾਅਰੇ ਉਕਰੇ ਹੋਏ ਸਨ। ਪਲਸ ਮੰਚ ਦੀ ਅਗਵਾਈ 'ਚ ਹੋਏ ਇਸ ਸਮਾਗਮ 'ਚ ਦੇਸ਼ ਭਗਤ ਯਾਦਗਰ ਕਮੇਟੀ, ਜਲੰਧਰ, ਮਾਨਵਵਾਦੀ ਰਚਨਾ ਮੰਚ, ਪੰਜਾਬ (ਰਜਿ.), ਸਾਹਿਤਕ ਅਤੇ ਸਭਿਆਚਾਰਕ ਸੰਸਥਾ ਫੁਲਕਾਰੀ (ਰਜਿ.), ਪੀਪਲਜ ਵਾਇਸ, ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ, ਸਾਹਿਤ ਕਲਾ ਕੇਂਦਰ, ਜਲੰਧਰ, ਆਪਣੀ ਮਿੱਟੀ ਆਪਣੇ ਲੋਕ, ਪੰਜਾਬ ਸੂਫ਼ੀ ਮੰਚ, ਡਾ ਅੰਬੇਦਕਰ ਮਿਸ਼ਨ ਸੋਸਾਇਟੀ, ਡਾ ਅੰਬੇਦਕਰ ਭਵਨ ਟ੍ਰਸਟ, ਜਲੰਧਰ, ਸਿਰਜਣਾ ਕੇਂਦਰ ਕਪੂਰਥਲਾ, (ਰਜਿ.), ਪੰਜਾਬੀ ਲੇਖਕ ਸਭਾ, ਜਲੰਧਰ, ਜਮਹੂਰੀ ਅਧਿਕਾਰ ਸਭਾ, ਪੰਜਾਬ (ਇਕਾਈ ਜਿਲ੍ਹਾ ਜਲੰਧਰ), ਤਰਕਸ਼ੀਲ ਸੁਸਾਇਟੀ, ਪੰਜਾਬ (ਜਲੰਧਰ ਜੋਨ), ਸ਼ਹੀਦ ਭਗਤ ਸਿੰਘ ਵਿਚਾਰ ਮੰਚ (ਆਰ.ਸੀ.ਐਫ. ਕਪੂਰਥਲਾ), ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ, ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ, ਡਾ.ਅੰਬੇਦਕਰ ਸਾਹਿਤਕ/ਸਭਿਆਚਾਰਕ ਕੇਂਦਰ ਅਰਬਨ ਅਸਟੇਟ ਫਗਵਾੜਾ, ਇੰਸਟੀਚੀਊਟ ਆਫ਼ ਅੰਬੇਦਕਰ ਸਟੱਡੀਜ਼, ਨੂਰਮਹਿਲ ਅਧਿਐਨ ਕੇਂਦਰ, ਬਹੁਜਨ ਫਰੰਟ ਜੱਥੇਬੰਦੀਆਂ ਨੇ ਸਹਿਯੋਗ ਦਿੱਤਾ।




Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions



ESTATEVIEW® (Real Estater & Property Management)
Baljinder Bath
Real Estate Associate

Baljinder Bath
Our Brokerage provides Following Services :
All Kind of Real Estate Services
REAL ESTATE
• Help Buyer / Seller
• Free Home Evaluations
• Commercial Buy / Sell / Lease
• Builders / Developers / Investors
PROPERTY MANAGEMENT
• Find Tenants, Collect Rents
• Take Care of Service Calls
• Manage Condo Corporation / Boards
• Non Resident Canadians' NR4 Tax Handling
403-402-6700
E: baljinderbath@yahoo.com
Brokerage Office : 403-400-0000
# 601 - 4656 Westwinds Dr NE
Calgary, AB T3J 3Z5
All our Realtors / Property Managers are Professionally Trained & Licensed
Not All Associates Provide all services. Please contact Associate to find out more.



SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5

## ਵਿਚਲੀ ਗੱਲ

# ਅਸੀਂ ਹੁਣ ਵੈਣ ਨਹੀਂ ਪਾਉਣੇ..!

- ਚਰਨਜੀਤ ਭੁੱਲਰ



ਜੰਮਦੀਆਂ ਸੂਲਾਂ ਦੇ ਮੂੰਹ ਕਿੰਨੇ ਕੁ ਤਿੱਖੇ ਹੁੰਦੇ ਨੇ। ਬਹੁਤਾ ਦੂਰ ਨਹੀਂ, ਦਿੱਲੀ ਚਲੇ ਜਾਓ। ਆਇਸ਼ੀ ਘੋਸ਼ ਨੂੰ ਦੇਖ ਲੈਣਾ, ਪਤਾ ਲੱਗ ਜਾਊ। ਦੇਖੋਗੇ ਤਾਂ ਕਹੋਗੇ, ਏਹ ਹੈ ਉਹ ਬੰਗਾਲੀ ਸ਼ੇਰ ਬੱਚੀ, ਜੀਹਨੇ ਮੱਥਾ ਸਿੱਧਾ ਦਿੱਲੀ ਨਾਲ ਲਾਇਐ। ਸਫ਼ੈਦਪੋਸ਼ਾਂ ਦਾ ਵੀ ਮੱਥਾ ਠਣਕਿਆ ਹੋਊ। ਨਕਾਬਪੋਸ਼ਾਂ ਦੀ ਏਨੀ ਮਜਾਲ ਕਿਥੇ ਸੀ। ਕੁੜੀ ਦਾ ਐਵੇਂ ਮੱਥਾ ਭੰਨ ਜਾਂਦੇ। ਲਹੂ-ਲੁਹਾਣ ਹੋ ਗਈ ਆਇਸ਼ੀ ਘੋਸ਼। ਮੱਥੇ 'ਤੇ ਬਲਦੀ ਮਸ਼ਾਲ ਨੂੰ ਆਂਚ ਨਾ ਆਈ। ਸੁਭਾਸ਼ ਚੰਦਰ ਬੋਸ ਵੀ ਬੰਗਾਲੀ ਸੀ। ਬੋਸ ਨੇ ਮੱਥੇ ਜਗਾਏ ਸਨ 'ਤੁਸੀਂ ਮੈਨੂੰ ਖ਼ੂਨ ਦਿਓ, ਮੈਂ ਤੁਹਾਨੂੰ ਆਜ਼ਾਦੀ ਦਿਆਂਗਾ'। ਜਿੰਨੀ ਨਿੱਕੀ, ਓਨੀ ਤਿੱਖੀ। ਬੰਗਾਲੀ ਕੁੜੀ ਆਇਸ਼ੀ ਘੋਸ਼ ਗੱਜੀ। 'ਦਿਓ ਫੀਸਾਂ ਦੀ ਪੰਡ ਤੋਂ ਆਜ਼ਾਦੀ'। ਨਕਾਬਪੋਸ਼ਾਂ ਨੇ ਖ਼ੂਨ ਦੀ ਤਤੀਰੀ ਵਗਾ ਦਿੱਤੀ। ਆਜ਼ਾਦੀ ਮੌਜੂਦਾ ਰਾਜ ਸੱਤਾ ਦੇ ਦਿੰਦੀ। ਸੁਭਾਸ਼ ਚੰਦਰ ਬੋਸ ਦੀ ਰੂਹ ਨਾ ਕਲਪਦੀ। ਦਿੱਲੀ ਦੀ ਜੇਐੱਨਯੂ ਤੋਂ ਕੌਣ ਨਹੀਂ ਵਾਕਫ਼। ਵਿਦਿਆਰਥੀ ਯੂਨੀਅਨ ਦੀ ਮਹਿਲਾ ਪ੍ਰਧਾਨ ਆਇਸ਼ੀ ਘੋਸ਼ ਨੂੰ ਹੁਣ ਸਾਰਾ ਜੱਗ ਜਾਣਦੈ। ਤੁਸੀਂ ਆਖਦੇ ਹੋ, 'ਹਮ ਦੇਖੇਂਗੇ'। ਉਹ ਆਖਦੇ ਨੇ, ਦੇਸ਼ ਜਾਏ ਢੱਠੇ ਖੂਹ ਪਰ 'ਹਮ ਨਹੀਂ ਦੇਖੇਂਗੇ'। ਨਾ ਅੱਗਾ, ਨਾ ਪਿੱਛਾ। ਵੈਸੇ ਆਇਸ਼ੀ ਘੋਸ਼ ਦਾ ਪਿਛੋਕੜ ਬੰਗਾਲ ਦਾ ਹੈ। ਹਕੂਮਤੀ ਘਰ 'ਚ ਘੁਸਰ-ਮੁਸਰ ਹੋਈ ਹੈ, 'ਹੱਡੀਆਂ ਦੀ ਮੁੱਠ ਐ, ਏਹ ਕਿਹੜੇ ਬਾਗ ਦੀ ਮੂਲੀ ਹੈ।' ਬਾਪ ਦੇਬਾਸ਼ੀਸ਼ ਘੋਸ਼ ਨੇ ਦੱਸਿਆ, 'ਬੇਟੀ ਨਿੱਕੀ ਹੁੰਦੀ ਬੰਗਾਲੀ ਮਿੱਟੀ 'ਚ ਜ਼ਿਆਦਾ ਖੇਡ'। ਬੰਗਾਲੀ ਮਿੱਟੀ ਹੈ ਵੀ ਬੜੀ ਜ਼ਰਖੇਜ਼। ਬੰਗਾਲ ਦਾ ਸਟੀਲ ਸਿਟੀ ਦੁਰਗਾਪੁਰ, ਜਿਥੇ ਇਹ ਬੱਚੀ ਪੜ੍ਹੀ ਲਿਖੀ। ਲੋਹੇ ਦੀਆਂ ਰਾਡਾਂ ਤੋਂ ਕਿਥੇ ਡਰਨਾ ਸੀ।

ਜਜ਼ਬਾ ਦੇਖ ਕੇ ਲੱਗਦੈ, ਬੰਗਾਲੀ ਕੁੜੀ ਮੂਲੀ ਨਹੀਂ, ਏਹ ਕੁੜੀ ਤਾਂ ਸੂਲੀ ਹੈ, ਸਫ਼ੈਦਪੋਸ਼ਾਂ ਲਈ, ਨਕਾਬਪੋਸ਼ਾਂ ਲਈ, ਨਾਲੇ ਤਖ਼ਤਪੋਸ਼ਾਂ ਲਈ। ਦਵਿੰਦਰ ਸਤਿਆਰਥੀ ਦਾ ਕਹਾਣੀ ਸੰਗ੍ਰਹਿ 'ਕੁੰਗ ਪੋਸ਼' ਹੈ, ਸ਼ਾਇਦ ਆਇਸ਼ੀ ਨੇ ਪੜ੍ਹਿਆ ਹੋਵੇ। ਜੇਕਰ ਗ੍ਰਹਿ ਮੰਤਰੀ ਅਮਿਤ ਸ਼ਾਹ, ਦਿੱਲੀ ਦੀ ਕੰਧ 'ਤੇ ਲਿਖਿਆ ਪੜ੍ਹਦੇ, ਸ਼ਾਇਦ ਹੋਣੀ ਟਲ ਜਾਂਦੀ। ਗੱਲ ਤਾਂ ਕਸ਼ਮੀਰੋਂ ਚੱਲੀ, ਵਾਇਆ ਅਯੁੱਧਿਆ ਆਈ, ਨਾਗਰਿਕਤਾ ਸੋਧ ਕਾਨੂੰਨ 'ਤੇ ਥੋੜ੍ਹਾ ਵਿਸ਼ਰਾਮ ਲਿਐ। ਰੁਕਣ ਦਾ ਨਾਮ ਆਰਥਿਕ ਮੰਦੀ ਨਹੀਂ ਲੈ ਰਹੀ। ਹਕੂਮਤ ਆਖਦੀ ਹੈ, 'ਥੋਡੇ ਸਭ ਦੇ ਪੋਤੜੇ ਫਰੋਲਾਂਗੇ।' ਹਾਲੇ ਆਖਦੇ ਪਏ ਹੋ, 'ਹਮ ਕਾਗ਼ਜ਼ ਨਹੀਂ ਦਿਖਾਏਗੇ।' ਜੇਐੱਨਯੂ ਦੇ ਵਿਹੜੇ ਜੋ ਨਕਾਬ ਚਾੜ੍ਹ ਕੁੱਦੇ, ਆਖ ਰਹੇ ਨੇ 'ਹਮ ਸ਼ਕਲ ਨਹੀਂ ਦਿਖਾਏਂਗੇ'। ਦਿੱਲੀ ਦੇ ਸ਼ਾਹੀਨ ਬਾਗ ਜੋ ਬੁਰਕਾ ਲਾਹ ਬੈਠੀਆਂ ਨੇ। ਉਨ੍ਹਾਂ ਦਾ ਕਹਿਣੈ, 'ਧਰਨਾ ਨਹੀਂ ਉਠਾਏਂਗੇ।' ਮਘਦੇ ਸਿਰਾਂ ਵਾਲੇ ਸੜਕਾਂ 'ਤੇ ਹਨ, ਗੂੰਜ ਕੇ ਆਖ ਰਹੇ ਨੇ 'ਅਬ ਘਰ ਨਹੀਂ ਜਾਏਂਗੇ।' ਚੇਤੇ ਕਰੋ ਮਾਰਟਿਨ ਲੂਥਰ ਕਿੰਗ ਦਾ ਯਾਦਗਾਰੀ ਭਾਸ਼ਨ। ਅਮਰੀਕਾ 'ਚ ਹੋਏ ਵੱਡੇ ਮਾਰਚ 'ਚ ਜੋ 28 ਅਗਸਤ 1963 ਨੂੰ ਦਿੱਤਾ। ਉਸ ਨੇ ਉਮੀਦ ਦਿਖਾਈ, 'ਆਈ ਹੈਵ ਏ ਡਰੀਮ'। ਲੂਥਰ ਕਿੰਗ ਦਾ ਸੁਫ਼ਨਾ ਸੀ। ਗੋਰੇ ਕਾਲੇ ਬੱਚੇ ਇੱਕ ਦੂਜੇ ਦੇ ਮੋਢੇ 'ਤੇ ਹੱਥ ਰੱਖ ਕੇ ਚੱਲਣ। ਹੱਥਾਂ 'ਚ ਹੱਥ ਪਾ ਕੇ ਗਲੀ ਮੁਹੱਲਿਆਂ 'ਚ ਘੁੰਮਣ। ਪੂਰੇ ਭਾਰਤ ਦੀ ਆਤਮਾ ਵੀ ਇਹੋ ਚਾਹੁੰਦੀ ਹੈ। ਹਿੰਦੂ ਮੁਸਲਿਮ ਸਿੱਖ ਈਸਾਈ, ਸਭ ਜੋਟੀਆਂ ਬਣਾ ਕੇ ਤੁਰਨ।

ਪੰਜਾਬ ਦੇ ਪਿੰਡ 'ਚ ਜੇ ਕਿਤੇ ਨੰਬਰਦਾਰ ਮੱਥੇ ਲੱਗ ਜਾਏ, ਬਦਸ਼ਗਨੀ ਮੰਨਿਆ ਜਾਂਦੈ। ਫਿਰ ਏਸ ਮੁਲਕ ਦੇ ਪਤਾ ਨਹੀਂ ਕਿਹੜਾ ਨੰਬਰਦਾਰ ਮੱਥੇ ਲੱਗਿਐ। ਕੱਪੜਿਆਂ ਤੋਂ ਵੀ ਪਛਾਣ ਨਹੀਂ ਹੋ ਰਹੀ। ਦਿੱਲੀ 'ਚ ਸੇਂਟ ਸਟੀਫਨ ਕਾਲਜ ਦੇ ਬੱਚੇ ਸਿੱਧੇ ਟੱਕਰੇ ਨੇ। ਵਰ੍ਹਿਆਂ ਮਗਰੋਂ ਕਾਫਲੇ ਬਣਾ ਕੇ ਤੁਰੇ ਨੇ, ਜਿਨ੍ਹਾਂ ਦੇ ਚਿਹਰੇ ਬੋਲ ਰਹੇ ਸਨ, 'ਅਸੀਂ 'ਕੇਲਾ ਗਣਰਾਣ' (ਬਨਾਨਾ ਰਿਪਬਿਕ) ਦੇ ਬਾਸ਼ਿੰਦੇ ਨਹੀਂ।' ਏਹ ਕੀ ਸ਼ੈਅ ਹੈ, ਸਾਮਰਾਜੀ ਦੇਸ਼ਾਂ ਦੇ ਜੋ ਦੇਸ਼ ਰਖੇਲ ਬਣੇ, ਉਹ 'ਕੇਲਾ ਗਣਰਾਜ' ਅਖਵਾਏ। ਜਵਾਨੀ ਦੇ ਸਬਰ ਦਾ ਪਿਆਲਾ ਉਛਲਿਐ। ਵੇਲਾ ਨੌਜਵਾਨਾਂ ਦੇ ਘਰਾਂ 'ਚ ਬੈਠਣ ਦਾ ਨਹੀਂ। ਸਿਆਣੇ ਆਖਦੇ ਨੇ, 'ਜਦੋਂ ਗਲਤ ਖ਼ਿਲਾਫ਼ ਬੋਲਣਾ ਬੰਦ ਕਰੋਗੇ, ਤੁਸੀਂ ਆਪਣੇ ਜੀਵਨ ਦੇ ਅੰਤ ਦਾ ਮੁੱਢ ਬੰਨ੍ਹੋਗੇ।' ਫੇਰ ਗ਼ੈਰਾਂ ਦੇ ਬੋਲ ਨਹੀਂ ਰੜਕਦੇ, ਆਪਣਿਆਂ ਦੀ ਖ਼ਾਮੋਸ਼ੀ ਚੀਰਦੀ ਹੈ। ਪੰਜਾਬ ਦੇ ਮੁੰਡੇ ਏਨਾ ਕੁ ਚੇਤਾ ਰੱਖਣ। ਉਦੋਂ ਫਿਰ ਲੁਕਦੇ ਫਿਰਨਗੇ, ਜਦੋਂ ਦਿੱਲੀ ਵਾਲੀਆਂ ਕੁੜੀਆਂ ਚੂੜੀਆਂ ਲੈ ਕੇ ਪੰਜਾਬ ਆ ਵੜੀਆਂ। ਦੇਸ਼ 'ਚ ਹੁਣ ਧੀਆਂ ਦਾ ਜੋਸ਼ ਸਿਰ ਚੜ੍ਹ ਕੇ ਬੋਲ ਰਿਹੈ। ਕਿੰਨੇ ਦੌਰੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਖੜ੍ਹੇ ਪੈਰ ਰੱਦ ਕਰਨੇ ਪਏ। ਬੇਰੁਜ਼ਗਾਰੀ, ਮਹਿੰਗਾਈ ਤੇ ਕੇਂਦਰੀ ਨੀਤੀਆਂ ਖ਼ਿਲਾਫ਼ ਪੂਰਾ ਦੇਸ਼ ਕੂਕਿਆ ਹੈ। ਕੌਮੀ ਹੜਤਾਲਾਂ ਨੂੰ ਹੁੰਗਾਰਾ ਕਿਸੇ ਗੱਲ ਨੂੰ ਮਿਲਿਐ। ਘੜੀ ਸੁਆਲ ਪੁੱਛਣ ਦੀ ਆਈ ਹੈ। ਰੁੱਤ ਜ਼ੋਰ ਅਜ਼ਮਾਈ ਵਾਲੀ ਵੀ ਹੈ। ਸੁਣੋ, ਸ਼ਾਇਰ ਰਾਸ਼ਿਦ ਅਨਵਰ ਰਾਸ਼ਿਦ ਕੀ ਆਖ ਰਿਹੈ, 'ਠਾਨ ਲੀਆ ਹੈ ਇਸ ਮੌਸਮ ਮੇਂ, ਕੁਛ ਅਨਦੇਖਾ ਦੇਖੇਂਗੇ, ਤੁਮ ਖੇਮੇ ਮੇਂ ਛੁਪ ਜਾਓ, ਹਮ ਜ਼ੋਰ ਹਵਾ ਕਾ ਦੇਖੇਂਗੇ।' ਰਾਜ ਸੱਤਾ ਪਹਿਲਾਂ ਵੀ ਨੌਜਵਾਨਾਂ ਦੇ ਦੋ ਹੱਥ ਵੇਖ ਚੁੱਕੀ ਹੈ। ਤਾਹੀਓਂ ਯੂਨੀਵਰਸਿਟੀਆਂ ਨਿਸ਼ਾਨੇ 'ਤੇ ਰੱਖੀਆਂ ਨੇ। ਸਤਿਆਜੀਤ ਰੇਅ ਦੀ ਬੰਗਾਲੀ ਫਿਲਮ 'ਹਿਰਕ ਰਾਜਰ ਦੇਸ਼ੇ' ਦਾ ਡਿਕਟੇਟਰ ਰਾਜਾ ਇਹੋ ਸੋਚ ਰੱਖਦਾ ਹੈ। ਅਦਾਰੇ ਖੁੱਲ੍ਹੇ ਰਹਿਣਗੇ, ਗਿਆਨ ਵੰਡਣਗੇ, ਸੋਝੀ ਆਏਗੀ, ਫਿਰ ਸੁਆਲ ਖੜ੍ਹੇ ਹੋਣਗੇ। ਰਾਜਾ ਅਦਾਰੇ ਬੰਦ ਕਰਾ ਦਿੰਦਾ ਹੈ। ਖਿਲਜੀ ਵੰਸ਼ ਨੇ ਵੀ ਆਪਣੀ ਅਕਲ ਦੀ ਏਦਾਂ ਹੀ ਪ੍ਰਦਰਸ਼ਨੀ ਲਾਈ ਸੀ। ਗਿਆਨ ਦੀ ਜੜ੍ਹ ਖ਼ਤਮ ਕਰਨ ਲਈ 'ਨਾਲੰਦਾ ਯੂਨੀਵਰਸਿਟੀ' ਨੂੰ ਅਗਨ ਭੇਟ ਕਰਾ ਦਿੱਤਾ। ਲਾਇਬਰੇਰੀ 'ਚ ਅੱਗ ਕਈ ਮਹੀਨੇ ਧੁਖਦੀ ਰਹੀ। ਖਿਲਜੀ ਦੀ ਰੂਹ ਦੀ ਭਟਕਣਾ ਹਾਲੇ ਵੀ ਮੁੱਕੀ ਨਹੀਂ। ਅਦਾਰੇ ਖ਼ਤਮ ਹੋਣਗੇ, ਲੋਕ ਛੇਤੀ ਸੌਣਗੇ, ਹਕੂਮਤ ਦੇ ਰਾਹ ਪੱਧਰੇ ਹੋਣਗੇ। ਉਸਤਾਦ ਦਾਮਨ ਕਈ ਦਹਾਕੇ ਪਹਿਲਾਂ ਲਿਖ ਗਿਆ,'ਜਾਗਣ ਵਾਲਿਆਂ ਰੱਜ ਕੇ ਲੁੱਟਿਆ, ਸੋਏ ਤੁਸੀਂ ਵੀ ਓ, ਸੋਏ ਅਸੀਂ ਵੀ ਆਂ।'ਦੇਸ਼ ਭਰ 'ਚ ਲੰਘੇ ਤਿੰਨ ਸਾਲਾਂ 'ਚ ਦੇਸ਼ਧ੍ਰੋਹ ਤੇ ਆਫੀਸ਼ੀਅਲ ਸੀਕਰੇਟ ਐਕਟ ਤਹਿਤ 2801 ਮੁਕੱਦਮੇ ਦਰਜ ਹੋਏ ਹਨ। ਬਠਿੰਡਾ ਦੀ ਪੁਸ਼ਪ ਲਤਾ ਹੱਲਾਸ਼ੇਰੀ ਦੇ ਰਹੀ ਹੈ। ਕੁੜੀਓ ਜੇਲ੍ਹਾਂ ਤੋਂ ਨਾ ਡਰਿਓ। ਆਇਸ਼ੀ ਘੋਸ਼ ਨੂੰ ਵੇਖ ਕੇ ਪੁਸ਼ਪ ਲਤਾ ਨੂੰ ਆਪਣੇ ਦਿਨ ਚੇਤੇ ਆ ਗਏ। ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੀ ਧੀ ਇਕਬਾਲ ਉਦਾਸੀ। ਆਇਸ਼ੀ ਘੋਸ਼ ਨੂੰ 'ਲਾਲ ਸਲਾਮ' ਭੇਜ ਰਹੀ ਹੈ।

ਦੇਸ਼ ਧਰਵਾਸ ਬੰਨ੍ਹ ਰਿਹਾ ਹੈ। ਪੰਜਾਬ ਦਾ ਹਾਲੇ ਸਰੀਰ ਨਹੀਂ ਬਣਿਆ। ਉਦੋਂ ਪੰਜਾਬ ਦਾ ਕੀ ਬਣੂ ਜਦੋਂ 'ਗੁਆਚੀ ਹੋਈ ਪੀੜ੍ਹੀ' ਨੂੰ ਦੇਖੂ। ਪੰਜਾਬ ਹੁਣ ਨਿਰਾਸ਼ਾ ਦੇ ਦੌਰ 'ਚ ਹੈ, ਜੋ ਇਸ ਆਲਮ 'ਚ ਬੱਚੇ ਪਲ ਰਹੇ ਹਨ, ਉਹ ਜਦੋਂ ਜਵਾਨ ਹੋਣਗੇ, ਉਹ ਆਸਾਂ ਦਾ ਲੱਪ ਕਿਵੇਂ ਵੰਡਣਗੇ। ਰੋਣਾ ਅੱਜ ਦੀ ਜਵਾਨੀ ਦਾ ਨਹੀਂ, ਜੋ ਆਉਣ ਵਾਲੀ ਪੀੜ੍ਹੀ ਹੈ, ਉਸ ਦਾ ਧੁੜਕੂ ਲੱਗਿਐ। ਦੇਸ਼ 'ਚ ਜੋ ਜਵਾਨ ਕੁੜੀਆਂ ਨੇ ਜਾਗ ਲਾਇਐ, ਉਸ ਦੀਆਂ ਬੂੰਦਾਂ ਦਾ ਮੁੱਲ ਜ਼ਰੂਰ ਪਊ। ਜਿਨ੍ਹਾਂ ਦੱਸ ਦਿੱਤਾ, ਧੀਆਂ ਬੋਝ ਨਹੀਂ, ਸਗੋਂ ਸੁਚੱਜੀ ਸੋਚ ਹਨ ਤੁਸੀਂ ਨਕਾਬ ਪਹਿਨ ਆਵੋ, ਸ਼ਕਲ ਨਾ ਵੀ ਦਿਖਾਓ, ਏਹ ਕੁੜੀਆਂ ਜ਼ਰੂਰ ਅਕਲ ਦਿਖਾਉਣਗੀਆਂ। ਜਦੋਂ ਮੱਥੇ ਜਗਣਗੇ, ਨਕਾਬ ਲੀਰਾਂ ਬਣਨਗੇ। ਇੱਕ ਗੱਲ ਤੁਸੀਂ ਵੀ ਪਤਾ ਕਰ ਕੇ ਦੱਸਣਾ। ਆਇਸ਼ੀ ਘੋਸ਼ ਦਾ ਹਸਪਤਾਲ ਪਤਾ ਲੈਣ 'ਬੇਟੀ ਬਚਾਓ, ਬੇਟੀ ਪੜ੍ਹਾਓ' ਵਾਲੇ ਗਏ ਸਨ। ਨਾਲੇ ਦਿਮਾਗ 'ਤੇ ਜ਼ੋਰ ਪਾ ਕੇ ਦੱਸਿਓ 'ਨੰਨ੍ਹੀ ਛਾਂ' ਦੇ ਮੂੰਹੋਂ ਆਇਸ਼ੀ ਘੋਸ਼ ਲਈ ਕੋਈ ਸ਼ਬਦ ਨਿਕਲਿਐ, ਭੁੱਲਿਓ ਨਾ। ਛੱਜੂ ਰਾਮ ਦੀ ਤਾਂ ਗੱਲ ਛੱਡੋ। ਉਹ ਤਾਂ ਉਸੇ ਰਾਤ ਆਇਸ਼ੀ ਘੋਸ਼ ਨੂੰ ਮਿਲ ਆਇਆ। ਦਸ ਰੁਪਏ ਸ਼ਗਨ ਵੀ ਦੇ ਕੇ ਆਇਐ। ਨਾਲੇ ਆਖ ਰਿਹੈ, ਵਕਤ ਦਾ ਗੁਬਾਰ ਜ਼ਰੂਰ ਹਟੂ, ਨਵੀਂ ਹਵਾ ਚੱਲੀ ਹੈ। ਪ੍ਰਧਾਨ ਮੰਤਰੀ 'ਮੌਨ' 'ਚ ਚਲੇ ਗਏ ਨੇ। ਕੁਝ ਅਹੁੜ ਹੀ ਨਹੀਂ ਰਿਹਾ। ਦੇਸ਼ ਭਰ 'ਚ ਇਕੱਠ ਸਾਧ ਦੀ ਭੂਰੀ 'ਤੇ ਨਹੀਂ, ਇਸ ਜੋੜੀ 'ਤੇ ਹੀ ਹੋਇਐ। ਜੋ 'ਮਨ ਦੀ ਬਾਤ' ਆਖਦੀ ਹੈ, ਸੁਣਦੀ ਨਹੀਂ।

## ਪ੍ਰੋ. ਕਾਸਿਮ ਦੀ ਗ੍ਰਿਫ਼ਤਾਰ ਦਾ ਡੱਟ ਕੇ ਵਿਰੋਧ ਕਰੋ

ਅੱਜ ਤੇਲੰਗਾਨਾ-ਆਂਧਰਾ ਪ੍ਰਦੇਸ਼ ਦੀ ਇਨਕਲਾਬੀ ਲੇਖਕ (ਵਿਰਾਸਮ: ਰੈਵੋਲਿਊਸ਼ਨਰੀ ਰਾਈਟਰਜ਼ ਐਸੋਸੀਏਸ਼ਨ) ਦੇ ਸਕੱਤਰ ਅਤੇ ਓਸਮਾਨੀਆ ਯੂਨੀਵਰਸਿਟੀ ਦੇ ਤੇਲਗੂ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਕਾਸਿਮ ਨੂੰ ਮਾਓਵਾਦੀਆਂ ਨਾਲ ਕਥਿਤ ਸੰਬੰਧਾਂ ਦੇ ਇਲਜ਼ਾਮ ਵਿਚ ਤੇਲੰਗਾਨਾ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ। ਵਿਰਾਸਮ ਦੇ ਲੇਖਕ, ਕਵੀ ਅਤੇ ਬੁੱਧੀਜੀਵੀ ਸਦਾ ਲੋਕ ਹਿਤਾਂ ਲਈ ਆਵਾਜ਼ ਉਠਾਉਣ ਵਾਲਿਆਂ ਦੀ ਮੋਹਰਲੀ ਕਤਾਰ ਵਿਚ ਰਹਿੰਦੇ ਹਨ। ਇਹ ਗ੍ਰਿਫ਼ਤਾਰੀ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕਰਨ ਲਈ ਸਟੇਟ ਵੱਲੋਂ ਵਿੱਢੇ ਫਾਸ਼ੀਵਾਦੀ ਹਮਲੇ ਦਾ ਹਿੱਸਾ ਹੈ। ਇਨਕਲਾਬੀ ਕਵੀ ਅਤੇ ਬੁੱਧੀਜੀਵੀ ਪ੍ਰੋਫੈਸਰ ਵਰਾਵਰਾ ਰਾਓ ਪਿਛਲੇ ਇਕ ਸਾਲ ਤੋਂ ਲੈ ਕੇ ਭੀਮਾ-ਕੋਰੇਗਾਓਂ ਸਾਜ਼ਿਸ਼ ਤਹਿਤ ਜੇਲ੍ਹ ਵਿਚ ਬੰਦ ਹਨ। ਇਸ ਵਕਤ ਜਦੋਂ ਪੂਰੇ ਦੇਸ਼ ਵਿਚ ਆਰ. ਐੱਸ. ਐੱਸ.-ਭਾਜਪਾ ਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਹਿੰਦੂ ਰਾਸ਼ਟਰ ਦੇ ਫਾਸ਼ੀਵਾਦੀ ਪ੍ਰੋਜੈਕਟ ਵਿਰੁੱਧ ਵਿਆਪਕ ਰੋਹ ਫੈਲਿਆ ਹੋਇਆ ਹੈ ਅਤੇ ਲੱਖਾਂ ਲੋਕ ਦੇਸ਼ ਦੇ ਕੋਨੇ ਕੋਨੇ ਵਿਚ ਸੜਕਾਂ ਉੱਪਰ ਉੱਤਰੇ ਹੋਏ ਹਨ, ਉਦੋਂ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕਰਨ ਲਈ ਕੀਤੀਆਂ ਜਾ ਰਹੀਆਂ ਗ੍ਰਿਫ਼ਤਾਰੀਆਂ ਪਿੱਛੇ ਕੰਮ ਕਰਦੀ ਮਨਸ਼ਾ ਨੂੰ ਸਮਝਿਆ ਜਾ ਸਕਦਾ ਹੈ।



ਜਮਹੂਰੀ ਅਧਿਕਾਰ ਸਭਾ ਪੰਜਾਬ ਪ੍ਰੋਫੈਸਰ ਕਾਸਿਮ ਦੀ ਗ੍ਰਿਫ਼ਤਾਰੀ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ। ਉਹਨਾਂ ਦੀ ਰਿਹਾਈ ਲਈ ਸਮੂਹ ਅਗਾਂਹਵਧੂ ਜਮਹੂਰੀ ਤਾਕਤਾਂ ਨੂੰ ਜ਼ੋਰਦਾਰ ਆਵਾਜ਼ ਉਠਾਉਣ ਲਈ ਅੱਗੇ ਆਉਣਾ ਚਾਹੀਦਾ ਹੈ।

## ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ 2 ਫਰਵਰੀ ਨੂੰ ਵੱਖ-ਵੱਖ ਵਿਸ਼ਿਆਂ ਤੇ ਸੈਮੀਨਾਰ !

**ਨਾਗਰਿਕਤਾ ਸੋਧ ਐਕਟ (CAA) ਅਤੇ ਨੈਸ਼ਨਲ ਰਜਿਟਰੀ ਆਫ ਸਿਟੀਜਨਜ਼ (NRC) ਖਿਲਾਫ ਰੋਸ ਮੁਜ਼ਾਹਰਾ !**

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ 2 ਫਰਵਰੀ ਦਿਨ ਐਤਵਾਰ ਨੂੰ ਕੋਸੋ ਹਾਲ ਵਿੱਚ 2-5 ਵਜੇ ਤੱਕ ਵੱਖ-ਵੱਖ ਵਿਸ਼ਿਆਂ ਤੇ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਜਾ ਰਿਹਾ ਹੈ।ਜਿਸ ਵਿੱਚ ਵੱਖ-ਵੱਖ ਬੁਲਾਰੇ ਭਾਰਤ ਸਰਕਾਰ ਵਲੋਂ ਪਾਸ ਕੀਤੇ ਕਾਲੇ ਕਨੂੰਨਾਂ ਨਾਗਰਿਕਤਾ ਸੋਧ ਐਕਟ (CAA) ਅਤੇ ਨੈਸ਼ਨਲ ਰਜਿਟਰੀ ਆਫ ਸਿਟੀਜਨਜ਼ (NRC), ਇੰਟਰਨੈਸ਼ਨਲ ਵਿਦਿਆਰੀਥਆਂ ਤੇ ਵਰਕ ਪਰਮਿਟ ਹੋਲਡਰਾਂ ਦੇ ਮਸਲਿਆਂ, ਇਰਾਨ-ਅਮਰੀਕਾ ਲੜਾਈ ਦੇ ਮਾਹੌਲ ਅਤੇ ਪਿਛਲੇ ਸਾਲ ਦੋਨਾਂ ਸੰਸਥਾਵਾਂ ਵਲੋਂ ਰਲ਼ ਕੇ ਕੀਤੇ ਗਏ ਸਾਂਝੇ ਕਮਿਉਨਿਟੀ ਪ੍ਰੋਗਰਾਮਾਂ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਇਸ ਮੌਕੇ 'ਤੇ ਨਾਗਰਿਕਤਾ ਸੋਧ ਐਕਟ (CAA) ਅਤੇ ਨੈਸ਼ਨਲ ਰਜਿਟਰੀ ਆਫ ਸਿਟੀਜਨਜ਼ (NRC) ਖਿਲਾਫ ਰੋਸ ਮੁਜ਼ਾਹਰਾ ਵੀ ਕੀਤਾ ਜਾਵੇਗਾ।

**Call: Master Bhajan Singh 403-455-4220**
**or Harcharan Singh 403-681-8689**
**COSO Hall: 3208 8 Ave NE, Calgary**


CARE Inc.
Home Health Solutions

403-605-6300
ਪੰਜਾਬੀ ਮਾਰਕੀਟ ਗਰੋਸਰੀ ਸਟੋਰ ਦੇ ਸਾਹਮਣੇ
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ



"ਮਾਤਾ ਪਿਤਾ ਦਾ ਰੱਖੋ ਖਿਆਲ
ਹੁਣ ਕੇਅਰ ਇੰਕ ਹੈ ਤੁਹਾਡੇ ਨਾਲ"

ਹੁਣ ਤੁਸੀਂ ਸੀਨੀਅਰਜ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਸਬੰਧੀ ਵਧੀਆ ਕੁਆਲਿਟੀ ਦਾ ਸਮਾਨ ਪੰਜਾਬੀਆਂ ਦੇ ਗੜ੍ਹ ਵਿੱਚ ਆਪਣੇ ਪੰਜਾਬੀ ਭਰਾਵਾਂ ਕੋਲੋਂ ਹੀ ਲੈ ਸਕਦੇ ਹੋ। ਕੇਅਰ ਇੰਕ ਤੋਂ ਤੁਸੀਂ ਵਧੀਆ ਮਸਾਜ ਚੇਅਰ, ਲਿਫਟ ਚੇਅਰ, ਵੀਲ੍ਹ ਚੇਅਰ, ਵਾਕਰ, ਵਾਕਿੰਗ ਕੈਨਜ, ਸਕੂਟਰ, ਬਾਥਰੂਮ ਸੇਫਟੀ ਪ੍ਰੋਡਕਟਸ, ਸੀਨੀਅਰਜ ਲਈ ਬੈੱਡ, ਗੱਦੇ, ਕਸਟਮ ਮੇਡ ਪਤਾਵੇ, ਕੰਪਰੈਸ਼ਨ ਥੈਰੇਪੀ ਲਈ ਜਰਮਨ ਦੇ ਬਣੇ ਸਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਲੈ ਸਕਦੇ ਹੋ।



ਸੀਨੀਅਰਜ਼ ਲਈ ਬਹੁਤ ਸਾਰੇ ਸਰਕਾਰੀ ਫੰਡ ਵੀ ਮਿਲਦੇ ਹਨ। ਸਾਡੇ ਕੋਲੋਂ ਤੁਸੀਂ ਫਾਰਮ ਭਰਵਾ ਸਕਦੇ ਹੋ। ਇਹ ਸੇਵਾ ਬਿਲਕੁੱਲ ਮੁਫ਼ਤ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਮਨਜ਼ੂਰੀ ਹੈ ਤਾਂ ਵੀ ਤੁਸੀਂ ਸਾਡੇ ਕੋਲੋਂ ਸਮਾਨ ਲੈ ਸਕਦੇ ਹੋ। ਤੁਹਾਡਾ ਪਹਿਲਾਂ ਦਿੱਤਾ ਡਿਪਾਜਿਟ ਅਡਜਸਟ ਕਰ ਦਿੱਤਾ ਜਾਵੇਗਾ।



ਜ਼ਿਆਦਾ ਜਾਣਕਾਰੀ ਲਈ ਵੈਬਸਾਈਟ 'ਤੇ ਕਲਿੱਕ ਕਰੋ
www.careinc.ca

Head Office: #124-4774 Westwinds Drive N.E., Calgary Alberta, Canada
Fax : 403-536-4057 Email : info@careinc.ca Edmonton Store #108-5239 55 Ave. NW, 780-229-3233

# ਜਮਹੂਰੀਅਤ ਲਈ ਇਕ ਮੁਕੰਮਲ ਦਿਨ



ਅਰੁੰਧਤੀ ਰਾਏ



*[ਇਹ ਲੇਖ ਅਫ਼ਜ਼ਲ ਗੁਰੂ ਨੂੰ ਫਾਂਸੀ ਦਿੱਤੇ ਜਾਣ ਦੇ ਪ੍ਰਤੀਕਰਮ 'ਚ 10 ਫਰਵਰੀ 2013 ਨੂੰ 'ਦ ਹਿੰਦੂ' 'ਚ ਛਪਿਆ ਸੀ। ਪਾਰਲੀਮੈਂਟ ਉੱਪਰ ਹਮਲੇ ਅਤੇ ਇਸ ਨਾਲ ਦਵਿੰਦਰ ਸਿੰਘ ਦੇ ਸੰਬੰਧ ਨੂੰ ਸਮਝਣ ਲਈ ਇਹ ਇਕ ਮਹੱਤਵਪੂਰਨ ਵਿਸ਼ਲੇਸ਼ਣ ਹੈ। ਜਿਸ ਦਾ ਪੰਜਾਬੀ ਅਨੁਵਾਦ ਪੇਸ਼ ਕੀਤਾ ਜਾ ਰਿਹਾ ਹੈ।]*

*ਅਨੁਵਾਦ : ਬੂਟਾ ਸਿੰਘ*

ਕੀ ਇਹ ਨਹੀਂ ਸੀ? ਮੇਰਾ ਭਾਵ, ਕੱਲ੍ਹ ਦਾ ਦਿਨ। ਦਿੱਲੀ ਵਿਚ ਬਸੰਤ ਨੇ ਦਸਤਕ ਦਿੱਤੀ। ਸੂਰਜ ਅਜੇ ਚੜ੍ਹਿਆ ਹੀ ਸੀ ਅਤੇ ਕਾਨੂੰਨ ਨੇ ਆਪਣਾ ਕੰਮ ਕੀਤਾ। ਨਾਸ਼ਤੇ ਤੋਂ ਐਨ ਪਹਿਲਾਂ, 2001 'ਚ ਪਾਰਲੀਮੈਂਟ ਉਪਰ ਹਮਲੇ ਦੇ ਮੁੱਖ ਮੁਲਜ਼ਿਮ ਅਫ਼ਜ਼ਲ ਗੁਰੂ ਨੂੰ ਚੁੱਪਚੁਪੀਤੇ ਫਾਂਸੀ ਦੇ ਦਿੱਤੀ ਗਈ ਅਤੇ ਉਸ ਦੀ ਲਾਸ਼ ਨੂੰ ਤਿਹਾੜ ਜੇਲ੍ਹ ਦੇ ਅੰਦਰ ਹੀ ਦਫ਼ਨਾ ਦਿੱਤਾ ਗਿਆ। ਕੀ ਉਸ ਨੂੰ ਮਕਬੂਲ ਬਟ ਦੇ ਨਾਲ ਦਫ਼ਨਾਇਆ ਗਿਆ? (ਇਕ ਹੋਰ ਕਸ਼ਮੀਰੀ ਜਿਸ ਨੂੰ 1984 'ਚ ਫਾਹੇ ਲਾ ਦਿੱਤਾ ਗਿਆ ਸੀ। ਕੱਲ੍ਹ ਕਸ਼ਮੀਰੀ ਉਸ ਦਾ ਸ਼ਹੀਦੀ ਦਿਹਾੜਾ ਮਨਾਉਣਗੇ।) ਅਫ਼ਜ਼ਲ ਦੀ ਪਤਨੀ ਅਤੇ ਪੁੱਤਰ ਨੂੰ ਇਸ ਦੀ ਇਤਲਾਹ ਵੀ ਨਹੀਂ ਦਿੱਤੀ ਗਈ ਸੀ। 'ਅਧਿਕਾਰੀਆਂ ਨੇ ਸਪੀਡ ਪੋਸਟ ਅਤੇ ਰਜਿਸਟਰਡ ਪੋਸਟ ਜ਼ਰੀਏ ਪਰਿਵਾਰ ਵਾਲਿਆਂ ਨੂੰ ਜਾਣਕਾਰੀ ਭੇਜ ਦਿੱਤੀ ਹੈ,' ਗ੍ਰਹਿ ਸਕੱਤਰ ਨੇ ਪ੍ਰੈੱਸ ਨੂੰ ਦੱਸਿਆ, 'ਜੰਮੂ-ਕਸ਼ਮੀਰ ਪੁਲਿਸ ਦੇ ਡਾਇਰੈਕਟਰ ਨੂੰ ਕਹਿ ਦਿੱਤਾ ਗਿਆ ਹੈ ਕਿ ਉਹ ਪਤਾ ਕਰੇ ਕਿ ਇਤਲਾਹ ਉਨ੍ਹਾਂ ਨੂੰ ਮਿਲ ਗਈ ਹੈ ਜਾਂ ਨਹੀਂ।' ਇਹ ਕੋਈ ਵੱਡੀ ਗੱਲ ਨਹੀਂ ਹੈ, ਉਹ ਤਾਂ ਬਸ ਇਕ ਕਸ਼ਮੀਰੀ ਦਹਿਸ਼ਤਗਰਦ ਦੇ ਪਰਿਵਾਰ ਵਾਲੇ ਹਨ।

ਏਕਤਾ ਦੇ ਇਕ ਦੁਰਲੱਭ ਪਲ ਵਿਚ ਰਾਸ਼ਟਰ, ਜਾਂ ਘੱਟੋਘੱਟ ਇਸ ਦੀਆਂ ਮੁੱਖ ਸਿਆਸੀ ਪਾਰਟੀਆਂ ('ਦੇਰੀ' ਅਤੇ 'ਵਕਤ' ਦੇ ਛੋਟੇ-ਮੋਟੇ ਮੱਤਭੇਦਾਂ ਨੂੰ ਛੱਡ ਦੇਈਏ ਤਾਂ) ਕਾਨੂੰਨ ਦੇ ਰਾਜ ਦੀ ਜਿੱਤ ਦਾ ਜਸ਼ਨ ਮਨਾਉਣ ਲਈ ਇਕ ਹੋ ਗਈਆਂ। ਰਾਸ਼ਟਰ ਦੀ ਚੇਤਨਾ ਨੇ, ਜਿਸ ਦਾ ਇਨ੍ਹੀਂ ਦਿਨੀਂ ਟੀ.ਵੀ. ਸਟੂਡੀਓ ਤੋਂ ਸਿੱਧਾ ਪ੍ਰਸਾਰਣ ਕੀਤਾ ਜਾਂਦਾ ਹੈ, ਆਪਣੀ ਸਮੂਹਿਕ ਸਮਝ ਸਾਡੇ ਉਪਰ ਥੋਪ ਦਿੱਤੀ – ਹਮੇਸ਼ਾ ਦੀ ਤਰ੍ਹਾਂ ਧਰਮਾਤਮਾ ਵਰਗੇ ਜਨੂੰਨ ਅਤੇ ਤੱਥਾਂ ਦੀ ਨਾਜ਼ੁਕ ਪਕੜ ਦਾ ਉਹੀ ਮਿਲਗੋਭਾ। ਇੱਥੋਂ ਤਕ ਕਿ ਉਹ ਇਨਸਾਨ ਮਰ ਚੁੱਕਾ ਸੀ ਅਤੇ ਇਸ ਦੁਨੀਆ ਤੋਂ ਰੁਖ਼ਸਤ ਹੋ ਗਿਆ ਸੀ, ਫਿਰ ਵੀ ਝੁੰਡਾਂ 'ਚ ਸ਼ਿਕਾਰ ਖੇਡ੍ਹਣ ਵਾਲੇ ਬੁਜ਼ਦਿਲਾਂ ਵਾਂਗ ਉਨ੍ਹਾਂ ਨੂੰ ਇਕ ਦੂਜੇ ਨੂੰ ਹੌਸਲਾ ਦੇਣ ਦੀ ਲੋੜ ਪੈ ਰਹੀ ਸੀ। ਸ਼ਾਇਦ ਆਪਣੇ ਮਨ ਦੀਆਂ ਡੂੰਘਾਈਆਂ ਤੋਂ ਉਹ ਜਾਣਦੇ ਸਨ ਕਿ ਉਹ ਸਾਰੇ ਇਕ ਭਿਆਨਕ ਤੌਰ 'ਤੇ ਗ਼ਲਤ ਕੰਮ 'ਚ ਜੁੱਟੇ ਹੋਏ ਹਨ।

ਤੱਥ ਕੀ ਹੈ?

13 ਦਸੰਬਰ 2001 ਨੂੰ ਪੰਜ ਹਥਿਆਰਬੰਦ ਬੰਦੇ ਆਈ.ਈ.ਡੀ. ਲੈ ਕੇ ਇਕ ਚਿੱਟੀ ਅੰਬੈਸਡਰ ਕਾਰ ਰਾਹੀਂ ਪਾਰਲੀਮੈਂਟ ਭਵਨ ਦੇ ਦਰਵਾਜ਼ੇ ਵਿੱਚੋਂ ਦੀ ਅੰਦਰ ਗਏ। ਜਦੋਂ ਉਨ੍ਹਾਂ ਨੂੰ ਰੋਕਿਆ ਗਿਆ ਤਾਂ ਉਹ ਕਾਰ ਵਿੱਚੋਂ ਨਿਕਲ ਆਏ ਅਤੇ ਗੋਲੀਆਂ ਚਲਾਉਣ ਲੱਗੇ। ਉਨ੍ਹਾਂ ਨੇ ਸੁਰੱਖਿਆ ਅਮਲੇ ਦੇ ਅੱਠ ਜਵਾਨਾਂ ਅਤੇ ਇਕ ਮਾਲੀ ਨੂੰ ਮਾਰ ਦਿੱਤਾ। ਇਸ ਤੋਂ ਬਾਦ ਹੋਈ ਗੋਲੀਬਾਰੀ ਵਿਚ ਪੰਜ ਹਮਲਾਵਰ ਮਾਰੇ ਗਏ। ਪੁਲਿਸ ਹਿਰਾਸਤ ਵਿਚ ਦਿੱਤੇ ਗਏ ਇਕਬਾਲੀਆ ਬਿਆਨਾਂ ਦੇ ਅਨੇਕਾਂ ਰੂਪਾਂ ਵਿੱਚੋਂ ਇਕ ਵਿਚ ਅਫ਼ਜ਼ਲ ਗੁਰੂ ਨੇ ਉਨ੍ਹਾਂ ਦੀ ਸ਼ਨਾਖ਼ਤ ਮੁਹੰਮਦ, ਰਾਣਾ, ਰਾਜਾ, ਹਮਜਾ ਅਤੇ ਹੈਦਰ ਵਜੋਂ ਕੀਤੀ। ਅੱਜ ਤਕ ਵੀ, ਅਸੀਂ ਕੁਲ-ਮਿਲਾਕੇ ਉਨ੍ਹਾਂ ਦੇ ਬਾਰੇ ਏਨਾ ਹੀ ਜਾਣਦੇ ਹਾਂ। ਓਦੋਂ ਦੇ ਗ੍ਰਹਿ ਮੰਤਰੀ ਐੱਲ.ਕੇ.ਅਡਵਾਨੀ ਨੇ ਕਿਹਾ ਕਿ ਉਹ 'ਪਾਕਿਸਤਾਨੀਆਂ ਵਰਗੇ ਲੱਗਦੇ ਸਨ।' (ਉਨ੍ਹਾਂ ਨੂੰ ਪਤਾ ਹੋਣਾ ਹੀ ਚਾਹੀਦਾ ਹੈ ਕਿ ਠੀਕ-ਠੀਕ ਪਾਕਿਸਤਾਨੀਆਂ ਵਰਗਾ ਨਜ਼ਰ ਆਉਣਾ ਕੀ ਹੁੰਦਾ ਹੈ। ਉਹ ਖ਼ੁਦ ਇਕ ਸਿੰਧੀ ਜੁ ਹੈ।) ਸਿਰਫ਼ ਅਫ਼ਜ਼ਲ ਦੇ ਇਕਬਾਲੀਆ ਬਿਆਨਾਂ ਦੇ ਅਧਾਰ 'ਤੇ (ਜਿਸਨੂੰ ਸੁਪਰੀਮ ਕੋਰਟ ਨੇ ਬਾਦ ਵਿਚ 'ਖ਼ਾਮੀਆਂ' ਅਤੇ 'ਕਾਰਵਾਈ ਸਬੰਧੀ ਸੁਰੱਖਿਆ ਉਪਾਵਾਂ ਦੀਆਂ ਉਲੰਘਣਾਵਾਂ' ਦੇ ਅਧਾਰ 'ਤੇ ਖਾਰਜ ਕਰ ਦਿੱਤਾ ਸੀ) ਹਕੂਮਤ ਨੇ ਪਾਕਿਸਤਾਨ ਤੋਂ ਆਪਣਾ ਸਫ਼ੀਰ ਵਾਪਸ ਬੁਲਾ ਲਿਆ ਸੀ ਅਤੇ ਪੰਜ ਲੱਖ ਫ਼ੌਜ ਨੂੰ ਪਾਕਿਸਤਾਨ ਨਾਲ ਲੱਗਦੀ ਸਰਹੱਦ ਉਪਰ ਤਾਇਨਾਤ ਕਰ ਦਿੱਤਾ ਗਿਆ ਸੀ। ਪ੍ਰਮਾਣੂ ਯੁੱਧ ਦੀਆਂ ਗੱਲਾਂ ਹੋਣ ਲੱਗੀਆਂ ਸਨ। ਬਦੇਸ਼ੀ ਸਫ਼ਾਰਤਖ਼ਾਨਿਆਂ ਨੇ ਸਫ਼ਰ ਸਬੰਧੀ ਮਸ਼ਵਰੇ ਜਾਰੀ ਕਰ ਦਿੱਤੇ ਸਨ ਅਤੇ ਦਿੱਲੀ ਤੋਂ ਆਪਣੇ ਅਮਲੇ ਵਾਪਸ ਬੁਲਾ ਲਏ ਸਨ। ਇਹ ਬੇਯਕੀਨੀ ਕਈ ਮਹੀਨੇ ਬਣੀ ਰਹੀ ਅਤੇ ਹਿੰਦੁਸਤਾਨ ਦੇ ਹਜ਼ਾਰਾਂ ਕਰੋੜ ਰੁਪਏ ਖ਼ਰਚ ਹੋ ਗਏ।

14 ਦਸੰਬਰ 2001 ਨੂੰ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਦਾਅਵਾ ਕੀਤਾ ਕਿ ਉਸਨੇ ਇਸ ਮਾਮਲੇ ਦੀ ਗੁੱਥੀ ਸੁਲਝਾ ਲਈ ਹੈ। 15 ਦਸੰਬਰ ਨੂੰ ਉਸਨੇ ਦਿੱਲੀ ਵਿਚ ਇਸ ਪਿੱਛੇ ਕੰਮ ਕਰਦੇ ਦਿਮਾਗ ਪ੍ਰੋਫੈਸਰ ਐੱਸ.ਏ.ਆਰ. ਗਿਲਾਨੀ ਅਤੇ ਸ੍ਰੀਨਗਰ ਦੀ ਫ਼ਲਾਂ ਦੀ ਮੰਡੀ ਤੋਂ ਸ਼ੌਕਤ ਗੁਰੂ ਤੇ ਅਫ਼ਜ਼ਲ ਗੁਰੂ ਨੂੰ ਗ੍ਰਿਫ਼ਤਾਰ ਕਰ ਲਿਆ। ਬਾਦ ਵਿਚ ਉਨ੍ਹਾਂ ਨੇ ਸ਼ੌਕਤ ਦੀ ਪਤਨੀ ਅਫਸ਼ਾਂ ਗੁਰੂ ਨੂੰ ਗ੍ਰਿਫ਼ਤਾਰ ਕਰ ਲਿਆ। ਮੀਡੀਆ ਨੇ ਜੋਸ਼ੋ-ਖ਼ਰੋਸ਼ ਨਾਲ ਸਪੈਸ਼ਲ ਸੈੱਲ ਦੀ ਕਹਾਣੀ ਨੂੰ ਪ੍ਰਚਾਰਿਆ। ਕੁਝ ਸੁਰਖ਼ੀਆਂ ਇਵ ਸਨ: 'ਡੀਯੂ ਲੈਕਚਰਾਰ ਵਾਜ਼ ਟੈਰਰ ਪਲਾਨ ਹੱਬ', 'ਵਰਸਿਟੀ ਡੌਨ ਗਾਈਡਿਡ ਫ਼ਿਦਾਇਨ,' 'ਡੌਨ ਲੈਕਚਰਡ ਆਨ ਟੈਰਰ ਇਨ ਫਰੀ ਟਾਈਮ।' ਜੀ.ਟੀਵੀ ਨੇ ਦਸੰਬਰ 13 ਨਾਂ ਦਾ ਇਕ 'ਦਸਤਾਵੇਜ਼ੀ ਡਰਾਮਾ' ਪ੍ਰਸਾਰਤ ਕੀਤਾ, ਜੋ ਕਿ 'ਪੁਲਿਸ ਦੀ ਫ਼ਰਦ-ਜੁਰਮ ਉਪਰ ਅਧਾਰਤ ਸਚਾਈ' ਹੋਣ ਦਾ ਦਾਅਵਾ ਕਰਦਾ ਸੀ। ਉਸ ਨੂੰ ਮੁੜ ਪੇਸ਼ ਕੀਤਾ ਗਿਆ। (ਜੇ ਪੁਲਿਸ ਦੀ ਕਹਾਣੀ ਸਹੀ ਹੈ, ਤਾਂ ਫਿਰ ਅਦਾਲਤਾਂ ਕਿਸ ਲਈ?) ਓਦੋਂ ਪ੍ਰਧਾਨ ਮੰਤਰੀ ਵਾਜਪਾਈ ਅਤੇ ਐੱਲ.ਕੇ.ਅਡਵਾਨੀ ਨੇ ਸ਼ਰੇਆਮ ਫਿਲਮ ਦੀ ਤਾਰੀਫ਼ ਕੀਤੀ। ਸੁਪਰੀਮ ਕੋਰਟ ਨੇ ਇਹ ਫਿਲਮ ਦਿਖਾਏ ਜਾਣ ਉਪਰ ਰੋਕ ਲਾਉਣ ਤੋਂ ਇਹ ਕਹਿਕੇ ਨਾਂਹ ਕਰ ਦਿੱਤੀ ਕਿ ਮੀਡੀਆ ਜੱਜਾਂ ਨੂੰ ਪ੍ਰਭਾਵਿਤ ਨਹੀਂ ਕਰੇਗਾ। ਫਿਲਮ ਫਾਸਟ-ਟਰੈਕ ਅਦਾਲਤ ਵਲੋਂ ਅਫ਼ਜ਼ਲ, ਸ਼ੌਕਤ ਅਤੇ ਗਿਲਾਨੀ ਨੂੰ ਫਾਂਸੀ ਦੀ ਸਜ਼ਾ ਸੁਣਾਏ ਜਾਣ ਤੋਂ ਮਹਿਜ਼ ਕੁਛ ਦਿਨ ਪਹਿਲਾਂ ਹੀ ਦਿਖਾਈ ਗਈ। ਹਾਈ ਕੋਰਟ ਨੇ 'ਮਾਸਟਰਮਾਈਂਡ' ਪ੍ਰੋਫੈਸਰ ਐੱਸ.ਏ.ਆਰ. ਗਿਲਾਨੀ ਅਤੇ ਅਫ਼ਸਾਂ ਗੁਰੂ ਨੂੰ ਇਲਜ਼ਾਮਾਂ ਤੋਂ ਬਰੀ ਕਰ ਦਿੱਤਾ। ਸੁਪਰੀਮ ਕੋਰਟ ਨੇ ਉਨ੍ਹਾਂ ਦੀ ਰਿਹਾਈ ਨੂੰ ਬਰਕਰਾਰ ਰੱਖਿਆ। ਲੇਕਿਨ 5 ਅਗਸਤ 2005 ਦੇ ਆਪਣੇ ਫ਼ੈਸਲੇ ਵਿਚ ਇਸ ਨੇ ਮੁਹੰਮਦ ਅਫ਼ਜ਼ਲ ਨੂੰ ਤੀਹਰੀ ਉਮਰਕੈਦ ਅਤੇ ਦੋਹਰੀ ਫਾਂਸੀ ਦੀ ਸਜ਼ਾ ਸੁਣਾਈ।

ਕੁਛ ਉੱਘੇ ਪੱਤਰਕਾਰਾਂ ਵਲੋਂ, ਜਿਨ੍ਹਾਂ ਨੂੰ ਬਿਹਤਰ ਪਤਾ ਹੋਵੇਗਾ, ਫੈਲਾਏ ਜਾਣ ਵਾਲੇ ਝੂਠਾਂ ਦੇ ਉਲਟ, ਅਫ਼ਜ਼ਲ ਗੁਰੂ 13 ਦਸੰਬਰ 2001 ਨੂੰ ਪਾਰਲੀਮੈਂਟ ਭਵਨ ਉਪਰ ਹਮਲਾ ਕਰਨ ਵਾਲੇ ਦਹਿਸ਼ਤਗਰਦਾਂ ਵਿਚ ਨਹੀਂ ਸੀ। ਨਾ ਹੀ ਉਨ੍ਹਾਂ ਲੋਕਾਂ ਵਿੱਚੋਂ ਸੀ ਜਿਨ੍ਹਾਂ ਨੇ 'ਸੁਰੱਖਿਆ ਮੁਲਾਜ਼ਮਾਂ ਉਪਰ ਗੋਲੀਆਂ ਚਲਾਈਆ ਅਤੇ ਮਾਰੇ ਗਏ ਛੇ ਸੁਰੱਖਿਆ ਮੁਲਾਜ਼ਮਾਂ ਵਿੱਚੋਂ ਤਿੰਨ ਦਾ ਕਤਲ ਕੀਤਾ।' (ਇਹ ਗੱਲ ਭਾਜਪਾ ਦੇ ਰਾਜ ਸਭਾ ਮੈਂਬਰ ਚੰਦਨ ਮਿੱਤਰਾ ਨੇ 7 ਅਕਤੂਬਰ 2006 ਨੂੰ ਦ ਪਾਈਨੀਅਰ ਅਖ਼ਬਾਰ ਵਿਚ ਲਿਖੀ ਸੀ।) ਇੱਥੋਂ ਤਕ ਕਿ ਪੁਲਿਸ ਦੀ ਫ਼ਰਦ-ਜੁਰਮ ਵੀ ਉਸ ਨੂੰ ਇਸ ਦਾ ਮੁਲਜ਼ਿਮ ਨਹੀਂ ਕਹਿੰਦੀ। ਸੁਪਰੀਮ ਕੋਰਟ ਦਾ ਫ਼ੈਸਲਾ ਕਹਿੰਦਾ ਹੈ ਕਿ ਸਬੂਤ ਹਾਲਾਤ ਦੇ ਹਨ: 'ਜ਼ਿਆਦਾਤਰ ਸਾਜ਼ਿਸ਼ਾਂ ਵਾਂਗ, ਜੁਰਮ ਦੀ ਸਾਜ਼ਿਸ਼ ਦੇ ਜ਼ਾਹਰਾ ਸਬੂਤ ਨਹੀਂ ਹਨ ਅਤੇ ਨਾ ਹੀ ਹੋ ਸਕਦੇ ਹਨ।' ਲੇਕਿਨ ਉਸਨੇ ਅੱਗੇ ਕਿਹਾ: 'ਹਮਲਾ, ਜਿਸਦਾ ਸਿੱਟਾ ਭਾਰੀ ਨੁਕਸਾਨ ਵਿਚ ਨਿਕਲਿਆ ਅਤੇ ਜਿਸਨੇ ਪੂਰੇ ਰਾਸ਼ਟਰ ਨੂੰ ਹਿਲਾ ਦਿੱਤਾ, ਅਤੇ ਸਮਾਜ ਦੀ ਸਮੂਹਿਕ ਆਤਮਾ ਸਿਰਫ਼ ਤਦ ਹੀ ਸ਼ਾਂਤ ਹੋ ਸਕਦੀ ਹੈ ਜੇ ਮੁਜਰਿਮ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ।'

ਪਾਰਲੀਮੈਂਟ ਹਮਲੇ ਦੇ ਮਾਮਲੇ ਵਿਚ ਸਾਡੀ ਸਮੂਹਿਕ ਆਤਮਾ ਦਾ ਨਿਰਮਾਣ ਕਿਸਨੇ ਕੀਤਾ? ਕੀ ਇਹ ਉਹ ਤੱਥ ਹੁੰਦੇ ਹਨ ਜੋ ਅਸੀਂ ਅਖ਼ਬਾਰਾਂ ਤੋਂ ਹਾਸਲ ਕਰਦੇ ਹਾਂ? ਫਿਲਮਾਂ, ਜਿਨ੍ਹਾਂ ਨੂੰ ਟੀ.ਵੀ. ਉਪਰ ਦੇਖਦੇ ਹਾਂ?

ਕੁਛ ਲੋਕ ਹਨ ਜੋ ਇਹ ਦਲੀਲ ਦੇਣਗੇ ਕਿ ਠੀਕ ਇਹੀ ਤੱਥ, ਕਿ ਅਦਾਲਤ ਨੇ ਐੱਸ.ਏ.ਆਰ. ਗਿਲਾਨੀ ਨੂੰ ਬਰੀ ਕਰ ਦਿੱਤਾ ਅਤੇ ਅਫ਼ਜ਼ਲ ਨੂੰ ਮੁਜਰਿਮ ਠਹਿਰਾਇਆ, ਇਹ ਸਾਬਤ ਕਰਦਾ ਹੈ ਕਿ ਸੁਣਵਾਈ ਆਜ਼ਾਦ ਅਤੇ ਨਿਰਪੱਖ ਸੀ। ਕੀ ਇੰਵ ਸੀ?

ਫਾਸਟ-ਟਰੈਕ ਅਦਾਲਤ ਵਿਚ ਸੁਣਵਾਈ ਮਈ 2002 'ਚ ਸ਼ੁਰੂ ਹੋਈ। ਦੁਨੀਆ 9/11 ਦੇ ਜਨੂੰਨ ਦੀ ਲਪੇਟ 'ਚ ਸੀ। ਅਮਰੀਕਨ ਹਕੂਮਤ ਨੇ ਅਫ਼ਗਾਨਿਸਤਾਨ ਵਿਚ ਆਪਣੀ 'ਜਿੱਤ' ਉਪਰ ਹੜਬੜਾਕੇ ਟਿਕਟਿਕੀ ਲਾਈ ਹੋਈ ਸੀ। ਗੁਜਰਾਤ ਦੀ ਨਸਲਕੁਸ਼ੀ ਚੱਲ ਰਹੀ ਸੀ। ਅਤੇ ਪਾਰਲੀਮੈਂਟ ਉਪਰ ਹਮਲੇ ਦੇ ਮਾਮਲੇ 'ਚ ਕਾਨੂੰਨ ਆਪਣੇ ਰਾਹ 'ਤੇ ਤੁਰ ਰਿਹਾ ਸੀ। ਇਕ ਜੁਰਮ ਦੇ ਮਾਮਲੇ ਦੇ ਸਭ ਤੋਂ ਅਹਿਮ ਪੜਾਅ 'ਚ, ਜਦੋਂ ਸਬੂਤ ਪੇਸ਼ ਕੀਤੇ ਜਾਂਦੇ ਹਨ, ਜਦੋਂ ਗਵਾਹਾਂ ਨੂੰ ਸਵਾਲ-ਜਵਾਬ ਕੀਤੇ ਜਾਂਦੇ ਹਨ, ਜਦੋਂ ਦਲੀਲਾਂ ਦੀ ਬੁਨਿਆਦ ਰੱਖੀ ਜਾਂਦੀ ਹੈ – ਹਾਈਕੋਰਟ ਅਤੇ ਸੁਪਰੀਮ ਕੋਰਟ ਵਿਚ ਤੁਸੀਂ ਸਿਰਫ਼ ਕਾਨੂੰਨ ਦੇ ਨੁਕਤਿਆਂ ਉਪਰ ਬਹਿਸ ਕਰ ਸਕਦੇ ਹੋ, ਤੁਸੀਂ ਨਵੇਂ ਸਬੂਤ ਪੇਸ਼ ਨਹੀਂ ਕਰ ਸਕਦੇ – ਓਦੋਂ ਅਫ਼ਜ਼ਲ ਗੁਰੂ ਭਾਰੀ ਸੁਰੱਖਿਆ ਵਾਲੀ ਕਾਲ-ਕੋਠੜੀ ਵਿਚ ਬੰਦ ਸੀ। ਉਸ ਦੇ ਕੋਲ ਕੋਈ ਵਕੀਲ ਨਹੀਂ ਸੀ। ਅਦਾਲਤ ਵਲੋਂ ਦਿੱਤਾ ਜੂਨੀਅਰ ਵਕੀਲ ਇਕ ਵਾਰ ਵੀ ਆਪਣੇ ਮੁਵੱਕਿਲ ਨੂੰ ਨਹੀਂ ਮਿਲਿਆ, ਉਸਨੇ ਅਫ਼ਜ਼ਲ ਦੇ ਬਚਾਓ ਲਈ ਇਕ ਵੀ ਗਵਾਹ ਨੂੰ ਨਹੀਂ ਬੁਲਾਇਆ ਅਤੇ ਨਾ ਹੀ ਇਸਤਗਾਸਾ ਧਿਰ ਵਲੋਂ ਪੇਸ਼ ਕੀਤੇ ਗਵਾਹਾਂ ਨਾਲ ਜਿਰ੍ਹਾ ਕੀਤੀ। ਇਸ ਹਾਲਤ ਵਿਚ ਜੱਜ ਨੇ ਕੁਛ ਪੱਲੇ ਪੈਣ 'ਚ ਅਸਮਰੱਥਾ ਜ਼ਾਹਿਰ ਕੀਤੀ।

ਫਿਰ ਵੀ, ਸ਼ੁਰੂ ਤੋਂ ਹੀ ਮਾਮਲਾ ਬਿਖਰ ਗਿਆ। ਅਨੇਕ ਮਿਸਾਲਾਂ ਵਿੱਚੋਂ ਕੁਛ ਇਹ ਹਨ:

ਪੁਲਿਸ ਅਫ਼ਜ਼ਲ ਤਕ ਕਿਵੇਂ ਪਹੁੰਚੀ? ਉਨ੍ਹਾਂ ਦਾ ਕਹਿਣਾ ਹੈ ਕਿ ਐੱਸ.ਏ.ਆਰ. ਗਿਲਾਨੀ ਨੇ ਉਸ ਦੇ ਬਾਰੇ ਦੱਸਿਆ। ਲੇਕਿਨ ਅਦਾਲਤ ਦਾ ਰਿਕਾਰਡ ਦਿਖਾਉਂਦਾ ਹੈ ਕਿ ਅਫ਼ਜ਼ਲ ਦੀ ਗ੍ਰਿਫ਼ਤਾਰੀ ਦਾ ਸੰਦੇਸ਼ ਗਿਲਾਨੀ ਨੂੰ ਚੁੱਕੇ ਜਾਣ ਤੋਂ ਪਹਿਲਾਂ ਹੀ ਆ ਗਿਆ ਸੀ। ਹਾਈ ਕੋਰਟ ਨੇ ਇਸ ਨੂੰ 'ਭੌਤਿਕ ਵਿਰੋਧਾਭਾਸ' ਕਿਹਾ ਲੇਕਿਨ ਇਸ ਨੂੰ ਉਂਵ ਹੀ ਬਰਕਰਾਰ ਰਹਿਣ ਦਿੱਤਾ ਗਿਆ।

ਅਫ਼ਜ਼ਲ ਦੇ ਖ਼ਿਲਾਫ਼ ਸਭ ਤੋਂ ਜ਼ਿਆਦਾ ਇਲਜ਼ਾਮ ਲਾਉਣ ਵਾਲੇ ਦੋ ਸਬੂਤ ਇਕ ਸੈੱਲਫੋਨ ਅਤੇ ਇਕ ਲੈਪਟਾਪ ਸੀ, ਜਿਸ ਨੂੰ ਉਸ ਦੀ ਗ੍ਰਿਫ਼ਤਾਰੀ ਦੇ ਵਕਤ ਜ਼ਬਤ ਕੀਤਾ ਗਿਆ। ਗ੍ਰਿਫ਼ਤਾਰੀ ਮੈਮੋ ਉਪਰ ਦਿੱਲੀ ਦੇ ਬਿਸਮਿੱਲਾ ਦੇ ਦਸਤਖ਼ਤ ਹਨ ਜੋ ਗਿਲਾਨੀ ਦਾ ਭਰਾ ਹੈ। ਬਰਾਮਦਗੀ ਸੂਚੀ ਉਪਰ ਜੰਮੂ-ਕਸ਼ਮੀਰ ਪੁਲਿਸ ਦੇ ਦੋ ਮੁਲਾਜ਼ਮਾਂ ਦੇ ਦਸਤਖ਼ਤ ਹਨ ਜਿਨ੍ਹਾਂ ਵਿੱਚੋਂ ਇਕ ਅਫ਼ਜ਼ਲ ਨੂੰ ਉਨ੍ਹਾਂ ਦਿਨਾਂ ਵਿਚ ਤਸੀਹੇ ਦੇਣ ਵਾਲਾ ਸੀ ਜਦੋਂ ਉਹ ਇਕ ਆਤਮ-ਸਮਰਪਣ ਕੀਤਾ 'ਇੰਤਹਾਪਸੰਦ' ਹੋਇਆ ਕਰਦਾ ਸੀ। ਕੰਪਿਊਟਰ ਅਤੇ ਸੈੱਲਫ਼ੋਨ ਨੂੰ ਸੀਲ ਨਹੀਂ ਕੀਤਾ ਗਿਆ, ਜਿਵੇਂ ਕਿ ਇਕ ਸਬੂਤ ਦੇ ਮਾਮਲੇ ਵਿਚ ਕੀਤਾ ਜਾਂਦਾ ਹੈ। ਸੁਣਵਾਈ ਦੇ ਦੌਰਾਨ ਇਹ ਸਾਹਮਣੇ ਆਇਆ ਕਿ ਲੈਪਟਾਪ ਦੀ ਹਾਰਡ ਡਿਸਕ ਨੂੰ ਗ੍ਰਿਫ਼ਤਾਰੀ ਤੋਂ ਬਾਦ ਇਸਤੇਮਾਲ ਕੀਤਾ ਗਿਆ ਸੀ। ਇਸ ਵਿਚ ਗ੍ਰਹਿ ਮੰਤਰਾਲੇ ਦੇ ਫਰਜ਼ੀ ਪਾਸ ਅਤੇ ਫਰਜ਼ੀ ਸ਼ਨਾਖ਼ਤੀ ਕਾਰਡ ਸਨ ਜਿਸ ਨੂੰ ਦਹਿਸ਼ਤਗਰਦਾਂ ਨੇ ਪਾਰਲੀਮੈਂਟ ਵਿਚ ਦਾਖ਼ਲ ਹੋਣ ਲਈ ਵਰਤੋਂ 'ਚ ਲਿਆਂਦਾ ਸੀ। ਅਤੇ ਪਾਰਲੀਮੈਂਟ ਭਵਨ ਦਾ ਇਕ ਜੀ.ਟੀਵੀ ਵੀਡੀਓ ਕਲਿੱਪ ਸੀ। ਇਸ ਤਰ੍ਹਾਂ ਪੁਲਿਸ ਦੇ ਮੁਤਾਬਿਕ, ਅਫ਼ਜ਼ਲ ਨੇ ਸਾਰੀ ਜਾਣਕਾਰੀ ਖ਼ਤਮ ਕਰ ਦਿੱਤੀ ਸੀ, ਬਸ ਸਭ ਤੋਂ ਜ਼ਿਆਦਾ ਮੁਜਰਿਮ ਠਹਿਰਾਉਣ ਵਾਲੀਆਂ ਚੀਜ਼ਾਂ ਇਸ ਵਿਚ ਰਹਿਣ ਦਿੱਤੀਆਂ ਸਨ, ਅਤੇ ਉਹ ਇਹ ਲੈਪਟਾਪ ਗਾਜ਼ੀ ਬਾਬਾ ਨੂੰ ਦੇਣ ਜਾ ਰਿਹਾ ਸੀ, ਜਿਸ ਨੂੰ ਫ਼ਰਦ-ਜੁਰਮ ਵਿਚ ਕਾਰਵਾਈ ਦਾ ਮੁਖੀ ਕਿਹਾ ਗਿਆ ਹੈ।

ਇਸਤਗਾਸਾ ਪੱਖ ਦੇ ਇਕ ਗਵਾਹ ਕਮਲ ਕਿਸ਼ੋਰ ਨੇ ਅਫ਼ਜ਼ਲ ਗੁਰੂ ਦੀ ਸ਼ਨਾਖ਼ਤ ਕੀਤੀ ਅਤੇ ਅਦਾਲਤ ਨੂੰ ਦੱਸਿਆ ਕਿ 4 ਦਸੰਬਰ 2001 ਨੂੰ ਉਸਨੇ ਉਹ ਅਹਿਮ ਸਿੰਮ-ਕਾਰਡ ਅਫ਼ਜ਼ਲ ਨੂੰ ਵੇਚਿਆ ਸੀ, ਜਿਸ ਜ਼ਰੀਏ ਮਾਮਲੇ ਦੇ ਸਾਰੇ ਮੁਲਜ਼ਿਮ ਉਸਦੇ ਸੰਪਰਕ ਵਿਚ ਸਨ। ਲੇਕਿਨ ਇਸਤਗਾਸਾ ਪੱਖ ਦੇ ਆਪਣੇ ਕਾਲ-ਰਿਕਾਰਡ ਦਿਖਾਉਂਦੇ ਹਨ ਕਿ ਸਿੰਮ 6 ਨਵੰਬਰ 2001 ਤੋਂ ਚਲ ਰਿਹਾ ਸੀ।

ਐਸੀਆਂ ਹੀ ਹੋਰ ਕਈ ਗੱਲਾਂ ਹਨ, ਅਤੇ ਹੋਰ ਵੀ ਗੱਲਾਂ, ਝੂਠ ਦੇ ਅੰਬਾਰ ਅਤੇ ਮਨਘੜਤ ਸਬੂਤ। ਅਦਾਲਤ ਨੇ ਉਨ੍ਹਾਂ ਉਪਰ ਗ਼ੌਰ ਕੀਤਾ, ਲੇਕਿਨ ਪੁਲਿਸ ਨੂੰ ਆਪਣੀ ਮਿਹਨਤ ਲਈ ਮਾਮੂਲੀ ਜਹੀ ਝਾੜ ਤੋਂ ਬਿਨਾ ਜ਼ਿਆਦਾ ਕੁਛ ਨਹੀਂ ਮਿਲਿਆ। ਇਸ ਤੋਂ ਵੱਧ ਕੁਛ ਨਹੀਂ।

ਫਿਰ ਤਾਂ ਉਹੀ ਘਸੀਪਿਟੀ ਕਹਾਣੀ ਹੈ। ਜ਼ਿਆਦਾਤਰ ਆਤਮ-ਸਮਰਪਣ ਕਰ ਚੁੱਕੇ ਅੱਤਵਾਦੀਆਂ ਵਾਂਗ ਅਫ਼ਜ਼ਲ ਕਸ਼ਮੀਰ ਵਿਚ ਸੁਖਾਲਾ ਸ਼ਿਕਾਰ ਸੀ – ਤਸੀਹੇ, ਬਲੈਕਮੇਲ, ਜਬਰੀ ਵਸੂਲੀ ਦਾ ਸ਼ਿਕਾਰ। ਜਿਸ ਨੂੰ ਸੰਸਦ ਉਪਰ ਹਮਲੇ ਦੀ ਬੁਝਾਰਤ ਨੂੰ ਹੱਲ ਕਰਨ 'ਚ ਸੱਚਮੁੱਚ ਦਿਲਚਸਪੀ ਹੋਵੇ, ਉਸ ਨੂੰ ਸਬੂਤਾਂ ਦੇ ਇਕ ਸੰਘਣੇ ਰਸਤਿਓਂ ਗੁਜ਼ਰਨਾ ਹੋਵੇਗਾ, ਜੋ ਕਸ਼ਮੀਰ ਵਿਚ ਇਕ ਧੁੰਦਲੇ ਜਾਲ ਦੀ ਤਰਫ਼ ਲੈ ਜਾਂਦੇ ਹਨ, ਜੋ ਅੱਤਵਾਦੀਆਂ ਨੂੰ ਆਤਮ-ਸਮਰਪਣ ਕਰ ਚੁੱਕੇ ਅੱਤਵਾਦੀਆਂ ਨਾਲ, ਗ਼ਦਾਰਾਂ ਨੂੰ ਸਪੈਸ਼ਲ ਪੁਲਿਸ ਅਫ਼ਸਰਾਂ ਨਾਲ, ਸਪੈਸ਼ਲ ਓਪਰੇਸ਼ਨ ਗਰੁੱਪ ਨੂੰ ਸਪੈਸ਼ਲ ਟਾਸਕ ਫੋਰਸ ਨਾਲ ਜੋੜਦਾ ਹੈ ਅਤੇ ਇਹ ਰਿਸ਼ਤਾ ਉਪਰ ਅਤੇ ਅੱਗੇ ਵੱਲ ਵਧਦਾ ਜਾਂਦਾ ਹੈ। ਉਪਰ ਅਤੇ ਅੱਗੇ ਵੱਲ।

ਲੇਕਿਨ ਹੁਣ ਇਸ ਗੱਲ ਨਾਲ ਕਿ ਅਫ਼ਜ਼ਲ ਗੁਰੂ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ, ਮੈਂ ਉਮੀਦ ਕਰਦੀ ਹਾਂ ਕਿ ਸਾਡੀ ਸਮੂਹਿਕ ਆਤਮਾ ਸੰਤੁਸ਼ਟ ਹੋ ਗਈ ਹੋਵੇਗੀ। ਜਾਂ ਸਾਡਾ ਖ਼ੂਨ ਦਾ ਖੱਪਰ ਅਜੇ ਅੱਧਾ ਹੀ ਭਰਿਆ ਹੈ।






Dr Baltej Parhar, DC, B.Sc

Chiropractor, at your Service

Tired of living in pain? Tired of not knowing what's happening to your body? Tired of relying on pain medications? Tired of getting the same answers or solutions with no results?

Dr. Parhar will not only assess, diagnose and help you manage your pain and injuries, he will provide you with personalized 1-on-1 care and educate you about your condition. This places the power back in the hands of the patients, so they can make their own informed decisions about their health. If you want to be treated like a person, and not a condition, call and book your consultation today!

SERVICES OFFERED: Physical assessments, pain management, injury rehab, soft tissue therapy, Laser therapy, sports performance, taping, exercise prescription, educational classes, and more!

ਕੀ ਤੁਸੀਂ ਦਰਦ ਨਾਲ ਜੀਉਂਦੇ ਥੱਕ ਗਏ ਹੋ? ਡਾ. ਪਰਹਾਰ ਨੂੰ ਜਵਾਬ ਲੱਭਣ ਵਿੱਚ ਤੁਹਾਡੀ ਮੱਦਦ ਕਰਨ ਦਿਓ ਤਾਂ ਜੋ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਵਾਪਸ ਕਰ ਸਕੋ ਜੋ ਤੁਸੀਂ ਪਸੰਦ ਕਰਦੇ ਹੋ। ਅੱਜ ਹੀ ਸਲਾਹ-ਮਸ਼ਵਰੇ ਲਈ ਕਾਲ ਕਰੋ ਜਾਂ ਈ-ਮੇਲ ਕਰੋ।

FLEXOLOGY WELLNESS CLINIC

#3 2015 32nd Ave NE Calgary, AB T2E 6Z3

FLEXOLOGY WELLNESS

Email : baltej.parhar@flexology.ca Ph. 403-764-3539 (FLEX)

# ਜਨਤਾ ਦੇ ਵਿਦਿਆ ਅਤੇ ਬੁਨਿਆਦੀ ਅਧਿਕਾਰਾਂ ਤੇ ਹਮਲੇ ਦਾ ਵਿਰੋਧ ਕਰੋ




ਪਿਛਲੇ ਚਾਰ ਸਾਲਾਂ ਤੋਂ ਪੂਰੇ ਦੇਸ਼ ਵਿੱਚ ਵਿਦਿਆਰਥੀਆਂ, ਨੌਜਵਾਨਾਂ ਅਤੇ ਅਧਿਆਪਕਾਂ ਨੇ ਸਕੂਲ ਸਿੱਖਿਆ ਵਿਚ ਨਿੱਜੀਕਰਨ ਅਤੇ ਵਪਾਰੀਕਰਨ, ਕੇਂਦਰੀਕਰਨ ਅਤੇ ਫਿਰਕਾਪ੍ਰਸਤ ਕਰਨ ਦੀਆਂ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਵਾਰ-ਵਾਰ ਕੋਸ਼ਿਸ਼ਾਂ ਦਾ ਦ੍ਰਿੜਤਾ ਨਾਲ ਜਬਰਦਸਤ ਵਿਰੋਧ ਕੀਤਾ ਹੈ।

ਉੱਚ ਸਿੱਖਿਆ ਨੂੰ ਬਰਬਾਦ ਕਰਨ ਦੇ ਰੁਝਾਨ ਜੋ ਕੰਮ ਕਰ ਰਹੇ ਹਨ, ਉਹ ਇਸ ਤਰ੍ਹਾਂ ਹਨ:-

ਸਿੱਖਿਆ ਦੀ ਗੁਣਵੱਤਾ ਨੂੰ ਘਟਾਣ ਲਈ ਬਜ਼ਾਰ ਮੁਖੀ ਕਿਤਿਆਂ ਦੀ ਪੜ੍ਹਾਈ ਤਕ ਸੀਮਤ ਕਰ ਦਿਤਾ ਹੈ।

ਗਿਆਨ ਪ੍ਰਾਪਤੀ ਦੇ ਵਿਗਿਆਨਕ ਤੌਰ ਤਰੀਕਿਆਂ ਨੂੰ ਲਾਂਭੇ ਰੱਖ ਕੇ ਸੋਚਣ ਦੀ ਸ਼ਕਤੀ ਨੂੰ ਖੁੰਡੇ ਕਰਨ ਦੇ ਤਰੀਕੇ ਠੋਸੇ ਜਾ ਰਹੇ ਹਨ।

ਵਿਦਿਆ ਦਾ ਬੁਨਿਆਦੀ ਮੰਤਵ ਹੈ ਕਿ ਵਿਦਿਆਰਥੀਆਂ ਵਿਚ ਆਲੋਚਨਾਤਮਕ ਵਿਸ਼ਲੇਸ਼ਣ ਦੀ ਕਾਬਲੀਅਤ ਪੈਦਾ ਹੋਵੇ ਤਾਂ ਕਿ ਸਮਾਜ ਅਤੇ ਇਸ ਦੀਆਂ ਸੰਸਥਾਵਾਂ ਵਿਚ ਜਮਹੂਰੀ ਤਬਦੀਲੀਆਂ ਨੂੰ ਅੱਗੇ ਵਧਾਇਆ ਜਾ ਸਕੇ, ਪਰ ਇਸ ਦੇ ਬਿਲਕੁਲ ਉਲਟ ਨਵੀ ਨੀਤੀ ਇਸ ਨੂੰ ਖਤਮ ਕਰਣ ਤੇ ਜ਼ੋਰ ਦਿੰਦੀ ਹੈ।

ਨਵੀਂ ਵਿਦਿਆ ਨੀਤੀ, ਭਾਰਤ ਦੇ ਬਹੁਤ ਸਾਰੇ ਬੱਚਿਆਂ ਅਤੇ ਨੌਜਵਾਨਾਂ ਨੂੰ ਵਿਦਿਆ ਦੇ ਹੱਕ ਤੋਂ ਵਾਂਝਿਆਂ ਕੀਤੇ ਜਾਣ ਦੀ ਇਕ ਸਾਜਿਸ਼ ਹੈ। ਸੰਵਿਧਾਨ ਵਿਚ ਦਿੱਤੇ ਗਏ ਬੁਨਿਆਦੀ ਅਧਿਕਾਰ ਜਿਸ ਨਾਲ ਨਾਗਰਿਕ ਆਪਨੇ ਜੀਵਨ ਪੱਧਰ ਨੂੰ ਸੁਧਾਰਨ ਦੀ ਕੋਸ਼ਿਸ਼ ਕਰ ਸਕਦਾ ਹੈ, ਤੋਂ ਵਪਾਰਕ ਤੌਰ 'ਤੇ ਚਲਾਈ ਜਾ ਰਹੀ ਵਿੱਦਿਆ ਪ੍ਰਣਾਲੀ ਰਾਹੀਂ ਵਾਂਝੀਆ ਕੀਤਾ ਜਾ ਰਿਹਾ ਹੈ।

ਇਕ ਸਾਜਿਸ਼ ਰਾਹੀ ਉਚ ਮਿਆਰੀ ਵਿਦਿਆ ਸੰਸਥਾਨਾਂ ਵਿਚ ਜਿਵੇਂ ਕਿ ਜੇ ਐਨ ਯੂ, ਆਈ ਆਈ ਟੀ ਅਤੇ ਹੋਰ ਯੂਨੀਵਰਸਿਟੀਆਂ ਆਦਿ ਵਿਚ ਭਾਰੀ ਫੀਸਾਂ ਵਧਾ ਕਿ ਵਿਦਿਆਰਥੀਆਂ ਨੂੰ ਜੀਵਨ ਭਰ ਕਾਰਪੋਰੇਟਾਂ ਦੇ ਗੁਲਾਮ ਬਣਾਉਣ ਦੀ ਸਾਜਿਸ਼ ਹੈ। ਇਸੇ ਕਰਕੇ ਲੋਕਾਂ ਤੋਂ ਉਚ ਵਿਦਿਆ ਲਈ ਇਕੱਠੇ ਕੀਤੇ 90000 ਕਰੋੜ, ਉੱਚ ਵਿੱਦਿਆ ਵਿਚ ਨਹੀਂ ਲਗਾਏ ਗਏ।

ਇਸ ਘਪਲੇ ਦੀ ਜਵਾਬਦੇਹੀ ਇਸ ਬੀ ਜੇ ਪੀ ਸਰਕਾਰ ਦੀ ਹੈ।

ਨਵਉਦਾਰਵਾਦੀ ਸੁਧਾਰਾਂ ਦੀ ਨੀਤੀ ਅਤੇ ਤਾਨਾਸ਼ਾਹੀ ਹਿੰਦੂਤਵ ਵਿਚਾਰਧਾਰਾ ਦੀ ਸਾਂਝੀ ਨਾਲ ਲੋਕਾਂ ਤੇ ਇਹ ਹਮਲਾ ਉਸ ਸਮੇਂ ਕੀਤਾ ਜਾ ਰਿਹਾ ਹੈ ਜਦ ਦੇਸ਼ ਤੇ ਇੱਕ ਡੂੰਘੀ ਆਰਥਿਕ ਮੰਦੀ ਛਾਈ ਹੋਈ ਹੈ। ਜਿਸ ਦੇ ਅਸਰ ਦਾ ਨਤੀਜਾ ਹੈ ਕਿ ਪਿਛਲੇ ਪੰਤਾਲੀ ਸਾਲਾਂ ਵਿੱਚ ਸਭ ਤੋਂ ਵੱਧ ਬੇਰੁਜ਼ਗਾਰੀ ਹੈ, ਜਿਸ ਦਾ ਅਸਰ ਖ਼ਾਸਕਰ ਨੌਕਰੀਆਂ ਦੀ ਭਾਲ ਕਰ ਰਿਹੇ ਨੌਜਵਾਨਾਂ ਉਤੇ ਹੈ। ਨੋਟਬੰਦੀ ਨੇ ਅਰਥਚਾਰੇ ਦੇ ਗੈਰ ਰਸਮੀ ਸੈਕਟਰ ਨੂੰ ਇਕ ਗੰਭੀਰ ਝਟਕਾ ਲਗਾਇਆ ਹੈ। ਖੇਤੀ ਸੰਕਟ ਕਾਰਨ ਲੱਖਾਂ ਕਰਜ਼ਾਈ ਕਿਸਾਨਾਂ ਵਲੋਂ ਖੁਦਕੁਸ਼ੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਉਦਯੋਗਿਕ ਖੇਤਰ ਅਤੇ ਜਨਤਕ ਖੇਤਰ ਜਾਂ ਤਾਂ ਖੜੋਤ ਵਿਚ ਹਨ ਜਾਂ ਮੰਦੀ ਵਿਚ ਜਿਸ ਕਰਕੇ ਰੁਜ਼ਗਾਰ ਵਿਹੂਣੇ ਹੋ ਚੁੱਕੇ ਹਨ।

ਮੌਜੂਦਾ ਹਕੂਮਤ ਇਸ ਸੰਕਟ ਦਾ ਹੱਲ ਲੱਭਣ ਵਿਚ ਅਸਫਲ ਹੈ। ਸਗੋਂ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਵਿੱਤ ਪੂੰਜੀ 'ਤੇ ਨਿਰਭਰਤਾ ਇਸ ਨੂੰ ਤਾਨਾਸ਼ਾਹੀ ਅਤੇ ਵੰਡ ਪਾਊ ਰਣਨੀਤੀ ਵੱਲ ਧੱਕ ਰਹੀ ਹੈ। ਇਹ ਨੀਤੀ ਨਾਗਰਿਕ ਅਜਾਦੀਆਂ ਦੀਆਂ ਕਦਰਾਂ ਕੀਮਤਾਂ ਅਤੇ ਬਰਾਬਰੀ, ਸਮਾਜਕ ਨਿਆਂ, ਧਰਮ ਨਿਰਪੱਖਤਾ ਅਤੇ ਸਾਂਝੇ ਸਭਿਆਚਾਰ ਦੇ ਸਿਧਾਂਤਾਂ ਲਈ ਗੰਭੀਰ ਖ਼ਤਰਾ ਹੈ। .

ਮੰਨੂਵਾਦੀ ਸਿਧਾਂਤਾਂ 'ਤੇ ਰਚੀ ਕੌਮੀ ਵਿਦਿਆ ਨੀਤੀ 2020 (ਐਨ ਈ ਪੀ 2020), ਇਹ ਸੁਨਿਸ਼ਚਿਤ ਕਰੇਗੀ ਕਿ ਭਾਰਤ ਦੇ 'ਬਹੁਜਨ' (ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨ ਜਾਤੀਆਂ, ਓ.ਬੀ.ਸੀ., ਘਮੰਤੂ ਕਬੀਲੇ, ਗਰੀਬ, ਭਾਸ਼ਾਈ ਅਤੇ ਧਾਰਮਿਕ ਘੱਟਗਿਣਤੀਆਂ ਵਿਸ਼ੇਸ਼ ਤੌਰ 'ਤੇ ਇਨ੍ਹਾਂ ਸ਼੍ਰੇਣੀਆਂ ਵਿਚੋਂ ਮੁਸਲਮਾਨ, ਅਪੰਗ ਅਤੇ ਲੜਕੀਆਂ/ਔਰਤਾਂ ਅਤੇ ਟਰਾਂਸਜੈਂਡਰ) ਜਿਹੜੀ ਆਬਾਦੀ ਦਾ 85 ਪ੍ਰਤੀਸ਼ਤ ਤੋਂ ਵੱਧ ਬਣਦੇ ਹਨ, ਨੂੰ ਬੇਰੁਜ਼ਗਾਰਾਂ ਜਾਂ ਅਸੁਰੱਖਿਅਤ ਘੱਟ ਤਨਖਾਹ ਵਾਲੇ ਗੁਲਾਮ ਮਜ਼ਦੂਰਾਂ ਦੀ ਕਤਾਰ ਵਿਚ ਧੱਕਿਆ ਜਾਵੇਗਾ ।

ਦਰਅਸਲ ਅੰਗਰੇਜ਼ੀ ਸਾਮਰਾਜੀਆਂ ਵਾਂਗ ਇਹ ਰਣਨੀਤੀ ਸਿਰਫ ਤਾਂ ਹੀ ਅਮਲ ਵਿਚ ਲਿਆਂਦੀ ਜਾ ਸਕਦੀ ਹੈ, ਜੇ ਇਸ ਵਿਸ਼ਾਲ ਅਬਾਦੀ ਨੂੰ ਜਾਤਾਂ ਤੇ ਧਰਮਾਂ ਵਿਚ ਵੰਡੀਆਂ ਪਾ ਕੇ ਅਤੇ ਇੱਕ ਦੂਜੇ ਦੇ ਦੁਸ਼ਮਨ ਬਣਾ ਕਿ ਰੱਖਿਆ ਜਾਂਵੇ। ਹਿੰਦੂਤਵ ਵਿਚਾਰਧਾਰਾ ਜੋ ਮੁਸਲਮਾਨਾਂ, ਦਲਿਤ ਬਹੁਜਨਾਂ ਅਤੇ ਆਦਿਵਾਸੀਆਂ ਨੂੰ ਨਿਸ਼ਾਨਾ ਬਣਾਉਂਦੀ ਹੈ ਅਤੇ ਇੱਕ ਫਾਸੀਵਾਦੀ 'ਹਿੰਦੂ ਸਰਉਚਤਾ' ਨੂੰ ਉਤਸ਼ਾਹਤ ਕਰਦੀ ਹੈ। ਅਜੇਹੀ 'ਦੇਸ਼-ਵਿਰੋਧੀ' ਅਤੇ ਸੰਵਿਧਾਨ ਵਿਰੋਧੀ ਨੀਤੀ ਨੂੰ ਜ਼ੋਰਦਾਰ ਢੰਗ ਨਾਲ ਜਨਤਾ ਤੇ ਥੋਪਿਆ ਜਾ ਰਿਹਾ ਹੈ।

ਕੌਮੀ ਨਾਗਰਿਕ ਰਜਿਸਟਰ (ਐਨ ਆਰ ਸੀ) ਇਸ ਸਮੇਂ ਸਿਰਫ ਅਸਾਮ ਵਿਚ ਲਾਗੂ ਕੀਤੀ ਗਈ ਸੀ ਜਿਸ ਦੇ ਭਿਆਨਕ ਨਤੀਜੇ ਸਾਡੇ ਸਾਹਮਣੇ ਹਨ, ਪਰ ਹੁਣ ਇਹ ਸਾਰੇ ਭਾਰਤ ਵਿਚ ਲਾਗੂ ਕਰਨ ਦੀ ਤਜਵੀਜ਼ ਹੈ। ਸਿਟੀਜ਼ਨ ਸੋਧ ਐਕਟ (ਸੀ ਏ ਏ), ਜੋ ਧਰਮ ਨੂੰ ਨਾਗਰਿਕਤਾ ਪ੍ਰਦਾਨ ਕਰਨ ਦਾ ਅਧਾਰ ਬਣਾਉਂਦਾ ਹੈ ਅਤੇ ਰਾਸ਼ਟਰੀ ਆਬਾਦੀ ਰਜਿਸਟਰ (ਐਨ ਪੀ ਆਰ) ਜੋ ਨਿੱਜੀ ਅੰਕੜਿਆਂ, ਪਛਾਣ ਅਤੇ ਗਿਣਤੀ ਕਰਨ ਵਾਲਿਆਂ ਦੀ ਮਰਜ਼ੀ ਤੇ ਨਾਗਰਿਕਾਂ ਨੂੰ 'ਸ਼ੱਕੀ' ਵਸਨੀਕਾਂ ਵਜੋਂ ਦਰਸਾਉਣ ਦੇ ਅਧਿਕਾਰ ਦਿੰਦਾ ਹੈ। ਭਾਰਤੀ ਲੋਕਾਂ ਨੂੰ ਵੰਡਣ ਲਈ ਇਹ ਤਿੰਨ-ਪੱਖੀ ਹਮਲਾ ਹੈ। ਇਹ ਮੁਸਲਮਾਨਾਂ ਨੂੰ ਅਤੇ ਗਰੀਬਾਂ ਨੂੰ ਨਾਗਰਿਕਤਾ ਦੇ ਸੰਬੰਧ ਵਿਚ 'ਸ਼ੱਕੀ' ਸਥਿਤੀ ਵਜੋਂ ਸਪੱਸ਼ਟ ਤੌਰ 'ਤੇ ਅਲੱਗ ਕਰ ਦਿੰਦਾ ਹੈ। ਤਿੰਨੋਂ, ਸੀ ਏ ਏ, ਐਨ ਆਰ ਸੀ ਅਤੇ ਐਨ ਪੀ ਆਰ, ਭਾਰਤ ਦੇ ਸੰਵਿਧਾਨ ਦੇ ਧਰਮ ਨਿਰਪੱਖ ਅਤੇ ਵਿਭਿੰਨਤਾਂਵਾ ਦੇ ਮੂਲ ਅਸੂਲ 'ਤੇ ਇਕ ਭਿਆਨਕ ਹਮਲਾ ਕਰਦੇ ਹਨ। ਸ਼ੱਕੀ ਵਸਨੀਕ ਦਾ ਪਹਿਲਾ ਅਸਰ ਹੈ ਕਿ ਵੋਟ ਦੇ ਅਧਿਕਾਰ ਤੋਂ ਵਾਂਝੇ ਕਰ ਦੇਣਾ, ਜਿਸ ਦੇ ਨਾਲ ਹੀ ਉਹ ਬਾਕੀ ਸੰਵਿਧਾਨਕ ਅਧਿਕਾਰਾਂ ਤੋਂ ਵੀ ਵਾਂਝਾ ਕਰ ਦਿਤਾ ਜਾਵੇਗਾ।

ਪਰ ਇਹ ਦੇ ਨਾਲ ਹੀ ਇਹ ਖ਼ਤਰਨਾਕ ਸੰਭਾਵਨਾ ਨੂੰ ਵੀ ਖੜ੍ਹਾ ਕਰਦਾ ਹੈ ਕਿ ਹਰੇਕ ਭਾਰਤੀ ਨਾਗਰਿਕ ਨੂੰ ਆਪਣੀ ਨਾਗਰਿਕਤਾ ਨੂੰ 'ਜਾਇਜ਼ ਠਹਿਰਾਣ ਲਈ' 'ਪ੍ਰਮਾਣ' ਮੁਹਿਆ ਕਰਨ ਦੀ ਜ਼ਰੂਰਤ ਹੋਵੇਗੀ। ਕੌਮੀ ਵਿਦਿਆ ਨੀਤੀ ਵੀ ਉਪਰਲੇ ਨਾਗਿਰਿਕ ਕਾਨੂੰਨਾ ਵਾਂਗੂੰ ਹੀ ਇਕ ਬੁਨਿਆਦੀ ਪਰ ਵੱਧ ਜ਼ਰੂਰੀ ਹੱਕ ਗੁਣਾਂ ਵਾਲੀ ਵਿਦਿਆ ਦੇ ਅਧਿਕਾਰ ਤੋਂ ਵਿਰਵਾ ਕਰਦੀ ਹੈ। ਜਦਕਿ ਉਹ ਤਿੰਨੋਂ ਕਦਮ ਭਾਰਤ ਵਿਚ ਰਹਿਣ ਵਾਲੇ ਵਿਅਕਤੀਆਂ ਨੂੰ ਜੋ ਦਸਤਾਵੇਜ਼ੀ ਸਬੂਤ ਪੇਸ਼ ਕਰਨ ਵਿੱਚ ਅਸਫਲ ਰਹਿੰਦੇ ਹਨ, ਨੂੰ 'ਨਾਗਿਰਿਕਤਾ ਵਿਹੁਣੇ ਕਰਕੇ, ਹਿਰਾਸਤੀ ਕੈਂਪਾਂ ਦੇ ਕੁੰਭੀ ਨਰਕ ਵਿਚ ਸ਼ੜਣ ਲਈ ਮਜਬੂਰ ਕੀਤਾ ਜਾਵੇਗਾ। ਅਜਿਹੇ ਦੇਸ਼ ਵਿੱਚ ਜਿੱਥੇ ਮੌਜੂਦਾ ਪ੍ਰਧਾਨ ਮੰਤਰੀ ਖੁਦ ਆਪਣੀ ਵਿਦਿਅਕ ਯੋਗਤਾ ਦਾ ਦਸਤਾਵੇਜ਼ੀ ਸਬੂਤ ਮੁਹੱਈਆ ਨਹੀਂ ਕਰਵਾ ਸਕਦੇ, ਇਹ ਮੰਗ ਕਰਨਾ ਅੱਤਿਆਚਾਰੀ ਹੈ ਕਿ ਗਰੀਬ, ਦੱਬੇ-ਕੁਚਲੇ ਅਤੇ ਅਕਸਰ ਬੇਘਰ, ਪ੍ਰਵਾਸੀ ਮਜ਼ਦੂਰ - ਆਪਣੀ ਨਾਗਰਿਕਤਾ ਦਾ ਅਜਿਹਾ 'ਪ੍ਰਮਾਣ' ਪ੍ਰਦਾਨ ਕਰਨ।

ਇਸ ਪ੍ਰਸੰਗ ਵਿੱਚ ਹੀ ਸਾਨੂੰ ਕੌਮੀ ਵਿਦਿਆ ਨੀਤੀ ਅਤੇ ਵਿਦਿਅਕ ਸੰਕਟ ਨੂੰ ਦੇਖਣ ਦੀ ਲੋੜ ਹੈ। ਇਸ ਨੂੰ ਇਕ ਵਡੀ ਨੀਤੀ ਦੇ ਅੰਗ ਵਜੋਂ ਹੀ ਵੇਖਣਾ ਚਾਹੀਦਾ, ਜਿਸ ਦੇ ਤਹਿਤ ਸੰਵਿਧਾਨ ਵਲੋਂ ਗਰੰਟੀ ਕੀਤੇ, ਬਹੁਗਿਣਤੀ ਲੋਕਾਂ ਨੂੰ ਸੁਰੱਖਿਆ ਅਤੇ ਸੁਰੱਖਿਅਤ ਅਧਿਕਾਰਾਂ ਦੀ ਪਹੁੰਚ ਤੋਂ ਵਾਂਝੇ ਕੀਤਾ ਜਾਵੇਗਾ। ਸੀ ਏ ਏ, ਐਨ ਆਰ ਸੀ ਅਤੇ ਐਨ ਪੀ ਆਰ ਇਸ ਰਣਨੀਤੀ ਦਾ ਹੀ ਇਕ ਵੱਡਾ ਹਿੱਸਾ ਹਨ ਅਤੇ ਸੰਵਿਧਾਨ ਦੇ ਮੂਲ ਨੂੰ ਜੋ ਕਿ ਇਹ ਕਹਿੰਦਾ ਹੈ ਕਿ ਅਸੀਂ, ਲੋਕਹਰ ਵਰਗ, ਜਾਤ, ਪਾਤ ਧਰਮ ਅਤੇ ਲਿੰਗ ਆਦਿ ਦੇ ਵਿਤਕਰੇ ਬਗੈਰ ਬਰਾਬਰ ਅਧਿਕਾਰ ਪ੍ਰਾਪਤ ਕਰਨ ਲਈ ਵਚਨਬੱਧ ਹਾਂ।

ਇਸ ਲਈ ਕੁਲ ਹਿੰਦ ਵਿਦਿਆ ਅਧਿਕਾਰ ਮੰਚ (ਏ ਆਈ ਐਫ ਆਰ ਟੀ ਈ) ਇਸ ਸਿਟੇ ਤੇ ਪਹੁੰਚਿਆ ਹੈ ਕਿ ਐਨ ਈ ਪੀ, ਸੀ ਏ ਏ, ਐਨ ਆ ਰਸੀ ਅਤੇ ਐਨ ਪੀ ਆਰ ਬਰਾਬਰ ਨਿੰਦਣਯੋਗ ਹਨ ਅਤੇ ਰੱਦ ਕੀਤੇ ਜਾਣੇ ਚਾਹੀਦੇ ਹਨ। ਸੋ ਇਹ ਫੈਸਲਾ ਕੀਤਾ ਗਿਆ ਹੈ ਕਿ 17 ਜਨਵਰੀ 2020 ਨੂੰ ਸਾਰੀਆਂ ਇਕਾਈਆਂ, ਮੈਂਬਰ ਅਤੇ ਭਾਈਚਾਰਕ ਸੰਗਠਨ ਜੋ ਅਜ਼ਾਦੀ ਸੰਗਰਾਮ ਦੇ ਮੁੱਲਾਂ ਅਤੇ ਸਿਧਾਂਤਾਂ ਪ੍ਰਤੀ ਵਚਨਬੱਧ ਹਨ, ਉਹਨਾਂ ਦੇ ਕਾਰਕੁੰਨਾਂ ਇਨ੍ਹਾਂ ਲੋਕ ਵਿਰੋਧੀ ਦਸਤਾਵੇਜ਼ਾਂ ਦੀਆਂ ਕਾਪੀਆਂ ਨੂੰ ਸਾੜਿਆ ਜਾਵੇ ਅਤੇ ਜਨਤਾ ਦੇ ਬੁਨਿਆਦੀ ਅਧਿਕਾਰਾਂ ਤੇ ਡਾਕਾ ਮਾਰਣ ਵਾਲੇ ਅਜਿਹੀ ਲੋਕ ਮਾਰੂ ਨੀਤੀ ਪ੍ਰਤੀ ਚੇਤਨ ਤੇ ਲਾਮ ਬੰਦ ਕਰਨ ਦੀ ਲੰਬੀ ਮੁਹਿਮ ਚਲਾਈ ਜਾਵੇ।

ਕੁਲ ਹਿੰਦ ਵਿਦਿਆ ਅਧਿਕਾਰ ਮੰਚ ਦੀ ਪੰਜਾਬ ਇਕਾਈ ਵਲੋਂ ਪੰਜਾਬ ਦੀਆਂ ਸਮੂਹ ਵਿਦਿਅਰਥੀ, ਅਧਿਆਪਕ ਤੇ ਤਬਕਾਤੀ, ਮੁਲਾਜਿਮ ਤੇ ਸਮਾਜਿਕ ਜਥੇਬੰਦੀਆਂ ਨੂੰ ਅਪੀਲ ਕਰਦੇ ਹਾਂ ਕਿ ਇਸ ਜਨਤਾ ਦੇ ਹੱਕਾਂ ਨੂੰ ਬਚਾਉਣ ਦੀ ਮੁਹਿਮ ਵਿਚ ਹਿਸੇਦਾਰ ਬਣਨ।

Prof. Jagmohan Singh Dr. Vikas Gupta
(Chairperson, AIFRTE)
(Organizing Secretary, AIFRTE)
Twitter: @AllIndiaForumf1
Website: http://aifrte.in/rejectnep2020
Facebook: https://www.facebook.com/events/2493715340755384/
Instagram: www.instagram.com/aifrte6

## ਸਰਕਾਰੀ ਸਕੂਲੀ ਸਿੱਖਿਆ-ਦਸ਼ਾ, ਦਿਸ਼ਾ, ਹੱਲ ਤੇ ਨਿੱਜੀਕਰਨ ਦਾ ਖਤਰਾ

(ਸ਼ਫਾ 19 ਦੀ ਬਾਕੀ)

ਵੱਡੀ ਪੱਧਰ 'ਤੇ ਡਿਗਰੀ/ਮਾਸਟਰ ਡਿਗਰੀ ਹੋਲਡਰ ਹੋਣ ਕਰਕੇ, ਵਿਭਾਗੀ ਟੈਸਟਾਂ ਤੇ ਇੰਟਰਵਿਊਆਂ 'ਚੋਂ ਪਾਸ ਹੋਣ ਕਰਕੇ, ਬਹੁਤ ਲਾਇਕ ਤੇ ਤਜਰਬੇਕਾਰ ਹਨ। ਸੋ ਇਨ੍ਹਾਂ ਦਾ ਕੀਮਤੀ ਸਮਾਂ ਸਾਲ 'ਚ ਵਾਰ-ਵਾਰ ਲੱਗਦੇ ਬੇਲੋੜੇ ਤੇ ਫਜ਼ੂਲ ਸੈਮੀਨਾਰਾਂ/ਮੀਟਿੰਗ ਰਾਹੀਂ ਨਸ਼ਟ ਨਾ ਕੀਤਾ ਜਾਵੇ। ਹਫਤਾ-ਹਫਤਾ ਚੱਲਣ ਵਾਲੇ ਵਿਸ਼ਾ ਵਾਰ ਮੇਲੇ ਲਾਹੇਵੰਦ ਘੱਟ ਤੇ ਬਾਕੀ ਵਿਸ਼ਿਆਂ ਦੀ ਪੜ੍ਹਾਈ ਨੂੰ ਠੱਪ ਕਰਵਾਉਣ ਦਾ ਵੱਧ ਕਾਰਨ ਬਣਦੇ ਹਨ। ਸੋ ਬੰਦ ਕੀਤੇ ਜਾਣ।

**ਹੱਲ:-** ਹਰ ਅਧਿਆਪਕ ਲਈ ਵਿਸ਼ਾਵਾਰ ਸੈਮੀਨਾਰ ਹਰ 3 ਸਾਲ ਬਾਅਦ ਕੇਵਲ ਹਫਤੇ ਦਾ ਕਾਫੀ ਹੈ। ਜੇਕਰ ਮਹਿਕਮੇ ਨੇ ਕੋਈ ਨਵੀਂ ਖੋਜ ਕੀਤੀ ਹੋਵੇ, ਤਾਂ ਉਸ ਨੂੰ ਕਿਤਾਬਚੇ ਦੇ ਰੂਪ 'ਚ ਛਾਪਕੇ। ਵੈਬਸਾਈਟ 'ਤੇ ਪਾ ਕੇ ਹਰ ਸਕੂਲ 'ਚ ਪਹੁੰਚਦੀ ਕੀਤੀ ਜਾਵੇ। ਅਧਿ. ਇਸ ਤੋਂ ਲੋੜੀਂਦਾ ਲਾਭ ਉਠਾ ਲੈਣਗੇ।

**6. ਅਧਿਆਪਕ ਨੂੰ 'ਸੈਲਫ-ਸਮਾਰਟ' ਸਕੂਲਾਂ ਲਈ ਉਗਰਾਹੀ ਦਾ ਕੰਮ ਕਿਉਂ ?**

ਅਨੇਕਾਂ ਗੈਰ-ਵਿਦਿਅਕ ਕਾਰਜਾਂ ਦੀ ਤਰ੍ਹਾਂ ਹੁਣ ਸਿੱਖਿਆ ਵਿਭਾਗ ਨੇ ਅਧਿਆਪਕਾਂ ਨੂੰ ਬਾਕੀ ਸਕੂਲਾਂ ਨੂੰ ਸੈਲਫ-ਸਮਾਰਟ ਬਣਾਉਣ ਲਈ ਸੰਬੰਧਤ ਪਿੰਡਾਂ/ਸ਼ਹਿਰਾਂ 'ਚੋਂ ਦਾਨੀ ਸੱਜਣਾਂ/ਆਮ ਲੋਕਾਂ ਪਾਸੋਂ ਉਗਰਾਹੀ ਦਾ ਕੰਮ ਸੌਂਪ ਕੇ ਰਹਿੰਦੀ ਕਸਰ ਪੂਰੀ ਕਰ ਦਿੱਤੀ ਹੈ। ਜਿਸ ਕਰਕੇ ਵਿਦਿਆ ਦੇ ਕਾਰਜ ਨੂੰ ਹੋਰ ਧੱਕਾ ਵੱਜੇਗਾ।

**ਹੱਲ:-** ਇਸ ਕੰਮ ਲਈ ਸਰਕਾਰ ਪੰਚਾਇਤਾਂ/ਕਮੇਟੀਆਂ ਨੂੰ ਜ਼ੁੰਮੇਵਾਰੀ ਦੇਵੇ, ਜੋ ਕਿ ਸਥਾਨਕ ਲੋਕਾਂ ਦੀ ਬੇਹਤਰ ਜਾਣਕਾਰੀ ਤੇ ਉਨ੍ਹਾਂ 'ਚ ਬੇਹਤਰ ਪ੍ਰਭਾਵ ਰੱਖਦੀਆਂ ਹਨ। ਅਧਿਆਪਕ ਨੂੰ ਫੰਡ-ਉਗਰਾਹਕ ਬਣਾਉਣ ਦੀ ਬਜਾਏ ਅਧਿਆਪਕ ਹੀ ਰਹਿਣ ਦਿੱਤਾ ਜਾਵੇ।

**7. ਅਧਿਆਪਕਾਂ 'ਚੋਂ ਚੈਕਿੰਗ ਲਈ ਤਾਇਨਾਤ ਸਟਾਫ ਬਾਰੇ**

'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ' ਪ੍ਰੋਜੈਕਟ ਤਹਿਤ ਤੇ ਵਿਸ਼ਾ ਮਾਹਿਰਾਂ ਦੇ ਪ੍ਰਾਇਮਰੀ ਤੇ ਸੈਕੰਡਰੀ ਸਭਲਾਂ 'ਚ ਚੈਕਿੰਗ ਲਈ 5000 ਦੇ ਕਰੀਬ ਅਧਿਆਪਕ ਚੈਕਿੰਗ ਲਈ ਲਗਾਏ ਹੋਏ ਹਨ। ਹਾਸੋਹੀਣੀ ਇਹ ਹੈ ਕਿ ਇਨ੍ਹਾਂ 'ਚੋਂ ਬਹੁ ਗਿਣਤੀ ਜੂਨੀਅਰ ਅਧਿਆਪਕਾਂ ਦੀ ਹੈ, ਜਦ ਕਿ ਚੈੱਕ ਕੀਤੇ ਜਾਣ ਵਾਲੇ ਬਹੁਤੇ ਸੀਨੀਅਰ ਅਧਿਆਪਕ ਹਨ। ਇਹ ਵਰਤਾਰਾ ਗੈਰ ਨਿਯਮੀ ਤੇ ਗੈਰ ਕਾਨੂੰਨੀ ਵੀ ਹੈ। ਦੂਜੇ ਪਾਸੇ ਪਹਿਲਾਂ ਹੀ ਅਧਿਆਪਕ ਦੀ ਭਾਰੀ ਘਾਟ ਹੋਣ ਕਰਕੇ, ਪੜ੍ਹਾਈ ਦਾ ਹੋਰ ਭੱਠਾ ਬੈਠਾਇਆ ਜਾ ਰਿਹਾ ਹੈ।

**ਹੱਲ:-** ਚੈਕਿੰਗ ਲਈ ਇੰਸਪੈਕਟਰੀ ਸਟਾਫ-ਬਲਾਕ ਪੱਧਰ 'ਤੇ ਸਹਾਇਕ ਬੀ.ਪੀ.ਈ.ਓ (ਪ੍ਰਾਇਮਰੀ ਲਈ), ਜਿਲ੍ਹਾ ਪੱਧਰ 'ਤੇ ਲੋੜ ਅਨੁਸਾਰ ਹੋਰ ਡਿਪਟੀ ਡੀ.ਈ.ਓ. ਭਰਤੀ ਕੀਤੇ ਜਾਣ, ਜੋ ਚੈਕਿੰਗ ਦਾ ਕੰਮ ਰੋਜ਼ਾਨਾ ਕਰਨ। ਉਪਰੋਕਤ 5000 ਅਧਿਆਪਕ ਨੂੰ ਵਾਪਸ ਸਕੂਲਾਂ 'ਚ ਭੇਜ ਕੇ, ਵਿੱਦਿਆ ਦੀ ਸਾਰ ਲਈ ਜਾਵੇ।

**ਸਰਕਾਰੀ ਸਕੂਲਾਂ ਦੇ ਨਿੱਜੀਕਰਨ ਦਾ ਖਤਰਾ**

ਇਕ ਪਾਸੇ ਸਕੂਲਾਂ ਨੂੰ ਸਾਲਾਂ-ਬੱਧੀ ਹਜ਼ਾਰਾਂ ਅਧਿਆਪਕਾਂ ਦੀਆਂ ਪੋਸਟਾਂ ਖਾਲੀ ਰੱਖ ਕੇ ਨਵੀਂ ਭਰਤੀ ਬਾਰੇ ਸਰਕਾਰ ਚੁੱਪ ਧਾਰੀ ਬੈਠੀ ਹੈ। ਦੂਜੇ ਪਾਸੇ ਸਕੂਲਾਂ ਦੀ ਬਾਹਰੀ/ਅੰਦਰੂਨੀ ਦਿਖ ਵਾਲੇ ਰੂਪਕ ਪੱਖ ਨੂੰ ਆਕਰਸ਼ਕ ਬਣਾ ਰਹੀ ਹੈ। ਇਹ ਵਰਤਾਰਾ ਦਰਸਾਉਂਦਾ ਹੈ ਕਿ ਪੰਜਾਬ ਸਰਕਾਰ ਤੇਜੀ ਨਾਲ, ਕੇਂਦਰ ਸਰਕਾਰ ਦੀ 2019 ਦੀ ਸਿੱਖਿਆ ਨੀਤੀ ਵਾਲੇ ਖਰੜੇ ਦੀ ਨਿੱਜੀਕਰਨ ਵਾਲੀ ਦਿਸ਼ਾ 'ਚ ਚੱਲ ਕੇ, ਸਕੂਲਾਂ ਨੂੰ ਮੁਨਾਫੇਖੋਰ ਨਿੱਜੀ ਕਾਰਪੋਰੇਟ ਕੰਪਨੀਆਂ/ਨਿੱਜੀ ਸਿੱਖਿਆ ਸੰਸਥਾਵਾਂ ਨੂੰ ਵੇਚਣ 'ਤੇ ਉਤਾਰੂ ਹੋ ਰਹੀ ਹੈ। ਇਸ ਖਤਰੇ ਦਾ ਟਾਕਰਾ ਕਰਨ ਲਈ ਸਰਕਾਰੀ ਸਕੂਲਾਂ ਨੂੰ ਬਚਾਉਣ ਲਈ ਸਮੁੱਚੇ ਅਧਿਆਪਕ ਵਰਗ, ਵਿਦਿਆਰਥੀਆਂ, ਮਾਪਿਆਂ ਸਮੇਤ ਸਮੂਹ ਪੰਜਾਬ ਪੱਖੀ ਧਿਰਾਂ ਤੇ ਲੋਕ ਪੱਖੀ ਜੱਥੇਬੰਦੀਆਂ ਦਾ ਪਵਿੱਤਰ ਫਰਜ਼ ਬਣਦਾ ਹੈ ਕਿ ਉਹ ਵੱਡੀ ਲੋਕ ਲਹਿਰ ਦੀ ਉਸਾਰੀ ਲਈ ਮੈਦਾਨ 'ਚ ਨਿੱਤਰਨ।



# ਨਸਲਕੁਸ਼ੀ ਦੀ ਸ਼ਿਕਾਰ ਨੇਟਿਵ ਕੁੜੀ



ਜਗਦੇਵ ਸਿੰਘ ਸਿੱਧੂ
403-351-1136



ਮੁੱਢ ਕਦੀਮ ਤੋਂ ਕੈਨੇਡਾ ਦੇ ਮੂਲ ਨਿਵਾਸੀ ਔਰਤਾਂ ਨੂੰ ਜਨਮ-ਦਾਤੀਆਂ ਜੀਵਨ ਦੇਣ ਵਾਲੀਆਂ, ਪਵਿੱਤਰ ਅਤੇ ਬਰਾਬਰੀ ਦੀਆਂ ਹੱਕਦਾਰ ਸਮਝਦੇ ਆ ਰਹੇ ਹਨ। ਉਨ੍ਹਾਂ ਵਿਚ ਜਾਇਦਾਦ ਦੇ ਹੱਕ ਔਰਤਾਂ ਰਾਹੀਂ ਮਿਲਦੇ ਹਨ, ਮਤਲਬ ਉਹ ਪਿਤਾ-ਪੁਰਖੀ ਹੋਣ ਦੀਬਜਾਏ ਮਾਤਰੀ ਪ੍ਰਧਾਨ ਪ੍ਰਣਾਲੀ ਮੰਨਦੇ ਹਨ। ਉਨ੍ਹਾਂ ਦੇ ਵੱਡ-ਵਡੇਰੇ ਕੁਦਰਤੀ ਵਸੀਲਿਆਂ ਦੀ ਕਦਰ ਅਤੇ ਇਥੋਂ ਤੱਕ ਕਿ ਇਨ੍ਹਾਂ ਦੀ ਪੂਜਾ ਕਰਦੇ ਰਹੇ ਹਨ, ਇਨ੍ਹਾਂ ਨੂੰ ਸੰਭਾਲਦੇ ਰਹੇ ਹਨ। ਯੂਰਪੀਨ ਆਬਾਦਕਾਰਾਂ (ਧਾੜਵੀਆਂ) ਦੇ ਆਉਣ ਤੋਂ ਪਹਿਲਾਂ ਉਨ੍ਹਾਂ ਨੂੰ ਸ਼ਰਾਬ ਬਾਰੇ ਕੋਈ ਪਤਾ ਨਹੀਂ ਸੀ। ਇਥੋਂ ਤੱਕ ਕਿ ਚੇਚਕ, ਤਪਦਿਕ, ਜ਼ੁਕਾਮ ਅਤੇ ਹੋਰ ਘਾਤਕ ਬੀਮਾਰੀਆਂ ਵੀ ਨਹੀਂ ਸਨ। ਇਹ ਸਾਰੀਆਂ ਅਲਾਮਤਾਂ ਉਹ ਆਬਾਦਕਾਰ ਆਪਣੇ ਨਾਲ ਲੈ ਕੇ ਆਏ ਜਿਨ੍ਹਾਂ ਨੇ ਇਨ੍ਹਾਂ ਵਿਚਾਰਿਆਂ ਦਾ ਕਈ ਤਰ੍ਹਾਂ ਨਾਲ ਘਾਣ ਕੀਤਾ। ਉਨ੍ਹਾਂ ਦੁਆਰਾ ਲਿਆਂਦੀ ਸ਼ਰਾਬ ਅਤੇ ਫੈਲਾਈ ਵੈਸਵਾ ਗਮਨੀ ਨੇ ਇਨ੍ਹਾਂ ਦੇ ਕਬੀਲਿਆਂ ਦੀ ਜ਼ਿੰਦਗੀ ਅਤੇ ਸਭਿਆਚਾਰ ਤਬਾਹ ਕਰਕੇ ਰੱਖ ਦਿੱਤਾ। ਰਹਿੰਦੀ ਕਸਰ ਰਿਹਾਇਸ਼ੀ ਸਕੂਲ ਵਿਵਸਥਾ ਨੇ ਕੱਢ ਦਿੱਤੀ।

ਬੜੇ ਵਿਉਂਤਬੰਦ ਤਰੀਕੇ, ਚਲਾਕੀ ਅਤੇ ਮਕਾਰੀ ਨਾਲ ਮੂਨ ਨਿਵਾਸੀਆਂ ਦੀ ਬੋਲੀ ਇਨ੍ਹਾਂ ਦਾ ਸਭਿਆਚਾਰ ਇਨ੍ਹਾਂ ਦੀ ਨਿਆਂ-ਪ੍ਰਣਾਲੀ ਇਨ੍ਹਾਂ ਦੀ ਜੱਦੀ ਪੁਸ਼ਤੀ ਧਰਤੀ ਇਨ੍ਹਾਂ ਦੇ ਦਰਿਆ, ਪਹਾੜ, ਚਸ਼ਮੇ, ਝੀਲਾਂ ਇਨ੍ਹਾਂ ਦੇ ਗੀਤ, ਨਾਚ, ਰੀਤੀ-ਰਿਵਾਜ ਸਭ ਖੋਹ ਲਏ ਗਏ। ਇਹ ਆਪਣੀ ਧਰਤੀ ਤੇ ਬਿਗਾਨਿਆਂ ਜਾਂ ਅਣਚਾਹਿਆਂ ਵਾਂਗ 'ਵਿਹੜਿਆਂ' (ਰੀਜ਼ਰਵ ਖੇਤਰ) ਵਿਚ ਧੱਕ ਦਿੱਤੇ ਗਏ। ਅੱਜ ਤੱਕ ਇਹ ਆਪਣੇ ਹੱਕਾਂ ਖਾਤਰ ਕਚਹਿਰੀਆਂ ਦੇ ਧੱਕੇ ਖਾਂਦੇ ਫਿਰਦੇ ਹਨ। ਆਬਾਦਕਾਰ ਲੋਕ ਇਨ੍ਹਾਂ ਦੀਆਂ ਔਰਤਾਂ ਨੂੰ ਬਦਚਲਣ, ਵੇਸ਼ਵਾਵਾਂ ਅਤੇ ਹੋਰ ਭੱਦੇ ਸ਼ਬਦ ਦੀ ਸੰਗਿਆ ਦਿੰਦੇ ਹਨ। ਉਹ ਸਮਝਦੇ ਹਨ ਕਿ ਇਹ ਤਾਂ ਸ਼ਰਾਬ, ਨਸ਼ੇ ਅਤੇ ਜਿਸਮ-ਫਰੋਸ਼ੀ ਵਿਚ ਗ੍ਰਸੀ ਹੋਈ ਜ਼ਿੰਦਗੀ ਜਿਉਣ ਜੋਗੀਆਂ ਹੀ ਹਨ। ਜਿਹੜੇ ਹਾਲਾਤ ਆਬਾਦਕਾਰਾਂ ਨੇ ਇਨ੍ਹਾਂ ਲਈ ਬਣਾ ਦਿੱਤੇ ਉਨ੍ਹਾਂ ਵਿਚੋਂ ਬਾਹਰ ਆਉਣਾ ਏਨਾ ਸੁਖਾਲਾ ਨਹੀਂ ਹੈ। ਇਨ੍ਹਾਂ ਦੇ ਘਰਾਂ ਵਿਚ ਸ਼ਰਾਬ, ਨਸ਼ੇ, ਕਲੇਸ਼, ਕੁੱਟਮਾਰ, ਔਰਤਾਂ ਤੇ ਲੜਕੀਆਂ ਨਾਲ ਦੁਰਵਿਵਹਾਰ, ਬਲਾਤਕਾਰ, ਜਬਰਦਸਤੀ, ਗਾਲੀਗਲੋਚ ਵਰਗੀਆਂ ਅਲਾਮਤਾਂ ਆਮ ਵਰਤਾਰਾ ਬਣ ਚੁੱਕਿਆ ਹੈ। ਇਹ ਅਲਾਮਤਾਂ ਇਨ੍ਹਾਂ ਦੇ ਪੁਰਖਿਆਂ ਅਤੇ ਇਨ੍ਹਾਂ ਦੇ ਸਭਿਆਚਾਰ ਦਾ ਕਦੇ ਵੀ ਹਿਸਾ ਨਹੀਂ ਰਹੀਆਂ ਸਨ। ਇਨ੍ਹਾਂ ਨੂੰ ਵਸਦੇ-ਰਸਦਿਆਂ ਨੂੰ ਉਜਾੜਕੇ ਇਨ੍ਹਾਂ ਦੇ ਪੱਲੇ ਪਾਈ ਗਰੀਬ, ਰਿਹਾਇਸ਼ੀ ਸਕੂਲਾਂ ਦਾ ਦੁਰਪ੍ਰਭਾਵ, ਪਰਿਵਾਰਾਂ ਦੀ ਟੁੱਟ-ਭੱਜ ਥਾਂ ਤੋਂ ਕੁਥਾਂ ਹੋਣਾ, ਮਾੜੀਆਂ ਲਾਹਨਤਾਂ ਉਭਰਨ ਦੇ ਮੌਕਿਆਂ ਦੀ ਘਾਟ ਆਦਿ ਨੇ ਇਨ੍ਹਾਂ ਨੂੰ ਇਸ ਹਾਲਤ ਵਿਚ ਪੁਚਾਇਆ ਹੈ।

ਆਰ.ਸੀ.ਐਮ.ਪੀ. (ਕੈਨੇਡਾ ਦੀ ਪੁਲਿਸ) ਦੇ ਆਪਣੇ ਅੰਕੜਿਆਂ ਮੁਤਾਬਕ 1980 ਤੋਂ 2012 ਤੱਕ 1200 ਮੂਲ ਨਿਵਾਸੀ ਔਰਤਾਂ ਅਤੇ ਲੜਕੀਆਂ ਮਾਰੀਆਂ ਗਈਆਂ ਜਾਂ ਗੁੰਮਸ਼ੁਦਾ ਗਰਦਾਨਿਆਂ ਗਿਆ ਹੈ। ਕੈਨੇਡਾ ਦੀ ਨੇਟਿਵ ਵਿਮੈਨ ਐਸੋਸੀਏਸ਼ਨ ਨੇ ਪਿਛਲੇ ਚਾਲੀ ਸਾਲਾਂ ਦੇ ਅੰਕੜੇ ਇਕੱਠੇ ਕੀਤੇ ਹਨ ਜਿਨ੍ਹਾਂ ਮੁਤਾਬਕ ਇਹ ਗਿਣਤੀ 4000 ਦੇ ਕਰੀਬ ਦੱਸੀ ਗਈ ਹੈ। ਬ੍ਰਿਟਿਸ਼ ਕੋਲੰਬੀਆ ਦੇ ਨੇਟਿਵ ਬੱਚਾ ਸੰਭਾਲ ਸੰਸਥਾ ਦੀ ਪ੍ਰਧਾਨ ਮੇਰੀ ਟੀਜੀ ਨੇ ਦਰੁਸਤ ਕਿਹਾ ਹੈ-"ਇਹ ਕਤਲ ਅਤੇ ਗੁੰਮ ਹੋਈਆਂ ਔਰਤਾਂ ਅਤੇ ਲੜਕੀਆਂ ਕਿਸੇ ਦੀਆਂ ਪਿਆਰੀਆਂ ਧੀਆਂ, ਭੈਣਾਂ, ਮਾਵਾਂ, ਭੂਆ, ਮਾਮੀਆਂ, ਮਾਸੀਆਂ, ਚਾਚੀਆਂ, ਤਾਈਆਂ, ਦਾਦੀਆਂ, ਨਾਨੀਆਂ ਜਾਂ ਸਹੇਲੀਆਂ ਸਨ ਜਿਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਪਿਆਰ ਕਰਨ ਵਾਲੇ ਸਨ ਅਤੇ ਉਹ ਸਾਰੀਆਂ ਸਮਾਜ ਦਾ ਮਹੱਤਵਪੂਰਨ ਅੰਗ ਹਨ। ਇਸ ਸਮੇਂ ਬੱਚਾ ਭਲਾਈ ਸਿਸਟਮ (ਚਾਈਲਡ ਵੈਲਫੇਅਰ ਸਿਸਟਮ) ਅੰਦਰ ਉਸ ਤੋਂ ਵੀ ਵੱਧ ਬੱਚੇ ਹਨ ਜਿੰਨੇ ਰਿਹਾਇਸ਼ੀ (ਰੈਜ਼ੀਡੈਂਸ਼ਲ) ਸਕੂਲਾਂ ਵਿਚ ਸਿਖਰ ਵੇਲੇ ਸਨ। ਅਸਲ ਵਿਚ ਤਾਂ ਇਸ ਸਿਸਟਮ ਨੂੰ ਰਿਹਾਇਸ਼ੀ ਸਕੂਲਾਂ ਦੀ ਦੂਜੀ ਪੀੜ੍ਹੀ ਕਿਹਾ ਜਾਂਦਾ ਹੈ।"

ਇਨ੍ਹਾਂ ਔਰਤਾਂ ਤੇ ਕੁੜੀਆਂ ਨੂੰ ਕਿਵੇਂ ਘਰੋਂ ਬੇਘਰ ਹੋਣਾ ਪੈਂਦਾ ਹੈ, ਕਿਵੇਂ ਇਨ੍ਹਾਂ ਦੇ ਆਪਣੇ ਇਨ੍ਹਾਂ ਤੋਂ ਬੇਮੁਖ ਹੋ ਜਾਂਦੇ ਹਨ; ਕਿਵੇਂ ਸਰਕਾਰੀ ਅਦਾਰੇ ਅਤੇ ਪੁਲਿਸ ਇਨ੍ਹਾਂ ਦੀ ਸਲਾਮਤੀ ਤੋਂ ਲਾਪ੍ਰਵਾਹ ਰਹਿੰਦੇ ਹਨ, ਕਿਵੇਂ ਇਹ ਸਾਰੇ ਇਨ੍ਹਾਂ ਪ੍ਰਤੀ ਆਪਣਾ ਕੋਈ ਫਰਜ਼ ਨਹੀਂ ਸਮਝਦੇ। ਜਿਵੇਂ ਇਹ ਹਾਲਾਤ ਦੀਆਂ ਸਤਾਈਆਂ ਹੋਈਆਂ ਇਨਸਾਨ ਹੀ ਨਾ ਹੋਣ। ਕਿਵੇਂ ਇਨ੍ਹਾਂ ਨੂੰ ਗਲਤ ਕੰਮਾਂ ਲਈ ਵਰਤਕੇ ਅਤੇ ਆਪਣੀ ਗੰਦੀ ਹਵਸ਼ ਮਿਟਾਕੇ ਇਨ੍ਹਾਂ ਨੂੰ ਮਾਰ-ਮੁਕਾਇਆ ਜਾਂਦਾ ਹੈ ਤੇ ਕਿਵੇਂ ਹੱਤਿਆਰੇ ਬੇਖੌਫ਼ ਵਿਚਰਦੇ ਹਨ, ਕਿਵੇਂ ਇਨਸਾਫ਼ ਦੋਸ਼ੀਆਂ ਨੂੰ ਸਜ਼ਾ ਦੇਣ ਤੋਂ ਅੱਖਾਂ ਮੀਚ ਲੈਂਦਾ ਹੈ, ਕਿਵੇਂ ਨਸਲਵਾਦ (ਰੇਸਿਜ਼ਮ) ਭਾਰੂ ਰਹਿੰਦਾ ਹੈ।

ਇਹ ਸਭ ਸਮਝਣ ਲਈ ਅਜਿਹੇ ਹਾਲਾਤ ਦੀ ਸ਼ਿਕਾਰ ਇਕ ਚੰਗੀ ਭਲੀ ਕੁੜੀ ਦਾ ਸੰਖੇਪ ਬਿਰਤਾਂਤ ਮਿਸਾਲ ਵਜੋਂ ਲਿਆ ਜਾ ਸਕਦਾ ਹੈ। ਇਹ ਸੀ ਨੇਟਿਵ ਕੁੜੀ - ਟੀਨਾ ਫੌਂਟੇਨ ਜੋ ਵਿਨੀਪੈਗ ਤੋਂ ਉੱਤਰ ਵੱਲ ਹਾਈਵੇ 59 'ਤੇ ਸਥਿਤ ਸਾਗਕੀਂਗ ਫਸਟ ਨੇਸ਼ਨ ਰੀਜ਼ਰਵ ਦੇ ਰਹਿਣ ਵਾਲੀ ਸੀ। ਸਾਗਕੀਂਗ ਉਸਦੀ ਓਜੀਬਵੇਅ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ 'ਦਰਿਆ ਦਾ ਮੂੰਹ' (ਵਿਨੀਪੈਗ ਦਰਿਆ)। ਇਸ ਨੇਸ਼ਨ ਨੇ 1871 ਵਿਚ ਪਹਿਲੀ ਸੰਧੀ (ਟਰੀਟੀ 1) ਤੇ ਦਸਤਖਤ ਕੀਤੇ ਸਨ।

ਤੀਹ ਜੂਨ 2014 ਵਾਲੇ ਦਿਨ ਥੈਲਮਾ ਦੇ ਬੇਟਾ ਬੇਟਾ ਟੀਨਾ ਫੌਂਟੇਨ ਨੂੰ ਲੈ ਕੇ ਉਸਦੀ ਮਾਂ ਵੇਲੈਂਟਿਨਾ ਦੇ ਘਰ ਸਾਹਮਣੇ ਪਹੁੰਚੇ ਤਾਂ ਦਰਵਾਜ਼ਾ ਬੰਦ ਸੀ। ਟੀਨਾ ਦੇ ਜ਼ਿੱਦ ਕਰਨ 'ਤੇ ਉਨ੍ਹਾਂ ਨੇ ਉਸ ਨੂੰ ਨੇੜੇ ਹੀ ਉਸ ਦੀ ਮਾਮੀ ਐਂਜੀ ਡੱਕ ਕੇ ਘਰ ਛੱਡ ਦਿੱਤਾ। ਮਗਰੋਂ ਵੇਲੈਂਟਿਨਾ ਉਸ ਨੂੰ ਘਰ ਲੈ ਗਈ ਜਿਥੇ ਸ਼ਰਾਬ ਵਿਚ ਧੁੱਤ ਮਾਂ ਨੇ ਟੀਨਾ ਨੂੰ ਬੁਰੀ ਤਰ੍ਹਾਂ ਕੁੱਟਿਆ। ਉਸ ਤੋਂ ਕੋਈ ਹਫ਼ਤਾ-ਦਸ ਦਿਨ ਬਾਅਦ ਐਂਜੀ ਨੇ ਟੀਨਾ ਨੂੰ ਉਸ ਦੇ ਸਾਗਕੀਂਗ ਵਾਲੇ ਦੋਸਤ ਲੈਰੀ ਡੂਮਾਸ ਨਾਲ ਵੇਖਿਆ। ਜਦੋਂ 22 ਜੁਲਾਈ ਨੂੰ ਟੀਨਾ ਫੇਰ ਮਾਮੀ ਦੇ ਘਰ ਆਈ ਤਾਂ ਉਸ ਦੇ ਨਾਲ ਕੋਡੀ ਨਾਂ ਦਾ ਉਸ ਦਾ ਨਵਾਂ ਦੋਸਤ ਸੀ। ਇਕ ਦਿਨ ਪਰਿਵਾਰਕ ਮਿਲਣੀ ਦੌਰਾਨ ਟੀਨਾ ਰਾਤ ਨੂੰ, ਬਿਨਾਂ ਦੱਸੇ ਮਾਸੀ ਦੇ ਘਰੋਂ ਖਿਸਕ ਗਈ। ਵੇਲੈਂਟਿਨਾ ਦਾ ਇਕ ਦੋਸਤ ਜੋਜ਼ਫ਼ ਨਾਨਾ ਕੋਵੈਪ ਦੂਰ ਦੇ ਰਿਜ਼ਰਵ ਲੇਕ ਸੇਂਟ ਮਾਰਟਿਨ ਦਾ ਰਹਿਣ ਵਾਲਾ ਸੀ ਜੋ ਓਜਿਬਵੇਅ ਭਾਸ਼ਾ ਬੋਲਦਾ ਸੀ। ਊ ਦ ਦੱਣ ਮੁਤਾਬਕ ਉਸ ਨੇ ਟੀਨਾ ਨੂੰ ਕੋਡੀ ਮੈਸਨ ਨਾਲ ਜੁਲਾਈ ਦੇ ਅਖੀਰ ਅਤੇ ਅਗਸਤ ਦੇ ਸ਼ੁਰੂ ਵਿਚ ਕਈ ਵੇਰਾਂ ਵੇਖਿਆ ਸੀ। ਆਖਰੀ ਵਾਰ ਟੀਨਾ ਤੇ ਕੋਡੀ ਉਸ ਦੇ ਘਰ ਰਾਤ ਕੱਟ ਕੇ ਗਏ ਸੀ। ਇਨ੍ਹਾਂ ਦਿਨਾਂ ਵਿਚ ਟੀਨਾ ਦੇ ਪਿਤਾ ਦੇ ਦੋਸਤ ਸਟੀਵ ਵਾਈਟਰਸਟ ਨੇ ਵੀ ਉਸ ਨੂੰ ਕੋਡੀ ਨਾਲ ਵੇਖਿਆ ਸੀ। ਟੀਨਾ ਦੀ ਇਕ ਹੋਰ ਰਿਸ਼ਤੇਦਾਰ ਲਾਨਾ ਫੌਂਟੇਨ ਨੇ ਵੀ ਉਸ ਨੂੰ ਕੋਡੀ ਨਾਲ ਕਈ ਵੇਰਾਂ ਵੇਖਿਆ ਸੀ। ਆਖਰੀ ਵਾਰ ਟੀਨਾ ਅਗਸਤ ਦੇ ਪਹਿਲੇ ਲਾਂਗ ਵੀਕਐਂਡ ਤੇ ਵਿਨੀਪੈਗ ਯੂਨੀਵਰਸਿਟੀ ਦੇ ਲਾਗੇ ਉਨ੍ਹਾਂ ਦੇ ਘਰ ਦੋ ਰਾਤਾਂ ਠਹਿਰੀ ਸੀ।

ਇਹ ਸਾਰੇ ਜਾਣਦੇ ਸਨ ਕਿ ਟੀਨਾ ਘਰੋਂ ਭੱਜੀ ਹੋਈ ਹੈ ਅਤੇ ਆਪਣੀ ਸਕੀ ਮਾਂ ਨਾਲ ਵੀ ਲੜੀ ਹੋਈ ਹੈ ਪਰ ਕਿਸੇ ਨੇ ਵੀ ਨਾਂ ਤਾਂ ਥੈਲਮਾ ਨੂੰ ਇਸ ਬਾਰੇ ਸੂਚਿਤ ਕੀਤਾ, ਨਾ ਉਸ ਨੂੰ ਆਪਣੇ ਰੱਖਿਆ ਅਤੇ ਨਾ ਹੀ ਉਸ ਦੇ ਘਰ ਸਾਗਕੀਂਗ ਭੇਜਣ ਦਾ ਉਪਰਾਲਾ ਕੀਤਾ। ਉਨ੍ਹਾਂ ਸਾਰਿਆਂ ਦੀ ਲਾਪ੍ਰਵਾਹੀ ਆਖਰ ਬੜੀ ਭਿਆਨਕ ਅਣਗਹਿਲੀ ਹੋ ਗੁਜ਼ਰੀ। ਲਾਨਾ ਦੀ ਭੈਣ ਰੋਬਿਨ ਫੌਂਟੇਨ ਦੇ ਕਹਿਣ ਮੁਤਾਬਕ ਟੀਨਾ ਦੀ ਮਾਂ ਉਸ ਨੂੰ ਜਿਸਮ ਫਰੋਸ਼ੀ ਦੇ ਧੰਦੇ ਵਿਚ ਪਾਉਣਾ ਚਾਹੁੰਦੀ ਸੀ ਜਿਸ ਤੋਂ ਟੀਨਾ ਦਾ ਉਸ ਨਾਲ ਝਗੜਾ ਹੋਇਆ ਸੀ। ਵੇਲੈਂਟਿਨਾ ਦਾ ਪੱਖ ਇਹ ਸੀ ਕਿ ਖੁਦ ਉਸ ਨੂੰ ਵੀ ਨਿੱਕੀ ਹੁੰਦੀ ਨੂੰ ਇਸ ਪੇਸ਼ੇ ਵਿਚ ਧੱਕਿਆ ਗਿਆ ਸੀ। ਕੋਈ ਦੋ ਸਾਲ ਮਗਰੋਂ ਲਾਨਾ ਦੀ ਧੀ ਜੀਨੈਂਨੀ ਫੌਂਟੇਨ ਉਪਰ ਵੀ ਕਿਸੇ ਅੱਲ੍ਹੜ ਕੁੜੀ ਨੂੰ ਵੇਸ਼ਵਾਪੁਣੇ ਵਿਚ ਧੱਕਣ ਦਾ ਦੋਸ਼ ਲੱਗਿਆ ਸੀ ਤੇ ਉਸ ਦੇ ਆਪਣੇ ਨਾਲ ਵੀ ਅਜਿਹਾ ਵਾਪਰਿਆ ਸੀ। ਉਸ ਤੋਂ ਇਕ ਸਾਲ ਬਾਅਦ ਜੀਨੈਂਨੀ ਵਿਨੀਪੈਗ ਦੇ ਨਾਰਥ ਐਂਡ ਦੇ ਇਕ ਡਰੱਗ ਹਾਊਸ ਵਿਚ ਕਿਸੇ ਦੀ ਗਲਤੀ ਨਾਲ ਗੋਲੀ ਦਾ ਸ਼ਿਕਾਰ ਹੋ ਗਈ ਸੀ। ਲਗਦਾ ਹੈ ਕਿ ਹਿੰਸਾ ਨਸ਼ੇ ਅਤੇ ਬਿਖਰਾਓ ਟੀਨਾ ਨੂੰ ਵਿਰਸੇ ਵਿਚ ਮਿਲੇ ਸਨ। ਉਹ ਸਾਰੇ ਮੰਨਦੇ ਸਨ ਕਿ ਟੀਨਾ ਦੀ ਬੇਲੋੜੀ ਖੁੱਲ੍ਹ ਨੂੰ ਕਿਸੇ ਨੇ ਨੱਥ ਪਾਉਣ ਦਾ ਉਪਰਾਲਾ ਨਹੀਂ ਕੀਤਾ।

ਪਿਛੋਕੜ ਵਜੋਂ ਟੀਨਾ ਸਾਗਕਾਂਗ ਰੀਜ਼ਰਵ ਨਾਲ ਸਬੰਧਤ ਸੀ। ਯੂਜੀਨ ਫੌਂਟੇਨ ਨੇ ਵਿਨੀਪੈਗ ਵਿਖੇ ਰਹਿੰਦਿਆਂ ਕਰੀ ਕਬੀਲੇ ਦੀ ਇਕ ਬਾਰਾਂ ਸਾਲਾ ਲੜਕੀ ਵੇਲੈਂਟੀਨਾ ਡੱਕ ਨਾਲ ਰਿਸ਼ਤਾ ਬਣਾ ਲਿਆ ਸੀ। ਉਹ ਸ਼ਰਾਬੀ ਅਤੇ ਹੋਰ ਨਸ਼ਿਆਂ ਦਾ ਆਦੀ ਸੀ। ਵੇਲੈਂਟਿਨਾ ਨੇ 14 ਸਾਲ ਦੀ ਉਮਰ ਵਿਚ ਇਕ ਬੱਚੇ ਨੂੰ ਜਨਮ ਦਿੱਤਾ, ਪਹਿਲੀ ਜਨਵਰੀ 1999 ਵਾਲੇ ਦਿਨ ਟੀਨਾ ਮਿਸ਼ੇਲ (ਫੌਂਟੇਨ) ਨੂੰ ਅਤੇ ਅਗਲੇ ਸਾਲ ਧੀ ਸਾਰਾ ਨੂੰ ਜਨਮ ਦਿੱਤਾ। ਜਦੋਂ 2001 ਵਿਚ ਜੋੜਾ ਅਲੱਗ ਹੋ ਗਿਆ ਤਾਂ ਦੋਵੇਂ ਬੱਚੀਆਂ ਕੁਝ ਚਿਰ ਲਈ ਚਾਈਲਡ ਐਂਡ ਫੈਮਿਲੀ ਸਰਵਿਸਜ਼ (ਸੀ.ਐਫ. ਐਸ.) ਵਿਚ ਰਹਿਣ ਮਗਰੋਂ ਆਪਣੇ ਪਿਤਾ ਨਾਲ ਰਹੀਆਂ। ਇਸ ਸਮੇਂ ਯੂਜੀਨ ਨੂੰ ਕੈਂਸਰ ਹੋਣ ਦਾ ਪਤਾ ਲੱਗਿਆ ਅਤੇ ਦੋਵੇਂ ਬੱਚੀਆਂ ਯੂਜੀਨ ਦੀ ਆਂਟੀ ਥੈਲਮਾ ਨਾਲ ਸਾਗਕੀਂਗ ਵਿਖੇ ਰਹਿਣ ਲੱਗ ਪਈਆਂ। 31 ਅਕਤੂਬਰ 2011 ਨੂੰ 41 ਸਾਲ ਦੀ ਉਪਰ ਵਿਚ ਯੂਜੀਨ ਆਪਣੇ ਦੋ ਦੋਸਤਾਂ ਨਾਲ ਝਗੜੇ ਸਮੇਂ ਸਿਰ ਦੀ ਸੱਟ ਨਾਲ ਮਰ ਗਿਆ।

ਰੀਜ਼ਰਵ ਸਕੂਲ ਤੋਂ ਮਗਰੋਂ ਟੀਨਾ ਤੇ ਸਾਰਾ ਨੂੰ ਪਾਵਰ ਵਿਊ ਪਾਈਨ ਫਾਲਜ਼ ਦੇ ਹਾਈ ਸਕੂਲ ਵਿਚ ਲਾਇਆ ਗਿਆ। ਨਵੇਂ ਸਾਲ ਦੇ ਪਹਿਲੇ ਦਿਨ ਆਪਣੇ ਜਨਮ ਦਿਨ 'ਤੇ 2014 ਨੂੰ 15 ਸਾਲ ਦੀ ਟੀਨਾ ਨੇ ਆਪਣੇ ਸਰੀਰ ਦੇ ਪਿਛਲੇ ਪਾਸੇ ਟੈਟੂ ਖੁਣਵਾਇਆ। ਯੂਜੀਨ ਦੇ ਜਨਮ ਅਤੇ ਮੌਤ ਦੀ ਮਿਤੀ, ਆਸੇ ਪਾਸੇ ਇੱਲ੍ਹ ਦੇ ਪਰ। ਮਗਰੋਂ ਇਹੀ ਉਸਦੀ ਸ਼ਨਾਖਤ ਦਾ ਜ਼ਰੀਆ ਬਣਨਗੇ। ਟੀਨਾ ਭੰਗ ਪੀਣ ਲੱਗ ਪਈ ਤਾਂ ਉਸ ਨੂੰ ਸਕੂਲੋਂ ਕੱਢ ਦਿੱਤਾ ਗਿਆ। ਉਸ ਨੇ ਨਵੇਂ ਦੋਸਤ ਬਣਾ ਕੇ ਆਨਲਾਈਨ ਕਾਮ-ਉਕਸਾਊ ਸੈਲਫੀਆਂ ਪਾਉਣਗੀਆਂ ਸ਼ੁਰੂ ਕਰ ਦਿੱਤੀਆਂ। ਦੋ ਮਾਰਚ 2014 ਦੀ ਸਵੇਰੇ ਜਦੋਂ ਥੈਲਮਾ ਨੇ ਪੁਲਿਸ ਨੂੰ ਟੀਮਾ ਦੇ ਗੁੰਮ ਹੋਣ ਦੀ ਰਿਪੋਰਟ ਕੀਤੀ ਤਾਂ ਉਹ ਆਪਣੀ ਮਾਂ ਕੋਲ ਸੀ। ਵਾਪਸ ਆ ਕੇ ਟੀਨਾ ਨੇ ਵਿਨੀਪੈਗ ਜਾਣ ਦੀ ਤੱਦੀ ਮਚਾਈ ਤਾਂ ਮਜਬੂਰ ਹੋ ਕੇ ਥੈਲਮਾ ਨੇ ਆਪਣੇ ਪੁੱਤਰ ਬਰਾਇਨ ਅਤੇ ਧੀ ਸਾਮੰਥਾ ਨੂੰ ਕਾਰ ਰਾਹੀਂ ਟੀਨਾ ਨਾਲ ਭੇਜ ਦਿੱਤਾ ਸੀ।

23 ਜੁਲਾਈ ਨੂੰ ਟੀਨਾ ਨਾਰਥ ਐਂਡ ਦੇ ਨੀਤੀਨੇਵ ਗਰੁੱਪ ਹੋਮ ਵਿਚ ਸਾਊਥ ਈਸਟ ਸੀ. ਐਫ. ਐਸ. ਵਿਚ ਭੇਜੀ ਗਈ ਸੀ। ਜਦੋਂ ਉਹ 26 ਜੁਲਾਈ ਨੂੰ ਬਾਹਰ ਗਈ ਵਾਪਸ ਨਾ ਪਰਤੀ ਤਾਂ ਉਸ ਦੇ ਗੁੰਮ ਹੋਣ ਦੀ ਰਿਪੋਰਟ ਕੀਤੀ ਗਈ। ਉਹ 28 ਜੁਲਾਈ ਨੂੰ ਆਪੇ ਪਰਤ ਆਈ ਪਰ ਅਗਲੇ ਹੀ ਦਿਨ ਫਿਰ ਚਲੀ ਗਈ। ਗੁੰਮ ਹੋਣ ਦੀ ਰਿਪੋਰਟ ਫੇਰ ਕੀਤੀ ਗਈ। ਮਗਰੋਂ ਕਈ ਜਣਿਆਂ ਦੇ ਦੱਸਣ ਮੁਤਾਬਕ ਉਨ੍ਹਾਂ ਨੇ ਅੱਡੋ-ਅੱਡ ਸਮੇਂ 'ਤੇ ਟੀਨਾ ਨੂੰ ਨਾਰਥ ਐਂਡ ਦੀਆਂ ਬਦਨਾਮ ਗੀਆਂ ਵਿਚ ਆਪਣੇ ਦੋਸਤ ਨਾਲ ਬੈਠਿਆਂ ਜਾਂ ਘੁੰਮਦਿਆਂ ਜਾਂ ਨਸ਼ਾ ਕਰਦਿਆਂ ਤੇ ਵੇਚਦਿਆਂ ਵੇਖਿਆ ਸੀ। ਇਕ ਔਰਤ ਨੇ ਟੀਨਾ ਨੂੰ 3 ਅਗਸਤ ਐਤਵਾਰ ਵਾਲੇ ਦਿਨ ਪੋਰੇਟੇਜ ਪਲੇਸ ਵਿਖੇ ਵੇਖਿਆ ਸੀ, 'ਫੇਰ 7 ਅਗਸਤ ਨੂੰ ਸਪੈਂਸ ਤੋਂ ਤਿੰਨ ਗਲੀਆਂ ਅੱਗੇ ਫਰਬੀ ਸਟਰੀਟ 'ਤੇ ਕਿਸੇ ਕੀਨੀਅਨ ਅਤੇ ਨਾਇਜ਼ੀਰੀਅਨ ਦੇ ਵਸੇਰੇ ਤੋ ਗੰਦੇ ਚਿੱਟੇ ਕੰਬਲ ਵਿਚ ਪਈ ਵੇਖਿਆ ਸੀ। ਕਈ ਵਸੀਲਿਆਂ ਤੋਂ ਮਿਲੀ ਜਾਣਕਾਰੀ ਇਹੋ ਦਰਸਾਉਂਦੀ ਸੀ। ਟੀਨਾ ਥੋੜ੍ਹੀ ਮਾਤਰਾ ਵਿਚ ਭੰਗ ਵੇਚਦੀ ਸੀ। ਕੈਟਰੀਨਾ ਨਾਮ ਦੀ ਇਕ ਅਠਾਰਾਂ ਸਾਲਾ ਲੜਕੀ ਦੇ ਦੱਸਣ ਮੁਤਾਬਕ ਉਹ ਟੀਨਾ ਨੂੰ ਪਹਿਲੀ ਵਾਰ 7 ਅਗਸਤ ਨੂੰ ਲਾਂਗ ਸਾਈਡ ਅਤੇ ਐਲਿਸ ਦੇ ਵੈਸਟ ਐਂਡ ਕਾਰਨਰ 'ਤੇ ਮਿਲੀ ਸੀ। ਉਸ ਨੇ ਪੁਲਿਸ ਨੂੰ ਸੂਚਿਤ ਕੀਤਾ ਕਿ ਇਕ ਛੋਟੀ ਉਮਰ ਦੀ ਲੜਕੀ ਗਲੀਆਂ ਵਿਚ ਜਿਸਮ ਵੇਚਦੀ ਫਿਰਦੀ ਸੀ। ਉਹ ਕੈਟਰੀਨਾ ਨੂੰ ਫਰਬੀ ਸਟਰੀਟ 'ਤੇ ਫਿਰ ਮਿਲੀ ਤੇ ਭੰਗ ਦੇ ਚਸਕੇ ਲੈ ਰਹੀ ਸੀ। ਟੀਨਾ ਨੇ ਦੱਸਿਆ ਕਿ ਉਹ ਕੁਝ ਸਮੇਂ ਤੋਂ ਮੈਥ, ਕਰੈਕ ਅਤੇ ਭੰਗ ਵਰਤਦੀ ਆ ਰਹੀ ਹੈ। ਕੈਟਰੀਨਾ ਨੇ ਖੁਦ ਆਪਣੀ ਹੱਡਬੀਤੀ ਦੇ ਅਧਾਰ 'ਤੇ ਮਹਿਸੂਸ ਕੀਤਾ ਕਿ ਜਦੋਂ ਕੋਈ ਤੁਹਾਡਾ ਨਾ ਹੋਵੇ ਤਾਂ ਤੁਸੀਂ ਇਕੱਲੇਪਣ ਵਿਚ ਜਜ਼ਬਾਤੀ ਅਤੇ ਦਿਮਾਗੀ ਤੌਰ 'ਤੇ ਕਿਸ ਹਾਲਤ ਵਿਚ ਵਿਚਰਦੇ ਹੋ। ਜਦੋਂ ਉਹ ਗਲੀ ਵਿਚ ਘੁੰਮ ਰਹੀਆਂ ਸਨ ਤਾਂ ਵੱਡੇ ਤੜਕੇ ਇਕ ਕਾਲੇ ਰੰਗ ਦਾ ਟਰੱਕ ਆਇਆ ਅਤੇ ਟੀਨਾ ਉਸ ਵਿਚ ਚੜ੍ਹ ਗਈ। ਇਕ ਪੁਲਿਸ ਕਾਰ ਨੇ ਟਰੱਕ ਦਾ ਪਿਛਾ ਕਰਕੇ ਡਰਾਈਵਰ ਨੂੰ ਫੜ ਲਿਆ ਪਰ ਟੀਨਾ ਨੂੰ ਜਾਣ ਦਿੱਤਾ।

ਅੱਠ ਅਗਸਤ, ਸ਼ੁੱਕਰਵਾਰ ਨੂੰ, ਸਵੇਰੇ ਦਸ ਵਜੇ ਵੈਸਟ ਐਂਡ ਦੀ ਓ ਬ੍ਰੋਰਨ ਬਿਲਡਿੰਗ ਦੀ ਪਾਰਕਿੰਗ ਵਿਚ ਇਕ ਪਾਰਕ ਕੀਤੀ ਕਾਰ ਦੇ ਪਿਛੇ ਵਰ੍ਹਦੇ ਮੀਂਹ ਵਿਚ ਟੀਨਾ ਸੁੱਤੀ ਪਈ ਸੀ। ਸਕਿਉਰਿਟੀ ਗਾਰਡ ਨੇ ਫੋਨ ਕਰਨ 'ਤੇ ਐਂਬੂਲੈਂਸ ਆਈ ਤੇ ਟੀਨਾ ਨੂੰ ਬੱਚਿਆਂ ਦੇ ਹਸਪਤਾਲ ਦੇ ਐਮਰਜੈਂਸੀ ਰੂਮ ਵਿਚ ਪੁਚਾ ਦਿੱਤਾ। ਉਸ ਨੇ ਖੂਨ ਦੇ ਨਮੂਨੇ ਲਏ ਗਏ ਸ਼ਾਮ ਦੇ ਸਾਢੇ ਤਿੰਨ ਵਜੇ ਨਮੂਨਿਆਂ ਦੀ ਪਰਖ ਦੇ ਨਤੀਜੇ ਆਏ ਕਿ ਟੀਨਾ ਸ਼ਰਾਬ ਪੀਂਦੀ ਰਹੀ ਸੀ। ਟੌਕਸੀਨਾਲੋਜੀ ਸਕਰੀਨ ਦੇ ਨਤੀਜੇ ਦਰਸਾਉਂਦੇ ਸਨ ਕਿ ਟੀਨਾ ਐਂਫੀਟਾਮਾਈਨ, ਭੰਗ ਅਤੇ ਕੋਕੀਨ ਵਰਤਦੀ ਰਹੀ ਸੀ। ਡਾਕਟਰ ਵਿਲਕੀ ਗਿਲਮੋਰ ਨੇ ਉਸ ਨੂੰ ਹਸਪਤਾਲ ਤੋਂ ਛੁੱਟੀ ਕਰਕੇ ਸੀ. ਐਫ. ਐਸ. ਭੇਜ ਦਿੱਤਾ। ਟੀਨਾ ਦੀ ਫਾਈਲ ਵਿਚ ਦਰਜ ਸੀ ਕਿ ਉਹ ਪੋਰਟੇਜ ਪਲੇਸ 'ਤੇ ਘੁੰਮਦੀ ਰਹਿੰਦੀ ਸੀ ਜਿਥੇ ਉਹ ਜਿਸਮ ਫਰੋਸ਼ੀ ਅਤੇ ਨਸ਼ਿਆਂ ਦੇ ਦੱਲਿਆਂ ਦੇ ਸੰਪਰਕ ਵਿਚ ਆ ਸਕਦੀ ਸੀ। ਇਹ ਵੀ ਦਰਜ ਸੀ ਕਿ ਟੀਨਾ ਦੇ ਰਿਸ਼ਤੇਦਾਰ ਹੁੰਦਿਆਂ ਵੀ ਕੋਈ ਉਸ ਨੂੰ ਰਹਿਣ ਲਈ ਪੱਕਾ ਟਿਕਾਣਾ ਨਹੀਂ ਸੀ ਦੇ ਰਿਹਾ। ਟੀਨਾ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਦਾ ਸਾਈਕਲ ਗੁਆਚ ਗਿਆ ਹੈ ਅਤੇ ਬਾਹਰ ਸਾਲਾ ਮੈਥ ਦਾ ਆਦੀ ਸਬਾਸਚੀਅਨ ਨਾਮ ਦਾ ਆਦਮੀ ਉਸ ਨੂੰ ਹੋਰ ਸਾਈਕਲ ਲੈ ਕੇ ਦੇਵੇਗਾ। ਟੀਨਾ ਨੂੰ ਡਾਊਨ ਟਾਊਨ ਦੇ ਬੈਸਟ ਵੈਸਟਰਨ ਚਾਰਟਰ ਹਾਊਸ ਹੋਟਲ ਵਿਚ ਭਲਾਈ ਸੰਸਥਾ ਦੁਆਰਾ ਕਮਰਾ ਲੈ ਦਿੱਤਾ। ਉਹ ਅੱਧੇ ਘੰਟੇ ਬਾਅਦ ਹੀ ਗਿਆਰਾਂ ਵਜੇ ਵਾਪਸ ਆਉਣ ਬਾਰੇ ਕਹਿ ਦੇ ਚਲੀ ਗਈ ਉਸ ਦੇ ਹਸਪਤਾਲ ਵਾਲੇ ਕੱਪੜੇ ਹੀ ਪਾਏ ਹੋਏ ਸਨ। ਉਹ ਨਾ ਪਰਤੀ। ਅਗਲੇ ਦਿਨ ਦੁਪਹਿਰ ਬਾਅਦ ਦੋ ਵਜੇ ਸੀ. ਐਫ. ਐਸ. ਨੇ ਪੁਲਿਸ ਨੂੰ ਗੁੰਮਸ਼ੁਦਗੀ ਦੀ ਰਿਪੋਰਟ ਕਰ ਦਿੱਤੀ। ਇਹ ਅਜਿਹੀ ਆਖਰੀ ਰਿਪੋਰਟ ਸੀ।

ਕੈਟਰੀਨਾ ਦੇ ਦੱਸਣ ਮੁਤਾਬਕ ਟੀਨਾ ਸਾਗਕੀਂਗ ਜਾਣਾ ਚਾਹੁੰਦੀ ਸੀ ਜਿਥੇ ਉਸ ਨੂੰ ਪਿਆਰ ਮਿਲਦਾ ਸੀ। ਸ਼ਨੀਵਾਰ, 9 ਅਗਸਤ, ਸਵੇਰੇ ਚਾਰ ਵਜੇ ਜਦੋਂ ਕੈਟਰੀਨਾ ਅਤੇ ਟੀਨਾ ਐਲਿਸ ਐਵਿਨਿਊ 'ਤੇ ਬੈਠੀਆਂ ਸਿਗਰਟਾਂ ਪੀ ਰਹੀਆਂ ਸਨ ਤਾਂ ਇਕ ਕਾਲੇ ਆਦਮੀ ਦੇ ਕਹਿਣ 'ਤੇ ਟੀਨਾ ਵੀਹ ਡਾਲਰ ਕਮਾਉਣ ਖਾਤਰ ਉਸ ਨਾਲ ਚਲੀ ਗਈ। ਉਸ ਤੋਂ ਬਾਅਦ ਕੈਟਰੀਨਾ ਦੁਆਰਾ ਲੱਭਣ ਦੀ ਕੋਸ਼ਿਸ਼ ਕਰਨ 'ਤੇ ਵੀ ਟੀਨਾ ਨਹੀਂ ਮਿਲੀ ਅਤੇ ਹਨ੍ਹੇਰੇ ਵਿਚ ਗਾਇਬ ਹੋ ਗਈ। ਬਾਅਦ ਵਿਚ ਪੁਲਿਸ ਨੂੰ ਇਕ ਔਰਤ ਨੇ ਫੋਨ ਕਰਕੇ ਜਾਣਕਾਰੀ ਦਿੱਤੀ ਸੀ ਕਿ ਉਸ ਸ਼ਨੀਵਾਰ ਨੂੰ ਮਗਰੋਂ ਮਿਲੇਨੀਆ ਲਾਇਬ੍ਰੇਰੀ ਕੋਲ ਬਸ ਸਟਾਪ 'ਤੇ ਟੀਨਾ ਨੇ ਉਸ ਤੋਂ ਸਿਗਰਟ ਮੰਗੀ ਸੀ। ਟੀਨਾ ਨੇ ਉਸ ਔਰਤ ਦੇ ਘਰ ਜਾਣ ਦੀ ਇੱਛਾ ਜਤਾਈ ਪਰ ਉਸ ਔਰਤ ਨੇ ਨਾਂਹ ਕਰਦਿਆਂ ਉਸ ਨੂੰ ਬੱਸ ਦੀ ਟਿਕਟ ਦੇ ਦਿੱਤੀ। ਇਸੇ ਤਰ੍ਹਾਂ ਦੀ ਜਾਣਕਾਰੀ ਰਾਬਰਟ ਸਾਂਗੋ ਨਾਂ ਦੇ ਆਦਮੀ ਨੇ ਵੀ ਦਿੱਤੀ ਕਿ 6 ਅਗਸਤ, ਬੁੱਧਵਾਰ ਦੀ ਰਾਤ ਨੂੰ ਦਸ ਵਜੇ ਉਹ ਇਕ ਬੱਸ ਸਟਾਪ 'ਤੇ ਬੈਠਾ ਸਿਗਰਟ ਪੀ ਰਿਹਾ ਸੀ ਜਦੋਂ ਇਕ ਲੜਕੀ ਭੱਜੀ ਆਈ; ਉਸ ਨੇ ਫੋਨ ਬੂਥ 'ਤੇ ਕਾਲ ਕੀਤੀ ਉਸ ਕੋਲ ਆਈ ਤੇ ਸਿਗਰਟ ਮੰਗੀ। ਟੀਨਾ ਨੇ ਉਸ ਨੂੰ ਦੱਸਿਆ ਸੀ ਕਿ ਪਿਛਲੀ ਸ਼ਾਮ ਉਹ ਇਕ ਸਹੇਲੀ ਅਤੇ ਉਸ ਦੇ ਦੋਸਤ ਨਾਲ ਉਸ ਦੇ ਘਰ ਗਈ ਸੀ। ਜਦੋਂ ਜੋੜਾ ਉਪਰ ਚਲਿਆ ਗਿਆ ਤਾਂ ਉਸ ਕੋਲ ਬੈਠੇ ਇਕ ਬੁੱਢੇ ਆਦਮੀ ਨੇ ਉਸ ਨੂੰ ਛੇੜਨਾ ਸ਼ੁਰੂ ਕਰ ਦਿੱਤਾ। ਉਹ ਚੀਕ ਕੇ ਬਾਹਰ ਨਿਕਲੀ। ਟੀਨਾ ਨੇ ਦੱਸਿਆ ਸੀ ਕਿ ਉਸ ਬੁੱਢੇ ਨੇ ਟਰੱਕ ਚੋਰੀ ਕੀਤਾ ਸੀ ਜਿਸ ਦੀ ਸੂਚਨਾ ਦੇਣ ਲਈ ਉਹ ਪੁਲਿਸ ਨੂੰ ਫੋਨ ਕਰਕੇ ਆਈ ਸੀ। ਏਨੇ ਨੂੰ ਉਨ੍ਹਾਂ ਕੋਲ ਇਕ ਸਾਂਗੋ ਦਾ ਦੋਸਤ ਆ ਗਿਆ। ਦੋਵਾਂ ਨੇ ਉਸ ਨੂੰ ਇਹ ਕਹਿ ਕੇ ਜਾਣ ਦਿੱਤਾ ਕਿ ਉਹ ਮੇਨ ਸਟਰੀਟ 'ਤੇ ਉਸ ਦੀ ਨਿਗਾਹ ਰੱਖਣਗੇ। ਉਹ ਉਸ ਨੂੰ ਉਦੋਂ ਤੱਕ ਵੇਖਦੇ ਰਹੇ ਜਦੋਂ ਤੱਕ ਦਿਸਦੀ ਰਹੀ।

17 ਅਗਸਤ 2014 ਨੂੰ ਡਵਾਈਨ ਓਲਿਵਰ ਅਤੇ ਉਸ ਦਾ ਦਸ ਸਾਲਾ ਬੇਟਾ ਰੈੱਡ ਰਿਵਰ ਦੀ ਵੱਖੀ ਤੇ ਸੈਰ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਡੈੱਕ ਤੋਂ ਉੱਤਰ ਵੱਲ ਦਰਿਆ ਦੇ ਮੋੜ ਤੋਂ ਕੋਈ ਸਾਢੇ ਚਾਰ ਮੀਟਰ 'ਤੇ ਪਾਣੀ ਵਿਚ ਅੱਧ ਡੁੱਬੀ ਗਠੜੀ ਜਿਹੀ ਦਿਸੀ ਜਿਵੇਂ ਕੰਬਲ ਵਿਚ ਲਪੇਟਿਆ ਕੋਈ ਮਨੁੱਖੀ ਸਰੀਰ। ਉਨ੍ਹਾਂ ਦੁਆਰਾ 911 ਤੇ ਕਾਲ ਕਰਨ ਸਦਕਾ ਪੁਲਿਸ ਅਤੇ ਬਚਾਅ ਟੀਮਾਂ ਪਹੁੰਚ ਗਈਆਂ। ਉਨ੍ਹਾਂ ਨੇ ਵਾਪਸ ਅਲੈਗਜ਼ੈਂਡਰ ਡੌਕਸ ਵੱਲ ਲਿਜਾ ਕੇ ਗੰਦੜੀ ਵਿਚ ਲਪੇਟੀ ਲਾਸ਼ ਨੂੰ ਕਾਲੀ ਤਰਪਾਲ ਵਲ੍ਹੇਟਕੇ ਅਤੇ ਇਕ ਜਿਪ ਬੈਗ ਵਿਚ ਪਾ ਕੇ ਸੇਂਟ ਬੋਨੀਫੇਸ ਹਸਪਤਾਲ ਵਿਖੇ ਲੈ ਆਂਦਾ। ਇਸ ਗੰਢੜੀ ਵਿਚ ਮਨੁੱਖੀ ਲਾਸ਼ ਦੇ ਨਾਲ ਸਾਢੇ ਗਿਆਰਾਂ ਕਿਲੋ ਰੋੜੇ ਪਾਏ ਹੋਏ ਸਨ। (ਪਾਣੀ ਵਿਚ ਡੁਬੋਣ ਲਈ)। ਇਹ ਕਿਸੇ 160 ਸੈਂ. ਮੀ. ਲੰਮੀ 33 ਕਿਲੋ ਵਜ਼ਨ ਦੀ ਕਾਲੇ ਵਾਲਾਂ ਵਾਲੀ ਕੁੜੀ ਦੀ ਲਾਸ਼ ਵਜੋਂ ਪਛਾਣੀ ਗਈ ਜਿਸ ਦੇ ਸਰੀਰ ਦੇ ਪਿਛਲੇ ਪਾਸੇ ਮੋਢਿਆਂ ਵਿਚਾਲੇ ਟੈਟੂ ਸੀ + "ਯੂਜੀਨ ਫੌਂਟੇਨ 01.03.1970 ਤੋਂ 30.10.2011" ਤੇ ਦੋਵੀਂ ਪਾਸੀਂ ਇੱਲ੍ਹ ਦੇ

ਪਰ ਕਾਫ਼ੀ ਪੁੱਛ-ਪੜਤਾਲ ਤੋਂ ਮਗਰੋਂ ਇਹ ਪੱਕਾ ਹੋ ਗਿਆ ਕਿ ਇਹ ਯੂਜੀਨ ਫੌਂਟੇਨ ਦੀ ਗੁੰਮਸ਼ੁਦਾ ਧੀ ਟੀਨਾ ਫੌਂਟੇਨ ਦੀ ਲਾਸ਼ ਸੀ। ਇਸ ਤੋਂ ਮਗਰੋਂ ਪੁਲਿਸ ਸਾਰਜੰਟ ਓ. ਡੋਨੋਵਾਨ ਦੀ ਅਗਵਾਈ ਹੇਠ ਪੂਰੀ ਸਰਗਰਮੀ ਨਾਲ ਇਸ ਕਤਲ ਦੀ ਗੁੱਥੀ ਸੁਲਝਾਉਣ ਵਿਚ ਜੁਟ ਗਈ।

ਪੁਲਿਸ ਦੀ ਪੁੱਛਗਿੱਛ ਦੌਰਾਨ ਕੋਡੀ ਮੈਸਨ ਨੇ ਇਹ ਕਹਾਣੀ ਬਿਆਨ ਕੀਤੀ। ਕੋਡੀ ਨੂੰ ਟੀਨਾ ਗਰਮੀ ਦੇ ਦਿਨਾਂ ਨਾਰਥ ਐਂਡ ਦੇ ਸਾਲਟਰ ਸਟਰੀਟ ਪੁਲ 'ਤੇ ਮਿਲੀ ਸੀ। ਉਸ ਨੇ ਦੱਸਿਆ ਸੀ ਕਿ ਉਹ ਘਰੋਂ ਭੱਜੀ ਹੋਈ ਸੀ ਅਤੇ ਹੁਣ ਉਸ ਦਾ ਕੋਈ ਟਿਕਾਣਾ ਨਹੀਂ ਸੀ। ਉਦੋਂ ਤੋਂ ਉਹ ਇਕੱਠੇ ਘੁੰਮਦੇ ਰਹਿੰਦੇ। ਉਹ ਸਬਾਸਚੀਅਨ ਨੂੰ ਅੱਧ ਜੁਲਾਈ ਤੋਂ ਜਾਣਦੇ ਸਨ ਜਦੋਂ ਚਾਰਲਸ ਸਟੀਟ ਨੇ ਸਵੇਰੇ ਸਵੇਰੇ ਉਹ ਸਾਈਕਲ ਤੇ ਆਉਂਦਾ ਮਿਲਿਆ ਸੀ। ਉਸ ਨੇ ਉਨ੍ਹਾਂ ਨੂੰ ਇਕ ਘਰੇ ਲਿਜਾਕੇ ਰਹਿਣ ਲਈ ਟਿਕਾਣਾ ਦਿੱਤਾ ਸੀ। ਫੇਰ ਇਕ ਦਿਨ ਸਬਾਸਚੀਅਨ ਨੇ ਅਲੈਂਗਜ਼ੈਂਡਰ ਐਵਿਨਿਊ ਤੇ ਇਕ ਘਰ ਦੇ ਪਿਛਵਾੜੇ ਆਪਣਾ ਆਰਜ਼ੀ ਟੈਂਟ ਵਿਖਾਇਆ ਸੀ। ਉਹ ਕਈ ਕਿਸਮ ਦੇ ਨਸ਼ੇ ਵਰਤਦਾ ਸੀ। ਫਿਰ ਇਕ ਵਾਰ ਉਹ ਉਨ੍ਹਾਂ ਨੂੰ ਗਲੈਨਮ ਦੇ ਇਲਾਕੇ ਵਿਚ 22 ਕਾਰਮਨ ਐਵਿਨਿਊ ਤੇ 686 ਨੰਬਰ ਵਾਲੇ ਘਰੇ ਲੈ ਗਿਆ। ਇਥੇ ਉਸ ਦੇ ਨੇਟਿਵ ਦੋਸਤ ਲੜਕੀ ਸਾਰਾ ਅਤੇ ਉਸ ਦਾ ਬੁਆਏ ਫਰੈਂਡ ਟਾਇਰੈਲ ਉਪਰ ਸੌਣ ਕਮਰੇ ਵਿਚ ਚਲੇ ਗਏ, ਕੋਡੀ ਅਤੇ ਟੀਨਾ ਹੇਠਾਂ ਲਿਵਿੰਗ ਰੂਮ ਦੇ ਵਿਚ ਬੈੱਡ 'ਤੇ ਪੈ ਗਏ। ਪਿਛਵਾੜੇ ਸਬਾਸਚੀਅਨ ਦਾ ਟੈਂਟ ਸੀ। ਸਾਰਾ ਸਬਾਸਚੀਅਨ ਨੂੰ ਫਰੈਂਚੀ ਦੇ ਨਾਂ ਨਾਲ ਜਾਣਦੀ ਸੀ। ਕਬਾੜ ਵਾਲਿਆਂ ਨੇ ਪੁਲਿਸ ਨੂੰ ਉਸ ਦਾ ਅਸਲੀ ਨਾਂ ਰੇਮੰਡ ਜੋਜ਼ਫ ਕੋਰਮੀਅਰ ਦੱਸਿਆ ਸੀ ਜੋ ਕਿ ਪੁਲਿਸ ਦੇ ਰਿਕਾਰਡ ਵਿਚ ਵੀ ਮੌਜੂਦ ਸੀ।

ਅਰਨੈਸਟ ਡੀ. ਵੋਲਫ ਜਾਂ ਅਰਨੀ ਨਾਂ ਦਾ ਇਕ ਨਸ਼ਿਆਂ ਦਾ ਆਦੀ ਅਤੇ ਜਰਾਇਮਪੇਸ਼ਾ ਸ਼ਖਸ਼ ਮਿਲਨਰ ਰਿੱਜ ਕੁਰੈਕਸ਼ਨ ਸੈਂਟਰ ਵਿਚ ਕੈਦੀ ਸੀ ਜਿਹੜਾ ਸਬਾਸਚੀਅਨ ਵਾਂਗੂ ਨਿਊ ਬਰੁੰਜ਼ਵਿਕ ਦਾ ਨੇਟਿਵ ਸੀ ਅਤੇ ਉਸ ਦਾ ਜਾਣੂ ਸੀ। ਉਸ ਨੇ ਆਪਣੇ ਤੌਰ 'ਤੇ ਪੁਲਿਸ ਨੂੰ ਦੱਸਿਆ ਸੀ ਕਿ ਉਹ ਅਤੇ ਕੋਰਮੀਅਰ ਸਟੋਨੀ ਮਾਊਂਟੇਨ ਜੇਲ੍ਹ ਵਿਚ ਇਕੱਠੇ ਕੈਦੀ ਸਨ ਤੇ ਉਦੋਂ ਤੋਂ ਚੋਰੀਆਂ ਅਤੇ ਨਸ਼ਿਆਂ ਦਾ ਧੰਦਾ ਇਕੱਠੇ ਕਰਦੇ ਰਹੇ ਸਨ। ਉਹ ਕੋਰਮੀਅਰ ਨਾਲ ਗਲੈਨਮ ਵਾਲੇ ਘਰ ਵੀ ਜਾਂਦਾ ਸੀ ਜਿਥੇ ਉਹ ਟੀਨਾ ਨੂੰ ਮਿਲਿਆ ਸੀ। ਇਕ ਦਿਨ ਉਸ ਨੇ ਉਨ੍ਹਾਂ ਨੂੰ ਕਿਸੇ ਟਰੱਕ ਦੀ ਚੋਰੀ ਬਾਰੇ ਝਗੜਦਿਆਂ ਵੇਖਿਆ ਸੀ।

ਪਹਿਲੀ ਅਕਤੂਬਰ 2014 ਦੀ ਸ਼ਾਮ ਨੂੰ ਪੁਲਿਸ ਨੇ ਕੋਰਮੀਅਰ ਨੂੰ 686 ਨੰਬਰ ਤੋਂ ਹਿਰਾਸਤ ਵਿਚ ਲੈ ਲਿਆ। ਇਸ ਤੋਂ ਬਾਅਦ ਪੁਲਿਸ ਨੇ ਸਬੂਤ ਜੁਟਾਉਣ ਲਈ ਅਨੇਕਾਂ ਯਤਨ ਕੀਤੇ ਅਤੇ ਲੱਖਾਂ ਡਾਲਰ ਖਰਚੇ। ਨੌਂ ਦਸੰਬਰ, 2015 ਨੂੰ ਕੋਰਮੀਅਰ ਬਕਾਇਦਾ ਗ੍ਰਿਫ਼ਤਾਰ ਕੀਤਾ ਗਿਆ। ਦੋ ਹੋਰ ਸਾਥੀ ਕੈਦੀਆਂ ਨੇ ਪੁਲਿਸ ਨੂੰ ਦੱਸਿਆ ਕਿ ਕੋਰਮੀਅਰ ਨੇ ਉਨ੍ਹਾਂ ਨਾਲ ਗੱਲਾਂ ਕਰਦਿਆਂ ਕਿਹਾ ਸੀ ਕਿ ਉਸ ਨੇ ਕਈ ਕੁੜੀਆਂ ਨੂੰ ਨਸ਼ਾ ਦੇ ਕੇ ਉਨ੍ਹਾਂ ਦੇ ਜਿਸਮਾਂ ਨਾਲ ਮਨਮਰਜ਼ੀ ਕੀਤੀ ਸੀ, ਉਸ ਨੇ ਟੀਨਾ ਨਾਲ ਵੀ ਅਜਿਹਾ ਕੀਤਾ ਸੀ ਜਦੋਂ ਟੀਨਾ ਦੀ ਉਮਰ (15 ਸਾਲ-ਨਾਬਾਲਿਗ) ਦਾ ਪਤਾ ਲੱਗਿਆ ਤਾਂ ਗੁੱਸੇ ਵਿਚ ਆ ਕੇ ਉਸ ਦਾ ਸਾਹ ਘੁੱਟ ਕੇ ਮਾਰ ਦਿੱਤਾ; ਡੁਵਟ ਵਿਚ ਵਲ੍ਹੇਟ ਕੇ ਵਿਚ ਪੱਥਰ ਪਾ ਕੇ ਦਰਿਆ ਵਿਚ ਸੁੱਟ ਦਿੱਤਾ। ਦੂਜੇ ਪਾਸੇ ਕੋਰਮੀਅਰ ਲਗਾਤਾਰ ਇਹੋ ਕਹਿੰਦਾ ਰਿਹਾ ਕਿ ਉਸ ਨੇ ਟੀਨਾ ਨੂੰ ਨਹੀਂ ਮਾਰਿਆ ਅਤੇ ਉਹ ਟੀਨਾ ਦੇ ਕਾਤਲ ਦਾ ਪਤਾ ਲਾ ਕੇ ਰਹੇਗਾ।

29 ਜਨਵਰੀ 2018 ਨੂੰ ਕੇਂਦਰੀ ਵਿਨੀਪੈਗ ਵਿਖੇ ਕੁਈਨ ਬਨਾਮ ਰੇਮੰਡ ਜੋਜ਼ਫ ਕੋਰਮੀਅਰ ਕੇਸ ਸ਼ੁਰੂ ਹੋਇਆ। ਕੋਰਮੀਅਰ ਉਪਰ ਟੀਨਾ ਦੇ ਕਤਲ ਦਾ ਦੂਜੇ ਦਰਜੇ ਦਾ ਚਾਰਜ ਲਾਇਆ ਗਿਆ। ਕੋਰਮੀਅਰ ਨੇ ਬੇਗੁਨਾਹ ਹੋਣ ਦੀ ਦਲੀਲ ਲਈ। ਜਿਊਰੀ ਵਿਚ ਅੱਡੋ-ਅੱਡ ਫਿਰਕਿਆਂ ਤੋਂ ਅੱਠ ਔਰਤਾਂ ਅਤੇ ਚਾਰ ਮਰਦ ਮੈਂਬਰ ਲਏ ਗਏ। ਵਿਨੀਪੈਗ ਦੀ ਅਦਾਲਤ-ਕੋਰਟ ਆਫ਼ ਕੁਈਨਜ਼ ਬੈਂਚ ਦੇ ਚੀਫ਼ ਜਸਟਿਸ ਗਲੈਨ ਜੋਇਲ ਨੇ ਜਿਊਰੀ ਨੂੰ ਆਦੇਸ਼ ਦਿੱਤਾ ਕਿ ਕੋਰਮੀਅਰ ਦੁਆਰਾ ਉਸ ਦੀ ਬੇਗੁਨਾਹੀ ਸਾਬਤ ਕਰਨ ਦੀ ਉਸਦੀ ਕੋਈ ਜ਼ਿੰਮੇਵਾਰੀ ਨਹੀਂ ਹੈ ਬਲਕਿ ਉਸ ਨੂੰ ਕਰਾਊਨ ਦੁਆਰਾ ਬਿਨਾਂ ਸ਼ੱਕ ਗੁਨਾਹਗਾਰ ਸਾਬਤ ਕਰਨ ਬਾਰੇ ਜਿਊਰੀ ਨੇ ਨਿਰਣਾ ਕਰਨਾ ਹੈ। ਜਿਊਰੀ ਦੇ ਨਿਰਣੇ ਮੁਤਾਬਕ ਅਦਾਲਤ ਨੇ ਕੋਰਮੀਅਰ ਨੂੰ ਬਰੀ ਕਰ ਦਿੱਤਾ। ਇਸ ਫੈਸਲੇ ਤੋਂ ਦੋ ਹਫ਼ਤੇ ਪਹਿਲਾਂ, 9 ਫਰਵਰੀ 2018 ਨੂੰ ਸਸਕੈਚਵਨ ਵਿਖੇ ਮਾਰੇ ਗਏ ਕੋਲਟਨ ਬਾਊਸ਼ੀ ਦੇ ਕਾਤਲ ਜਾਲਡ ਸਟੈਨਲੇਨੂੰ ਵੀ ਬਰੀ ਕੀਤਾ ਗਿਆ ਸੀ। ਲੋਕਾਂ, ਖਾਸ ਕਰਕੇ ਨੇਟਿਵ ਲੋਕਾਂ ਅੰਦਰ ਰੋਹ ਦੀ ਅੱਗ ਭੜਕ ਉੱਠੀ।

ਕੋਰਮੀਅਰ ਨੂੰ ਬਰੀ ਕਰਨ ਦੇ ਅਗਲੇ ਦਿਨ ਸੈਂਕੜੇ ਨੇਟਿਵ ਅਤੇ ਆਮ ਵਿਨੀਪੈਗੀਏ ਟੀਨਾ ਦੀ ਯਾਦ ਵਿਚ ਕੋਰਟ ਦੇ ਬਾਹਰ ਇਕੱਠੇ ਹੋਏ ਨਾਅਰੇ ਲਾ ਰਹੇ ਸਨ-'ਅਸੀਂ ਇਨਸਾਫ਼ ਮੰਗਦੇ ਹਾਂ', 'ਲੇਡੀ ਜਸਟਿਸ ਕਤਲ ਹੋਈ ਹੈ, ਗੁੰਮ ਹੋਈ ਹੈ, ਟੀਨਾ ਲਈ ਪਿਆਰ।' ਉਹ ਹਜੂਮ ਮਾਰਚ ਕਰਦਾ ਹੋਇਆ ਕੈਨੇਡਾ ਦੇ ਮਨੁੱਖੀ ਅਧਿਕਾਰ ਅਜਾਇਬਘਰ ਅੱਗੋਂ ਦੀ ਹੁੰਦਾ ਹੋਇਆ ਫੋਰਕਸ ਦੇ ਸਥਾਨ 'ਤੇ ਉਡੈਨਾ ਸੈਲੀਬ੍ਰੇਸ਼ਨ ਸਰਕਲ 'ਤੇ ਆ ਜੁੜਿਆ। ਇਕ ਮਿੰਟ ਲਈ ਮੋਨ ਧਾਰਿਆ ਗਿਆ, ਪੁਲਿਸ ਅਤੇ ਸਰਕਾਰੀ ਤੰਤਰ ਖਿਲਾਫ਼ ਰੱਜ ਕੇ ਭੜਾਸ ਕੱਢੀ। ਕੁਝ ਹੀ ਕਦਮ ਅੱਗੇ ਕਤਲ ਅਤੇ ਗੁੰਮ ਹੋਈਆਂ ਨੇਟਿਵ ਔਰਤਾਂ ਅਤੇ ਲੜਕੀਆਂ ਦੀ ਯਾਦਗਾਰ (ਮਾਨੂਮੈਂਟ) ਸੀ। ਜਿਥੋਂ ਟੀਨਾ ਦੀ ਲਾਸ਼ ਲੱਭੀ ਸੀ ਉਹ ਜਗ੍ਹਾ ਵੀ ਸਾਹਮਣੇ ਸੀ।

ਇਸ ਘਿਨਾਉਣੇ ਕਾਰੇ ਤੋਂ ਬਾਅਦ ਉੱਠੇ ਲੋਕ-ਰੋਹ ਦਾ ਨਤੀਜਾ ਸੀ ਕਿ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਦੀ ਸਰਕਾਰ ਨੇ 'ਕਤਲ ਅਤੇ ਗੁੰਮ ਹੋਈਆਂ ਮੂਲ-ਨਿਵਾਸੀ ਔਰਤਾਂ ਅਤੇ ਲੜਕੀਆਂ' (ਐਮ. ਐਮ. ਆਈ. ਡਬਲਿਊ. ਜੀ.) ਦੀ ਨੈਸ਼ਨਲ ਇੰਕੁਆਇਰੀ ਲਈ ਕਮਿਸ਼ਨ ਨੇ ਤਿੰਨ ਜੂਨ 2019 ਨੂੰ ਆਪਣੀ ਰਿਪੋਰਟ ਪੇਸ਼ ਕਰ ਦਿੱਤੀ ਜਿਸ ਅਨੁਸਾਰ ਇਨ੍ਹਾਂ ਕਤਲਾਂ ਤੇ ਗੁੰਮਸ਼ੁਦਗੀਆਂ ਨੂੰ 'ਨਸਲੀ ਵਿਤਕਰੇ ਦੇ ਅਧਾਰ 'ਤੇ ਕੀਤੀ ਗਈ ਨਸਲਕੁਸ਼ੀ' (ਜਿਨੋਸਾਈਡ) ਕਰਾਰ ਦਿੱਤਾ ਗਿਆ। ਨਾਲ ਹੀ ਦੋ ਸੌ ਤੋਂ ਵੱਧ ਸਿਫਾਰਸ਼ਾਂ ਕਰਕੇ ਸਰਕਾਰ ਨੂੰ ਜ਼ਰੂਰੀ ਕਾਰਵਾਈ ਲਈ ਕਿਹਾ ਗਿਆ।

ਨਵੰਬਰ 2018 ਵਿਚ ਟੀਨਾ ਫੌਂਟੇਨ ਦੀ ਯਾਦ ਵਿਚ 'ਟੀਨਾ ਸੇਫ਼ ਹੈਵਨ' ਖੋਲ੍ਹਿਆ ਗਿਆ। ਥੈਲਮਾ ਫੇਵਲ ਦੇ ਕਹੇ ਹੋਏ ਸ਼ਬਦ ਕਿੰਨੇ ਭਾਵ ਪੂਰਤ ਹਨ "ਮੈਂ ਬੱਚਿਆਂ ਨੂੰ ਉਸ ਤਰ੍ਹਾਂ ਮਾਰੇ ਜਾਣ ਦੀਆਂ ਹੋਰ ਕਹਾਣੀਆਂ ਨਹੀਂ ਸੁਣਨਾ ਚਾਹੁੰਦੀ। ਮੈਂ ਚਾਹੁੰਦੀ ਹਾਂ ਸਾਰੇ ਮਾਸੂਮ ਸੁਰੱਖਿਅਤ ਰਹਿਣ।" ਇਹ ਸਾਡੇ ਸਭ ਕੈਨੇਡੀਅਨਾਂ ਦੀ ਥੈਲਮਾ ਨਾਲ ਇਕ ਆਵਾਜ਼ ਹੋਣ ਦਾ ਹੌਕਾ ਹੈ।

# ਮੋਦੀ ਹੈ ਤਾਂ ਹੀ ਇਹ ਸਭ ਕੁਝ ਮੁਮਕਿਨ ਹੈ...

## 84 ਦੇ ਦੰਗਿਆਂ ਤੋਂ ਬਾਅਦ ਦਿੱਲੀ ਦਾ ਸਭ ਤੋਂ ਵੱਡਾ ਯੋਜਨਾਬੱਧ ਹਮਲਾ




ਯਾਦ ਕਰੋ 1984, ਜਦ ਦਿੱਲੀ ਦੀਆਂ ਬਸਤੀਆਂ ਵਿਚ ਗੁੰਡਾਗਰਦੀ ਦਾ ਨੰਗਾ ਨਾਚ ਹੋਇਆ ਸੀ। ਹੁਕਮਰਾਨਾਂ ਦੇ ਇਸ਼ਾਰਿਆਂ ਤੇ ਦਿੱਲੀ ਡੋਲੀ ਸੀ ਅਤੇ ਮਨੁੱਖਤਾਂ ਨੂੰ ਬੁਰੀ ਤਰ੍ਹਾਂ ਪੈਰਾਂ ਹੇਠ ਮਧੋਲ ਦਿੱਤਾ ਗਿਆ ਸੀ..ਠੀਕ ਉਸੇ ਤਰ੍ਹਾਂ ਹੁਣ ਜੇ ਐਨ ਯੂ ਵਿਚ ਹੋਇਆ ਹੈ। ਮੌਕੇ ਦੇ ਹਾਕਮਾਂ ਦੀ ਨੰਗੀ ਚਿੱਟੀ ਸਹਿ ਤੇ ਗੁੰਡਿਆਂ ਦੀ ਧਾੜ ਸਰੇਆਮ ਯੂਨੀਵਰਸਿਟੀ ਵਿਚ ਘੁਸਦੀ ਹੈ, ਤਰਥੱਲੀ ਮਚਾਉਂਦੀ ਹੈ, ਹੇਠਲੀ ਉੱਤੇ ਕਰ ਦਿੰਦੀ ਹੈ, ਸੀਏਏ ਅਤੇ ਐਨ ਸੀ ਆਰ ਦਾ ਵਿਰੋਧ ਕਰਨ ਵਾਲੇ ਵਿਦਿਆਰਥੀ ਆਗੂਆਂ ਨੂੰ ਚੁਣ ਚੁਣ ਕੇ ਨਿਸ਼ਾਨਾ ਬਣਾਉਂਦੀ ਹੈ ਤੇ ਅਰਾਮ ਨਾਲ ਰੁਪੋਸ਼ ਹੋ ਜਾਂਦੀ ਹੈ। ਯਾਦ ਕਰੋ...ਜਾਮੀਆ ਮਿਲੀਆ ਇਸਲਾਮੀਆਂ ਵਿਚ ਪੁਲਿਸ ਰੋਕਿਆਂ ਨਹੀਂ ਰੁਕੀ... ਮਿੰਟਾਂ ਸਕਿੰਟਾਂ ਵਿਚ ਬੇਕਸੂਰ ਵਿਦਿਆਰਥੀਆਂ ਦੇ ਟਾਇਲਟਾਂ ਤੇ ਹੋਸਟਲਾਂ ਵਿਚ ਜਾ ਕੇ ਉਹਨਾਂ ਨੂੰ 'ਸਬਕ' ਸਿਖਾ ਕੇ ਵਾਪਸ ਆਈ..ਇਸੇ ਤਰ੍ਹਾਂ ਏ ਐਮ ਯੂ ਵਿਚ ਵੀ ਵਾਪਰਿਆ। ਇਸ ਤੋਂ ਪਹਿਲਾਂ ਕਨ੍ਹਈਆ ਕੁਮਾਰ ਤੇ ਉਮਰ ਖਾਲਿਦ ਵਰਗਿਆਂ ਤੇ ਬਿਨਾ ਸਬੂਤਾਂ ਤੋਂ ਦੇਸ਼ ਧਰੋਹ ਦਾ ਪਰਚਾ ਦਰਜ ਸਮੇਂ ਕਿੰਨੀ ਫੁਰਤੀ ਦਿਖਾਈ ਸੀ ਇਸੇ ਪੁਲਿਸ ਨੇ...ਯੂ ਪੀ ਵਿਚ ਵੀ ਸੀਏਏ ਅਤੇ ਐਨ ਸੀ ਆਰ ਦਾ ਵਿਰੋਧ ਕਰਨ ਵਾਲੇ ਲੋਕਾਂ ਤੇ ਦੋ ਦਿਨਾਂ ਵਿਚ ਪੰਜਾਹ ਹਜ਼ਾਰ ਦੇ ਕਰੀਬ ਐਫ ਆਈ ਆਰਾਂ ਦਰਜ ਕਰ ਲਈਆਂ..ਰਾਤੋ ਰਾਤ 'ਦੰਗਈਆਂ' ਨੂੰ ਪਛਾਣ ਕੇ ਹਰ ਗਲੀ ਮੋੜ ਤੇ ਉਹਨਾਂ ਦੀਆਂ ਫੋਟੋਆ ਚਿਪਕਾ ਦਿੱਤੀਆਂ ਗਈਆਂ ਅਤੇ ਜ਼ਾਇਦਾਦਾਂ ਕੁਰਕ ਕਰਨ ਦੇ ਆਰਡਰ ਕਰ ਦਿੱਤੇ ਗਏ। ਪਰ ਉਹੀ ਪੁਲਿਸ ਜੇ ਐਨ ਯੂ ਵਿਚ ਹੋਈ ਗੁੰਡਾਗੁਰਦੀ ਸਮੇਂ ਪਤਾ ਨਹੀਂ ਕਿਹੜੇ ਘੂਰਨੇ ਵਿਚ ਲੁਕ ਕੇ ਬੈਠੀ ਰਹੀ? ਇਹ ਕੋਈ ਅਣਗਹਿਲੀ ਜਾਂ ਕੁਤਾਹੀ ਨਹੀਂ। 84 ਦੇ ਦੰਗਿਆਂ ਵਿਚ ਵੀ ਏਦਾਂ ਹੀ ਹੋਇਆ ਸੀ। ਪੂਰੀ ਪੁਲਿਸ ਜਾਂ ਤਾਂ ਮੂਕ ਦਰਸ਼ਕ ਬਣ ਕੇ ਦੇਖਦੀ ਰਹੀ ਜਾਂ ਗੁੰਡਾ ਗਰਦੀ ਨੂੰ ਸਹਿ ਅਤੇ ਸਾਧਨ ਮੁਹੱਈਆ ਰਹੀ। ਹੈਰਾਨੀ ਦੀ ਗੱਲ ਹੈ ਕਿ ਤਿੰਨ ਦਿਨ ਲੰਘਣ ਦੇ ਬਾਵਜੂਦ ਸਿਰਫ ਇੱਕੋ ਐਫ ਆਈ ਆਰ ਦਰਜ ਕੀਤੀ ਗਈ, ਉਹ ਵੀ ਅਣਪਛਾਤਿਆਂ ਦੇ ਖਿਲਾਫ਼।

ਜਿੰਨਾ ਨੇ ਗੁੰਡਾਗਰਦੀ ਕੀਤੀ, ਉਹ ਸਰੇਆਮ ਅੰਦਰ ਗਏ..ਜਿਹੜੇ ਜ਼ਿੰਮੇਵਾਰ ਆਗੂਆਂ ਨੇ ਹਮਲੇ ਤੋਂ ਤੁਰੰਤ ਬਾਅਦ ਅੰਦਰ ਜਾਣ ਦੀ ਕੋਸ਼ਿਸ਼ ਕੀਤੀ, ਉਸ ਨੂੰ ਦਰਵਾਜਿਆਂ ਤੇ ਡੱਕ ਦਿੱਤਾ ਗਿਆ।

ਕਮਾਲ ਦਾ ਵੀ ਸੀ ਹੈ ਯੂਨੀਵਰਸਿਟੀ ਦਾ...ਸਰੇਆਮ ਗੁੰਡੇ ਦਨਦਨਾਉਂਦੇ ਫਿਰਦੇ ਰਹੇ..ਸਿਰ ਫਟਦੇ ਰਹੇ, ਖੂਨ ਵਹਿੰਦਾ ਰਿਹਾ..ਪਰ ਵੀ ਸੀ ਸਾਹਿਬ ਦੀ ਨੀਂਦ ਟੁੱਟਣ 'ਚ ਹੀ ਨਹੀਂ ਆ ਰਹੀ ਸੀ...ਅਸਲ ਵਿਚ ਜਿਹੜੇ ਲੋਕ ਜਾਗਦੇ ਹੀ ਅੱਖਾਂ ਮੀਚ ਲੈਣ, ਉਹਨਾਂ ਨੂੰ ਕੌਣ ਜਗਾਵੇ...ਜਦ ਸੜਦੇ ਹੋਏ ਰੋਮ ਨੂੰ ਤੱਕ ਕੇ ਵੀ ਕੋਈ ਨੀਰੋ ਬੰਸਰੀ ਵਜਾਉਣ ਵਿਚ ਮਸਤ ਹੈ ਤਾਂ ਅਣਹੋਣੀ ਵਾਪਰਦੀ ਹੈ।

ਜੇ ਐਨ ਯੂ ਦੇਸ਼ ਦਾ ਉਹ ਮਾਣਮੱਤਾ ਅਦਾਰਾ ਹੈ, ਜਿੱਥੇ ਹਿੰਦੁਸਤਾਨ ਦਾ ਚਿੰਤਨ ਪੈਦਾ ਹੁੰਦਾ ਰਿਹਾ ਹੈ, ਜਿੱਥੇ ਜਾਗਦੀਆਂ ਜਮੀਰਾਂ ਵਾਲੇ ਤੇ ਚਮਕਦੇ ਮੱਥਿਆਂ ਵਾਲੇ ਲੋਕ ਪੈਦਾ ਹੁੰਦੇ ਰਹੇ ਹਨ, ਜਿੱਥੋਂ ਪੜ੍ਹੇ ਵਿਦਿਆਰਥੀਆਂ ਤੇ ਪ੍ਰੋਫੈਸ਼ਰਾਂ ਨੇ ਦੇਸ਼ ਦੇ ਨੌਜਵਾਨਾਂ ਨੂੰ ਸੰਜੀਦਾ ਸੰਵਾਦ ਦੀ ਨਵੀਂ ਪਰੰਪਰਾ ਦਿੱਤੀ...ਜਿਸ ਪਰੰਪਰਾ ਨੇ ਚਿੰਤਨ ਅਤੇ ਸੰਘਰਸ਼ ਦੇ ਨਵੇਂ ਪ੍ਰਤੀਮਾਨ ਸਿਰਜੇ। ਜਦ ਦੀ ਸੰਘੀਆਂ ਦੇ ਹੱਥ ਦੇਸ਼ ਦੀ ਸੱਤਾ ਆਈ ਹੈ..ਇਹ ਯੂਨੀਵਰਸਿਟੀ ਤੇ ਉਹਨਾਂ ਦੀ ਸਮਾਨਾਂਤਰ ਚਿੰਤਨ ਦੀ ਪਰੰਪਰਾ, ਉਹਨਾਂ ਦੀਆਂ ਅੱਖਾਂ ਵਿਚ ਰੜਕ ਰਹੀ ਹੈ ਤੇ ਉਹ ਇਸ ਨੂੰ ਅਤੇ ਇਸ ਵਰਗੇ ਹੋਰ ਅਦਾਰਿਆਂ ਨੂੰ ਤਹਿਸ ਨਹਿਸ ਕਰਨ ਤੇ ਤੁਲੇ ਹੋਏ ਹਨ। ਜਦ ਦੇਸ਼ ਅਜ਼ਾਦ ਹੋ ਰਿਹਾ ਸੀ ਤਦ ਗੀਤ ਗਾਏ ਗਾਏ ਜਾ ਰਹੇ ਸਨ :

**ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿੱਲ ਮੇਂ ਹੈ**
**ਦੇਖਨਾ ਹੈ ਜੋਰ ਕਿਤਨਾ ਬਾਜੂਏ ਕਾਤਿਲ ਮੇਂ ਹੈਂ**
**ਹਵਾ ਮੇਂ ਰਹੇਂਗੇ ਮੇਰੇ ਖਿਆਲੋਂ ਕੀ ਬਿਜਲੀਆਂ**
**ਯੇ ਮੁਸ਼ਤੇ ਖਾਨ ਫਾਨੀ ਹੈ, ਰਹੇ ਨਾ ਰਹੇ।**

ਅੱਜ ਵੀ ਇਕ ਪਾਸੇ ਸਾਡੇ ਆਪਣੇ ਹੁਕਮਰਾਨ ਦੇਸ਼ ਦੇ ਵਿਧਾਨ ਨੂੰ ਆਪਣੇ ਸਵਾਰਥਾਂ ਲਈ ਦਰੜ ਰਹੇ ਹਨ, ਦੇਸ਼ ਦੀ ਸ਼ਾਂਝੀ ਵਿਰਾਸਤ ਨੂੰ ਤਬਾਹ ਕਰ ਰਹੇ ਹਨ, ਫੌਜ ਦਾ ਸਿਆਸੀਕਰਨ ਕਰ ਰਹੇ ਹਨ। ਤਿੰਨੇ ਫੌਜਾਂ ਨੂੰ ਇਕ ਕਮਾਂਡਰ ਦੇ ਹੇਠ ਕਰਕੇ, ਤੇ ਉਸ ਕਮਾਂਡਰ ਨੂੰ ਸਿਆਸੀ ਮੁਫਾਦ ਸਿੱਧ ਕਰਨ ਲਈ ਵਰਤ ਕੇ ਭਵਿੱਖੀ ਡਿਕਟੇਟਰਸ਼ਿਪ ਵੱਲ ਵਧ ਰਹੇ ਹਨ, ਜਿਸ ਦਾ ਨਮੂਨਾ ਕਸ਼ਮੀਰ ਵਿਚ ਸਾਰੇ ਲੋਕਰਾਜੀ ਨੇਤਾਵਾਂ ਨੂੰ ਗ਼ੈਰ ਲੋਕਰਾਜੀ ਤਰੀਕਿਆਂ ਨਾਲ 4-4 ਮਹੀਨਿਆਂ ਤੋਂ ਕੈਦ ਕੀਤਾ ਹੋਇਆ ਹੈ ਅਤੇ ਪੂਰੇ ਕਸ਼ਮੀਰ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਕੇ 'ਡਿਟੈਂਸ਼ਨ ਸ਼ੈਂਟਰ' ਬਣਾ ਦਿੱਤਾ ਗਿਆ ਹੈ। ਦੇਸ਼ ਸ਼ਿਵਲ ਖਾਨਾ ਜੰਗੀ ਵੱਲ ਵਧ ਰਿਹਾ ਹੈ।

ਰੋਟੀ ਕਪੜਾ ਮਕਾਨ ਤੇ ਰੁਜ਼ਗਾਰ ਦੇ ਮੁੱਦੇ ਕਦੋਂ ਦੇ ਖੁਦਕੁਸ਼ੀ ਕਰ ਗਏ ਹਨ। ਮਰਨ ਕਿਨਾਰੇ ਹੋ ਚੁੱਕੀ ਜੀ ਡੀ ਪੀ ਦੀ ਹੁਣ ਕੋਈ ਗੱਲ ਹੀ ਨਹੀਂ ਕਰ ਰਿਹਾ। ਜੋ ਅਸਲ ਮੁੱਦੇ ਹਨ, ਉਹ ਲੋਪ ਹੋ ਗਏ ਹਨ, ਜੋ ਮੁੱਦੇ ਹੈ ਹੀ ਨਹੀਂ, ਉਹਨਾਂ ਨੂੰ ਮੁੱਦੇ ਬਣਾਇਆ ਜਾ ਰਿਹਾ ਹੈ।

70 ਸਾਲਾਂ ਤੋਂ ਚੱਲ ਰਹੇ ਦੇਸ਼ ਵਿਚ ਅਚਾਨਕ ਅਜਿਹਾ ਕਿਹੜਾ ਭੁਚਾਲ ਆਇਆ ਸੀ ਕਿ ਨੋਟਬੰਦੀ ਕਰਨੀ ਪਈ..ਧਾਰਾ 370 ਹਟਾਉਣੀ ਪਈ, ਐਨ ਆਰ ਸੀ ਲਾਗੂ ਕਰਨਾ ਪਿਆ, ਸੀ ਏ ਏ ਦੀ ਕਵਾਇਦ ਕਰਨੀ ਪਈ...ਬਾਹਰ ਦੇ ਲੋਕਾਂ ਤੋਂ 'ਇੱਥੇ' ਹੋਣ ਦਾ ਸਬੂਤ ਤਾਂ ਦੁਨੀਆਂ ਦੇ ਬਹੁਤ ਸਾਰੇ ਦੇਸ਼ ਮੰਗਦੇ ਵੇਖੇ ਹਨ, ਇਥੇ ਉਲਟੀ ਗੰਗਾ ਵਹਾ ਦਿੱਤੀ ਗਈ..ਬਾਹਰਲਿਆਂ ਨੂੰ ਕਿਹਾ ਕਿ ਆ ਜਾਓ...ਪਰ ਅੰਦਰਲਿਆਂ ਨੂੰ ਕਿਹਾ,'ਸਬੂਤ ਦਿਖਾਓ ਕਿ ਤੁਸੀਂ ਹਿੰਦੁਸਤਾਨ ਦੇ ਹੀ ਵਸਨੀਕ ਹੋ।

ਅਜਿਹੇ ਹਾਲਤਾਂ ਵਿਚ ਜਦ ਦੇਸ਼ ਦੀ ਗੱਡੀ ਦੇ ਡਰਾਇਵਰ ਉਸ ਨੂੰ ਖੂਹ 'ਚ ਸੁੱਟਣ ਲਈ ਅੱਡੀ ਚੋਟੀ ਦਾ ਜੋਰ ਲਗਾ ਰਹੇ ਹੋਣ, ਜਦ ਉਹਨਾਂ ਦੇ ਇਸ਼ਾਰਿਆਂ ਦੇ ਕੰਮ ਕਰਦੀ ਪੁਲਿਸ ਬੇਕਸੂਰਾਂ ਤੇ ਜ਼ੁਲਮ ਢਾਹ ਰਹੀ ਹੋਵੇ ਪਰ ਧਾੜਵੀਆਂ ਨੂੰ ਬਚਾ ਰਹੀ ਹੋਵੇ, ਅਫਸਰ ਉਹਨਾਂ ਦੇ ਫੀਲੇ ਬਣ ਕੇ ਜਾਗਦਿਆਂ ਹੀ ਸੌਣ ਦੀ ਹਰਾਮਜ਼ਦਗੀ ਕਰ ਰਹੇ ਹੋਣ ਅਤੇ ਫੌਜ ਦੇ ਕਮਾਂਡਰ ਆਪਣੇ ਆਕਾਵਾਂ ਦੀ ਤਰਜ਼ ਤੇ ਸਿਆਸੀ ਬਿਆਨਬਾਜ਼ੀ ਕਰਦੇ ਹੋਣ...ਤੇ ਲਾਇਬਰੇਰੀ ਵਿਚ ਜਾ ਕੇ ਕਿਤਾਬਾਂ ਪੜ੍ਹਨ ਵਾਲਾ ਨੌਜਵਾਨ ਸੜਕਾਂ ਤੇ ਹੋਵੇ ਤਾਂ ਤੁਸੀਂ ਉਸ ਦੇਸ਼ ਦੀ ਸਥਿਤੀ ਦਾ ਅੰਦਾਜ਼ਾ ਲਗਾ ਸਕਦੇ ਹੋ..

ਹਰ ਦੌਰ ਵਿਚ ਹਾਕਮਾਂ ਨੂੰ ਵਹਿਮ ਹੁੰਦਾ ਹੈ ਕਿ ਜਨਤਾ ਉਹਨਾਂ ਦੀ ਕਲਹਿਣੀ ਸੋਚ ਨੂੰ ਬਰਦਾਸ਼ਤ ਕਰ ਲਏਗੀ, ਉਹਨਾਂ ਤੋਂ ਡਰ ਜਾਏਗੀ, ਉਹਨਾਂ ਅੱਗੇ ਝੁਕ ਜਾਏਗੀ , ਪਰ ਅਜਿਹਾ ਸੋਚਣਾ ਹੀ ਉਹਨਾਂ ਦੀ ਸਭ ਤੋਂ ਵੱਡੀ ਭੁੱਲ ਸਾਬਤ ਹੁੰਦੀ ਹੈ। ਵੀਹ ਗੁੰਡੇ ਭੇਜ ਕੇ ਉਹਨਾਂ ਨੂੰ ਲਗਦਾ ਸੀ ਅਸੀਂ ਦਹਿਸ਼ਤ ਨਾਲ ਸੰਘਰਸ਼ ਦਾ ਦਮਨ ਕਰ ਦਿਆਂਗੇ, ਪਰ ਪਿਛਲੇ ਦਿਨਾਂ ਵਿਚ ਦਿੱਲੀ ਤੋਂ ਅਹਿਮਦਾਬਾਦ, ਅਹਿਮਦਾਬਾਦ ਤੋਂ ਜਾਧਵਪੁਰ ਅਤੇ ਬਰਕਲੇ ਤੋਂ ਆਕਸਫੋਰਡ ਤੱਕ ਜੇ ਐਨ ਯੂ ਜਿਉਂਦੀ ਹੋ ਗਈ ਹੈ। ਦੇਸ਼ ਦਾ ਹਰ ਨੌਜਵਾਨ ਜੇ ਐਨ ਯੂ ਬਣ ਚੁੱਕਿਆ ਹੈ। ਇਨਕਲਾਬੀ ਕਵੀ ਪਾਸ਼ ਇਹ ਦੀ ਇਹ ਲਾਈਨਾਂ ਚੇਤੇ ਆ ਰਹੀਆਂ ਹਨ :

**ਮੈਂ ਘਾਹ ਹਾਂ**
**ਮੈਂ ਤੁਹਾਡੇ ਹਰ ਕੀਤੇ ਕਰਾਏ 'ਤੇ ਉਗ ਆਵਾਂਗਾ**
**ਬੰਬ ਸੁੱਟ ਦਿਉ ਭਾਵੇਂ ਵਿਸ਼ਵ ਵਿਦਿਆਲੇ 'ਤੇ**
**ਬਣਾ ਦਿਉ ਹਰ ਹੋਸਟਲ ਮਲਬੇ ਦੇ ਢੇਰ**
**ਸੁਹਾਗਾ ਫੇਰ ਦਿਉ ਬੇਸ਼ੱਕ ਸਾਡੀਆਂ ਝੁੱਗੀਆਂ 'ਤੇ**
**ਮੈਨੂੰ ਕੀ ਕਰੋਗੇ ?**
**ਮੈਂ ਤਾਂ ਘਾਹ ਹਾਂ, ਹਰ ਚੀਜ਼ ਢਕ ਲਵਾਂਗਾ**
**ਹਰ ਢੇਰ 'ਤੇ ਉਗ ਆਵਾਂਗਾ**

ਅੱਜ ਦੇਸ਼ ਦੀ ਸਾਂਝੀ ਤਹਿਜ਼ੀਬ ਨੂੰ ਬਰਬਾਦ ਕਰਨ ਵਾਲਾ ਹਾਕਮ ਆਪਣੇ ਹੀ ਵਿਦਿਆਰਥੀਆਂ ਤੋਂ ਡਰ ਰਿਹਾ ਹੈ, ਆਪਣੇ ਹੀ ਚਿੰਤਕਾਂ ਨੂੰ ਇਕ ਚਿੱਠੀ ਲਿਖਣ ਕਾਰਨ ਉਹਨਾਂ ਦੇ ਪਰਚੇ ਦਰਜ ਕਰਾ ਰਿਹਾ ਹੈ, ਆਪਣੇ ਹੀ ਸ਼ਾਇਰਾਂ ਦੀਆਂ ਕਵਿਤਾਵਾਂ ਤੋਂ ਕੰਬ ਰਿਹਾ ਹੈ ਤੇ ਉਹਨਾਂ ਦੇ ਪਾਬੰਦੀ ਲਾਉਣ ਦੇ ਮਨਸੂਬੇ ਘੜ ਰਿਹਾ ਹੈ...ਆਪਣੇ ਹੀ ਕੁਝ ਪੁੱਤਰਾਂ ਨੂੰ 'ਅੱਤਵਾਦੀ ਜਾਂ ਦੇਸ਼ ਧਰੋਹੀ' ਐਲਾਨ ਕੇ ਜਲਾਵਤਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ...ਬਾਹਰਲਿਆਂ ਨੂੰ ਸੱਦ ਰਿਹਾ ਹੈ, ਅੰਦਰਲਿਆਂ ਨੂੰ ਕੱਢ ਰਿਹਾ ਹੈ, ਪੂਰੇ ਦੇ ਪੂਰੇ ਰਾਜ ਨੂੰ ਜੇਲ੍ਹ ਬਣਾ ਰਿਹਾ ਹੈ। ਇਕ ਪਾਸੇ ਸਾਰੇ ਦੇਸ਼ ਨੂੰ ਫਰੀ ਵਾਈ ਫਾਈ ਜੋਨ ਬਣਾਉਣ ਦੇ ਲਾਲਚ ਦੇ ਰਿਹਾ ਹੈ, ਤੇ ਦੂਜੇ ਪਾਸੇ ਹਫਤਿਆਂ ਬੱਧੀ ਇੰਟਰਨੈਟ ਬੰਦ ਕਰਕੇ 'ਆਨਲਾਈਨ ਐਮਰਜੈਂਸੀ' ਲਾਗੂ ਕਰ ਰਿਹਾ ਹੈ। ਦੇਸ਼ ਦੇ ਸੱਠ ਕਰੋੜ ਨੌਜਵਾਨਾਂ ਲਈ ਇਸ ਕੋਲ ਕੋਈ ਸੁਪਨਾ ਨਹੀਂ , ਕੋਈ ਰੁਜ਼ਗਾਰ ਨਹੀਂ, ਕੋਈ ਏਜੰਡਾ ਨਹੀਂ...ਸੋ ਆਓ ਦੋਸਤੋ...ਤਮਾਸ਼ਾ ਨਾ ਦੇਖੀਏ...ਅਜਿਹੇ ਸ਼ਤਿਰ ਹੁਕਮਰਾਨਾਂ ਦੇ ਖਿਲਾਫ ਝੀਤਾਂ ਵਿੱਚੋਂ ਨਾ ਤੱਕੀਏ, ਗਲੀਆਂ ਬਜ਼ਾਰਾਂ ਤੇ ਸੜਕਾਂ ਤੇ ਨਿੱਕਲੀਏ...ਕੋਈ ਸ਼ਾਇਰ ਕਹਿੰਦਾ ਹੈ :

जलते घर को देखने वालों फूस का छप्पर आपका है
आपके पीछे तेज़ हवा है आगे मुकद्दर आपका है
उस के क़त्ल पे मैं भी चुप था मेरा नम्बर अब आया
मेरे क़त्ल पे आप भी चुप है अगला नम्बर आपका है..

-ਦੀਪ ਦੂਨੀਆਂ



# ਸਪਰਿੰਗ ਮੂਨ : ਚੀਨ ਦਾ ਇਕ ਨਾਵਲ - ਕਿਸ਼ਤ-16



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

॥ ਖਰੀ ਸੁਆਣੀ ॥

ਮੈਂ ਵੀ ਆਪਣੀ ਜਿੰਦ ਉਸ ਤੋਂ ਵਾਰ ਦਿੱਤੀ,
ਉਸ ਨੇ ਵੀ ਮੈਨੂੰ ਦਿਲ ਵਿਚ ਵਸਾ ਲਿਆ,
ਤਾਂ ਕਿ ਸਾਡਾ ਪਿਆਰ ਅਮਰ ਹੋ ਜਾਵੇ॥
– ਲੋਕ ਬੋਲੀ

ਗੋਲਡਨ ਵਰਚੂ ਨੇ ਚੀਨੀ ਕੇਤਲੀ ਦਾ ਢੱਕਣ ਚੁੱਕ ਕੇ ਦੇਖਿਆ ਕੀ ਚਾਹ ਤਿਆਰ ਹੋ ਗਈ ਹੈ। ਇਹ ਚਾਹ ਪੱਤੀ ਸਭ ਤੋਂ ਸ੍ਰੇਸ਼ਟ ਮੰਨੀ ਜਾਂਦੀ ਸੀ। ਇਸ ਦਾ ਆਪਦਾ ਅਨੋਖਾ ਜ਼ਾਇਕਾ ਸੀ। ਉਸ ਨੇ ਪਤੀ ਬੋਲਡ ਟੇਲੈਂਟ ਵੱਲ ਤੱਕਿਆ। ਪਤੀ ਦੀ ਨਜ਼ਰ ਸਪਰਿੰਗ ਮੂਨ ਦਾ ਪਿੱਛਾ ਕਰ ਰਹੀ ਸੀ। ਸਪਰਿੰਗ ਮੂਨ 'ਬੋਲਡ ਟੇਲੈਂਟ ਦੀ ਲਾਇਬ੍ਰੇਰੀ ਦੇ ਸੈਲਫਾਂ ਤੋਂ ਕਦੇ ਕੋਈ, ਕਦੇ ਕੋਈ ਕਿਤਾਬ ਚੁੱਕ ਕੇ ਖੋਹਲਦੀ ਅਤੇ ਪੰਨੇ ਪਰਤ ਰਹੀ ਸੀ। ਗੋਲਡਨ ਵਰਚੂ ਨੇ ਨਜ਼ਰ ਝੁਕਾਅ ਲਈ, ਉਹ ਪਤੀ ਦੀ ਬਿਰਤੀ ਤੋੜਨੀ ਨਹੀਂ ਸੀ ਚਾਹੁੰਦੀ ਫਿਰ ਉਹ ਵੀ ਸਪਰਿੰਗ ਮੂਨ ਵੱਲ ਤੱਕਣ ਲੱਗੀ।

ਸਪਰਿੰਗ ਮੂਨ ਬੇਹੱਦ ਸੁੰਦਰ ਸੀ। ਭਾਵੇਂ ਉਸ ਨੇ ਕਦੇ ਵੀ ਮੇਕਅਪ ਨਹੀਂ ਸੀ ਕੀਤੀ। ਖਾਨਦਾਨ ਦੇ ਮੈਂਬਰ ਉਸਦੇ ਪਾਏ ਕੱਪੜਿਆਂ ਵੱਲ ਨਹੀਂ ਅਤੇ ਨਾ ਹੀ ਚਿਹਰੇ ਦੀ ਤਰਫ ਦੇਖਦੇ; ਉਹ ਤਾਂ ਉਸ ਦੀਆਂ ਅੱਖਾਂ ਦੀ ਚਮਕ ਵੱਲ ਖਿੱਚੇ ਜਾਂਦੇ ਸਨ। ਉਸ ਦਾ ਹਾਸਾ ਮਹਿਲਾਂ ਵਿਚ ਖੁਸ਼ੀਆਂ ਬਖੇਰਦਾ ਸੀ। ਜਦੋਂ ਦੀ ਉਹ ਵਾਪਸ ਆਈ ਸੀ; ਮਹਿਲਾਂ ਵਿਚ ਖੁਸ਼ੀਆਂ ਖੇੜੇ ਪਰਤ ਆਏ ਸਨ।

ਗੋਲਡਨ ਵਰਚੂ ਨੇ ਚਾਹ ਕੱਪਾਂ ਵਿਚ ਪਾਈ ਅਤੇ ਪਹਿਲਾ ਕੱਪ ਪਤੀ ਵੱਲ ਵਧਾਇਆ "ਲਓ ਮੇਰੇ ਸਾਈਂ" ਮੇਰੀ ਪਿਆਰੀ ਧੰਨਵਾਦ"। ਉਸਨੇ ਦੂਜਾ ਕੱਪ ਸਪਰਿੰਗ ਮੂਨ ਵਾਸਤੇ ਚੁੱਕਿਆ। ਪਰ ਉਹ ਤਾਂ ਅਜੇ ਤੱਕ ਕਿਤਾਬਾਂ ਵਿਚ ਹੀ ਫਿਰਦੀ ਸੀ। ਉਸ ਨੇ ਆਵਾਜ਼ ਮਾਰੀ "ਭਤੀਜੀਏ ਆ ਜਾ ਤੇ ਚਾਹ ਪੀ ਠੰਡੀ ਨਾ ਹੋ ਜਾਵੇ।" ਸਪਰਿੰਗ ਮੂਨ ਨੇ ਚੌਂਕ ਕੇ ਕਿਤਾਬ ਰੱਖ ਦਿੱਤੀ ਤੇ ਉਨ੍ਹਾਂ ਕੋਲ ਆਉਂਦੀ ਨੇ ਖ਼ਿਮਾ ਮੰਗੀ "ਮੁਆਫ਼ ਕਰੀਂ ਤਾਈ, ਮੈਂ ਤਾਂ ਕਿਤਾਬਾਂ ਵਿਚ ਗੁਆਚ ਹੀ ਗਈ ਸੀ। ਲਾਇਬ੍ਰੇਰੀ ਵਿਚ ਬਹੁਤ ਸਾਰੀਆਂ ਨਵੀਆਂ ਕਿਤਾਬਾਂ ਆ ਗਈਆਂ ਹਨ। ਉਹ ਬੈਠ ਗਈ ਅਤੇ ਚਾਹ ਦਾ ਕੱਪ ਫੜ ਲਿਆ। "ਤਾਇਆ ਜੀ ਕੀ ਮੈਂ ਕਿਤਾਬਾਂ ਉਧਾਰ ਲੈ ਸਕਦੀ ਆਂ?"

"ਜਿੰਨੀਆਂ ਤੂੰ ਚਾਹੇਂ। ਲਾਇਬ੍ਰੇਰੀ ਵਿਚ ਤੇਰਾ ਹਰ ਵੇਲੇ ਸਵਾਗਤ ਹੈ, ਅਸੀਂ ਦੋਵੇਂ ਤੇਰਾ ਸਵਾਗਤ ਕਰਦੇ ਆਂ। ਕੀ ਨਹੀਂ ਮੇਰੀ ਸੁਆਣੀ? ਗੋਲਡਨ ਵਰਚੂ ਨੇ ਹਾਂ ਵਿਚ ਸਿਰ ਹਿਲਾਇਆ ਅਤੇ ਉਨ੍ਹਾਂ ਵਾਸਤੇ ਖਾਣ ਵਾਸਤੇ ਬਦਾਮ, ਅਖਰੋਟ ਅਤੇ ਤਿਲਾਂ ਦੇ ਬਣੇ ਕੇਕ ਪੇਸ਼ ਕੀਤੇ।

"ਮੈਂ ਇਕ ਕਿਤਾਬ ਤਾਂ ਪਸੰਦ ਵੀ ਕਰ ਲਈ ਹੈ। ਲਿਨ ਯੂ ਵਲੋਂ ਨਵਾਂ ਉਲੱਥਾ ਕੀਤੀ "ਦੋ ਸ਼ਹਿਰਾਂ ਦੀ ਕਥਾ" "ਠੀਕ ਹੈ, ਠੀਕ ਹੈ ਪਰ ਉਲੱਥਾ ਕਿਉਂ ਤੂੰ ਅਸਲ ਲਿਖੀ ਸੀ ਕਿ ਤੂੰ ਅੰਗਰੇਜ਼ੀ ਸਿੱਖ ਰਹੀ ਹੈਂ।

ਲਿਨ ਸੂ ਨੇ ਕਿਹੜਾ ਅੰਗਰੇਜ਼ੀ ਪੜ੍ਹੀ ਹੈ। ਉਸ ਨੇ ਤਾਂ ਲੋਕਾਂ ਤੋਂ ਗੱਲਾਂ ਸੁਣ ਸੁਣਾ ਕੇ ਉਲੱਥਾ ਕਰ ਦਿੱਤਾ ਹੈ। ਉਹ ਚਾਰਲਸ ਡਿਕਲਨਜ਼ ਦੀ ਰੀਸ ਕਿਥੇ ਕਰ ਸਕਦਾ ਹੈ"

ਸਪਰਿੰਗ ਮੂਨ ਉੱਚੀ ਹੱਸਣ ਲੱਗੀ "ਓ ਤਾਇਆ ਮੈਨੂੰ ਤਾਂ ਇਉਂ ਲੱਗਦਾ ਜਿਵੇਂ ਤੂੰ ਮੇਰਾ ਅਜੇ ਵੀ ਅਧਿਆਪਕ ਹੋਵੇਂ। ਉਹ ਵੀ ਹੱਸਣ ਲੱਗਿਆ ਅਤੇ ਹਾਮੀ ਭਰੀ।

"ਤਾਇਆ ਜੀ ਗੱਲ ਤਾਂ ਠੀਕ ਆ। ਪਰ ਪੀਕਿੰਗ ਵਿਚ ਮੇਰੀ ਪੜ੍ਹਾਈ ਛੁੱਟੀ ਗਈ। ਪੀਕਿੰਗ ਸੂ ਕੂ ਥੋੜ੍ਹਾ ਸੀ। ਬੜਾ ਚਿਰ ਪਹਿਲਾਂ ਮੈਂ ਇਥੇ ਥੋੜ੍ਹੀ ਬਹੁਤ ਅੰਗਰੇਜ਼ੀ ਸਿੱਖੀ ਸੀ।

ਗੋਲਡਨ ਵਰਚੂ ਦੇਖ ਰਹੀ ਸੀ ਕਿ ਕਿਵੇਂ ਉਹ ਖੁੱਲ੍ਹ ਕੇ ਅਤੇ ਸਹਿਜ ਭਾ ਗੱਲਾਂ ਕਰ ਰਹੇ ਹਨ ਜਿਵੇਂ ਜਨਮਾਂ ਦੇ ਗੂੜੇ ਮਿੱਤਰ ਹੋਣ।

ਬੋਲਡ ਟੇਲੈਂਟ ਨੇ ਹੱਥ ਉਛਾਲ ਕੇ ਆਖਿਆ, "ਕੋਈ ਔਖੀ ਗੱਲ ਨਹੀਂ, ਤੂੰ ਕਿਤਾਬ 'ਤੇ ਨਿਸ਼ਾਨੀਆਂ ਲਾ ਲਵੀਂ ਜੋ ਤੈਨੂੰ ਸਮਝ ਨਾ ਲੱਗੇ। ਮੈਂ ਖੁਸ਼ੀ ਨਾਲ ਤੈਨੂੰ ਸਮਝਾ ਦਊਂ" "ਤੇਰਾ ਕੀਮਤੀ ਸਮਾਂ ਬਰਬਾਅਦ ਹੋਊ ਤਾਇਆ" "ਨਾ ਨਾ ਇਹ ਸਮੇਂ ਦਾ ਲੇਖੇ ਲਾਉਣਾ ਹੋਊ, ਤੈਨੂੰ ਅੰਗਰੇਜ਼ੀ ਜ਼ਰੂਰ ਸਿੱਖਣੀ ਚਾਹੀਦੀ ਆ"




ਸਪਰਿੰਗ ਮੂਨ ਨੇ ਗੋਲਡਨ ਵਰਚੂ ਵੱਲ ਦੇਖਦੀ ਨੇ ਆਖਿਆ। "ਮੇਰੀ ਤਾਈ ਜੀ ਤੈਨੂੰ ਬੁਰਾ ਤਾਂ ਨੀ ਲੱਗੂ, ਮੈਂ ਕਾਫ਼ੀ ਚਿਰ ਲੈ ਲਿਆ ਕਰੂੰ।"

ਗੋਲਡਨ ਵਰਚੂ ਨੇ ਮੁਸਕਰਾ ਕੇ ਆਖਿਆ, "ਇਹ ਤਾਂ ਸਗੋਂ ਖੁਸ਼ ਹੋਇਆ ਕਰਨਗੇ ਤੈਨੂੰ ਅੰਗਰੇਜ਼ੀ ਪੜ੍ਹਾ ਕੇ" ਸਪਰਿੰਗ ਮੂਨ ਨੇ ਤਾਈ ਦਾ ਧੰਨਵਾਦ ਕਰਦੀ ਨੇ ਉਸ ਦਾ ਹੱਥ ਨਿੱਘ ਨਾਲ ਘੁੱਟ ਕੇ ਫੜ ਲਿਆ ਅਤੇ ਬੋਲੀ "ਮੈਂ ਕਿਵੇਂ ਧੰਨਵਾਦ ਕਰਾਂ ਤੇਰਾ। ਜਦੋਂ ਦੀ ਮੈਂ ਮੁੜ ਕੇ ਆਈ ਆਂ ਕੋਈ ਕੰਮ ਈ ਹੈ ਨੀ ਜੋ ਮੈਂ ਕਰਾਂ। ਸਿਰਫ਼ ਦੋ ਕੁ ਵਾਰ ਚਰਚ ਗਈ ਆਂ, ਮ੍ਰਿਤਕ ਪਤੀ ਵਾਸਤੇ ਦੁਆ ਕਰਨਾ। ਮੇਰੀ ਕੁੜੀ ਨੂੰ ਵੀ ਹੁਣ ਮੈਨੂੰ ਪੜ੍ਹਾਉਣ ਦੀ ਲੋੜ ਨੀ ਪੈਂਦੀ ਤੇ ਸਾਰੇ ਖਾਨਦਾਨੀ ਮਸਲੇ ਵੀ ਤੂੰ ਚੰਗੀ ਤਰ੍ਹਾਂ ਸੰਭਾਲੇ ਹੋਏ ਨੇ। ਸਾਰਿਆਂ ਦੀਆਂ ਜ਼ਰੂਰਤਾਂ ਵੇਲੇ ਸਿਰ ਪੂਰੀਆਂ ਕੀਤੀਆਂ ਜਾਂਦੀਆਂ ਹਨ।

ਗੋਲਡਨ ਵਰਚੂ ਨੇ ਅਹਿਸਾਨ ਵਜੋਂ ਅੱਖਾਂ ਝੁਕਾਅ ਲਈਆਂ ਅਤੇ ਸੋਚਿਆ ਇਹ ਤਾਂ ਮੇਰੀ ਹਮਦਰਦ ਸਹੇਲੀ ਆ ਗਈ ਆ।

ਬੋਲਡ ਟੇਲੈਂਟ ਨੇ ਚੁੱਪ ਤੋੜਦਿਆਂ ਪੁੱਛਿਆ, "ਹਾਂ ਦੱਸ ਭਤੀਜੀ ਤੂੰ ਕਿਹੜੇ ਕਿਹੜੇ ਇੰਗਲਿਸ਼ ਲੇਖਕ ਪੜ੍ਹੇ ਨੇ।

ਉਨ੍ਹਾਂ ਵਿਚਕਾਰ ਅੰਗਰੇਜ਼ੀ ਲੇਖਕਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਅਮੁੱਕ ਗੱਲਾਂ ਸ਼ੁਰੂ ਹੋ ਗਈਆਂ ਪਰ ਗੋਲਡਨ ਵਰਚੂ ਕਿਉਂਕਿ ਇਨ੍ਹਾਂ ਗੱਲਾਂ ਤੋਂ ਅਣਜਾਣ ਸੀ, ਇਸ ਕਰਕੇ ਬਹਿਸ ਵਿਚ ਹਿੱਸਾ ਨਾ ਲੈ ਸਕੀ। ਉਹ ਚਾਹ ਪੀਂਦੀ ਰਹੀ ਅਤੇ ਤਿਲਾਂ ਦੇ ਕੇਕ ਖਾਂਦੀ ਰਹੀ। ਬੋਲਡ ਟੇਲੈਂਟ ਨੇ ਨਵੀਂ ਆਈ ਨੂੰ ਪੜ੍ਹਾਉਣ ਦੀ ਕਾਫ਼ੀ ਜਦੋ ਜਹਿਦ ਕੀਤੀ ਸੀ ਪਰ ਉਸ ਦੀ ਅਰੁਚੀ ਭਾਂਪ ਕੇ ਆਸ ਛੱਡ ਦਿੱਤੀ ਸੀ। ਕਿਥੇ ਬੋਲਡ ਟੇਲੈਂਟ ਦਾ ਪੜ੍ਹਿਆ ਲਿਖਿਆ ਵਿਦਵਾਨ ਖਾਨਦਾਨ ਅਤੇ ਕਿਥੇ ਗੋਲਡਨ ਵਰਚੂ ਦਾ ਮਾਮੂਲੀ ਵਪਾਰੀ ਪਰ ਅਮੀਰ ਖਾਨਦਾਨ। ਇਹ ਜ਼ਰੂਰ ਸੀ ਕਿ ਗੋਲਡਨ ਵਰਚੂ ਉਸ ਤੋਂ ਜਾਨ ਵਾਰ੍ਹਦੀ ਸੀ। ਉਸ ਦੀ ਹਰ ਅਣਕਹੀ ਇੱਛਾ ਦਾ ਵੀ ਪੂਰਾ ਪੂਰਾ ਖਿਆਲ ਰੱਖਦੀ ਸੀ। ਪਰ ਪੜ੍ਹਾਈ ਦੇ ਮਾਮਲੇ ਵਿਚ ਉਸ ਦਾ ਸਿਰ ਚਕਰਾਉਣ ਲੱਗਦਾ ਸੀ। ਹੁਣ ਉਹ ਸੋਚਦੀ ਸੀ, ਕਾਸ਼ ਉਹ ਉਸ ਨੂੰ ਸਖ਼ਤੀ ਕਰਕੇ ਪੜ੍ਹਾਉਂਦਾ ਰਹਿੰਦਾ, ਕਾਸ਼।

ਗੱਲਾਂ ਗੱਲਾਂ ਵਿਚ ਬੋਲਡ ਟੇਲੈਂਟ ਅਤੇ ਸਪਰਿੰਗ ਮੂਨ ਹੱਸਣ ਲੱਗੇ। ਗੋਲਡਨ ਵਰਚੂ ਵੀ ਹੱਸ ਪਈ। ਪਰ ਉਹ ਤਾਂ ਰੁਕ ਗਏ; ਗੋਲਡਨ ਵਰਚੂ ਹੱਸਦੀ ਰਹੀ। ਫਿਰ ਸ਼ਰਮ ਦੇ ਮਾਰੇ ਸਿਰ ਝੁਕਾਅ ਲਿਆ। ਸਪਰਿੰਗ ਮੂਨ ਨੇ ਉਸ ਦੀ ਨਮੋਸ਼ੀ ਤਾੜਦੀ ਨੇ ਉਸ ਦਾ ਹੱਥ ਫੜ ਲਿਆ ਅਤੇ ਆਖਿਆ "ਸੱਚੀਂ ਤਾਈ ਤੇਰੇ ਤਿਆਰ ਕੀਤੇ ਤਿਲਾਂ ਦੇ ਕੇਕ ਬੜੇ ਸੁਆਦੀ ਨੇ। ਕੀ ਤੂੰ ਮੈਨੂੰ ਸਿਖਾ ਸਕੇਂਗੀ ਇਹ ਕਿਵੇਂ ਬਣਾਈ ਦੇ ਨੇ। ਸ਼ੁਕਰ ਕਰਦੀ ਗੋਲਡਨ ਵਰਚੂ ਉਸ ਵੱਲ ਮੁੜੀ ਅਤੇ ਬੋਲੀ "ਮੈਨੂੰ ਬੜੀ ਖੁਸ਼ੀ ਹੋਊ, ਦੇਖ ਪਹਿਲਾਂ ਵਧੀਆ ਚੌਲਾਂ ਦਾ ਆਟਾ ਤਿਆਰ ਕਰਨਾ ਫਿਰ.ਬੋਲਡ ਟੇਲੈਂਟ ਖੰਘੂਰਾ ਮਾਰਦਾ ਬੋਲਿਆ, "ਮੇਰੀ ਪਿਆਰੀ ਏਨੀ ਛੇਤੀ ਤੂੰ ਕਿਵੇਂ ਸਿਖਾਵੇਂਗੀ। ਹੁਣ ਜਦੋਂ ਵੀ ਤੂੰ ਇਹ ਕੇਕ ਬਣਾਉਣੇ ਹੋਏ ਸਪਰਿੰਗ ਮੂਨ ਨੂੰ ਆਪਣੀ ਰਸੋਈ ਵਿਚ ਬੁਲਾ ਲਵੀਂ" ਉਸ ਦੀ ਅਵਾਜ਼ ਰਸਭਿੰਨੀ ਸੀ। ਠੀਕ ਗੱਲ ਤਾਂ ਇਹ ਸੀ ਕਿ ਉਸ ਨੂੰ ਕੇਕ ਤਿਆਰ ਕਰਨ ਦੇ ਤਰੀਕਿਆਂ ਵਿਚ ਕੀ ਦਿਲਚਸਪੀ ਹੋ ਸਕਦੀ ਸੀ।

"ਸੁਆਮੀ ਤੂੰ ਬੜਾ ਕਦਰਵਾਨ ਏਂ। ਹੁਣ ਮੈਂ ਜਦੋਂ ਵੀ ਕੇਕ ਤਿਆਰ ਕੀਤੇ ਮੈਂ ਸਪਰਿੰਗ ਮੂਨ ਨੂੰ ਜ਼ਰੂਰ ਬੁਲਾ ਲਵੂੰ"

ਬੋਲਡ ਟੇਲੈਂਟ, ਆਪਦੇ ਘਰ ਵਾਲੀ ਨਾਲ ਤੋਲ ਮੇਚ ਕੇ ਗੱਲ ਕਰਦਾ ਸੀ ਅਤੇ ਉਸ 'ਤੇ ਤਰਸ ਵੀ ਕਰਦਾ ਸੀ। ਉਹ ਜਦੋਂ ਵੀ ਵਿਆਹ ਕੇ ਆਈ ਸੀ, ਚੰਗੇ ਖਾਨਦਾਨ ਦੀ ਅਹਿਸਾਨਮੰਦ ਸੀ ਜਿਸ ਨੇ ਉਸ ਵਰਗੀ ਨੂੰ ਘਰ ਵਸਾ ਲਿਆ। ਕਿਥੇ ਉਸਦਾ ਖਾਨਦਾਨ ਤੇ ਕਿਥੇ ਚੰਗੇ ਖਾਨਦਾਨ ਜਿਸ ਦਾ ਚੀਨ ਭਰ ਵਿਚ ਨਾਂ ਸੀ। ਫਿਰ ਉਹ ਖਾਨਦਾਨ ਪਿਤਾਮਾ ਦੀ ਘਰਵਾਲੀ। ਖਾਨਦਾਨ ਦੇ ਸਾਰੇ ਮੈਂ ਉਸਦਾ ਸਤਿਕਾਰ ਕਰਦੇ ਸਨ। ਪਿੱਠ ਪਿਛੇ ਵੀ ਕੋਈ ਉਂਘਲ ਨਹੀਂ ਸੀ ਚੁੱਕਦਾ। ਰੱਬ ਦੀ ਵੀ ਉਸ ਉਪਰ ਮਿਹਰ ਸੀ। ਵਿਆਹ ਦੇ ਪਹਿਲੇ ਸਾਲ ਹੀ ਵੱਡਾ ਮੁੰਡਾ ਗਰੈਂਡ ਵਿਸਟਾ ਪੈਦਾ ਹੋਇਆ ਅਤੇ ਦੋ ਸਾਲ ਬਾਅਦ ਛੋਟਾ ਬਰਾਈਟ ਵਿਸਟਾ। ਉਸ ਤੋਂ ਦੋ ਸਾਲ ਬਾਅਦ ਇਕ ਜਣੇਪੇ ਵੇਲੇ ਤੋਂ ਮਰੀ ਕੁੜੀ ਹੋਈ ਪਰ ਜੱਚਾ ਦੀ ਜਾਨ ਬਚ ਗਈ। ਉਸ ਤੋਂ ਬਾਅਦ ਬੋਲਡ ਟੇਲੈਂਟ ਨੇ ਆਖ ਦਿੱਤਾ ਕਿ ਉਸ ਦੇ ਦੋ ਮੁੰਡੇ ਹਨ ਹੋਰ ਉਸ ਨੂੰ ਲੋੜ ਨਹੀਂ। ਉਸ ਦੀ ਜ਼ਿੰਦਗੀ ਉਸ ਵਾਸਤੇ ਹੋਰ ਬੱਚਿਆਂ ਨਾਲ ਕੀਮਤੀ ਹੈ। ਭਾਵੇਂ ਗੋਲਡਨ ਵਰਚੂ ਨੇ ਉਸ ਨੂੰ ਰਖੇਲ ਵਸਾ ਲੈਣ ਵਾਸਤੇ ਜ਼ੋਰ ਲਾਇਆ ਪਰ ਉਹ ਨਾ ਮੰਨਿਆ।

ਉਹ ਰਾਜ ਮਾਤਾ ਦੀ ਪੂਰੀ ਸੇਵਾ ਕਰਦੀ। ਖਾਨਦਾਨੀ ਮਸਲਿਆਂ ਅਤੇ ਝਗੜਿਆਂ ਨੂੰ ਹੱਲ ਕਰਨ ਵਿਚ ਉਹ ਪਤੀ ਦੀ ਪੂਰੀ ਮਦਦਗਾਰ ਸਾਬਤ ਹੁੰਦੀ। ਉਸ ਵਾਸਤੇ ਵਧੀਆ ਖਾਣਾ ਤਿਆਰ ਕਰਦੀ। ਬੀਮਾਰੀ ਵਿਚ ਉਸ ਦੀ ਤੀਮਾਰਦਾਰੀ ਕਰਦੀ। ਖਾਨਦਾਨੀ ਖਜ਼ਾਨੇ ਦਾ ਪੂਰਾ ਖਿਆਲ ਰੱਖਦੀ। ਉਸ ਨੇ ਮੁੰਡਿਆਂ ਦੀ ਪਾਲਣਾ ਕਰਦੀ ਅਤੇ ਉਸ ਦੇ ਮਿੱਤਰਾਂ ਦੀ ਪੂਜਾ ਕਰਦੀ। ਉਹ ਖੁਸ਼ ਸੀ ਅਤੇ ਘਰ ਵਾਲਾ ਵੀ ਉਸ ਦੋਂ ਦੁਖੀ ਨਹੀਂ ਸੀ।

ਜਦੋਂ ਸਪਰਿੰਗ ਮੂਨ ਚਾਹ ਤੋਂ ਬਾਅਦ ਚਲੀ ਗਈ ਤਾਂ ਗੋਲਡਨ ਵਰਚੂ ਨੇ ਆਗਿਆ ਮੰਗੀ ਕਿ ਉਹ ਫਿਰ ਦੁਬਾਰਾ ਸਪਰਿੰਗ ਮੂਨ ਨੂੰ ਉਨ੍ਹਾਂ ਨਾਲ ਆ ਕੇ ਚਾਹ ਪੀਣ ਵਾਸਤੇ ਬੁਲਾਵੇਗੀ।

# ਹਥਿਆਰਬੰਦ ਨਕਾਬਪੋਸ਼ ਗੁੰਡਿਆਂ ਵੱਲੋਂ ਜੇ.ਐਨ.ਯੂ ਕੈਂਪਸ 'ਤੇ ਜਾਨਲੇਵਾ ਹਮਲੇ ਦੀ ਜਮਹੂਰੀ ਅਧਿਕਾਰ ਸਭਾ ਵਲੋਂ ਨਿਖੇਧੀ

**ਬਠਿੰਡਾ/ਬਲਜਿੰਦਰ ਸਿੰਘ**

ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋ ਏ.ਕੇ.ਮਲੇਰੀ,ਮੀਤ ਪ ?ਧਾਨ ਪਿ ? ਬੱਗਾ ਸਿੰਘ,ਜਨਰਲ ਸਕੱਤਰ ਪ੍ਰੋ. ਜਗਮੋਹਣ ਸਿੰਘ, ਸਕੱਤਰੇਤ ਮੈਂਬਰ ਡਾ ਅਜੀਤਪਾਲ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਹਥਿਆਰਾਂ ਨਾਲ ਲੈਸ ਗੁੰਡਿਆਂ ਵੱਲੋਂ ਜੇ.ਐੱਨ.ਯੂ. ਕੈਂਪਸ ਵਿਚ ਦਾਖ਼ਲ ਹੋ ਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਉੱਪਰ ਜਾਨਲੇਵਾ ਹਮਲੇ ਕਰਨ ਅਤੇ ਭੰਨਤੋੜ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਦੱਸਿਆ ਕਿ ਇਸ ਹਮਲੇ ਵਿਚ ਜੇ.ਐੱਨ.ਯੂ. ਸਟੂਡੈਂਟਸ ਯੂਨੀਅਨ ਦੀ ਪ੍ਰਧਾਨ ਆਇਸ਼ੀ ਘੋਸ਼, ਪ੍ਰੋਫੈਸਰ ਸੁਚਿਤਿਰਾ ਸੇਨ ਸਮੇਤ 30 ਲੋਕ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਹਨ। ਵਿਦਿਆਰਥਣਾਂ ਤੇ ਅਧਿਆਪਕਾਂ ਉੱਪਰ ਬੇਕਿਰਕੀ ਨਾਲ ਕੀਤੇ ਇਸ ਹਮਲੇ ਨੇ ਇਸ ਸਮੁੱਚੇ ਲਾਣੇ ਦਾ ਅਣਮਨੁੱਖੀ ਤੇ ਵਹਿਸ਼ੀ ਚਿਹਰਾ ਦੁਨੀਆ ਨੂੰ ਦਿਖਾ ਦਿੱਤਾ ਹੈ। ਇਸ ਘਟਨਾਕ੍ਰਮ ਦੀ ਕਵਰੇਜ਼ ਕਰਨ ਗਏ ਪੱਤਰਕਾਰਾਂ ਉੱਪਰ ਨਕਸਲੀ ਕਹਿ ਕੇ ਹਮਲਾ ਕੀਤਾ ਗਿਆ ਅਤੇ ਹੁਣ ਆਰ.ਐੱਸ.ਐੱਸ. ਦੇ ਲੋਕ ਸੋਸ਼ਲ ਮੀਡੀਆ ਉੱਪਰ ਖ਼ੁਦ ਨੂੰ ਨਕਸਲੀ ਹਮਲੇ ਤੋਂ ਪੀੜਤ ਧਿਰ ਵਜੋਂ ਪੇਸ਼ ਕਰ ਕੇ ਉੱਚ ਪੱਧਰੀ ਸਾਜ਼ਿਸ਼ ਅਤੇ ਪੁਲਿਸ ਦੀ ਮਿਲੀਭੁਗਤ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਕਰ ਰਹੇ ਹਨ।



ਸਭਾ ਦੇ ਆਗੂਆਂ ਨੇ ਅੱਗੇ ਕਿਹਾ ਕਿ ਪੁਲਿਸ ਵੱਲੋਂ ਨਾ ਸਿਰਫ਼ ਮੂਕ ਦਰਸ਼ਕ ਬਣੇ ਰਹਿਣਾ ਸਗੋਂ ਕੈਂਪਸ ਨੂੰ ਚਾਰ-ਚੁਫੇਰਿਓਂ ਘੇਰ ਕੇ ਵਿਦਿਆਰਥੀਆਂ ਦੇ ਬਾਹਰ ਨਿਕਲਣ ਅਤੇ ਬਾਹਰੋਂ ਕਿਸੇ ਵੀ ਤਰ੍ਹਾਂ ਦੀ ਮਦਦ ਨੂੰ ਰੋਕਣ ਲਈ ਨਾਕਾਬੰਦੀ ਕਰਨਾ ਅਤੇ ਵਿਦਿਆਰਥੀਆਂ ਨੂੰ ਹੌਸਲਾ ਦੇਣ ਲਈ ਕੈਂਪਸ ਅਤੇ ਹਸਪਤਾਲਾਂ ਵਿਚ ਜਾਣ ਦੀ ਕੋਸ਼ਿਸ਼ ਕਰਨ ਵਾਲੀਆਂ ਨਾਮਵਰ ਸ਼ਖ਼ਸੀਅਤਾਂ ਨਾਲ ਧੱਕਾਮੁੱਕੀ ਅਤੇ ਬਦਸਲੂਕੀ ਕਰਨਾ ਇਸ ਦਾ ਸਬੂਤ ਹੈ ਕਿ ਇਹ ਬਾਕਾਇਦਾ ਸਾਜ਼ਿਸ਼ ਸੱਤਾਧਾਰੀ ਧਿਰ ਵੱਲੋਂ ਉੱਚ ਪੱਧਰ 'ਤੇ ਰਚੀ ਗਈ ਹੈ। ਆਰ. ਐੱਸ. ਐੱਸ.-ਭਾਜਪਾ ਤੇ ਏਬੀਵੀਪੀ ਦੇ ਲੱਠਮਾਰਾਂ ਵੱਲੋਂ ਇਹ ਹਮਲਾ ਪੂਰੀ ਤਰ੍ਹਾਂ ਯੋਜਨਾਬੱਧ ਅਤੇ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਕੀਤਾ ਗਿਆ ਹੈ। ਜਿਸ ਦਾ ਮਨੋਰਥ ਕੈਂਪਸ ਦੀਆਂ ਸ਼ਾਨਦਾਰ ਜਮਹੂਰੀ ਰਵਾਇਤਾਂ ਅਤੇ ਕਦਰਾਂ-ਕੀਮਤਾਂ ਨੂੰ ਕੁਚਲਣਾ, ਸਮਾਜਿਕ ਇਨਸਾਫ਼ ਲਈ ਜਮਹੂਰੀ ਆਵਾਜ਼ ਨੂੰ ਦਬਾਉਣਾ ਅਤੇ ਬਰਾਬਰੀ ਅਧਾਰਤ ਸਿੱਖਿਆ ਦੇ ਹੱਕ ਲਈ ਸੰਘਰਸ਼ ਨੂੰ ਤੋੜਣਾ ਹੈ। ਸਿੱਖਿਆ ਦੇ ਵਪਾਰੀਕਰਨ ਅਤੇ ਨਿੱਜੀਕਰਨ ਵਿਰੁੱਧ ਅਡੋਲ ਸੰਘਰਸ਼ ਵਿਚ ਡੱਟੇ ਜੇ.ਐੱਨ.ਯੂ. ਦੇ ਵਿਦਿਆਰਥੀ ਅਤੇ ਅਧਿਆਪਕ ਨਾ ਸਿਰਫ਼ ਭਾਰਤੀ ਰਾਜ ਦੇ ਕਾਰਪੋਰੇਟ ਪੱਖੀ ਹਮਲੇ ਵਿਰੁੱਧ ਚਟਾਨ ਵਾਂਗ ਡੱਟੇ ਹੋਏ ਹਨ, ਦਰਅਸਲ ਉਹ ਘੱਟਗਿਣਤੀਆਂ ਅਤੇ ਹੋਰ ਹਾਸ਼ੀਆਗ੍ਰਸਤ ਹਿੱਸਿਆਂ ਦੇ ਹਿਤਾਂ ਨੂੰ ਆਵਾਜ਼ ਦੇ ਕੇ ਅਤੇ ਉਹਨਾਂ ਦੇ ਹਿਤ ਲਈ ਸੰਘਰਸ਼ ਦੇ ਝੰਡਾਬਰਦਾਰ ਬਣ ਕੇ ਹਿੰਦੂਤਵ ਫਾਸ਼ੀਵਾਦ ਨੂੰ ਤਰਕਪੂਰਨ ਚੁਣੌਤੀ ਦੇ ਰਹੇ ਹਨ। ਜੇ.ਐੱਨ.ਯੂ. ਕੈਂਪਸ ਦੀ ਏਕਤਾ ਅਤੇ ਇਕਜੁੱਟਤਾ ਨੇ ਹਿੰਦੂਤਵ ਸਰਕਾਰ ਦੀਆਂ ਚਾਲਾਂ ਨੂੰ ਕਾਮਯਾਬੀ ਨਾਲ ਪਛਾੜਿਆ ਹੈ ਅਤੇ ਸੰਘ ਵੱਲੋਂ ਕੈਂਪਸ ਉੱਪਰ ਥੋਪੇ ਵੀ.ਸੀ. ਨੂੰ ਹਿੰਦੂਤਵ ਦੇ ਏਜੰਡੇ ਨੂੰ ਲਾਗੂ ਕਰਨ ਵਿਚ ਭਾਰੀ ਮੁਸ਼ਕਲ ਆ ਰਹੀ ਹੈ। ਇਸ ਰੁਕਾਵਟ ਨੂੰ ਦੂਰ ਕਰਨ ਲਈ ਗਿਣੀ-ਮਿੱਥੀ ਯੋਜਨਾ ਤਹਿਤ ਗੁੰਡਾਂ ਗਰੋਹਾਂ ਨੂੰ ਕੈਂਪਸ ਉੱਪਰ ਹਮਲਾ ਕਰਨ ਲਈ ਭੇਜਿਆ ਗਿਆ। ਜਿਹਨਾਂ ਵੱਲੋਂ ਪੂਰੀ ਤਰ੍ਹਾਂ ਬੇਖ਼ੌਫ਼ ਹੋ ਕੇ ਹੋਸਟਲਾਂ ਵਿਚ ਵੜ ਕੇ ਤੋੜ-ਫੋੜ ਕੀਤੀ, ਵਿਦਿਆਰਥੀ ਆਗੂਆਂ ਨੂੰ ਚੁਣ ਕੇ ਨਿਸ਼ਾਨਾ ਬਣਾਇਆ ਗਿਆ। ਟੀਚਰਾਂ ਦੇ ਧਰਨੇ ਉੱਪਰ ਹਮਲਾ ਕਰਕੇ ਬਹੁਤ ਸਾਰੇ ਟੀਚਰਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਉਹਨਾਂ ਅੱਗੇ ਕਿਹਾ ਕਿ ਕੇਂਦਰੀ ਯੂਨੀਵਰਸਿਟੀਆਂ ਅਤੇ ਹੋਰ ਉੱਚ ਵਿਦਿਅਕ ਸੰਸਥਾਵਾਂ ਪਹਿਲਾਂ ਤੋਂ ਹੀ ਹਿੰਦੂਤਵ ਬਰਗੇਡ ਦੇ ਨਿਸ਼ਾਨੇ 'ਤੇ ਹਨ। ਇਸੇ ਤਹਿਤ ਪਿਛਲੇ ਦਿਨੀਂ ਜਾਮੀਆ ਮਿਲੀਆ ਇਸਲਾਮੀਆ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਕੈਂਪਸਾਂ ਉੱਪਰ ਹਮਲੇ ਕੀਤੇ ਗਏ ਅਤੇ ਨਾਲ ਹੀ ਯੂ.ਪੀ. ਤੇ ਹੋਰ ਭਾਜਪਾ ਸ਼ਾਸਤ ਰਾਜਾਂ ਵਿਚ ਪੁਲਿਸ ਤਾਕਤ ਭੇਜ ਕੇ ਘੱਟ ਗਿਣਤੀ ਮੁਸਲਮਾਨਾਂ ਅਤੇ ਇਨਸਾਫ਼ਪਸੰਦ ਜਮਹੂਰੀ ਤਾਕਤਾਂ ਨੂੰ ਦਬਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਸੀ। ਰਾਜਕੀ ਦਹਿਸ਼ਤਵਾਦ ਆਪਣੇ ਮਨੋਰਥ ਵਿਚ ਅਸਫ਼ਲ ਰਿਹਾ, ਇਸ ਨੇ ਸਗੋਂ ਸੱਤਾਧਾਰੀ ਧਿਰ ਦੇ ਏਜੰਡੇ ਵਿਰੁੱਧ ਫਿਰਕੂ ਸਦਭਾਵਨਾ ਅਤੇ ਲੋਕ ਏਕਤਾ ਨੂੰ ਹੀ ਮਜ਼ਬੂਤ ਕੀਤਾ ਹੈ। ਤਾਜ਼ਾ ਹਮਲਾ ਇਸੇ ਅਸਫ਼ਲਤਾ 'ਚੋਂ ਪੈਦਾ ਹੋਈ ਬੁਖਲਾਹਟ ਦੀ ਨਿਸ਼ਾਨੀ ਹੈ। ਪਹਿਲਾਂ ਨਾਗਰਿਕਤਾ ਸੋਧ ਕਾਨੂੰਨ ਅਤੇ ਨੈਸ਼ਨਲ ਰਜਿਸਟਰ ਵਿਰੁੱਧ ਰੋਸ ਮੁਜ਼ਾਹਰਿਆਂ ਨੂੰ ਦਬਾਉਣ ਵਿਚ ਅਤੇ ਹੁਣ ਜੇ.ਐੱਨ.ਯੂ. ਵਿਚ ਹਿੰਦੂਤਵ ਗੁੰਡਿਆਂ ਨੂੰ ਸੁਰੱਖਿਆ ਦੇਣ ਵਿਚ ਪੁਲਿਸ ਵੱਲੋਂ ਨਿਭਾਈ ਭੂਮਿਕਾ ਦਿਖਾਉਂਦੀ ਹੈ ਕਿ ਭਾਰਤੀ ਪੁਲਿਸ ਪੂਰੀ ਤਰ੍ਹਾਂ ਰਾਜਨੀਤਕ ਹੱਥ ਠੋਕਾ ਬਣ ਚੁੱਕੀ ਹੈ। ਮੁਢਲੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਨਿਭਾਉਣ ਅਤੇ ਔਰਤਾਂ ਨੂੰ ਸੁਰੱਖਿਆ ਦੇਣ ਵਿਚ ਅਸਫ਼ਲ ਇਸ ਤਾਨਾਸ਼ਾਹ ਸਰਕਾਰ ਦੀ ਪੂਰੀ ਟੇਕ ਆਪਣੀ ਪ੍ਰਸ਼ਾਸਨਿਕ ਨਾਲਾਇਕੀ ਨੂੰ ਛੁਪਾਉਣ ਲਈ ਅੰਧ-ਰਾਸ਼ਟਰਵਾਦ ਉੱਪਰ ਹੈ ਅਤੇ ਇਹ ਅਮਨ-ਕਾਨੂੰਨ ਨੂੰ ਲਾਗੂ ਕਰਵਾਉਣ ਦੀ ਸਭ ਤੋਂ ਮੁੱਢਲੀ ਸੰਵਿਧਾਨਕ ਡਿਊਟੀ ਤੋਂ ਪੂਰੀ ਤਰ੍ਹਾਂ ਮੂੰਹ ਮੋੜਨ ਵਾਲਾ ਨਿਜ਼ਾਮ ਹੈ। ਹੁਣ ਤਾਂ ਸੱਤਾਧਾਰੀ ਭਾਜਪਾ ਦੇ ਗੁੰਡਾ ਗਰੋਹ ਪੁਲੀਸ ਦੀ ਛਤਰਛਾਇਆ ਹੇਠ ਆਮ ਜਨਤਾ ਤੇ ਔਰਤਾਂ ਉੱਪਰ ਹਮਲੇ ਕਰ ਰਹੇ ਹਨ। ਇਹ ਬਹੁਤ ਹੀ ਖ਼ਤਰਨਾਕ ਰੁਝਾਨ ਹੈ, ਇਤਿਹਾਸ ਦੀ ਰੋਸ਼ਨੀ ਵਿਚ ਦੇਖਿਆਂ ਇਹ ਅਲਾਮਤਾਂ ਫਾਸੀਵਾਦ ਦੀਆਂ ਹਨ। ਜਿਸ ਦੇ ਖ਼ਿਲਾਫ਼ ਵਿਆਪਕ ਪੱਧਰ 'ਤੇ ਆਵਾਜ਼ ਉਠਾਉਣ ਜ਼ਰੂਰੀ ਹੈ। ਸਮੂਹ ਇਨਸਾਫ਼ਪਸੰਦ ਤੇ ਜਮਹੂਰੀ ਤਾਕਤਾਂ ਨੂੰ ਇਸ ਹਮਲੇ ਦੇ ਸਨਮੁੱਖ ਜਮਹੂਰੀ ਮੁੱਲਾਂ ਦੀ ਰਾਖੀ ਲਈ ਸੰਘਰਸ਼ ਨੂੰ ਹੋਰ ਵੀ ਵਿਸ਼ਾਲ ਬਣਾਉਣ ਅਤੇ ਹਿੰਦੂਤਵ ਫਾਸ਼ੀਵਾਦ ਵਿਰੁੱਧ ਗਰਜਵੀਂ ਆਵਾਜ਼ ਨੂੰ ਹੋਰ ਵੀ ਜੋਸ਼ੋ-ਖਰੋਸ਼ ਨਾਲ ਬੁਲੰਦ ਕਰਨ ਦੀ ਲੋੜ ਹੈ।

ਬਰਸੀ 'ਤੇ ਵਿਸ਼ੇਸ਼

# ਮਹਾਨ .ਗਦਰੀ ਸੂਰਮਾਂ-ਤੇਜਾ ਸਿੰਘ ਸਫਰੀ ਸਰਾਭਾ



ਮਹਾਨ ਗਦਰੀ ਤੇਜਾ ਸਿੰਘ ਸਫਰੀ

ਤਮਾਮ ਨਿੱਜੀ ਤੇ ਪਰਿਵਾਰਕ ਹਿੱਤਾਂ ਨੂੰ ਅਧੀਨ ਰੱਖ ਕੇ ਦਿਨ ਰਾਤ ਦੇਸ਼, ਕੌਮ ਤੇ ਕਿਰਤੀ ਜਮਾਤ ਦੀ ਆਜ਼ਾਦੀ ਤੇ ਖੁਸ਼ਹਾਲੀ ਨੂੰ ਪ੍ਰਨਾਏ ਅਜੇਹੇ ਵਿਰਲੇ ਹੀ ਸੂਰਮੇ ਹੁੰਦੇ ਹਨ, ਜੋ ਜ਼ਿੰਦਗੀ ਭਰ ਕੀਤੇ ਵੱਡੇ ਤਿਆਗ ਤੇ ਭਾਰੀ ਕੁਰਬਾਨੀਆਂ ਸਦਕਾ ਸਦਾ ਸਦਾ ਲਈ ਅਮਰ ਹੋ ਜਾਂਦੇ ਹਨ। ਅਜੇਹਾ ਵਿੱਲਖਣ ਯੋਧਾ ਸੀ- ਤੇਜਾ ਸਿੰਘ ਸਫਰੀ ਸਰਾਭਾ।

ਮਹਾਨ ਗ਼ਦਰੀ ਸੂਰਮੇਂ ਤੇਜਾ ਸਿੰਘ ਸਫਰੀ ਦਾ ਜਨਮ 1900 ਵਿੱਚ ਪਿਤਾ ਸ. ਜੀਵਾ ਸਿੰਘ ਦੇ ਘਰੇ ਮਾਤਾ ਜਿਉਣ ਕੌਰ ਦੀ ਕੁੱਖੋਂ ਹੋਇਆ। ਮੁੱਢਲੀ ਵਿੱਦਿਆ ਪ੍ਰਾਪਤ ਕਰਨ ਪਿੱਛੋਂ ਤੇਜਾ ਸਿੰਘ ਆਪਣੇ ਪਿਤਾ ਨਾਲ ਖੇਤੀਬਾੜੀ ਕਰਵਾਉਣ ਲੱਗਿਆ। ਇਕ ਦਿਨ ਗੁਪਤਵਾਸ ਜੀਵਨ ਦੌਰਾਨ ਕਰਤਾਰ ਸਿੰਘ ਸਰਾਭਾ, ਤੇਜਾ ਸਿੰਘ ਨੂੰ ਉਸਦੇ ਖੇਤ 'ਚ ਜਾ ਮਿਲਿਆ। ਸਰਾਭਾ ਨੇ ਆਪਣੇ ਦਾਦਾ ਜੀ ਬਦਨ ਸਿੰਘ ਬੁਲਾਉਣ ਲਈ ਤੇਜਾ ਸਿੰਘ ਨੂੰ ਘਰੇ ਭੇਜਿਆ। ਦਾਦੇ-ਪੋਤੇ ਦੀ ਇਸ ਮਿਲਣੀ ਦਾ ਆਪ ਜੀ ਤੇ ਬਹੁਤ ਹੀ ਡੂੰਘਾ ਅਸਰ ਹੋਇਆ, ਜਿਸਦਾ ਵਰਨਣ ਆਪ ਦੀ ਕਵਿਤਾ 'ਦਾਦੇ-ਪੋਤੇ ਦੀ ਗੱਲਬਾਤ' ਵਿੱਚ ਦਰਜ ਹੈ। ਇਸ ਤੋਂ ਪਿੱਛੋਂ ਥੋੜੇ ਸਮੇਂ ਵਿੱਚ ਹੀ ਆਪ ਜੀ ਦੀਆਂ ਕਈ ਮੁਲਾਕਾਤਾਂ ਸਰਾਭਾ ਜੀ ਨਾਲ ਹੋਈਆਂ, ਜਿਨ੍ਹਾਂ ਨਾਲ ਆਪ ਵੀ ਗ਼ਦਰੀ ਰੰਗ 'ਚ ਰੰਗੇ ਗਏ ਅਤੇ ਗ਼ਦਰ ਪਾਰਟੀ ਦੀਆਂ ਗੁਪਤ ਸਰਗਰਮੀਆਂ ਵਿੱਚ ਬਾਕਾਇਦਾ ਭਾਗ ਲੈਣ ਲੱਗੇ। ਸੰਨ 1923 ਵਿੱਚ ਗੁਰਦੁਆਰਿਆਂ ਨੂੰ ਮਸੰਦਾਂ ਤੋਂ ਆਜਾਦ ਕਰਵਾਉਣ ਲਈ ਜੈਤੋ ਦੇ ਅਕਾਲੀ ਮੋਰਚੇ ਦੌਰਾਨ ਤੇਜਾ ਸਿੰਘ ਸਫਰੀ ਨੇ ਗ੍ਰਿਫਤਾਰੀ ਦਿੱਤੀ। ਸੰਨ 1924 'ਚ ਨਾਭਾ ਜੇਲ੍ਹ ਦੌਰਾਨ ਪਹਿਲੀ ਕਵਿਤਾ ਲਿਖਣ ਨਾਲ ਉਨ੍ਹਾਂ ਦਾ ਕਾਵਿ ਸਫਰ ਆਰੰਭ ਹੋਇਆ। ਸੰਨ 1924 ਤੋਂ 1929 ਤੱਕ ਕਲਕੱਤਾ ਰਹੇ। ਇਸ ਸਮੇਂ ਗ਼ਦਰੀ ਮੁਨਸ਼ਾ ਸਿੰਘ ਦੁਖੀ ਤੇ ਸੁਦਾਗਰ ਸਿੰਘ ਭਿਖਾਰੀ ਨਾਲ ਮਿਲ ਕੇ ਵਿਸ਼ਵ ਦੀ ਪਹਿਲੀ ਪੰਜਾਬੀ ਸਾਹਿਤ ਸਭਾ-'ਕਵੀ-ਕੁਟੀਆ' ਦੀ ਉਸਾਰੀ ਕੀਤੀ। ਆਪ ਨੇ ਜਲਦੀ ਹੀ 'ਕਵੀ-ਕੁਟੀਆ', 'ਕਵੀ-ਮਾਸਕ','ਰਸਾਲੇ' ਤੇ 'ਕਵੀ-ਪ੍ਰੈਸ' ਦਾ ਸਾਰਾ ਕਾਰਜ ਭਾਰ ਸਾਂਭ ਲਿਆ। ਦਰਅਸਲ 'ਕਵੀ-ਪ੍ਰੈਸ' ਗ਼ਦਰੀਆਂ ਸਮੇਤ ਸਮੂਹ ਦੇਸ਼ ਭਗਤਾਂ ਦਾ ਅੱਡਾ ਸੀ ਤੇ 'ਕਵੀ-ਮਾਸਕ' ਇਨ੍ਹਾਂ ਦਾ ਬੁਲਾਰਾ ਸੀ। 'ਸਾਂਝੀ ਵਾਲ' ਸਪਤਾਹਿਕ ਜੋ ਅੰਗਰੇਜ਼ ਹਕੂਮਤ ਦਾ ਸਿੱਧਾ ਵਿਰੋਧੀ ਸੀ, ਵੀ ਇੱਥੋਂ ਛਪਦਾ। ਤੇਜਾ ਸਿੰਘ ਸਫਰੀ ਦੀਆਂ ਜੋਸ਼ੀਲੀਆਂ ਤੇ ਇਨਕਲਾਬੀ ਕਵਿਤਾਵਾਂ 'ਕਵੀ','ਫੁਲਵਾੜੀ','ਸਾਂਝੀ ਵਾਲ' ਤੇ ਹੋਰ ਪ੍ਰਸਿੱਧ ਪੰਜਾਬੀ ਪੇਪਰਾਂ 'ਚ ਛਪਦੀਆਂ ਤੇ ਕਵੀ ਦਰਬਾਰਾਂ 'ਚ ਗੂੰਜਦੀਆਂ ਅਤੇ ਦੇਸ਼ ਭਗਤੀ ਦਾ ਸੂਹਾ ਰੰਗ ਚਾੜਦੀਆਂ । ਇਸ ਤੋਂ ਇਲਾਵਾ ਆਪ ਦਿਨ ਰਾਤ ਸਾਈਕਲ ਚਲਾ ਕੇ ਕ੍ਰਾਂਤੀਕਾਰੀ ਸਾਹਿਤ ਵੰਡਦੇ ਤੇ ਇਸ ਲਈ ਸਹਾਇਤਾ ਇੱਕਠੀ ਕਰਦੇ।

ਤੇਜਾ ਸਿੰਘ ਸਫਰੀ ਆਪਣੇ ਭਰਾ ਪ੍ਰੇਮ ਸਿੰਘ ਸਰਾਭਾ ਨਾਲ ਮਿਲ ਕੇ ਕਲਕੱਤੇ ਵਿੱਚ ਸਾਮਰਾਜ ਵਿਰੋਧੀ ਵਿਸ਼ਾਲ ਜਲਸੇ, ਜਲੂਸਾਂ ਦੀ ਅਗਵਾਈ ਕਰਦੇ । ਸੰਨ 1930-31 ਵਿੱਚ ਸ਼ਹੀਦ ਜੈਤਿਨ ਦਾਸ ਤੇ ਸ਼ਹੀਦ-ਏ-ਆਜਮ ਸ. ਭਗਤ ਸਿੰਘ ਦੀਆਂ ਸ਼ਹਾਦਤਾਂ ਮੌਕੇ ਲਾ-ਮਿਸਾਲ ਖਾੜਕੂ ਮੁਜਾਹਰੇ ਜੱਥੇਬੰਦ ਕੀਤੇ ਗਏ, ਜਿਨ੍ਹਾਂ ਦੀ ਰਾਹਨੁਮਾਈ ਆਪ ਨੇ ਕੀਤੀ। ਆਪ ਦੇ ਗ੍ਰਿਫਤਾਰੀ ਵਾਰੰਟ ਕਲਕੱਤਾ ਪੁਲੀਸ ਨੇ ਕੱਢ ਦਿੱਤੇ ਤੇ ਆਪ ਗੁਪਤ ਰੂਪ ਵਿੱਚ ਪੰਜਾਬ ਪਹੁੰਚ ਗਏ। ਇੱਧਰ ਭਰਾ ਪ੍ਰੇਮ ਸਿੰਘ ਸਰਾਭਾ ਨੂੰ ਲੁਧਿਆਣਾ ਪੁਲੀਸ ਨੇ ਜੇਲ੍ਹ 'ਚ ਬੰਦ ਕਰ ਦਿੱਤਾ। ਇਨ੍ਹਾਂ ਇਮਤਿਹਾਨੀ ਹਾਲਤਾਂ ਅੰਦਰ ਆਪ 28 ਜੁਲਾਈ 1929 ਨੂੰ ਕਿਰਤੀ ਕਿਸਾਨ ਪਾਰਟੀ ਜਿਲ੍ਹਾ ਲੁਧਿਆਣਾ ਦੇ ਮੀਤ ਪ੍ਰਧਾਨ ਚੁਣੇ ਗਏ ਅਤੇ ਕਿਸਾਨ ਮਜ਼ਦੂਰ ਘੋਲਾਂ ਤੇ ਲਹਿਰਾਂ ਦੀ ਉਸਾਰੀ ਲਈ ਕੁਲਵਕਤੀ ਕੰਮ ਵਿੱਚ ਜੁੱਟ ਗਏ ਅਤੇ ਵਾਰ-ਵਾਰ ਜੇਲ੍ਹੀਂ ਡੱਕੇ ਗਏ। ਇਸੇ ਸਮੇਂ ਆਪ ਕਮਿਊਨਿਸਟ ਪਾਰਟੀ ਦੇ ਆਗੂ ਬਣੇ। ਆਪ ਜੀ ਦੀ ਅਗਵਾਈ ਹੇਠ ਸੰਨ 1932 'ਚ ਪਹਿਲੀ ਵਾਰ ਸਰਾਭਾ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਬਰਸੀ ਵੱਡੇ ਪੈਮਾਨੇ ਤੇ ਮਨਾਈ ਗਈ ।ਅੰਗਰੇਜ਼ ਹਕੂਮਤ ਦੀਆਂ ਭਾਰੀ ਰੋਕਾਂ ਤੇ ਜਬਰ-ਤਸ਼ੱਦਦ ਦਾ ਟਾਕਰਾ ਕਰਦਿਆਂ ਇਹ ਕਾਰਜ ਨੇਪਰੇ ਚਾੜ੍ਹਿਆ ਗਿਆ। ਬਰਸੀ ਪਿਛੋਂ ਗ੍ਰਿਫਤਾਰੀਆਂ ਦਾ ਦੌਰ ਹੋਰ ਤੇਜ ਹੋ ਗਿਆ। ਤੇਜਾ ਸਿੰਘ ਸਫਰੀ ਤੇ ਪ੍ਰੇਮ ਸਿੰਘ ਸਰਾਭਾ ਨੂੰ ਮੁੜ ਜੇਲ੍ਹ 'ਚ ਡੱਕ ਦਿੱਤਾ ਗਿਆ। ਸੰਨ 1923 ਤੋਂ 47 ਤੱਕ ਤੇ ਬਾਅਦ 'ਚ 1947 ਤੋਂ 54 ਤੱਕ ਵੀ ਤੇਜਾ ਸਿੰਘ ਸਫਰੀ ਨੇ 20 ਸਾਲ ਤੋਂ ਉਪਰ ਸਮਾਂ ਜੇਲ੍ਹਾਂ ਵਿੱਚ ਕੱਟਿਆ। ਆਪ ਦੀ ਪਤਨੀ-ਬੀਬੀ ਬਸੰਤ ਕੌਰ ਦਾ ਤਿਆਗ ਤੇ ਕੁਰਬਾਨੀ ਵੀ ਧੰਨ ਹੈ, ਜਿਸਨੇ ਬੇਹੱਦ ਆਰਥਿਕ ਤੰਗੀਆਂ, ਇਕੱਲਤਾ, ਰੋਜ਼-ਰੋਜ਼ ਦੇ ਵਿਦੇਸ਼ੀ/ਦੇਸੀ ਹਕੂਮਤਾਂ ਦੇ ਪੁਲਸੀ ਛਾਪਿਆ, ਜਬਰ ਜੁਲਮ ਦੀਆਂ ਭਾਰੀ ਮੁਸੀਬਤਾਂ ਨੂੰ ਖਿੜੇ ਮੱਥੇ ਝਲਦਿਆਂ, ਆਪਣੇ ਤਿੰਨ ਪੁੱਤਰਾਂ-ਦਰਸ਼ਨ ਸਿੰਘ, ਅਮਰਪਾਲ ਸਿੰਘ ਤੇ ਕੁਲਵੰਤ ਸਿੰਘ ਨੂੰ ਪਾਲਿਆ, ਪੜਾਇਆ ਤੇ ਪ੍ਰਵਾਨ ਚੜ੍ਹਾਇਆ। ਆਪ ਦੇ ਭਰਾ ਜਗੀਰ ਸਿੰਘ ਨੇ ਵੀ ਵੱਡੇ ਸਰਕਾਰੀ ਜੁਲਮ ਝੱਲੇ।

ਤੱਤਕਾਲੀ ਮੁੱਖ ਮੰਤਰੀ ਪੰਜਾਬ ਨੇ ਇਕ ਵੇਰ ਸਰਾਭੇ ਘਰੇ ਪੁੱਜ ਕੇ ਤੇਜਾ ਸਿੰਘ ਸਫਰੀ ਨੂੰ ਸਰਕਾਰੀ ਪੈਨਸ਼ਨ ਤੇ ਹੋਰ ਵੱਡੇ ਲਾਭ ਦੇਣ ਦੀ ਪੇਸ਼ਕਸ਼ ਕੀਤੀ, ਪਰ ਅਸੂਲਾਂ ਦੇ ਪੱਕੇ ਤੇ ਕਹਿਣੀ ਕਰਨੀ ਦੇ ਪੂਰੇ ਸੂਰਮੇਂ ਸਫਰੀ ਨੇ ਕਿਹਾ,"ਜਦੋਂ ਤੱਕ ਮੇਰੇ 40 ਕਰੋੜ ਹਿੰਦ ਵਾਸੀਆਂ ਲਈ ਬਰਾਬਰੀ, ਖੁਸ਼ਹਾਲੀ, ਨਿਆਂ ਤੇ ਕਿਰਤ ਦੀ ਸਰਦਾਰੀ ਵਾਲਾ ਖਰਾ ਲੋਕ ਜਮਹੂਰੀ ਇਹ ਸੱਚਾ ਸਮਾਜਵਾਦੀ ਰਾਜ ਪ੍ਰਬੰਧ ਸਥਾਪਿਤ ਨਹੀਂ ਹੋ ਜਾਂਦਾ, ਉਨ੍ਹਾਂ ਦਾ ਇਨਕਲਾਬ ਜਾਰੀ ਰਹੇਗਾ ਤੇ ਉਹ ਇਕ ਵੀ ਪੈਸਾ ਸਰਮਾਏਦਾਰਾਂ-ਜਗੀਰਦਾਰਾਂ ਦੀ ਸਰਕਾਰ ਤੋਂ ਨਹੀਂ ਲਵੇਗਾ"। ਸਫਰੀ 'ਪ੍ਰਣ' ਕਵਿਤਾ ਵਿੱਚ ਲਿਖਦੇ ਹਨ:-

**ਬਾਗੀ ਰਹਾਂਗੇ ਕਰਾਂਗੇ ਹੋਰ ਬਾਗੀ,**
**ਜਦ ਤੱਕ ਨਹੀਂ ਮਿਟਦਾ ਅਜ਼ਾਬ ਸਾਡਾ।**
**ਲੜਦੇ ਰਹਾਂਗੇ ਹਟਾਂਗੇ ਨਹੀਂ ਪਿੱਛੇ,**
**ਜਦ ਤੱਕ ਨੇਪਰੇ ਚੜ੍ਹ ਨਾ ਕਾਜ ਸਾਡਾ।**
**ਲਗਨ ਦੇਸ਼ ਪ੍ਰੇਮ ਦੀ ਛੱਡਣੀ ਨਹੀਂ,**
**ਭਾਵੇਂ ਹੋ ਜੇ ਪਰਿਵਾਰ ਬਰਬਾਦ ਸਾਡਾ।**
**'ਸਫਰੀ' ਹੇਠਲੀ ਉਤੇ ਲਿਆਉਣ ਖਾਤਿਰ,**
**ਨਾਅਰਾ ਗੂੰਜੂ ਇਨਕਲਾਬ ਸਾਡਾ।**

ਸ. ਹਰਦੇਵ ਸਿੰਘ ਗਰੇਵਾਲ (ਕਲਕੱਤਾ) ਵੱਲੋਂ ਸੰਪਾਦਿਤ ਤੇਜਾ ਸਿੰਘ ਸਫਰੀ ਦਾ ਕਾਵਿ ਸੰਗ੍ਰਹਿ "ਸਫਰੀ ਮਨਤਰੰਗ" (2013) ਗ਼ਦਰ ਕਾਵਿ ਦਾ ਅਟੁੱਟ ਅੰਗ ਤੇ ਸੁੰਦਰ ਨਮੂਨਾ ਹੈ ।

ਭਾਰਤ ਦੀ ਆਜ਼ਾਦੀ ਤੇ ਮੁਲਕ ਅੰਦਰ ਲੋਕ ਪੱਖੀ ਕੌਮੀ ਜਮਹੂਰੀ ਰਾਜ ਪ੍ਰਬੰਧ ਦੀ ਸਥਾਪਨਾ ਲਈ ਉਮਰ ਭਰ ਕੀਤੇ ਮਹਾਂਬਲੀ ਉਦਮਾਂ ਸਦਕਾ, ਤੇਜਾ ਸਿੰਘ ਸਫਰੀ ਸਰਾਭਾ ਇਕ ਕੌਮੀ ਨਾਇਕ ਵਜੋਂ ਰੌਸ਼ਨ ਸੂਹਾ ਸਿਤਾਰਾ ਬਣ ਕੇ ਸਦਾ ਸਦਾ ਲਈ ਦੇਸ਼ ਵਾਸੀਆਂ ਨੂੰ ਰੌਸ਼ਨੀ ਵੰਡਦੇ ਰਹਿਣਗੇ। ਅੱਜ ਉਨ੍ਹਾਂ ਦੇ ਖਰੇ ਵਾਰਸ ਦੇਸ਼-ਪ੍ਰਦੇਸ਼ 'ਚ ਉਨ੍ਹਾਂ ਦੀ ਯਾਦ ਵਿੱਚ ਸਾਲਾਨਾ ਬਰਸੀ ਸਮਾਗਮ ਜੱਥੇਬੰਦ ਕਰਨਗੇ।

ਜਸਦੇਵ ਸਿੰਘ ਲਲਤੋਂ
0161-2805677




Punjabi Rang Radio
CA 10 530 AM
11 pm-12 am
Every Saturday
Chamkaur Singh
Producer/Host
Cell : 416 662 1313
Email punjabirang13@hotmail.com




# ਫੈਜ਼ ਦੀ ਕਵਿਤਾ ਉੱਪਰ ਪਾਬੰਦੀ ਕਿਉਂ ?

-ਗੁਰਪ੍ਰੀਤ

ਉਰਦੂ 'ਚ ਲੋਕਾਂ ਲਈ ਨਜ਼ਮ ਲਿਖਣ ਵਾਲ਼ਾ, ਉਹਨਾਂ ਦੀਆਂ ਦੁਸ਼ਵਾਰੀਆਂ ਨੂੰ ਸ਼ਬਦ ਦਿੰਦਾ, ਸੰਘਰਸ਼ਾਂ ਨੂੰ ਸਿਜਦਾ ਕਰਨ ਤੇ ਉਮੀਦਾਂ ਨੂੰ ਹਰਫ਼ਾਂ 'ਚ ਪਰੋਣ ਵਾਲ਼ਾ ਸਾਡਾ ਫੈਜ਼ ਅਹਿਮਦ ਫੈਜ਼ ਫੇਰ ਚਰਚਾ ਵਿੱਚ ਹੈ। ਮੌਜੂਦਾ ਮੋਦੀ ਹਕੂਮਤ ਹਰ ਵਿਰੋਧੀ ਅਵਾਜ ਨੂੰ ਦਬਾਉਣ ਤੇ ਲੋਕ ਘੋਲ਼ਾਂ ਨੂੰ ਜਬਰ ਰਾਹੀਂ ਕੁਚਲਣ ਦੇ ਫਾਸੀਵਾਦੀ ਪੈਂਤੜੇ ਅਪਣਾ ਰਹੀ ਹੈ। ਇਹਨਾਂ ਦਿਨਾਂ ਵਿੱਚ ਕੌਮੀ ਨਾਗਰਿਕਤਾ ਕਨੂੰਨ ਦਾ ਵਿਰੋਧ ਕਰ ਰਹੇ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਉੱਪਰ ਲਾਠੀਚਾਰਜ ਕੀਤਾ ਗਿਆ ਤਾਂ ਦੇਸ਼ ਦੀਆਂ ਅਨੇਕਾਂ ਵਿੱਦਿਅਕ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੇ ਵੰਨ-ਸੁਵੰਨੇ ਢੰਗਾਂ ਨਾਲ਼ ਇਸ ਖਿਲਾਫ ਰੋਸ ਪ੍ਰਗਟਾਇਆ। ਅਜਿਹੇ ਹੀ ਮੌਕੇ ਆਈ.ਆਈ.ਟੀ ਕਾਨਪੁਰ ਵਿੱਚ ਫੈਜ਼ ਅਹਿਮਦ ਫੈਜ਼ ਦੀ ਪ੍ਰਸਿੱਧ ਨਜ਼ਮ 'ਹਮ ਦੇਖੇਂਗੇ' ਗਾਈ ਗਈ। ਇਹ ਹੁਕਮਰਾਨਾਂ ਨੂੰ ਇੰਨੀ ਚੁਭੀ ਕਿ ਇਸਨੂੰ ਹਿੰਦੂ ਵਿਰੋਧੀ ਆਖ ਕੇ ਇਸ ਉੱਪਰ ਪਾਬੰਦੀ ਲਾ ਦਿੱਤੀ ਗਈ। ਇਹ ਪਾਬੰਦੀ ਲਫਜਾਂ ਦੀ ਤਾਕਤ ਦੀ ਗਵਾਹ ਹੈ ਤੇ ਲੋਕਾਂ ਦੇ ਗੀਤਾਂ ਤੋਂ ਹਾਕਮਾਂ ਨੂੰ ਖੌਫ ਦਾ ਇਕਬਾਲ ਹੈ।

ਫੈਜ਼ ਦੀ ਇਹ ਰਚਨਾ ਕੋਈ ਅੱਜ ਦੀ ਨਹੀਂ ਹੈ ਇਹ ਨਜ਼ਮ 1979 'ਚ ਤਾਨਾਸ਼ਾਹ ਜਿਆ-ਉਲ-ਹੱਕ ਦੇ ਖਿਲਾਫ ਲਿਖੀ ਗਈ। 1984 'ਚ ਫੈਜ਼ ਦੀ ਮੌਤ ਹੋ ਗਈ। ਪਾਕਿਸਤਾਨ ਵਿੱਚ ਜਰਨਲ ਜਿਆ-ਉੱਲ-ਹੱਕ ਦੇ ਜਮਾਨੇ 'ਚ ਫੈਜ਼ ਦੀਆਂ ਨਜ਼ਮਾਂ ਗਾਉਣ ਅਤੇ ਔਰਤਾਂ ਦੇ ਸਾੜੀ ਪਾਉਣ ਉੱਪਰ ਪਾਬੰਦੀ ਲਾ ਦਿੱਤੀ ਗਈ। ਲਹੌਰ ਦੇ ਅਲ-ਹਮਰਾ ਆਡੀਟੋਰੀਅਮ ਵਿੱਚ ਫੈਜ਼ ਦੀ ਬਰਸੀ ਮੌਕੇ ਨਾਮਵਾਰ ਗਾਇਕਾ ਇਕਬਾਲ ਬਾਨੋ ਹਕੂਮਤਾਂ ਦੀਆਂ ਇਹਨਾਂ ਪਾਬੰਦੀਆਂ ਨੂੰ ਠੁੱਡਾ ਮਾਰਦਿਆਂ ਸਾੜੀ ਪਾ ਕੇ ਆਈ ਤੇ ਉਸਨੇ ਫੈਜ਼ ਦੀ ਨਜ਼ਮ 'ਹਮ ਦੇਖੇਂਗੇ' ਇਸ ਅੰਦਾਜ ਵਿੱਚ ਗਾਈ ਕਿ ਪੂਰਾ ਆਡੀਟੋਰੀਅਮ ਝੂਮ ਉੱਠਿਆ ਤੇ ਉਸਦੇ ਨਾਲ਼ ਗਾਉਣ ਲੱਗਾ। ਉਦੋਂ ਤੋਂ ਇਹ ਨਜ਼ਮ ਵਿਦਰੋਹ ਦਾ ਪ੍ਰਤੀਕ ਬਣ ਚੁੱਕੀ ਹੈ।

ਲੋਕਾਂ ਦੇ ਸੰਘਰਸ਼ਾਂ 'ਚੋਂ ਵਿਦਰੋਹ ਦੇ ਗੀਤ ਪਹਿਲਾਂ ਵੀ ਪੈਦਾ ਹੁੰਦੇ ਰਹੇ ਹਨ ਤੇ ਹੁਕਮਰਾਨਾਂ ਨੂੰ ਖੌਫਜਦਾ ਕਰਦੇ ਰਹੇ ਹਨ। 1962 'ਚ ਪਾਕਿਸਤਾਨ ਵਿੱਚ ਤਾਨਾਸ਼ਾਹ ਆਯੂਬ ਖਾਨ ਵੱਲੋਂ ਨਵਾਂ ਸੰਵਿਧਾਨ ਲਾਗੂ ਕਰਨ ਖਿਲਾਫ ਹਬੀਬ ਜਾਲਿਬ ਨੇ 'ਦਸਤੂਰ' ਲਿਖੀ ਜੋ ਅੱਜ ਵੀ ਗਾਈ ਜਾਂਦੀ ਹੈ। 1984 'ਚ ਇੰਦਰਾ ਗਾਂਧੀ ਦੇ ਕਤਲ ਮਗਰੋ ਪਾਸ਼ ਨੇ ਕਵਿਤਾ ਲਿਖੀ ਕਿ 'ਜੇ ਉਸ ਦੇ ਸੋਗ ਵਿੱਚ ਸਾਰਾ ਹੀ ਦੇਸ਼ ਸ਼ਾਮਿਲ ਹੈ ਤਾਂ ਇਸ ਦੇਸ਼ 'ਚੋਂ ਮੇਰਾ ਨਾਮ ਕੱਟ ਦੇਵੋ'। ਤੁਰਕੀ ਦੇ ਕਵੀ ਨਾਜਿਮ ਹਿਕਮਤ ਨੇ ਆਪਣੀ ਕਵਿਤਾ ਲਈ ਦਹਾਕਿਆਂ ਦੀ ਕੈਦ ਕੱਟੀ। ਨਾਟਕਕਾਰ ਸਫਦਰ ਹਾਸ਼ਮੀ ਨੂੰ ਕਤਲ ਕੀਤਾ ਗਿਆ। ਇਸ ਤਰ੍ਹਾਂ ਸੂਚੀ ਬਹੁਤ ਲੰਬੀ ਹੈ। ਪਰ ਸਭ ਪਾਬੰਦੀਆਂ, ਕੈਦਾਂ ਕਦੇ ਕਵਿਤਾ ਨੂੰ ਰੋਕ ਨਹੀਂ ਸਕੀਆਂ ਕਿਉਂਕਿ ਇਹਨਾਂ ਕਵਿਤਾਵਾਂ ਵਿੱਚ ਜਾਨ ਪਾਉਣ ਵਾਲ਼ੇ ਲੋਕ ਸੰਘਰਸ਼ ਕਰਨਾ ਨਹੀਂ ਤਿਆਗਦੇ।

ਫੈਜ਼ ਦੀ ਜਿਸ ਨਜ਼ਮ ਨੂੰ ਹਿੰਦੂ ਵਿਰੋਧੀ ਆਖਿਆ ਜਾ ਰਿਹਾ ਹੈ ਉਹ ਅਸਲ ਵਿੱਚ ਲੁਟੇਰੀਆਂ ਜਮਾਤਾਂ ਦੀ ਜਾਬਰ ਸੱਤ੍ਹਾ ਵਿਰੋਧੀ ਹੈ।

ਇਹ ਲੋਕਾਂ ਦੇ ਸੰਘਰਸ਼ਾਂ ਤੇ ਸੁਨਹਿਰੇ ਭਵਿੱਖ ਦਾ ਜਸਗਾਣ ਹੈ। ਜੇ ਅਜਿਹੀ ਕਲਾ ਲੋਕਾਂ ਦੇ ਸੰਘਰਸ਼ਾਂ ਵਿੱਚੋਂ ਉਪਜਦੀ ਹੈ ਤਾਂ ਮੁੜ ਲੋਕਾਂ ਦੇ ਹੋਰ ਨਵੇਂ ਸੰਘਰਸ਼ਾਂ ਵਿੱਚ ਹੀ ਇਸ ਤਰ੍ਹਾਂ ਦੀ ਕਲਾ ਦੀ ਵਾਰ-ਵਾਰ ਕਦਰ ਪੈਂਦੀ ਰਹਿੰਦੀ ਹੈ। ਅਤੇ ਕਲਾ ਦੀ ਇਸ ਤਾਕਤ ਤੋਂ ਜਾਲਮਾਂ, ਹਾਕਮਾਂ ਨੂੰ ਹਮੇਸ਼ਾਂ ਤੋਂ ਖੌਫ ਰਿਹਾ ਹੈ। ਇਸ ਕਰਕੇ ਉਹ ਵਾਰ-ਵਾਰ ਅਜਿਹੀ ਕਲਾ ਉੱਪਰ ਪਾਬੰਦੀਆਂ ਲਾਉਂਦੇ ਰਹੇ ਹਨ ਤੇ ਲੋਕ ਇਹਨਾਂ ਪਾਬੰਦੀਆਂ ਨੂੰ ਤੋੜਦੇ ਰਹੇ ਹਨ। ਖੁਦ ਫੈਜ਼ ਦੇ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ-

ਯੂੰ ਹੀ ਹਮੇਸ਼ਾ ਉਲਝਤੀ ਰਹੀ ਹੈ ਜੁਲਮ ਸੇ ਖਲਕ (ਲੋਕ)

ਨਾ ਉਨਕੀ ਰਸਮ ਨਈ ਹੈ, ਨਾ ਅਪਨੀ ਰੀਤ ਨਈ ਹੈ

ਇਸ ਪਾਬੰਦੀ ਤੋਂ ਬਾਅਦ ਦੇਸ਼ ਦੀਆਂ ਅਨੇਕਾਂ ਵਿੱਦਿਅਕ ਸੰਸਥਾਵਾਂ ਸਮੇਤ ਕੌਮੀ ਨਾਗਰਿਕਤਾ ਕਨੂੰਨ ਖਿਲਾਫ ਚੱਲ ਰਹੇ ਸੰਘਰਸ਼ ਵਿੱਚ ਇਹ ਨਜ਼ਮ ਹੋਰ ਵੀ ਜੋਰ ਤੇ ਜੋਸ਼ ਨਾਲ਼ ਗਾਈ ਜਾ ਰਹੀ ਹੈ। ਇਹ ਨਜ਼ਮ ਹਾਕਮਾਂ ਜਬਰ, ਜੁਲਮ ਖਿਲਾਫ ਨਾ ਸਿਰਫ ਰੋਸ ਹੈ ਸਗੋਂ ਉਹਨਾਂ ਦੇ ਤਖਤ, ਤਾਜ ਢਾਹੁਣ ਦੀ ਵੀ ਗੱਲ ਕਰਦੀ ਹੈ ਅਤੇ ਮਨਸੂਰ ਦੇ ਨਾਹਰੇ ਦੇ ਹਵਾਲੇ ਨਾਲ਼ ਆਖਦੀ ਹੈ ਕਿ ਮੈਂ (ਲੋਕ) ਹੀ ਸੱਚ, ਇਤਿਹਾਸ, ਸਮਾਜ ਤੇ ਅਸਲ ਸੱਤ੍ਹਾ ਹਨ। ਇਹ ਪੂਰੀ ਨਜ਼ਮ ਪਾਠਕਾਂ ਲਈ ਪੇਸ਼ ਹੈ-

ਲਾਜ਼ਿਮ ਹੈ ਕੇ: ਹਮ ਭੀ ਦੇਖੇਗੇਂ
ਵੋ : ਦਿਨ ਕੇ: ਜਿਸਕਾ ਵਾਦਾ ਹੈ
ਜੋ ਲੌਹੇ-ਅਜ਼ਲ1 ਮੇਂ ਲਿਖਾ ਹੈ
ਜਬ ਜ਼ੁਲਮੋ-ਸਿਤਮ ਕੇ ਕੋਹੇ-ਗਰਾਂ 2
ਰੂਈ ਕੀ ਤਰ੍ਹਾਂ ਉੜ ਜਾਏਂਗੇ
ਹਮ ਮਹਕੂਮੋਂ 3 ਕੇ ਪਾਵ ਤਲੇ
ਜਬ ਧਰਤੀ ਧੜ ਧੜ ਧੜਕੇਗੀ
ਔਰ ਅਹਲੇ-ਹਿਕਮ 4 ਕੇ ਸਰ ਊਪਰ
ਜਬ ਬਿਜਲੀ ਕੜ ਕੜ ਕੜਕੇਗੀ
ਜਬ ਅਰਜ਼-ਏ-ਖ਼ੁਦਾ 5 ਕੇ ਕਾ 'ਬੇ ਸੇ
ਸਬ ਬੁੱਤ ਉਠਵਾਏ ਜਾਏਂਗੇ
ਹਮ ਅਹਲੇ-ਸਫਾ 6, ਮਰਦੂਦ-ਏ-ਹਰਮ 7
ਮਸਨਦ ਪੇ ਬਿਠਾਏ ਜਾਏਂਗੇ
ਸਬ ਤਾਜ਼ ਉਛਾਲੇ ਜਾਏਂਗੇ
ਸਬ ਤਖ਼ਤ ਗਿਰਾਏ ਜਾਏਂਗੇ
ਬਸ ਨਾਮ ਰਹੇਗਾ ਅੱਲ੍ਹਾ ਕਾ
ਜੋ ਗਾਇਬ ਭੀ ਹੈਂ; ਹਾਜ਼ਿਰ ਭੀ
ਜੋ ਮੰਜਰ 8 ਭੀ ਹੈਂ; ਨਾਜ਼ਿਰ 9 ਭੀ
ਉੱਠੇਗਾ 'ਅਨ-ਉੱਲ-ਹੱਕ' 10 ਕਾ ਨਾਰਾ
ਜੋ ਮੈਂ ਭੀ ਹੂੰ ਔਰ ਤੁਮ ਭੀ ਹੋ
ਔਰ ਰਾਜ ਕਰੇਗੀ ਖ਼ਲਕੇ-ਖ਼ੁਦਾ 11
ਜੋ ਮੈਂ ਭੀ ਹੂੰ ਔਰ ਤੁਮ ਭੀ ਹੋ

(1. ਪੂਰਵ-ਲਿਖਤ, ਕਿਸਮਤ 2. ਭਾਰੀ ਪਹਾੜ 3. ਦੱਬੇ-ਕੁਚਲੇ 4. ਸੱਤਾਧਾਰੀ, ਹਾਕਮ 5. ਖੁਦਾ ਦੀ ਜ਼ਮੀਨ 6. ਸੱਚੇ ਲੋਕ 7. ਕੱਟੜਪੰਥੀਆਂ ਦੁਆਰਾ ਲਿਤਾੜੇ ਹੋਏ 8. ਦ੍ਰਿਸ਼ 9. ਦਰਸ਼ਨ 10. ਮੈਂ ਸੱਚ ਹਾਂ ਸੂਫੀ ਸੰਤ ਮਨਸੂਰ ਦਾ ਨਾਅਰਾ ਜਿਸਨੂੰ ਇਸ ਘੋਸ਼ਣਾ ਕਾਰਨ ਸੂਲੀ 'ਤੇ ਚੜ੍ਹਾਇਆ ਗਿਆ ਸੀ। 11. ਲੋਕ ਸਮੂਹ)

ਲਲਕਾਰ 'ਚੋਂ ਧੰਨਵਾਦ ਸਹਿਤ


ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ ( ਬੀ.ਸੀ. )
ਅਗਾਂਹਵਧੂ ਕਮਿਊਨਿਟੀ ਦਾ ਸਿਰ.ਫ ਇਕੋ ਇਕ ਹਾਲ
ਇਸ ਹਾਲ ਵਿਚ ਤੁਸੀਂ ਹਰ ਕਿਸਮ ਦੀਆਂ ਮੀਟਿੰਗਾਂ, ਬੁੱਕ ਰਿਲੀਜ, ਕ੍ਰਿਸਮਿਸ ਪਾਰਟੀ, ਸਾਵਰ ਪਾਰਟੀ, ਬਰਥਡੇ ਪਾਰਟੀ, ਲੇਡੀਜ਼ ਪਾਰਟੀ ਜਾਂ ਮਾਈਆਂ ਵਗੈਰਾ ਤਕਰੀਬਨ 100 ਬੰਦਿਆਂ ਤੱਕ ਦੀ ਪਾਰਟੀ ਕਰ ਸਕਦੇ ਹੋ ।ਪਾਰਕਿੰਗ ਦੀ ਕੋਈ ਸਮੱਸਿਆ ਨਹੀਂ ।ਇਸ ਦੇ ਕਿਰਾਏ ਦੇ ਰੇਟ ਬਿਲਕੁਲ ਵਾਜਬ ਹਨ ।ਇਹ ਹਾਲ ਲੋਕਾਂ ਦਾ ਹੈ ਤੇ ਲੋਕਾਂ ਲਈ ਹੈ ।
ਹੋਰ ਜਾਣਕਾਰੀ ਲਈ, ਤੁਸੀਂ ਬੇਝਿਜਕ ਕਿਸੇ ਸਮੇਂ ਵੀ ਫੋਨ ਕਰ ਸਕਦੇ ਹੋ ।
# 126, 7536-130 ਸਟਰੀਟ ਸਰ੍ਹੀ ਬੀ.ਸੀ.
ਪਰਮਿੰਦਰ ਕੌਰ ਸਵੈਚ 604-760-4794 | Email : pswaich@hotmail.com ਮੱਖਣ ਦੁਸਾਂਝ : 778-251-6010 | Email : makhan.dosanjh55gmail.com

## 550ਵੇਂ ਨਾਨਕ ਪ੍ਰਕਾਸ਼ ਪੁਰਬ 'ਤੇ

ਸ਼ਾਸਕ ਕਹਿਣ ਸਾਥ, ਵਿਸ਼ਵਾਸ ਲੇ ਕਰ
ਵਿਕਾਸ ਹੋ ਦੇਸ਼ ਅੱਗੇ ਵਧਦਾ ਜਾਂਦਾ।
ਪਰ ਬਿਨ ਛੱਤ ਬਹੁ ਸੌਂਦੇ ਭੁੱਖੇ
ਦੇਖ ਕਰ ਦਿਲ ਠਠੰਬਰ ਜਾਂਦਾ।

ਚੜ੍ਹਦਾ ਸੂਰਜ ਉਣਠ ਦਿਸਦਾ
ਧੁੰਧਲਾ ਹੋ ਗਿਆ ਏ ਲਿਸ਼ਕਾਰਾ
ਧਰਮਾਂ ਦੇ ਵਿਚ ਗਹਿਰ ਦਿਸਦੀ
ਕਯਤਿ ਦਾ ਹੈ ਹੋ ਗਿਆ ਬਟਵਾਰਾ।

ਗੁਦਾਮਾਂ ਦੇ ਵਿਚ ਅਨਾਜ ਸੜਕਾ
ਜਦ ਜੰਗ ਰੋਟੀ ਪੇਟ ਵਿਚਾਲੇ
ਲੋਕਪੱਖੀ ਕਦਰਾਂ ਖੋਈਆਂ
ਰਾਜਕ ਚਲਦੇ ਲੂੰਬੜ ਚਾਲੇ।

ਤ੍ਰਿਸ਼ਨਾ ਪੈਸੇ ਦੀ ਕਰਦੇ ਨੇ
ਆਇਆ ਛਾਇਆ ਹੋਰਾਂ ਦੱਸਦੇ।
ਭੁੱਬਲ ਉੜਦੀ ਸਲੱਮਾਂ ਵਿਹੜੇ
ਹਾਕਮ ਪੌਸ਼ ਏਰੀਏ 'ਚ ਵਸਦੇ।

ਕਾਲੇ ਕਾਂ ਮਹਿਲਾਂ ਵਿਚ ਰਹਿ ਕੇ
ਹੰਸਾਂ ਦੇ ਨਾ ਗੁਣ ਲੈ ਪਾਵਣ।
ਹਾਕਮ ਮੁਲਕ ਦੇ ਸੇਵਕ ਦੱਸ ਕੇ
ਬਾਗ ਉਸ ਦੇ ਨੂੰ ਉਜਾੜੀ ਜਾਵਣ।

ਲਾਲੋ ਢਿੱਡਾਂ ਨੂੰ ਠਾਠ ਦਿੰਦੇ
ਸਿਵਿਆਂ ਦੇ ਵਾਂਗ ਜਿਉਂਦੇ ਜਲਦੇ
ਕਿਧਰੇ ਦੇਖੋ ਭਾਗੋਆਂ ਘਰ
ਜਸ਼ਨ ਮਨਾ ਹੋ ਖਾਣੇ ਰੁਲਦੇ।

ਧਾਰਮਿਕ, ਸਿਆਸੀ ਸੰਸਥਾਵਾਂ
ਹਥ ਮਿਲਾ ਸਾਂਝਾਂ ਦੇ ਭਰਮ ਪਾਲੇ।
ਪਰ ਹਰ ਸੁਬ੍ਹਾ ਅਖ਼ਬਾਰਾਂ ਦੱਸਣ
ਖ਼ੂਨ-ਖਰਾਬੇ ਸੋਸ਼ਣ ਉਧਾਲੇ।
ਕਿਤੇ ਸਿਆਸਤ ਕਰ ਚੰਦ ਦੀ ਗੱਲ ਛੱਡ
ਸੂਰਜ ਹੀ ਚਾੜ੍ਹੀ ਜਾਂਦੇ ਨੇ।
ਗੁਰਧਾਮਾਂ ਦੀ ਬੇਅਦਬੀ ਕਰ
ਗ੍ਰੰਥ ਪਾੜ ਖਲਾਰੀ ਜਾਂਦੇ ਨੇ।

ਪੰਜ ਸੌ ਪੰਜਾਹਵੇਂ ਗੁਰਪੁਰਬ 'ਤੇ
ਪ੍ਰੇਮ ਪਿਆਰ ਵਧਾਈਂ ਬਾਬਾ।
"ਸਭੈ ਸਾਂਝੀਵਾਲ ਸਦਾਇਨ" ਦਾ
ਤੂੰ ਸੰਕਲਪ ਦ੍ਰਿੜ੍ਹ ਕਰਾਈਂ ਬਾਬਾ।

ਵੰਡ ਛਕਣ ਕਿਰਤ ਤੇ ਸਿਮਰਨ ਦੇ
ਸਿਧਾਂਤਾਂ ਨੂੰ ਨਾ ਭੁਲਾਈਏ ਬਾਬਾ।
ਸ੍ਰਿਸ਼ਟੀ ਉੱਤੇ ਹਰ ਥਾਂ ਤੇਰਾ
ਸੋਨ ਸਵੇਰਾ ਪਾਈਏ ਬਾਬਾ।

ਅੰਗਰੇਜ਼ਾਂ ਤੋਂ ਅਜ਼ਾਦ ਹੋ ਕੇ ਭੀ
ਨਾ ਅਜੇ ਆਜ਼ਾਦ ਹੋਏ ਬਾਬਾ।
ਨਾਨਕ ਮਾਰਗ ਦਰਸਾ! ਬਦਲੇ ਸਮਾਂ
ਹੋ ਪੂਰੇ ਸੁਪਨੇ-ਮੋਏ ਬਾਬਾ।

**ਜਸਵੰਤ ਸਿੰਘ ਜਗੈਤ ਕੈਲਗਰੀ**
403-590-3492

## ਆਇਸ਼ੀ ਘੋਸ਼ !

ਮੁਰਦੜੀਏ ਜਿਹੀਏ ਕੁੜੀਏ..! ਤੂੰ ਸਿੱਧ ਕਰ ਦਿੱਤਾ,
ਹੱਕੀਂ ਜੰਗਾਂ ਲੜਨ ਲਈ ਸਿਰਫ਼ ਭਾਰੇ ਸ਼ਰੀਰਾਂ ਦੀ ਹੀ ਜਰੂਰਤ ਨਹੀਂ ਹੁੰਦੀ!
ਸਗੋਂ ਚੰਗੇ ਸਿਰਾਂ ਦੀ ਵੀ ਜਰੂਰਤ ਹੁੰਦੀ ਐ...
ਤੇਰੇ ਜਜ਼ਬੇ ਨੂੰ ਵੇਖ ਧੀਏ ਤੂੰ ਸਾਡੇ ਮੁਰਦਾ ਸ਼ਰੀਰਾਂ'ਚ ਵੀ ਜਾਨ ਪਾ ਦਿੱਤੀ ਐ.....
ਤੇਰੇ ਮਾਨਵਤਾਈ ਵਿਚਾਰਾਂ ਨੇ ਕੀਤਾ ਆ ਵਿਰੋਧੀਆਂ ਨੂੰ ਕਾਇਲ...
ਪੂਰਾ ਦੇਸ਼ ਹੀ ਨਹੀਂ ਦੁਨੀਆਂ ਨੂੰ ਮਨਵਾ ਸਿੱਧ ਕਰ ਚੁੱਕੀ ਐਂ..
ਕਿ ਤੂੰ ਆਪਣਾ ਸਿਰ ਪੁੜਵਾ, ਬਾਹਾਂ ਦੀਆਂ ਹੱਡੀਆਂ
ਤੁੜਵਾ ਇੱਕ ਯੁੱਧ ਜਿੱਤ ਚੁਕੀ ਹੈਂ ਧੀਏ..!
ਮੁਰਦੜੀਏ ਜਿਹੀਏ ਕੁੜੀਏ..! ਤੇਰੇ 25 ਕਿਲੋ ਵਜ਼ਨੀ ਸ਼ਰੀਰ ਦੇ ਇਸ ਸਿਰ ਨੂੰ 150 ਖਲਨਾਇਕ ਵੀ ਨਹੀਂ ਤੋੜ ਸਕੇ...!
ਹਾਂ ਧੀਏ ਤੂੰ ਅੱਜ ਭਗਤ ਸਿੰਘ ਦੀ ਭੈਣ ਸਾਬਿਤ ਹੋਈ ਏਂ..
ਤੂੰ ਵਾਸਤਵ'ਚ ਚੰਡੀ ਦਾ ਰੂਪ ਧਾਰਨ ਕਰ ਗਈ ਏਂ..
ਜਿੱਥੇ ਮਹਿਖਾਸੁਰ ਵਰਗੇ ਖਲਨਾਇਕਾਂ ਨੂੰ ਭਾਜੜਾਂ ਪਈਆਂ ਹੋਈਆਂ ਨੇ...
ਸੱਤਾ ਦੇ ਨਸ਼ੇ'ਚ ਚੂਰ ਅੱਜ ਹਾਕਮਾਂ ਦਾ ਪੂਰਾ ਲਾਵ ਲਸ਼ਕਰ ਤੈਥੋਂ ਥਰ,ਥਰ ਕੰਬ ਰਿਹਾ..।
ਕੋਈ ਤਾਂ ਗੱਲ ਐ..? ਤੇਰੇ ਇਸ ਸਿਰ ਵਿੱਚ...
ਮੁਰਦੜੀ ਜਿਹੀਏ ਕੁੜੀਏ...!
ਤੇਰੀ ਲਾਸਾਨੀ ਹਿੰਮਤ ਨੂੰ ਸਲਾਮ!
ਪਹਿਚਾਣ ਸਿਰਫ਼ ਚੰਗੇ ਸ਼ਰੀਰਾਂ ਦੀ ਹੀ ਨਹੀਂ ਹੁੰਦੀ...
ਸਗੋਂ ਪਹਿਚਾਣ ਚੰਗੇ ਸਿਰਾਂ ਦੀ ਹੁੰਦੀ ਐ ਜੋ ਫੋੜਨ ਨਾਲ਼ ਵੀ ਨਹੀਂ ਫੱਟਦੇ...

**- ਅਜਾਇਬ**




## ਉਦੈ ਨਵ ਸੂਰਜਾਂ ਹੋਣਾ

ਇਨ੍ਹਾਂ ਹੀ ਮਸਤਕਾਂ ਅੰਦਰ, ਉਦੈ ਨਵ ਸੂਰਜਾਂ ਹੋਣਾ।
ਇਨ੍ਹਾਂ ਜਗਦੇ ਚਿਰਾਗਾਂ ਦਾ, ਵਡੇਰਾ ਕਾਰਵਾਂ ਹੋਣਾ।

ਡਰੋ ਮਤ ਰਾਤ ਲੰਬੀ ਹੈ, ਹਊ ਪਰ ਅੰਤ ਇਸਦਾ ਵੀ,
ਪਰਾਜਿਤ ਲੋਕ ਲਹਿਰਾਂ ਤੋਂ,ਅਖੀਰੀ ਜਾਲਮਾਂ ਹੋਣਾ।

ਜੋ ਸੋਭਾ ਤਾਜ ਦੀ ਲਿਖਦੇ, ਜੋ ਜੈ ਜੈ ਰਾਜ ਦੀ ਕਰਦੇ,
ਤੁਸੀਂ ਇਹ ਵੇਖਿਓ ਰੱਦੀ, ਇਨ੍ਹਾਂ ਸਭ ਕਾਲਮਾਂ ਹੋਣਾ।

ਬੁਛਾਰਾਂ ਪੈਣ ਜੀ ਸਦਕੇ, ਸੰਗੀਨਾਂ ਤੋਂ ਨਹੀਂ ਡਰਨਾ,
ਚੜੀ ਜਦ ਗੈਸ ਅੱਖਾਂ ਨੂੰ, ਨਜਰ ਨੇ ਆਸਮਾਂ ਹੋਣਾ।

ਥਲਾਂ ਵਿੱਚ ਉਗਮ ਆਏ ਨੇ, ਹਜਾਰਾਂ ਫੁੱਲ ਅੱਕਾਂ ਦੇ,
ਇਨ੍ਹਾਂ ਦੀ ਵੇਖ ਕੇ ਹਿੰਮਤ, ਕਿ ਲੱਜਿਤ ਬਾਦਲਾਂ ਹੋਣਾ।

ਜਿਨ੍ਹਾਂ ਵਿੱਚ ਖੇਡਦੇ ਬੱਚੇ, ਤੇ ਜੀਵਤ ਲੋਰੀਆਂ ਹਾਲੇ,
ਹਵਾ ਤੋਂ ਚਾਕ ਮਾਵਾਂ ਦੇ, ਨਾ ਹਰਗਿਜ ਦਾਮਨਾਂ ਹੋਣਾ।

ਕਦੇ ਤਾਂ ਪਰਤੇਗੀ ਸਬਨਮ ਕਦੇ ਤਾਂ ਚਮਕਣਾ ਫੁੱਲਾਂ,
ਸਦਾ ਸੋਹੀ ਨਹੀਂ ਕਾਬਜ, ਫਿਜਾ ਵਿੱਚ ਕਾਲਖਾਂ ਹੋਣਾ।

**- ਸਰਬਜੀਤ ਸੋਹੀ**

## ਦਰਦ ਦੀ ਲਾਟ

ਆਇਸ਼ੀ ਘੋਸ਼ ਦੇ ਨਾਂਅ
ਨਕਾਬਪੋਸ਼ਾਂ ਹੱਥੋਂ ਇਹ ਲੋਹੇ ਦੇ ਰਾਤ ਤੇਰੇ ਸਿਰ 'ਤੇ
ਨਹੀਂ ਵਰ੍ਹੇ
ਮੇਰੀ ਭੈਣ!
ਦੇਸ਼ ਦੀ ਜਮਹੂਰੀਅਤ ਦੇ ਕੁੱਲ ਰਾਖਿਆਂ ਦੇ ਸਿਰਾਂ
ਉੱਤੇ ਵਰ੍ਹੇ ਹਨ
ਤੇਰੇ ਸਿਰ 'ਚੋਂ ਜੋ ਵਗਦਾ ਖ਼ੂਨ
ਕੇਵਲ ਤੇਰਾ ਖ਼ੂਨ ਨਹੀਂ
ਹਜ਼ਾਰਾਂ, ਉਨ੍ਹਾਂ ਯੋਧਿਆਂ 'ਸ਼ਹਿਰੀ ਨਕਸਲੀਆਂ' ਦਾ ਖ਼ੂਨ ਹੈ
ਜਿਨ੍ਹਾਂ ਦੇਸ਼ ਦੀ ਆਜ਼ਾਦੀ ਦੀ ਮਾਂਗ ਵਿਚ ਸੰਧੂ ਭਰਿਆ ਸੀ
ਉਨ੍ਹਾਂ 'ਟੋਟੇ ਟੋਟੇ ਗੈਂਗ' ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦਾ
ਸਾਂਝਾ ਖ਼ੂਨ ਹੈ
ਜਿਨ੍ਹਾਂ ਜਲ੍ਹਿਆਂਵਾਲੇ ਬਾਗ ਦੀ ਧਰਤੀ ਨੂੰ ਰੰਗਿਆ ਸੀ
ਇਹ, ਤੇਰੀ ਤੋੜੀ ਬਾਂਹ 'ਤੇ ਲੱਗਾ ਪਲਸਤਰ
ਕੇਵਲ ਤੇਰੀ ਬਾਂਹ 'ਤੇ ਲੱਗਾ ਪਲਸਤਰ ਨਹੀਂ ਮੇਰੀ ਭੈਣ!
ਕੁੱਲ ਦੁਨੀਆਂ ਦੇ ਮਨੁੱਖੀ ਹੱਕਾਂ ਲਈ ਜੂਝਦੇ ਯੋਧਿਆਂ
ਦੀਆਂ ਬਾਹਾਂ ਉਤੇ ਲੱਗਾ ਪਲਸਤਰ ਹੈ
ਜੋ ਚੁੱਪ ਕਰਕੇ ਹਰਗਿਜ਼ ਨਹੀਂ ਬਹਿਣਗੇ
ਹਾਂ, ਤੂੰ! ਉਨ੍ਹਾਂ ਦੇ ਦਰਦ ਦੀ ਲਾਟ ਜਗਦੀ ਰੱਖੀਂ,
ਜਿਸ ਧਰਤੀ ਉਤੇ ਤੇਰਾ ਖ਼ੂਨ ਡੁੱਲ੍ਹਿਆ ਹੈ ਮੇਰੀ ਭੈਣ!
ਓਥੇ ਇਕ ਦਿਨ ਖ਼ੂਬਸੂਰਤ ਗੁਲਜ਼ਾਰ ਖਿੜੇਗੀ
ਫਜ਼ਾ ਵਿਚ ਪਰਿੰਦੇ ਚਹਿਣਗੇ।
ਗੁਲਾਬ ਦੇ ਫੁੱਲ ਮਹਿਕਣਗੇ।

**- ਗੁਰਨਾਮ ਢਿੱਲੋਂ**

## ਅਸੀਂ ਜੰਗ ਨਹੀਂ ਸੀ ਚਾਹੁੰਦੇ



ਅਸੀਂ ਜੰਗ ਹਰਗਿਜ਼ ਨਹੀਂ ਸੀ ਚਾਹੁੰਦੇ।

ਅਸੀਂ ਤਾਂ ਮਹਿਜ਼
ਜਿਊਣਾ ਚਾਹੁੰਦੇ ਸੀ...
ਅਪਣੀ ਹੀ ਧੁਨ ਵਿੱਚ।

ਖੇਡਣਾ ਚਾਹੁੰਦੇ ਸੀ
ਖਿੜਨਾ ਚਾਹੁੰਦੇ ਸੀ
ਅਸੀਂ ਭਿੜਨਾ ਹਰਗਿਜ਼ ਨਹੀਂ ਸੀ ਚਾਹੁੰਦੇ।

ਅਸੀਂ ਇਸ ਧਰਤੀ ਨੂੰ ਸੋਹਣਾ
ਹੋਰ ਸੋਹਣਾ ਬਣਾਉਣ ਦੇ
ਸ਼ੁੱਭ ਕਾਰਜ ਵਿੱਚ ਲੱਗੇ ਹੋਏ ਸੀ।

ਅਸੀਂ ਮਹਿਬੂਬ ਦੀਆਂ ਜ਼ੁਲਫ਼ਾਂ ਵਿੱਚ
ਉਲਝ ਕੇ
ਸੁਲਝਣ ਦਾ ਲੁਤਫ਼ ਲੈਣਾ ਚਾਹੁੰਦੇ ਸੀ।

ਅਸੀਂ ਪੋਹ ਮਾਘ ਦੀਆਂ ਧੁੱਪਾਂ ਨੂੰ
ਵਿਉਂਤਣਾ ਚਾਹੁੰਦੇ ਸੀ
ਹਾੜ੍ਹ ਦੇ ਵਰੋਲ਼ਿਆਂ ਨੂੰ
ਕੈਦ ਕਰਨਾ
ਅਤੇ ਭਾਦੋਂ ਦੇ ਝੱਖੜਾਂ ਨੂੰ
ਦਿਸ਼ਾ ਦੇਣਾ ਚਾਹੁੰਦੇ ਸੀ।

ਅਸੀਂ ਮਾਵਾਂ ਦੇ ਲਾਡਲੇ
ਪਿਓ ਦੀ ਡੰਗੋਰੀ ਬਣਨ ਤੋਂ ਪਹਿਲਾਂ ਹੀ
ਝੋਕ ਦਿੱਤੇ ਗ?
ਓਸ ਅੱਗ ਵਿੱਚ
ਜਿਸ ਨੇ ਸਾਡੀਆਂ ਲੂਈਆਂ ਨੂੰ
ਫੁੱਟਣ ਤੋਂ ਪਹਿਲਾਂ ਹੀ
ਝੁਲਸ ਕੇ ਰੱਖ ਦਿੱਤਾ ਹੈ।

ਹੁਣ ਅਸੀਂ ਸ਼ੀਸ਼ਾ ਨਹੀਂ ਵੇਖਦੇ
ਸ਼ੀਸ਼ੇ ਤੋਂ ਪਾਰ ਵੇਖਦੇ ਹਾਂ।

ਅਸੀਂ ਜੰਗ ਹਰਗਿਜ਼ ਨਹੀਂ ਸੀ ਚਾਹੁੰਦੇ
ਜੰਗ ਸਾਡੇ 'ਤੇ ਲੱਦ ਦਿੱਤੀ ਗਈ ਹੈ।

ਹੁਣ ਲੜਨਾ ਸਾਡਾ ਧਰਮ ਹੈ
ਹਥਿਆਰ ਸਾਡੀ ਸੁਰੱਖਿਆ ਹੈ
ਬਗ਼ਾਵਤ ਸਾਡੀ ਪਹਿਚਾਣ ਹੈ
ਅਤੇ ਆਜ਼ਾਦੀ
ਸਾਡਾ ਨਿਸ਼ਾਨਾ ਹੈ

ਅਸੀਂ ਤਲ਼ੀ ਉੱਤੇ
ਸਿਰ ਹੀ ਨਹੀਂ ਧਰਿਆ
ਸਿਰ ਉੱਤੇ ਕੱਫ਼ਣ ਵੀ ਬੰਨ੍ਹਿਆ ਹੈ
ਕੱਫ਼ਣ ਉੱਤੇ ਸਿਹਰਾ ਵੀ ਸਜਾਇਆ ਹੈ
ਅਤੇ ਸਿਹਰੇ ਉੱਤੇ ਕਲਗ਼ੀ ਵੀ ਲਗਾਈ ਹੈ।

ਹੁਣ ਲੜਨਾ ਸਾਡਾ ਧਰਮ ਹੈ
ਹੁਣ ਲੜਨਾ ਹੀ ਸਾਡਾ ਧਰਮ ਹੈ।

**-ਗੱਗਬਾਣੀ**

## ਇਹ ਤਾਂ ਹੋਣਾ ਹੀ ਸੀ

ਇਹ ਤਾਂ ਹੋਣਾ ਹੀ ਸੀ
ਕਿਉਂਕਿ ਤੁਸੀਂ
ਸਮੇਂ ਦੀ ਨਬਜ਼ ਨਹੀਂ ਫੜੀ।

ਕਿਉਂਕਿ ਤੁਸੀਂ...
ਅੱਥਰੇ ਘੋੜੇ ਨੂੰ
ਲਗਾਮ ਪਾਉਣ ਦੀ ਬਜਾਏ
ਤਮਾਸ਼ਬੀਨ ਬਣੇ ਰਹੇ।

ਕਿਉਂਕਿ ਤੁਸੀਂ
ਦੁਸ਼ਮਣ ਦੀ ਸਮਰੱਥਾ ਨੂੰ
ਨਜ਼ਰਅੰਦਾਜ਼ ਕਰਦੇ ਰਹੇ।

ਕਿਉਂਕਿ ਤੁਸੀਂ
ਰੇਲਵੇ ਲਾਈਨਾਂ 'ਤੇ
ਹੱਗਦੀਆਂ ਮੁਟਿਆਰਾਂ ਦੀ ਅੱਖ ਵਿੱਚ
ਅੱਖ ਨਹੀਂ ਪਾਈ।

ਕਿਉਂਕਿ ਤੁਸੀਂ
ਐਮ ਐਨ ਸੀ ਦੇ ਬਰਾਮਦੇ ਵਿੱਚ
ਪਾਟੀ ਹੋਈ ਬੋਰੀ ਦੇ
ਉੱਤੇ ਜਾਂ ਹੇਠ੍ਹਾਂ
ਅਵਾਰਾ ਕੁੱਤਿਆਂ ਨਾਲ ਸੁੱਤਿਆਂ
ਚੌਕੀਦਾਰ ਦੇ ਡੰਡੇ ਦਾ
ਖੜਾਕ ਨਹੀਂ ਸੁਣ ਕੇ
ਮੂੰਹ 'ਚੋਂ ਨਿਕਲਦੀ ਗੁੱਡ ਮੋਰਨਿੰਗ
ਗਾਲ਼ ਵਿੱਚ ਤਬਦੀਲ ਹੁੰਦੀ ਨਹੀਂ ਵੇਖੀ।

ਤੁਹਾਡੇ ਨਾਲ ਇਹ ਹੋਣਾ ਹੀ ਸੀ
ਕਿਉਂਕਿ ਤੁਸੀਂ
ਚੰਨ ਦੀ ਖ਼ੂਬਸੂਰਤੀ ਦਾ ਮੁਆਇਨਾ
ਕਰਦਿਆਂ
ਧਰਤੀ ਦੇ ਖੁੱਲ੍ਹੇ ਗਟਰਾਂ ਨੂੰ
ਨਜ਼ਰਅੰਦਾਜ਼ ਕੀਤਾ ਹੈ।

ਤੁਸੀਂ ਸੁਪਨੀਲੇ ਨੈਣਾਂ ਨੂੰ
ਹਕੀਕਤ ਵੇਖਣ ਤੋਂ
ਵਰਜਿਆ ਹੈ।

ਤੁਸੀਂ ਇਨਕਲਾਬ ਨੂੰ
ਸਿਲੇਬਸਾਂ ਵਿੱਚੋਂ ਲੱਭਣ ਦੀ
ਭੁੱਲ ਕੀਤੀ ਹੈ।

ਤੁਸੀਂ ਵੇਸਵਾ ਦੀ ਅੱਖ ਵਿੱਚ ਤੈਰਦੇ
ਸੁਪਨਿਆਂ ਦਾ
ਤਰਜਮਾ ਕਰਕੇ ਵੀ
ਵਪਾਰੀਕਰਨ ਕੀਤਾ ਹੈ।

ਤੁਸੀਂ ਕੂੜੇ ਦੇ ਢੇਰ 'ਚੋਂ
ਰੋਟੀ ਤਲਾਸ਼ਦੇ ਜੁਆਕਾਂ ਦੇ ਪੈਰ ਵਿੱਚ ਖੁੱਭੇ
ਕੱਚ ਤੋਂ ਵੀ
ਵੱਧ ਤਕਲੀਫ਼ਦੇਹ ਹੋ।

ਤੁਸੀਂ ਅੱਗੇ ਵਧਣ ਦੀ ਬਜਾਏ
ਅੱਗੇ ਨਿਕਲਣ ਦੀ ਗੁੜ੍ਹਤੀ ਲੈਕੇ
ਪੈਦਾ ਹੋਏ
ਪਰਜੀਵੀਆਂ ਦੀ ਜਮਾਤ ਵਿੱਚ
ਸ਼ਾਮਿਲ ਹੋਣ ਲੱਗਿਆਂ ਹੀ
ਟੁੱਟ ਗ? ਸੀ
ਅਪਣੀਆਂ ਜੜ੍ਹਾਂ ਨਾਲ਼ੋਂ।

ਭਲਾ ਜੜ੍ਹਾਂ ਨਾਲ਼ੋਂ ਟੁੱਟ ਕੇ
ਕੌਣ ਜਿਉਂਦਾ ਰਹਿ ਸਕਦਾ ਹੈ?

**-ਗੱਗਬਾਣੀ**

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

SHAHEED BHAGAT SINGH BOOK CENTRE



ਸ਼ਹੀਦ ਭਗਤ ਸਿੰਘ ਬੁੱਕ ਸੈਂਟਰ



A Non-Profit, Volunteer Service to Promote
New Readership & Encourage New Writers!
Book Exhibition & Sale!
Contact: Master Bhajan Singh at 403-455-4220

## ਇੱਕ ਪੋਸਟਰ ਕਵਿਤਾ

ਹੁਣ ਮੈਂ ਸਿੰਧੂ ਘਾਟੀ ਦੇ ਖੰਡਰਾਂ ਚੋਂ
ਫਰੋਲਾਗਾਂ ਆਪਣੇ ਪੁਰਖਿਆਂ ਦੇ ਅਵਿਸ਼ੇਸ਼
ਤਾਂ ਕਿ ਸਿੱਧ ਕਰ ਸਕਾਂ
ਮੈਂ ਵੀ ਹਾਂ ਇਸ ਦੇਸ਼ ਦਾ ਨਾਗਰਿਕ
ਹਾਂ ਹਾਕਮੋਂ
ਤੁਸੀ ਮੈਨੂੰ ਮੇਰੀ ਮਿੱਟੀ ਫਰੋਲਣ ਲਈ
ਜਿਹੜੀ ਨਾਗਰਿਕਤਾ ਦੀ ਕਹੀ ਦਿੱਤੀ ਹੈ
ਮੈਂ ਉਸੇ ਨਾਲ ਹੀ ਲੱਭਾਂਗਾ
ਉਸ ਜ਼ਹਿਰੀਲੀ ਸੋਚ ਦੀਆਂ ਜੜਾਂ
ਜਿਸ ਚੋਂ ਕਦੇ ਮਨੂੰ ਉਗਦੇ ਨੇ
ਕਦੇ ਹਿਟਲਰ
ਮੈਂ ਹੀ ਵੱਢਾਂਗਾ
ਬ੍ਰਾਹਮਣੀ ਅਤੇ ਹਿਟਲਰੀ
ਨਸਲਾਂ ਦੇ ਉਹ ਤੁਖਮ
ਜਿਹੜੇ ਬੀਜਦੇ ਨੇ ਜ਼ਹਿਰਾਂ
ਅਤੇ ਨਫ਼ਰਤਾਂ ਦੇ ਬੀਜ,
ਹਰ ਸਦੀ ਹਰ ਦਹਾਕੇ
ਤੁਸੀ ਮੈਥੋਂ ਮੇਰੀ ਨਾਗਰਿਕਤਾ ਦਾ
ਪ੍ਰਮਾਣ ਮੰਗਦੇ ਹੋ
ਜਿਹਨੇ ਪਿਛਲੇਰੇ 5000 ਸਾਲਾਂ ਤੋਂ
ਇਸ ਧਰਤੀ ਨੂੰ ਮਾਂਜਿਆ ਸਵਾਰਿਆ
ਇਹਨੂੰ ਜਿਊਣਯੋਗ ਬਣਾਇਆ
ਇਹਨੂੰ ਸੁਹੱਪਣ ਬਖਸ਼ਿਆ
ਇਸ ਧਰਤੀ ਦੀ ਮੜਕ ਦੇ ਗੀਤ ਗਾਏ
ਦਰਿਆਵਾਂ, ਪਹਾੜਾਂ,
ਹਵਾਵਾਂ ਦੀਆਂ ਸੁਰਾਂ 'ਚ
ਹਰ ਵੇਲੇ ਮੈਂ ਹੀ ਗੂੰਜਿਆ
ਜ਼ਹਿਰਾਂ ਦੇ ਤੁਖਮੋਂ
ਤੁਸੀਂ ਹਰ ਵੇਲੇ ਮੈਨੂੰ ਵੰਡਿਆ
ਧਰਮਾਂ 'ਚ ਜਾਤਾਂ 'ਚ
ਨਸਲਾਂ 'ਚ ਮਜ਼ਹਬਾਂ 'ਚ
ਤੁਸੀਂ ਮੇਰੇ ਤੈ ਠੱਪੇ ਲਾਕੇ
ਮੇਰੇ ਸਰੀਰਾਂ ਨੂੰ ਦਾਗਿਆ
ਤੇ ਮਾਲਕ ਬਣ ਬੈਠੇ ਪੂਰੀ ਸ਼੍ਰਿਸਟੀ ਦੇ
ਮੈ ਹਰ ਵੇਲੇ ਲੜਿਆ
ਕਦੇ ਚਾਰਵਾਕ ਬਣਕੇ
ਕਦੇ ਬੋਧੀ ਬਣਕੇ
ਕਦੇ ਕਬੀਰ ਬਣਕੇ
ਕਦੇ ਰਵੀਦਾਸ ਬਣਕੇ
ਕਦੇ ਨਾਨਕ ਬਣਕੇ
ਕਦੇ ਗੋਬਿੰਦ ਬਣਕੇ
ਕਦੇ ਕੂਕਾ ਬਣਕੋ
ਕਦੇ ਗਦਰੀ ਬਣਕੇ
ਕਦੇ ਸਰਾਭਾ ਬਣਕੇ
ਕਦੇ ਭਗਤ ਬਣਕੇ
ਕਦੇ ਬੂਝਾ ਬਣਕੇ
ਕਦੇ ਮਰਗਿੰਦ ਬਣਕੇ
ਤੁਸੀਂ ਹਰ ਵੇਲੇ ਮੇਰੇ
ਕਤਲ ਦੀ ਸਾਜ਼ਿਸ ਰਚੀ
ਪਰ ਮੇਰੀ ਨਾਗਰਿਕਤਾ ਨੂੰ
ਕਦੇ ਆਂਚ ਨਹੀਂ ਆਈ
ਮੈਂ ਹਰ ਵੇਲੇ ਉਗ ਆਉਦਾ ਰਿਹਾ
ਤੁਸੀਂ ਮੈਨੂੰ ਰਾਖ਼ ਕਰਕੇ
ਚਾਂਘੜਾਂ ਪਾਈਆਂ
ਤ੍ਰਿਸ਼ੂਲ ਲਹਿਰਾਏ
ਪਰ ਮੈਂ ਰਾਖ਼ ਚੋਂ ਉਗਦਾ ਰਿਹਾ
ਕਿਉਂਕਿ ਮੈਂ ਕੁਕਨੂਸ ਹਾਂ

ਮੈਂ ਮਰਦਾ ਨਹੀਂ
ਮੈਂ ਮਰ ਸਕਦਾ ਨਹੀਂ
ਮੈਂ ਮਿੱਟੀ ਦਾ ਜਾਇਆ ਹਾਂ
ਇਹੋ ਮਿੱਟੀ। ਮੇਰੀ ਇਬਾਦਤ ਹੈ
ਇਹੋ ਮਿੱਟੀ ਮੇਰੀ ਤਾਕਤ ਹੈ
ਐ ਹਿੰਦੂ ਰਾਸ਼ਟਰ ਦੇ ਸਿਰਜਣਹਾਰੋ
ਹੁਣ ਤੁਸੀਂ ਫੇਰ ਸਾਜ਼ਿਸ ਘੜੀ ਹੈ
ਮੇਰੀ ਨਾਗਰਿਕਤਾ ਦੀ ਪਹਿਚਾਣ ਹੇਠ
ਲਾਉਣਾ ਲੋਚਦੇ ਹੋ
ਲਾਸ਼ਾਂ ਦੇ ਢੇਰ
ਲਹੂ ਲਿਬੜੀਆਂ ਵਰਾਸ਼ਾਂ ਵਾਲੇ
ਤੁਹਾਡੇ ਸ਼ਿਕਾਰੀ ਕੁੱਤੇ
ਅਲੀਗੜ੍ਹ ਤੋਂ ਜਾਮੀਆਂ ਤੱਕ
ਲਖਨਊ ਤੋਂ ਮੁਜ਼ੱਫਰਨਗਰ ਤੱਕ
ਦਿੱਲੀ ਤੋਂ ਗੁਹਾਟੀ ਤੱਕ
ਕਸ਼ਮੀਰ ਤੋਂ ਕਰਨਾਟਕ ਤੱਕ
ਨੋਚ ਰਹੇ ਨੇ ਮੇਰੇ ਜਿਸਮ ਨੂੰ
ਸਾਵਰਕਰ ਦੇ ਤੁਖਮੋਂ
ਤੁਸੀਂ ਸੋਚਦੇ ਹੋ
ਮੈ ਜੋ ਰੰਗ ਬਰੰਗੇ ਫੁੱਲਾਂ ਨਾਲ ਸਜਿਆ ਹਾਂ
ਇੱਕ ਵਾਰ ਵਿੱਚ
ਮੱਧਯੁਗੀ ਗੁਲਾਮ ਬਣਕੇ
ਲਿਲਕੜੀਆਂ ਕੱਢਾਂ ਤੇ ਡਿੱਗਾਂ
ਤੁਹਾਡੇ ਪੈਰਾਂ ਵਿੱਚ ਸੂਦਰਾਂ ਵਾਗੂੰ
ਤੁਸੀਂ ਬੇਸ਼ੱਕ ਖੋਹ ਲਓ ਮੇਰਾ ਰੁਜ਼ਗਾਰ
ਕਰ ਦਿਓ ਮੈਨੂੰ ਸਾਧਨਾਂ ਤੋਂ ਵਾਂਝਾਂ
ਖੋਹ ਲਓ ਮੇਰੀ ਕਿਰਤ ਕਰਨ ਦੀ ਸਮਰੱਥਾ
ਵਾਂਝਾਂ ਕਰ ਦਿਓ ਵਿਦਿਆ ਤੋਂ
ਮੈਂ ਹੁਣ ਮੱਧਯੁੱਗੀ ਸੂਦਰ ਨਹੀਂ
ਗੰਵਾਰ ਨਹੀਂ ਆਜੜੀ ਨਹੀਂ
ਮੈਂ ਏਕਲਵਯਾ ਵੀ ਨਹੀਂ ਕੇ ਦੇ
ਦਿਆਂਗਾ ਆਪਣਾ ਅੰਗੂਠਾ
ਮੇਰੇ ਮਸਤਕ ਵਿੱਚ ਉਗਿਆ ਹੋਇਆ ਹੈ
ਤੀਸਰਾ ਨੇਤਰ
ਮੈਂ ਜਾਣਦਾ ਹਾਂ
ਤੇ ਪਹਿਚਾਣਦਾ ਹਾਂ
ਤੁਸੀਂ ਨਾਗਰਿਕਤਾ ਦੇ ਨਾਂ ਹੇਠ
ਫੜਾਉਣਾ ਚਾਹੁੰਦੇ ਹੋ
ਮੇਰੇ ਹੱਥਾਂ 'ਚ ਤ੍ਰਿਸ਼ੂਲ,
ਕਿਰਚਾਂ ਤੇ ਤਲਵਾਰਾਂ
ਤਾਂ ਕਿ ਮੈਂ ਆਪਣੇ ਹੀ
ਭਰਾਵਾਂ ਦੇ ਖ਼ੂਨ 'ਚ ਲੱਥ ਪੱਥ
ਕਰਦਿਆਂ ਆਪਣੀ ਹੀ ਮਿੱਟੀ
ਪਰ ਜਦੋ ਮੈਂ ਇਸ ਤੋਂ ਇਨਕਾਰੀ ਹਾਂ
ਤਾਂ ਤੁਹਾਡੇ ਸ਼ੂਕਰੇ ਕੁੱਤੇ
ਭਬਕ ਰਹੇ ਨੇ ਮੇਰੇ ਜਿਸਮਾਂ 'ਤੇ
ਲਹੂ ਲੁਹਾਣ ਕਰ ਸੁੱਟਿਆ ਹੈ ਮੇਰਾ ਜਿਸਮ
ਐ ਮਨੂੰਵਾਦੀ ਹਿਟਲਰ ਦੇ ਤੁਖਮੋਂ
ਯਾਦ ਰੱਖੋ
ਮੈਂ ਮੱਧਯੁੱਗ ਨਹੀਂ
ਮੈਂ ਨਵੀਂ ਚੇਤਨਾ ਦਾ ਯੁੱਗ ਹਾਂ
ਤੁਹਾਡੇ ਡਿਟੈਸ਼ਨ ਕੈਂਪਾਂ ਦੇ ਚਿਹਰੇ
ਜਿਹੜੇ ਨਾਜ਼ੀਆਂ ਦੇ
ਕੰਨਸਨਟਰੇਸ਼ਨ ਕੈਂਪਾਂ ਦੀ ਹਨ
ਹੂ-ਬ-ਹੂ ਨਕਲ
ਤੁਸੀਂ ਮੈਨੂੰ ਬੇਦਖਲ ਕਰਕੇ
ਮੇਰੇ 'ਤੇ ਘੁਸਪੈਂਠੀਆਂ ਦੇ ਠੱਪੇ ਲਾ ਕੇ
ਸੁੱਟ ਦੇਣਾ ਚਾਹੁੰਦੇ ਹੋ
ਖੁੱਲ੍ਹੀ ਕੈਦ ਵਿੱਚ
ਤੁਸੀਂ ਕਦੇ ਮੈਨੂੰ
ਕੱਪੜਿਆਂ ਤੋਂ ਪਹਿਚਾਣਦੇ ਹੋ
ਤੇ ਕਦੇ ਟੁਕੜੇ ਟੁਕੜੇ ਗੈਂਗਾਂ ਵਿੱਚ
ਤੁਹਾਡੇ ਕੋਲ ਹੈ ਨਫਰਤ ਦੀ ਜ਼ੁਬਾਨ
ਅਤੇ ਤੁਹਾਡੀ ਆਪਣੀ ਹੈ
ਗੁੰਡਿਆਂ ਦੀ ਇੱਕ ਪੂਰੀ ਫੌਜ
ਜਿਹਨੇ ਕਦੇ ਮੈਨੂੰ
ਗਊ ਦੇ ਨਾਂ 'ਤੇ ਕੋਹਿਆ
ਕਦੇ ਲਵ ਜਹਾਦ ਹੇਠ
ਕਦੇ ਦੇਸ਼ ਧ੍ਰੋਹੀ ਦੇ ਨਾਂ ਹੇਠ
ਹੁਣ ਤਾਂ
ਤੁਹਾਡੇ ਕੋਲ ਪੁਲੀਸ ਵੀ ਹੈ ਤੇ ਫੌਜ ਵੀ
ਗੋਲੀਆਂ ਵੀ ਹਨ ਤੇ ਬੰਬ ਵੀ
ਫੌਜਾਂ ਵੀ ਹਨ ਤੇ ਅਦਾਲਤਾਂ ਵੀ
ਨਿਆਂ ਦੇ ਸਰਵੁੱਚ ਮੰਦਰਾਂ ਤੋਂ
ਲੈ ਕੇ ਹਥਿਆਰਬੰਦ
ਫੌਜਾਂ ਦੇ ਮੁਖੀ ਤੱਕ
ਕਰਦੇ ਹਨ ਡੰਡੌਤ ਤੁਹਾਡੀ
ਪਰ ਯਾਦ ਰੱਖਿਓ
ਮੇਰੇ ਮਸਤਕ ਵਿੱਚ
ਬਲਦੀ ਚੇਤਨਾ ਦੀ ਚਿੰਗਾਰੀ
ਤੁਹਾਡੇ ਜ਼ਬਰਾਂ ਜੁਲਮਾਂ ਦੇ ਕਿਲਿਆਂ
ਨੂੰ ਭਸਮ ਕਰਨ ਦੇ ਹੈ ਸਮਰੱਥ
ਮੈਂ ਜਾਗ ਰਿਹਾ ਹਾਂ
ਹਰ ਪਿੰਡ ਵਿੱਚ ਹਰ ਸ਼ਹਿਰ ਵਿੱਚ
ਹਰ ਮੁਹੱਲੇ ਵਿੱਚ
ਹਰ ਕਾਲਜ ਵਿੱਚ ਹਰ ਯੂਨੀਵਰਸਿਟੀ ਵਿੱਚ
ਹਰ ਸੜਕ ਤੇ ਹਰ ਚੁਰਾਹੇ ਤੇ
ਮੇਰੀ ਆਵਾਜ਼ ਤੋਂ ਖੌਫ਼ਜਦਾ ਤੁਸੀਂ
ਬੌਖਲਾਏ ਫਿਰਦੇ ਹੋ
ਮੈਂ ਲੜ ਰਿਹਾ ਹਾਂ
ਮਾਨਵਤਾ ਦੀ ਆਖਰੀ ਜੰਗ
ਤੁਸੀਂ ਝੂਠ ਤੇ ਕਪਟ ਦੀ ਪੌੜੀ ਚੜਕੇ
ਚਿੰਗਾੜ ਰਹੇ ਹੋ -ਝੂਠ-ਦਰ-ਝੂਠ
ਮੈਂ ਸੱਚ ਦੇ ਮਕਤਲ ਉੱਤੇ ਚੜ ਕੇ
ਤੁਹਾਡੀ ਕਤਲਗਾਹ 'ਚ ਖਲੋਤਾ
ਵੰਗਾਰ ਰਿਹਾ ਹਾਂ
ਕੰਮਬਖਤ ਮੌਤ ਮੇਰਾ ਕੁੱਝ
ਵਿਗਾੜ ਨਹੀਂ ਸਕੇਗੀ
ਮੈਂ ਇੱਕ ਨਹੀਂ ਹਾਂ
ਮੈਂ ਹਜ਼ਾਰਾਂ ਹਾਂ ਲੱਖਾਂ ਹਾਂ ਕਰੋੜਾਂ ਹਾਂ
ਮੈਂ ਫਿਰ ਉਗਾਂਗਾ
ਤੇ ਦੇਵਾਂਗਾ
ਆਪਣੀ ਨਾਗਰਿਕਤਾ ਦੀ ਪਹਿਚਾਣ
ਤੁਸੀਂ ਮੈਨੂੰ
ਮੇਰੀ ਮਿੱਟੀ ਤੋਂ
ਬੇਦਖਲ ਨਹੀਂ ਕਰ ਸਕਦੇ
ਮੈਂ ਘੁੱਸਪੈਠੀਆ ਨਹੀਂ ਹਾਂ
ਮੈਂ ਇਸੇ ਮਿੱਟੀ ਚੋਂ ਉਗਿਆ ਹਾਂ
ਮਿੱਟੀ ਦਾ ਜਾਇਆ ਹਾਂ
ਤੁਸੀਂ ਮੈਨੂੰ ਬਣਾ ਰਹੇ ਹੋ
ਹਿੰਦੂ ਜਾਂ ਮੁਸਲਮਾਨ
ਆਹ ਚੁੱਕੋ ਆਪਣਾ
ਨਾਗਰਿਕਤਾ ਰਜਿਸਟਰ
ਮੈਂ ਇਹਨੂੰ ਚੁਰਾਹੇ 'ਤੇ ਅੱਗ ਲਾਉਦਾ ਹਾਂ
ਤੇ ਮਨੂੰਵਾਦੀ ਹਿਟਲਰੀ ਵਜ਼ੀਰਾਂ ਦੇ
ਤੁਖਮਾਂ ਨੂੰ ਮਿਟਾਉਣ ਦਾ
ਅਹਿਦ ਕਰਦਾ ਹਾਂ
ਤੁਸੀਂ ਮੈਥੋਂ ਮੇਰੀ ਨਾਗਰਿਕਤਾ ਦੀ ਪਹਿਚਾਣ
ਮੰਗਦੇ ਹੋ
ਮੈਂ ਮਿਹਨਤ ਹਾਂ
ਇਸੇ ਮਿੱਟੀ ਚੋਂ ਉਗਿਆ ਹਾਂ
ਮੈਂ ਨਾ ਹਿੰਦੂ ਹਾਂ ਨਾ ਮੁਸਲਮਾਨ ਹਾਂ
ਮੈਂ ਇਨਸਾਨ ਹਾਂ
ਇਹੋ ਮੇਰੀ ਨਾਗਰਿਕਤਾ ਦੀ ਪਹਿਚਾਣ ਹੈ
ਇਹੋ ਮੇਰੀ ਪਹਿਚਾਣ ਹੈ
ਤੁਸੀਂ ਮੈਥੋਂ ਮੇਰੀ ਨਾਗਰਿਕਤਾ ਦੀ
ਪਹਿਚਾਣ ਮੰਗਦੇ ਹੋ
ਮੈਂ ਮਿਹਨਤ ਹਾਂ
ਇਸੇ ਮਿੱਟੀ ਚੋਂ ਉਗਿਆ ਹਾਂ
ਮੈਂ ਨਾ ਹਿੰਦੂ ਹਾਂ ਨਾ ਮੁਸਲਮਾਨ ਹਾਂ
ਮੈਂ ਇਨਸਾਨ ਹਾਂ
ਇਹੋ ਮੇਰੀ ਨਾਗਰਿਕਤਾ ਦੀ ਪਹਿਚਾਣ ਹੈ
ਇਹੋ ਮੇਰੀ ਪਹਿਚਾਣ ਹੈ

-ਨਰਭਿੰਦਰ

## ਭਾਰਤ ਦੇਸ਼ ਮਹਾਨ- ਪੰਜਾਬੀ ਗੀਤ




ਲੁੱਚਾ-ਲੰਡਾ ਚੌਧਰੀ, ਜਿੱਥੇ, ਗੁੰਡੀ ਰੰਨ ਪ੍ਰਧਾਨ..
ਭਾਰਤ ਦੇਸ਼ ਮਹਾਨ ਬਈ ਲੋਕੋ, ਭਾਰਤ ਦੇਸ਼ ਮਹਾਨ।

ਪਸ਼ੂ ਦਾ ਮੂਤਰ ਦੁੱਧ ਬਣਾਇਆ, ਗੋਹਾ ਮਟਨ-ਪਨੀਰ ਏਥੇ,
ਖ਼ਰੂਦ ਮਚਾਉਂਦੇ ਪਸ਼ੂਆਂ ਵਾਂਗਰ, ਰਿੰਨ੍ਹ ਰਹੇ ਨੇ ਖੀਰ ਏਥੇ,
ਮੂਤਰ ਗੋਹੇ ਦੇ ਵਿੱਚ ਰਲਕੇ, ਬਣ ਜਾਂਦਾ ਏ ਘਾਣ..
ਭਾਰਤ ਦੇਸ਼ ਮਹਾਨ ਬਈ ਲੋਕੋ, ਭਾਰਤ ਦੇਸ਼ ਮਹਾਨ।

ਨਫ਼ਰਤ ਵਾਲਾ ਪੇੜ ਉੱਗਾਇਆ, ਚੌਧਰ ਵਾਲਾ ਪਾਣੀ ਏ,
ਸੱਚ ਦੇ ਪੱਖੋਂ ਇਹ ਦੁਨੀਆਂ ਤਾਂ, ਗੂੰਗੀ, ਬੋਲ਼ੀ, ਕਾਣੀ ਏ,
ਮੇਰੇ ਭਾਰਤ ਦੇ ਵਿੱਚ ਮਿਲਦੈ, ਹਾਣ ਦੇ ਤਾਈਂ ਹਾਣ..
ਭਾਰਤ ਦੇਸ਼ ਮਹਾਨ ਬਈ ਲੋਕੋ, ਭਾਰਤ ਦੇਸ਼ ਮਹਾਨ।

ਹੱਥੀਂ ਕਿਰਤ ਨਾ ਕਰਦੇ ਜਿਹੜੇ, ਮਾਲਕ ਬਣ ਕੇ ਬਹਿੰਦੇ ਨੇ
ਮੱਝ ਬੱਕਰੀ ਦੀ ਬੋਲੀ ਖੋਹ ਕੇ, ਮੈਂ-ਮੈਂ, ਮੈਂ-ਮੈਂ ਕਹਿੰਦੇ ਨੇ,
ਮਾਨਵਤਾ ਦੀ ਬੋਲੀ ਪੱਖੋਂ, ਲੱਗਦੇ ਇਹ ਅਣਜਾਣ..
ਭਾਰਤ ਦੇਸ਼ ਮਹਾਨ ਬਈ ਲੋਕੋ, ਭਾਰਤ ਦੇਸ਼ ਮਹਾਨ।

ਮੈਨੂੰ ਲੱਗਦੈ ਭਾਰਤੀ ਲੋਕੀ, ਆਪਣੇ ਆਪ ਸਿਆਣੇ ਨੇ,
ਰੱਬ ਬੇਚਾਰਾ ਰਜ਼ਾ 'ਚ ਰਹਿੰਦਾ, ਮੰਨੇ ਇਨ੍ਹਾਂ ਦੇ ਭਾਣੇ ਨੇ,
ਮੇਰੇ ਭਾਰਤ ਦੇਸ਼ ਦੇ ਅੰਦਰ, ਗਧਾ ਹੋਇਆ ਭਲਵਾਨ..
ਭਾਰਤ ਦੇਸ਼ ਮਹਾਨ ਬਈ ਲੋਕੋ, ਭਾਰਤ ਦੇਸ਼ ਮਹਾਨ।

ਪਰਸ਼ੋਤਮ ਦੀਆਂ ਕਣਕ ਬੂਰੀਆਂ, ਤਾਈ ਇਹ ਚੂਹੇ ਪੈਂਦੇ ਨੇ,
ਗੰਦੇ ਛੱਪੜ ਦੇ ਇਹ ਡੱਡੂ, ਗੜੈਂ-ਗੜੈਂ-ਗੜੈਂ ਕਹਿੰਦੇ ਨੇ,
ਕੌਣ ਗਧਾ ਤੇ ਕੌਣ ਹੈ ਘੋੜਾ, ਕਿਸ ਨੂੰ ਹੈ ਪਹਿਚਾਣ..
ਭਾਰਤ ਦੇਸ਼ ਮਹਾਨ ਬਈ ਲੋਕੋ, ਭਾਰਤ ਦੇਸ਼ ਮਹਾਨ।

**ਪਰਸ਼ੋਤਮ ਲਾਲ ਸਰੋਏ,**
**ਮੋਬਾ : 91-92175-44348**

## ਕਿੱਥੇ ਹੈ ਅੱਜ ਦੀ ਰਾਤ ਦਾ ਚੰਦ

ਜੇ ਐਨ ਯੂ ਅੱਜ ਦੀ ਰਾਤ (05/01/2020
ਆ ਗਈ ਲੰਬੇ ਚਾਕੂਆਂ ਵਾਲੀ ਰਾਤ ਫਿਰ
ਯਾਦ ਆ ਗਈ ਉਹ ਪੁਰਾਣੀ ਬਾਤ ਫਿਰ
ਉਹ ਆ ਗਏ ਨੇ
ਉਹ ਆ ਗਏ ਨੇ
ਕਿਉਂ ਰਾਜੇ ਨੇ ਅਜੇ ਵੀ ਸੀਂਹ
ਕਿਉਂ ਮੁਕੱਦਮ ਅਜੇ ਵੀ ਕੁੱਤੇ
ਕਿੱਥੇ ਨੇ ਮੇਰੇ ਬੱਚੜੇ ਅੱਜ
ਲੋਕ ਮੇਰੇ ਅਜੇ ਵੀ ਕਿਉ ਨੇ ਸੁੱਤੇ
ਹਰ ਕੋਈ ਦੁੱਲਾ ਬਣੇ
ਇਸ ਲੋਹੜੀ ਦੀ ਰੁੱਤੇ
ਕਿੱਥੇ ਹੈ ਅੱਜ ਦੀ ਰਾਤ ਦਾ ਚੰਦ
ਸਿਤਾਰੇ ਲੁਕੇ ਨੇ ਕਿੱਥੇ
ਉਹ ਆ ਗਏ ਨੇ
ਉਹ ਆ ਗਏ ਨੇ
ਉਹ ਸ਼ਬਦ ਲੱਭੋ ਉਹ ਖ਼ਬਰ ਲੱਭੋ
ਲੱਭੋ ਹੋਠ ਜੋ ਲਾਲ ਨੇ
ਲੱਭੋ ਉਹ ਜ਼ੁਬਾਨ ਜੋ ਬੋਲੇ
ਲੱਭੋ ਕਿੱਥੇ ਸਾਡੇ ਖਿਆਲ ਨੇ
ਲੱਭੋ ਲੱਭੋ ਲੱਭੋ ਲੱਭੋ ਲੱਭੋ
ਲੱਭੋ ਅੱਜ ਕਿੱਥੇ ਸਾਡੇ ਲਾਲ ਨੇ
ਆ ਗਈ ਹੈ ਲਹੂ ਚ ਭਿੱਜੀ ਸੌਗਾਤ ਫਿਰ
ਆ ਗਈ ਲੰਬੇ ਚਾਕੂਆਂ ਵਾਲੀ ਰਾਤ ਫਿਰ



**-ਸਵਰਾਜਬੀਰ**
**ਪੰਜਾਬੀ ਕਵੀ ਅਤੇ ਨਾਟਕਕਾਰ।**
**(ਲੰਬੇ ਚਾਕੂਆਂ ਵਾਲੀ ਰਾਤ, ਉਹ ਰਾਤ ਜਦੋਂ ਨਾਜੀਆਂ ਨੇ ਜਰਮਨੀ ਵਿੱਚ ਕਤਲੇਆਮ ਕੀਤਾ)**

Dhillon Fashions
Ladies Clothing | Wedding Clothing
Kids Dressing | Fashion Jewellery
1110-4818 Westwinds Dr. NE. Calgary
Green Plaza (By Dr. Bhullar)
Ph. : 403-453-9090
Cell : 403-614-2096


Best Mobile Signs
All kinds of mobile sign board
best mobile sign
call for yours
Kamal Sidhu
403-966-7167
bestmobilesigns@gmail.com

## ਦਵਿੰਦਰ ਸਿੰਘ ਦੀ ਗ੍ਰਿਫ਼ਤਾਰੀ



ਬੂਟਾ ਸਿੰਘ ਨਵਾਂਸ਼ਹਿਰ
94634-74342

# ‘ਡੀਪ ਸਟੇਟ’ ਅਤੇ ਇਸ ਨਾਲ ਜੁੜੇ ਸਵਾਲ



ਹਾਲ ਹੀ ਵਿਚ ਜੰਮੂ-ਕਸ਼ਮੀਰ ਪੁਲਿਸ ਦੇ ਡੀ.ਐੱਸ.ਪੀ. ਦਵਿੰਦਰ ਸਿੰਘ ਦੀ ਗ੍ਰਿਫ਼ਤਾਰੀ ਨਾਲ ਭਾਰਤੀ ਰਾਜ ਦੀ ਘਿਣਾਉਣੀ ਗੇਮ ਇਕ ਵਾਰ ਫਿਰ ਉੱਭਰ ਕੇ ਸਾਹਮਣੇ ਆ ਗਈ ਹੈ। ਉਸ ਨੂੰ 11 ਜਨਵਰੀ ਨੂੰ ਹਿਜ਼ਬੁੱਲ ਮੁਜਾਹਿਦੀਨ ਦੇ ਦੋ ਕਥਿਤ ਇਨਾਮੀ ਦਹਿਸ਼ਤਗਰਦਾਂ ਨਾਲ ਕਸ਼ਮੀਰ ਘਾਟੀ ਤੋਂ ਜੰਮੂ ਨੂੰ ਜਾਂਦੇ ਵਕਤ ਗ੍ਰਿਫ਼ਤਾਰ ਕੀਤਾ ਗਿਆ। ‘ਦਹਿਸ਼ਤਵਾਦ ਵਿਰੁੱਧ ਜੰਗ’ ਦੇ ਇਸ ‘ਨਾਇਕ’ ਦੀ ਸਪੈਸ਼ਲ ਓਪਰੇਸ਼ਨ ਗਰੁੱਪ ਵਿਚ ਖ਼ਾਸ ਭੂਮਿਕਾ ਰਹੀ ਹੈ ਅਤੇ ਪਿੱਛੇ ਜਹੇ ਉਸ ਨੂੰ ਸ੍ਰੀਨਗਰ ਹਵਾਈ ਅੱਡੇ ਦੀ ਐਂਟੀ ਹਾਈਜੈਕਿੰਗ ਦੀ ਬਹੁਤ ਹੀ ਸੰਵੇਦਨਸ਼ੀਲ ਡਿਊਟੀ ਦਿੱਤੀ ਗਈ ਸੀ। ਉਸ ਦੀ ਸੱਤਾ ਦੇ ਗਲਿਆਰਿਆਂ ਵਿਚ ਪਹੁੰਚ ਦਾ ਪ੍ਰਤਾਪ ਹੀ ਹੈ ਕਿ ਗ੍ਰਿਫ਼ਤਾਰੀ ਤੋਂ ਇਕ ਦਿਨ ਪਹਿਲਾਂ ਹੀ ਉਹ ਕਸ਼ਮੀਰ ਦੇ ਦੌਰੇ ’ਤੇ ਆਏ ਬਦੇਸ਼ੀ ਵਫ਼ਦ ਦੇ ਨਾਲ ਤਾਇਨਾਤ ਸੀ। ਅਫ਼ਜ਼ਲ ਗੁਰੂ ਨੂੰ ਫਾਂਸੀ ਦਿਵਾਉਣ ਲਈ ਤਾਹੂ ਗੋਦੀ ਮੀਡੀਆ ਦਵਿੰਦਰ ਸਿੰਘ ਦਾ ਪਰਦਾਫਾਸ਼ ਹੋਣ ਤੋਂ ਬਾਦ ਪੂਰੀ ਤਰ੍ਹਾਂ ਖ਼ਾਮੋਸ਼ ਹੈ। ਇਸੇ ਤਰ੍ਹਾਂ 11 ਜੁਲਾਈ 2005 ਨੂੰ ਹੋਇਆ ਸੀ ਜਦ ਅਜੀਤ ਡੋਵਾਲ ਨੂੰ ਦਿੱਲੀ ਵਿਚ ਵਿੱਕੀ ਮਲਹੋਤਰਾ ਨਾਲ ਕਾਰ ਵਿਚ ਜਾਂਦੇ ਵਕਤ ਮਹਾਰਾਸ਼ਟਰ ਪੁਲਿਸ ਦੀ ਇਕ ਟੀਮ ਨੇ ਦਬੋਚ ਲਿਆ ਸੀ। ਇਹ ਸ਼ਖਸ ਮੋਦੀ-ਸ਼ਾਹ ਵਜ਼ਾਰਤ ਦਾ ‘ਕੌਮੀ ਸੁਰੱਖਿਆ ਸਲਾਹਕਾਰ’ ਹੈ। ਗੋਦੀ ਮੀਡੀਆ ਨੇ ਉਦੋਂ ਵੀ ਸਵਾਲ ਨਹੀਂ ਸੀ ਪੁੱਛੇ ਕਿ ਇੰਟੈਲੀਜੈਂਸ ਬਿਊਰੋ ਦੇ ਮੁਖੀ ਦੀ ਅੰਡਰਵਰਲਡ ਦੇ ਮਫ਼ਰੂਰ ਦਹਿਸ਼ਤੀ ਸਰਗਨੇ ਨਾਲ ਨੇੜਤਾ ਦਾ ਰਾਜ ਕੀ ਸੀ ਅਤੇ ਉਹਨਾਂ ਕਿਸ ‘ਗੇਮ’ ਵਿਚ ਇਕੱਠੇ ਸਨ।

ਰਾਸ਼ਟਰਵਾਦੀ ਨਜ਼ਰੀਆ, ਚਾਹੇ ਹਿੰਦੂਤਵ ਰਾਸ਼ਟਰਵਾਦੀ ਹੋਵੇ ਜਾਂ ਕਥਿਤ ਉਦਾਰ ਰਾਸ਼ਟਰਵਾਦੀ, ਘਿਣਾਉਣੇ ਰਾਜਕੀ ਦਹਿਸ਼ਤਵਾਦ ਨੂੰ ਇਸ ਬਹਾਨੇ ਜਾਇਜ਼ ਠਹਿਰਾਉਂਦਾ ਹੈ ਕਿ ਸਮੁੱਚਾ ਭਾਰਤੀ ਰਾਜਤੰਤਰ - ਫ਼ੌਜੀ-ਨੀਮ ਫ਼ੌਜੀ ਲਸ਼ਕਰ ਅਤੇ ਖੁਫ਼ੀਆ ਏਜੰਸੀਆਂ - ਕਸ਼ਮੀਰ ਵਿਚ ਦੇਸ਼ ਦੇ ਹਿਤ ਦੀ ਲੜਾਈ ਲੜ ਰਿਹਾ ਹੈ। ਸਟੇਟ ਦਾ ਇਕ ਚਿਹਰਾ ਉਹ ਹੈ ਜੋ ਇਸ ਦੀਆਂ ਵੱਖ-ਵੱਖ ਕਾਨੂੰਨੀ ਸੰਸਥਾਵਾਂ ਦੇ ਆਮ ਕਾਰਵਿਹਾਰ ਦੇ ਰੂਪ ਵਿਚ ਸਾਹਮਣੇ ਨਜ਼ਰ ਆਉਂਦਾ ਹੈ, ਇਸ ਦਾ ਇਕ ਹਿੱਸਾ ‘ਡੀਪ ਸਟੇਟ’ ਵੀ ਹੈ ਜਿਸ ਨੂੰ ‘ਗੜਬੜਗ੍ਰਸਤ’ ਇਲਾਕਿਆਂ ਵਿਚ ਹਰ ਤਰ੍ਹਾਂ ਦੀ ਹਿੰਸਾ, ਮਾਰਧਾੜ ਅਤੇ ਦਹਿਸ਼ਤਵਾਦ ਦਾ ਤਾਂਡਵ ਨਾਚ ਨੱਚਦੇ ਦੇਖਿਆ ਜਾ ਸਕਦਾ ਹੈ। ‘ਰਾਸ਼ਟਰੀ ਹਿਤ’ ਦੇ ਨਾਂਅ ਹੇਠ ਮੁੱਖਧਾਰਾ ਸਿਆਸਤ ਨੂੰ ਸਭ ਕੁਛ ਕਬੂਲ ਹੈ। ਦਵਿੰਦਰ ਸਿੰਘ ਤਾਂ ਸਟੇਟ ਦੇ ਵਿਆਪਕ ‘ਕਾਊਂਟਰ ਇਨਸਰਜੈਂਸੀ’ ਤਾਣੇਬਾਣੇ ਦਾ ਇਕ ਮਾਮੂਲੀ ਜਿਹਾ ਮੋਹਰਾ ਹੈ। ਰਾਜਤੰਤਰ ਆਪਣੇ ਕਿਸੇ ਪੁਰਜੇ ਨੂੰ ਤੱਤੀ ਵਾਓ ਨਹੀਂ ਲੱਗਣ ਦਿੰਦਾ ਚਾਹੇ ਉਸ ਦੇ ਜੁਰਮਾਂ ਨਾਲ ਕਿੰਨੀ ਵੀ ਹਾਹਾਕਾਰ ਕਿਉਂ ਨਾ ਮੱਚੀ ਹੋਵੇ। ਪੰਜਾਬ ਵਿਚ ਹਜ਼ਾਰਾਂ ਨੌਜਵਾਨਾਂ ਨੂੰ ਮਾਰ ਕੇ ਖਪਾਉਣ ਵਾਲੇ ਜਲਾਦ ਪੁਲਿਸ ਅਫ਼ਸਰਾਂ ਦੇ ਵਾਰੇ-ਨਿਆਰੇ ਇਸ ਦਾ ਸਬੂਤ ਹਨ।

ਸੱਤਾ ਆਪਣੇ ਮੁਫ਼ਾਦਾਂ ਲਈ ਪੁਲਿਸ ਅਤੇ ਫ਼ੌਜੀ-ਨੀਮ ਫ਼ੌਜੀ ਤਾਕਤਾਂ ਨੂੰ ਕਾਨੂੰਨੀ ਕਾਰਵਾਈ ਤੋਂ ਮੁਕੰਮਲ ਛੋਟ ਦੇ ਕੇ ਮਨੁੱਖਤਾ ਵਿਰੋਧੀ ਜੁਰਮਾਂ ਦੀ ਖੁੱਲ੍ਹੀ ਛੁੱਟੀ ਦਿੰਦੀ ਹੈ। ਉਹ ਕਥਿਤ ਦਹਿਸ਼ਤਵਾਦੀ ਜਥੇਬੰਦੀਆਂ ਵਿਚ ਘੁਸਪੈਠ ਕਰਨ ਤੋਂ ਲੈ ਕੇ ਉਹਨਾਂ ਦੇ ਆਗੂਆਂ ਦੇ ਕਤਲ ਕਰਨ, ਉਹਨਾਂ ਦਰਮਿਆਨ ਆਪਸੀ ਖ਼ੂਨੀ ਝੜਪਾਂ ਕਰਾਉਣ ਅਤੇ ਸਮਾਜ ਵਿੱਚੋਂ ਮੁਜਰਿਮਾਂ ਨੂੰ ਭਰਤੀ ਕਰਕੇ ਗ਼ੈਰਕਾਨੂੰਨੀ ਗਰੋਹ ਖੜ੍ਹੇ ਕਰਨ ਅਤੇ ਇਹਨਾਂ ਜ਼ਰੀਏ ਦਹਿਸ਼ਤਵਾਦੀ ਵਾਰਦਾਤਾਂ ਨੂੰ ਅੰਜਾਮ ਦੇਣ ਤੱਕ ਕੁਛ ਵੀ ਕਰ ਸਕਦੇ ਹਨ। ਸਰਕਾਰੀ ਖ਼ਜ਼ਾਨੇ ਵਿੱਚੋਂ ਇਸ ‘ਰਾਸ਼ਟਰੀ ਹਿਤ’ ਦੇ ਪ੍ਰੋਜੈਕਟ ਲਈ ਖੁਫ਼ੀਆ ਕਾਰਵਾਈਆਂ ਦੇ ਨਾਂਅ ਹੇਠ ਬੇਹਿਸਾਬੇ ਫੰਡ ਦਿੱਤੇ ਜਾਂਦੇ ਹਨ, ਜਿਹਨਾਂ ਦੀ ਕਦੇ ਜਾਂਚ ਨਹੀਂ ਹੁੰਦੀ ਕਿ ਇਹ ਕਿੱਥੇ ਖ਼ਰਚੇ ਜਾ ਰਹੇ ਹਨ। ਕਸ਼ਮੀਰ ਤਿੰਨ ਦਹਾਕਿਆਂ ਤੋਂ ਰਾਜਕੀ ਦਹਿਸ਼ਤਵਾਦ ਦਾ ਸੰਤਾਪ ਝੱਲ ਰਿਹਾ ਹੈ। ਆਰ.ਐੱਸ.ਐੱਸ.-ਭਾਜਪਾ ਦੀ ਸਰਕਾਰ ਵੱਲੋਂ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਦਾ ਭੋਗ ਪਾਏ ਜਾਣ ’ਤੇ ਹੁਣ ਕਸ਼ਮੀਰੀਆਂ ਦੀ ਨਸਲਕੁਸ਼ੀ ਨੂੰ ਉਹ ਉਦਾਰਵਾਦੀ ਵੀ ਸਵੀਕਾਰ ਕਰ ਰਹੇ ਹਨ ਜੋ ਮੁਲਕ ਦੀ ‘ਏਕਤਾ-ਅਖੰਡਤਾ ਨੂੰ ਖ਼ਤਰਾ’ ਦੀ ਦੁਹਾਈ ਦੇ ਕੇ ਤਿੰਨ ਦਹਾਕਿਆਂ ਤੋਂ ਅੱਖੀਂ ਮੀਟੀ ਬੈਠੇ ਸਨ।

‘ਕਾਊਂਟਰ ਇਨਸਰਜੈਂਸੀ’ ਤਾਣੇਬਾਣੇ ਦੀ ਇਕ ਡੂੰਘੀ ਪੇਚੀਦਗੀ ਪੈਸੇ ਅਤੇ ਤਰੱਕੀਆਂ ਦਾ ਬੇਥਾਹ ਲਾਲਚ ਹੈ ਜੋ ਇਸ ਵਿਚ ਲੱਗੇ ਮੁਜਰਿਮ ਬਿਰਤੀ ਵਾਲੇ ਸਰਕਾਰੀ ਤੰਤਰ ਦਾ ਮੁੱਖ ਪ੍ਰੇਰਕ ਹੈ। ਰਾਜਕੀ ਦਹਿਸ਼ਤਵਾਦੀ ਓਪਰੇਸ਼ਨਾਂ ਦੀ ਕਾਮਯਾਬੀ ਦੇ ਅੰਕੜਿਆਂ ਰਾਹੀਂ ਤਰੱਕੀਆਂ ਅਤੇ ਇਨਾਮ-ਸਨਮਾਨ ਲੈਣ ਵਾਲੇ ਇਹ ਲੋਕ ਇਸੇ ਮਨੋਰਥ ਨਾਲ ਕੰਮ ਕਰਦੇ ਹਨ। ਦਵਿੰਦਰ ਸਿੰਘ ਸਮੇਤ ‘ਕਾਊਂਟਰ ਇਨਸਰਜੈਂਸੀ’ ਵਿਚ ਸ਼ਾਮਲ ਅਫ਼ਸਰਾਂ ਵੱਲੋਂ ਖੜ੍ਹੇ ਕੀਤੇ ਸ਼ਾਹੀ ਮਹਿਲ ਅਤੇ ਧੰਨ-ਦੌਲਤ ਦੇ ਅੰਬਾਰ ਬੇਹਿਸਾਬੀ ਉੱਪਰਲੀ ‘ਕਮਾਈ’ ਦਾ ਹੀ ਕ੍ਰਿਸ਼ਮਾ ਹਨ। ਇਸ ਦੀ ਕੋਈ ਜਾਂਚ ਨਹੀਂ ਕਰੇਗਾ, ਕਿਉਂਕਿ ਸਭ ਤੋਂ ਵੱਧ ਹੱਥ ਆਹਲਾ ਅਫ਼ਸਰ ਅਤੇ ਸੱਤਾਧਾਰੀ ਹੀ ਰੰਗਦੇ ਹਨ। ਜੰਮੂ-ਕਸ਼ਮੀਰ ਵਿਚ ਤਾਇਨਾਤ ਇਕ ਆਹਲਾ ਫ਼ੌਜੀ ਅਫ਼ਸਰ ਅਵਤਾਰ ਸਿੰਘ ਦੇ ਕੁਕਰਮਾਂ ਤੋਂ ਭਾਰਤੀ ਰਾਜ ਨੂੰ ਖਹਿੜਾ ਛੁਡਾਉਣਾ ਮੁਸ਼ਕਲ ਹੋ ਗਿਆ ਸੀ। ਕਾਨੂੰਨ ਦੀ ਲਪੇਟ ਵਿਚ ਆਉਣ ’ਤੇ ਉਸ ਨੇ ਸ਼ਰੇਆਮ ਧਮਕੀ ਦਿੱਤੀ ਸੀ ਕਿ ਜੇ ਉਸ ਨੂੰ ਫਸਾਇਆ ਗਿਆ ਤਾਂ ਉਹ ਬਾਕੀ ਅਫ਼ਸਰਾਂ ਦਾ ਵੀ ਭਾਂਡਾ ਭੰਨ ਦੇਵੇਗਾ। ਨਤੀਜਾ, ਜਾਂਚ ਇਕ ਹੱਦ ਤੋਂ ਅੱਗੇ ਨਹੀਂ ਸੀ ਗਈ ਅਤੇ ਉਹ ਮੌਜ ਨਾਲ ਹੀ ਅਮਰੀਕਾ ਜਾ ਵਸਿਆ ਸੀ। ਉਸ ਦਾ ਅਗਲਾ ਹਸ਼ਰ ਸਭ ਜਾਣਦੇ ਹਨ।

ਬਾਗ਼ੀਆਂ ਵਿਰੋਧੀ ਸਰਕਾਰੀ ਲਸ਼ਕਰਾਂ ਵਿੱਚੋਂ ਕੌਣ ਕੀਹਦੇ ਲਈ ਕੰਮ ਕਰਨਾ ਸ਼ੁਰੂ ਕਰ ਦੇਵੇ, ਇਹ ਵੀ ਪਤਾ ਨਹੀਂ ਲੱਗਦਾ। ਇਹ ਚੰਦ ‘ਕਾਲੀਆਂ ਭੇਡਾਂ’ ਦਾ ਮਾਮਲਾ ਨਹੀਂ ਹੈ, ਸਮੁੱਚਾ ਤੰਤਰ ਹੀ ਧੋਖੇਬਾਜ਼ੀ ’ਤੇ ਟਿਕਿਆ ਹੋਇਆ ਹੈ। ਦਵਿੰਦਰ ਸਿੰਘ ਉੱਪਰ ਸ਼ੁਰੂ ਤੋਂ ਹੀ ਸੰਗੀਨ ਇਲਜ਼ਾਮ ਲੱਗਦੇ ਰਹੇ, ਲੇਕਿਨ ਕਿਸੇ ਇਕ ਮਾਮਲੇ ਵਿਚ ਵੀ ਉਸ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ। ਜਾਂਚ ਦੇ ਬਹਾਨੇ ਮਾਮਲਾ ਠੱਪ ਕਰ ਦਿੱਤਾ ਜਾਂਦਾ ਰਿਹਾ। ਸੰਗੀਨ ਵਿਵਾਦਾਂ ਦੇ ਬਾਵਜੂਦ ਉਸ ਨੂੰ ਤਰੱਕੀਆਂ ਅਤੇ ਮੈਡਲਾਂ ਨਾਲ ਨਿਵਾਜਿਆ ਜਾਂਦਾ ਰਿਹਾ। ਅਗਸਤ 2018 ’ਚ ਉਸ ਨੂੰ ਸ਼ੇਰੇ-ਕਸ਼ਮੀਰ ਪੁਲਿਸ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਹ ਵੀ ਕਿਹਾ ਜਾਂਦਾ ਹੈ ਕਿ ਉਸ ਨੂੰ ਰਾਸ਼ਟਰਪਤੀ ਸਨਮਾਨ ਵੀ ਦਿੱਤਾ ਗਿਆ। ਜਦ ਕਿ ਉਸ ਉੱਪਰ ਫਿਰੌਤੀਆਂ ਲੈਣ, ਲੁੱਟਮਾਰ ਕਰਨ ਅਤੇ ‘ਅੱਤਵਾਦੀ’ ਗੁੱਟਾਂ ਨਾਲ ਮਿਲ ਕੇ ਚੱਲਣ ਦੇ ਇਲਜ਼ਾਮ ਸਨ। ਉਸ ਨੇ ਹੈਰੋਇਨ ਦੀ ਬਰਾਮਦ ਹੋਈ ਖ਼ੇਪ ਹੀ ਖੁਰਦ-ਬੁਰਦ ਕਰ ਦਿੱਤੀ ਸੀ। ਉਸ ਉੱਪਰ ਸਭ ਤੋਂ ਗੰਭੀਰ ਇਲਜ਼ਾਮ ਪਾਰਲੀਮੈਂਟ ਹਮਲੇ ਦੇ ਮੁਲਜ਼ਿਮਾਂ ਨਾਲ ਸੰਬੰਧਾਂ ਦਾ ਸੀ। ਜਦ 2001 ਵਿਚ ਦਿੱਲੀ ਵਿਚ ਪਾਰਲੀਮੈਂਟ ਉੱਪਰ ਕਥਿਤ ਦਹਿਸ਼ਤਗਰਦ ਹਮਲਾ ਹੋਇਆ ਉਦੋਂ ਕੇਂਦਰ ਵਿਚ ਭਾਜਪਾ ਦੀ ਸਰਕਾਰ ਸੀ। ਤੱਤਕਾਲੀ ਕੇਂਦਰੀ ਗ੍ਰਹਿ ਮੰਤਰੀ ਐੱਲ.ਕੇ.ਅਡਵਾਨੀ ਨੇ ਬਿਨਾ ਕਿਸੇ ਜਾਂਚ ਦੇ ਹੀ ਕਹਿ ਦਿੱਤਾ ਸੀ ਕਿ ਉਹ ‘ਪਾਕਿਸਤਾਨੀ ਜਾਪਦੇ ਸਨ’। ਮੀਡੀਆ, ਜਾਂਚ ਏਜੰਸੀਆਂ ਸਾਰਿਆਂ ਨੇ ਇਸੇ ਪਟਕਥਾ ਦੀ ਪਾਲਣਾ ਕੀਤੀ ਸੀ। ਇਹ ਹਮਲਾ ਅਤੇ ਹਮਲੇ ਵਿਚ ਮਾਰੇ ਗਏ ‘ਦਹਿਸ਼ਤਗਰਦ’ ਸਭ ਕੁਛ ਅੱਜ ਵੀ ਸਵਾਲਾਂ ਦੇ ਘੇਰੇ ਵਿਚ ਹੈ। ਇਹਨਾਂ ਸਵਾਲਾਂ ਬਾਰੇ ਸੰਘ ਬਰਗੇਡ ਅਤੇ ਇਸ ਦੇ ਹਮਾਇਤੀ ਖ਼ਾਮੋਸ਼ ਹਨ। ਕਾਂਗਰਸ ਨੇ ਵੀ ਆਪਣੇ ਰਾਜ ਦੌਰਾਨ ਇਸ ਦੀ ਜਾਂਚ ਨਹੀਂ ਕਰਵਾਈ ਸਗੋਂ ਅਫ਼ਜ਼ਲ ਗੁਰੂ ਦਾ ਅਦਾਲਤੀ ਕਤਲ ਕਰਵਾ ਕੇ ਸਬੂਤ ਹੀ ਮਿਟਾ ਦਿੱਤੇ ਗਏ। ਇਸੇ ਭਾਜਪਾ ਦੇ ਰਾਜ ਵਿਚ ਹੀ ਪਿੱਛੇ ਜਹੇ ਵਿਵਾਦਪੂਰਨ ਪੁਲਵਾਮਾ ਕਾਂਡ ਹੋਇਆ ਅਤੇ ਹੁਣ ਦਵਿੰਦਰ ਸਿੰਘ ਦੇ ਇਨਾਮੀ ਦਹਿਸ਼ਤਗਰਦਾਂ ਨੂੰ ਸੁਰੱਖਿਅਤ ਲਾਂਘਾ ਦੇ ਕੇ ਦਿੱਲੀ ਲਿਜਾਣ ਦੀ ‘ਗੇਮ’ ਸਾਹਮਣੇ ਆ ਗਈ।

ਉਸ ਨੂੰ ਜੰਮ-ਕਸ਼ਮੀਰ ਪੁਲਿਸ ਦੇ ਆਈ.ਜੀ. ਨੇ ਖ਼ੁਦ ਨਾਕਾ ਲਗਾ ਕੇ ਗ੍ਰਿਫ਼ਤਾਰ ਕੀਤਾ। ਦਵਿੰਦਰ ਸਿੰਘ ਨੇ ਉਹਨਾਂ ਨੂੰ ਇਸ਼ਾਰਾ ਵੀ ਕੀਤਾ ਕਿ ‘ਗੇਮ ਖ਼ਰਾਬ ਨਾ ਕਰੋ’। ਸੰਭਵ ਹੈ ਕਿ ਇਹ ਉਸ ‘ਗੇਮ’ ਤੋਂ ਅਣਜਾਣ ਵੱਖ-ਵੱਖ ਸੁਰੱਖਿਆ ਏਜੰਸੀਆਂ ਦੇ ਆਪਸੀ ਤਾਲਮੇਲ ਦੀ ਘਾਟ ਦਾ ਨਤੀਜਾ ਹੋਵੇ। ਇਹ ਵੀ ਸੰਭਵ ਹੈ ਕਿ ਉਹ ਅੰਦਰੂਨੀ ਸ਼ਰੀਕੇਬਾਜ਼ੀ ਕਾਰਨ ਰਗੜਿਆ ਗਿਆ ਹੋਵੇ। ਇਸ ਪਿੱਛੇ ਧਾਰਾ 370 ਨੂੰ ਖ਼ਤਮ ਕੀਤੇ ਜਾਣ ਤੋਂ ਬਾਦ ਪੈਦਾ ਹੋਈ ਸਥਿਤੀ ਵਿਚ ਜੰਮੂ-ਕਸ਼ਮੀਰ ਪੁਲਿਸ ਅਤੇ ਭਾਰਤੀ ਏਜੰਸੀਆਂ ਦੇ ਟਕਰਾਓ ਦੀ ਭੂਮਿਕਾ ਵੀ ਹੋ ਸਕਦੀ ਹੈ। ਉਸ ਕਿਸ ਦੇ ਇਸ਼ਾਰੇ ’ਤੇ ਜਾਂ ਕਿਸ ‘ਗੇਮ’ ਤਹਿਤ ਦਿੱਲੀ ਜਾ ਰਿਹਾ ਸੀ, ਇਹ ਕਦੇ ਵੀ ਸਾਹਮਣੇ ਨਹੀਂ ਆਵੇਗਾ। ਰਾਜਨੀਤਕ ਮਾਹਰਾਂ ਦਾ ਕਿਆਸ ਹੈ ਕਿ ਇਹ ਦਿੱਲੀ ਚੋਣਾਂ ਨਾਲ ਜੁੜੀ ਜਾਂ ਇਸ ਵਕਤ ਪੂਰੇ ਮੁਲਕ ਵਿਚ ਉੱਭਰੀ ਹਿੰਦੂਤਵ ਬਰਗੇਡ ਦੀ ਮੁਖ਼ਾਲਫ਼ਤ ਤੋਂ ਧਿਆਨ ਹਟਾਉਣ ਲਈ ‘ਪਾਰਲੀਮੈਂਟ ਹਮਲੇ’ ਵਰਗੀ ਕੋਈ ‘ਗੇਮ’ ਹੋ ਸਕਦੀ ਹੈ। ਉਸ ਨਾਲ ‘ਦਹਿਸ਼ਤਗਰਦਾਂ’ ਵਾਲਾ ਸਲੂਕ ਕੀਤੇ ਜਾਣ ਦੇ ਸੰਕੇਤਾਂ ਤੋਂ ਸਪਸ਼ਟ ਹੈ ਕਿ ਉਸ ਨੂੰ ਬਲੀ ਦਾ ਬੱਕਰਾ ਬਣਾ ਕੇ ਅਸਲ ਕਹਾਣੀ ਦਬਾ ਦਿੱਤੀ ਜਾਵੇਗੀ। ਜਿਹਨਾਂ ਨਹਾਇਤ ਸੰਵੇਦਨਸ਼ੀਲ ਮਾਮਲਿਆਂ ਦੀਆਂ ਤਾਰਾਂ ਸੱਤਾਧਾਰੀ ਧਿਰ ਨਾਲ ਜੁੜੀਆਂ ਹੋਣ, ਉਹ ਅਕਸਰ ਹੀ ਜਾਂਚ ਦੇ ਬਹਾਨੇ ਐੱਨ.ਆਈ.ਏ., ਸੀ.ਬੀ.ਆਈ. ਆਦਿ ਕੇਂਦਰੀ ਏਜੰਸੀਆਂ ਦੇ ਹਵਾਲੇ ਕਰਕੇ ‘ਮੈਨੇਜ’ ਕਰ ਲਏ ਜਾਂਦੇ ਹਨ।

ਲੱਖਾਂ ਰੁਪਏ ਬਦਲੇ ਦਵਿੰਦਰ ਸਿੰਘ ਦੇ ਦਹਿਸ਼ਤਗਰਦਾਂ ਨਾਲ ਮਿਲ ਜਾਣ ਦੀ ਕਹਾਣੀ ਵਿਚ ਕੋਈ ਦਮ ਨਹੀਂ ਜਾਪਦਾ। ਉਹ ‘ਇਨਾਮੀ’ ਦਹਿਸ਼ਤਗਰਦਾਂ ਦੀ ਗ੍ਰਿਫ਼ਤਾਰੀ ਜਾਂ ਮੁਕਾਬਲਾ ਦਿਖਾ ਕੇ ਇਨਾਮ ਅਤੇ ਤਰੱਕੀ ਦੋਨੋਂ ਹਾਸਲ ਕਰ ਸਕਦਾ ਸੀ। ਜੇ ਇਹ ਵੀ ਸੱਚ ਹੋਵੇ ਤਾਂ ਵੀ ਇਸ ਦਲੀਲ ਦੀ ਕੋਈ ਵੁੱਕਤ ਨਹੀਂ ਹੈ। ਜ਼ਮੀਰਫ਼ਰੋਸ਼ ਬੰਦੇ ਦਾ ਪੈਸੇ ਦੀ ਖ਼ਾਤਰ ਵਿਕ ਜਾਣਾ ਕੋਈ ਵੱਡੀ ਗੱਲ ਨਹੀਂ। ਵਧੇਰੇ ਗੰਭੀਰ ਹੈ ਭਾਰਤੀ ਰਾਜ ਵੱਲੋਂ ਪਾਰਲੀਮੈਂਟ ਹਮਲੇ ਨਾਲ ਜੁੜੇ ਵਿਵਾਦ ਨੂੰ ਪੂਰੀ ਤਰ੍ਹਾਂ ਦਬਾ ਲੈਣਾ ਜਿਸ ਦਾ ਖ਼ੁਲਾਸਾ ਅਫ਼ਜ਼ਲ ਗੁਰੂ ਨੇ 2004 ’ਚ ਆਪਣੇ ਵਕੀਲ ਨੂੰ ਲਿਖੀ ਚਿੱਠੀ ਵਿਚ ਕੀਤਾ ਸੀ। ਇਸ ਗੰਭੀਰ ਇਲਜ਼ਾਮ ਦੀ ਜਾਂਚ ਤਾਂ ਕਰਵਾਈ ਨਹੀਂ ਗਈ, ਸਮਾਜ ਦੀ ‘ਸਮੂਹਿਕ ਅੰਤਰ-ਆਤਮਾ ਨੂੰ ਸ਼ਾਂਤ’ ਕਰਨ ਦੇ ਬਹਾਨੇ ਕਾਂਗਰਸ ਸਰਕਾਰ ਨੇ ਅਫ਼ਜ਼ਲ ਗੁਰੂ ਨੂੰ ਫਾਂਸੀ ਦੇ ਕੇ ਹਮਲੇ ਦੀ ਅਸਲ ਸਾਜ਼ਿਸ਼ ਦੇ ਸਬੂਤ ਸਦਾ ਲਈ ਮਿਟਾ ਦਿੱਤੇ। ਜਾਂਚ ਕੀਤੇ ਜਾਣ ’ਤੇ ਇਹ ਭੇਤ ਖੁੱਲ੍ਹ ਜਾਣਾ ਸੀ ਕਿ ਪਾਰਲੀਮੈਂਟ ਹਮਲਾ ਦਰਅਸਲ ਕਿਸ ਦੀ ਸਾਜ਼ਿਸ਼ ਸੀ, ਦਵਿੰਦਰ ਸਿੰਘ ਕਿਸ ਦਾ ਮੋਹਰਾ ਸੀ ਅਤੇ ਉਸ ਨੇ ਕਿਸ ਦੇ ਇਸ਼ਾਰੇ ’ਤੇ ਅਫ਼ਜ਼ਲ ਗੁਰੂ ਨੂੰ ‘ਮੁਹੰਮਦ’ ਨਾਂਅ ਦੇ ਵਿਅਕਤੀ ਨੂੰ ਦਿੱਲੀ ਲਿਜਾਣ ਅਤੇ ਉੱਥੇ ਉਸ ਨੂੰ ਕਿਰਾਏ ’ਤੇ ਮਕਾਨ ਅਤੇ ਕਾਰ ਖ਼ਰੀਦ ਕੇ ਦੇਣ ਲਈ ਦਬਾਓ ਪਾਇਆ ਸੀ। ਅਫ਼ਜ਼ਲ ਗੁਰੂ ਦੇ ਸਨਸਨੀਖੇਜ਼ ਖ਼ੁਲਾਸਿਆਂ ਨਾਲ ਉੱਠੇ ਸਵਾਲ ਦਵਿੰਦਰ ਸਿੰਘ ਨੇ ਇਕ ਵਾਢਿਓਂ ਰੱਦ ਕਰ ਦਿੱਤੇ ਸਨ। ਲੇਕਿਨ ਇਸੇ ਦੌਰਾਨ 2006 ’ਚ ਇਸੇ ਸੰਬੰਧ ਵਿਚ ਨਾਮਵਰ ਪੱਤਰਕਾਰ ਪਰਵੇਜ਼ ਬੁਖ਼ਾਰੀ ਨੂੰ ਦਿੱਤੀ ਇੰਟਰਵਿਊ ਵਿਚ ਉਸ ਨੇ ਅਫ਼ਜ਼ਲ ਗੁਰੂ ਨੂੰ ਬਕਾਉਣ ਲਈ ਖ਼ੌਫ਼ਨਾਕ ਤਸੀਹੇ ਦੇਣ ਦਾ ਹੁੱਬ ਕੇ ਇਕਬਾਲ ਕੀਤਾ ਸੀ। ਉਸ ਨੇ ਸ਼ੇਖੀ ਮਾਰਦਿਆਂ ਕਿਹਾ ਸੀ, ‘ਮੈਂ ਕਈ ਦਿਨ ਉਸ ਨੂੰ ਆਪਣੇ ਕੈਂਪ ਵਿਚ ਤਸੀਹੇ ਦੇ ਕੇ ਪੁੱਛਗਿੱਛ ਕਰਦਾ ਰਿਹਾ। ਅਸੀਂ ਕਦੇ ਵੀ ਉਸ ਦੀ ਗ੍ਰਿਫ਼ਤਾਰੀ ਨਹੀਂ ਪਾਈ। ਅਸੀਂ ਉਸ ਦੀ ਗੁਦਾ ਵਿਚ ਪੈਟਰੋਲ ਪਾਇਆ ਅਤੇ ਬਿਜਲੀ ਦਾ ਕਰੰਟ ਲਗਾਉਂਦੇ ਰਹੇ। .... ਮੇਰਾ ਤਸੀਹੇ ਦੇ ਕੇ ਪੁੱਛਗਿਛ ਕਰਨ ਅਤੇ ਸ਼ੱਕੀਆਂ ਦੀ ਜ਼ੁਬਾਨ ਖੁੱਲ੍ਹਵਾਉਣ ਦੀ ਪੈਠ ਬਣੀ ਹੋਈ ਹੈ।...’ ਹਿਰਾਸਤ ਵਿਚ ‘ਥਰਡ ਡਿਗਰੀ ਟਾਰਚਰ’ ਪੂਰੀ ਤਰ੍ਹਾਂ ਗ਼ੈਰਕਾਨੂੰਨੀ ਹੈ, ਫਿਰ ਵੀ ਨਾ ਇਸ ਵਿਚ ‘ਸਮੂਹਿਕ ਅੰਤਰ-ਆਤਮਾ’ ਨੂੰ ਸੰਤੁਸ਼ਟ ਕਰਨ ਵਾਲੀਆਂ ਅਦਾਲਤਾਂ ਨੂੰ ਗ਼ਲਤ ਨਜ਼ਰ ਆਇਆ, ਨਾ ਹਿੰਸਾ ਵਿਰੁੱਧ ਬਿਆਨਬਾਜ਼ੀ ਕਰਨ ਵਾਲਿਆਂ ਨੂੰ। ਇਹ ਮਨੁੱਖੀ ਹੱਕਾਂ ਦੇ ਘਾਣ ਦੀ ਰਾਜਸੀ ਅਤੇ ਰਾਜਕੀ ਪੁਸ਼ਤਪਨਾਹੀ ਦੀ ਉੱਘੜਵੀਂ ਮਿਸਾਲ ਹੈ।

ਬਸ ਥੋੜ੍ਹੇ ਦਿਨਾਂ ਦੀ ਖੇਡ ਹੈ, ਹਾਲੀਆ ‘ਗੇਮ’ ਦੀ ਚਰਚਾ ਵੀ ਵਕਤ ਦੀ ਧੂੜ ਹੇਠ ਦੱਬੀ ਜਾਵੇਗੀ ਅਤੇ ‘ਡੀਪ ਸਟੇਟ’ ਪਹਿਲਾਂ ਦੀ ਤਰ੍ਹਾਂ ਕੰਮ ਕਰਦਾ ਰਹੇਗਾ।

Hiring Drivers/Owners/Operators

GALAXY Frightline inc.

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

## ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਐਨ ਆਰ ਸੀ ਤੇ ਸੀ ਏ ਏ ਦੀ ਨਿਖੇਧੀ ਤੇ ਰੋਸ ਜ਼ਾਹਿਰ ਕੀਤਾ




ਕੈਲਗਰੀ, (ਮਾ. ਭਜਨ):- ਪੰਜਾਬੀ ਲਿਖਾਰੀ ਸਭਾ ਕੈਲਗਰੀ ਸਾਹਿਤਕ ਗਤੀਵਿਧੀਆਂ ਤੇ ਪੰਜਾਬੀ ਮਾਂ-ਬੋਲੀ ਦੇ ਕਾਰਜ ਵਿੱਚ ਪਿਛਲੇ 20 ਸਾਲਾਂ ਤੋਂ ਗਤੀਸ਼ੀਲ ਹੈ ਤੇ ਹਮੇਸ਼ਾ ਸਮਾਜ ਵਿੱਚ ਨਿੰਦਾਯੋਗ ਵਰਤਾਰਿਆ ਦੀ ਨਿਖੇਧੀ ਕਰਦੀ ਆ ਰਹੀ ਹੈ। ਭਾਰਤ ਵਿੱਚ ਨਾਗਰਿਕਤਾ ਸੋਧ ਐਕਟ ਦਾ ਜਿੱਥੇ ਭਾਰਤ ਦੇ ਨਾਗਰਿਕ ਵਿਰੋਧ ਕਰ ਰਹ ਹਨ ਉਸੇ ਹੀ ਤਰ੍ਹਾਂ ਵਿਦੇਸ਼ਾਂ ਵਿੱਚ ਵੀ ਪ੍ਰਵਾਸੀਆਂ ਵੀ ਫਿਕਰ ਦੇਖਣ ਨੂੰ ਮਿਲ ਰਿਹਾ ਹੈ। ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਵੀ ਇਸਦੇ ਵਿਰੋਧ ਵਿੱਚ ਪ੍ਰਦਰਸ਼ਨ ਕੀਤਾ ਗਿਆ। ਇੱਥੇ ਬੋਲਦਿਆਂ ਹਰੀਪਾਲ ਨੇ ਅੱਜ ਦੇ ਨੇਤਾਵਾਂ ਦੀ ਤੁਲਨਾ ਹਿਟਲਰ ਵਰਗੇ ਤਾਨਾਸ਼ਾਹ ਨਾਲ ਕੀਤੀ ਉਥੇ ਹੀ ਜਗਦੀਸ਼ ਸਿੰਘ ਚੋਹਕਾ ਨੇ ਆਮ ਲੋਕਾਂ ਦੇ ਹੱਕਾਂ ਦੀ ਗੱਲ ਕੀਤੀ ਅਤੇ ਕਿਹਾ ਕਿ ਇੰਨੇ ਵਿਰੋਧ ਦੇ ਬਾਵਜੂਦ ਵੀ ਹਕੂਮਤ ਟੱਸ ਤੋਂ ਮੱਸ ਨਹੀਂ ਹੋ ਰਹੀ। ਬਾਕੀ ਵੀ ਹੋਰ ਬੁਲਾਰਿਆਂ ਨੇ ਵੀ ਆਪਣੇ-ਆਪਣੇ ਢੰਗ ਨਾਲ ਇਸ ਐਕਟ ਦੀ ਨਿਖੇਧੀ ਕੀਤੀ।

## ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਜਨਵਰੀ ਮਹੀਨੇ ਦੀ ਮੀਟਿੰਗ 'ਚ 21 ਮਾਰਚ ਨੂੰ ਹੋਣ ਵਾਲੇ 'ਨਵੇਂ ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ' ਸਮਾਗਮ ਦਾ ਪੋਸਟਰ ਰਿਲੀਜ਼ ਕੀਤਾ

**ਕੈਲਗਰੀ/ਮਾ. ਭਜਨ**



ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਸਾਲ 2020 ਦੀ ਪਹਿਲੀ ਮੀਟਿੰਗ ਬਾਅਦ ਦੁਪਿਹਰ ਦੋ ਵਜੇ ਕੋਸੋ ਹਾਲ ਨੋਰਥ ਈਸਟ ਵਿੱਚ ਸਾਹਿਤਕ ਪ੍ਰੇਮੀਆ ਤੇ ਸਮਾਜਿਕ ਚਿੰਤਕਾਂ ਦੀ ਭਰਪੂਰ ਹਾਜ਼ਰੀ ਵਿੱਚ ਹੋਈ। ਜਨਰਲ ਸਕੱਤਰ ਜੋਰਾਵਰ ਬਾਂਸਲ ਨੇ ਨਵੇਂ ਸਾਲ ਦੀ ਮੁਬਾਰਕਬਾਦ ਦੇ ਨਾਲ ਮੀਟਿੰਗ ਦਾ ਆਗਾਜ਼ ਕਰਦਿਆਂ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਪ੍ਰਧਾਨ ਦਵਿੰਦਰ ਮਲਹਾਂਸ, ਸਾਹਿਤ ਸਭਾ ਤੋਂ ਜਸਬੀਰ ਸਹੋਤਾ ਤੇ ਬੁਲੰਦ ਆਵਾਜ਼ ਦੇ ਮਾਲਿਕ, ਕਾਰਜਕਾਰੀ ਮੈਂਬਰ ਤਰਲੋਚਨ ਸੈਂਭੀ ਨੂੰ ਸੱਦਾ ਦਿੱਤਾ। ਪੰਜਾਬੀ ਦੇ ਉੱਘੇ ਸਾਹਿਤਕਾਰ ਪ੍ਰੋ: ਸੁਰਜੀਤ ਹਾਂਸ ਦੇ ਦਿਹਾਂਤ ਉੱਤੇ ਵੀ ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮਹਿੰਦਰ ਪਾਲ ਐਸ ਪਾਲ ਨੇ ਪ੍ਰੋ. ਸੁਰਜੀਤ ਹਾਂਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਉਹ ਉਹਨਾਂ ਨੂੰ ਮਿਲੇ ਸਨ ਤੇ ਬਹੁਤ ਵਧੀਆ ਸਖਸ਼ੀਅਤ ਸੀ। ਸਿੱਖ ਇਤਿਹਾਸਕਾਰ ਪੰਜਾਬੀ ਸਾਹਿਤ ਤੇ ਚੰਡੀਗੜ੍ਹ ਸਾਹਿਤ ਅਕੈਡਮੀ ਦੇ ਐਵਾਰਡੀ ਲੇਖਕ ਸਨ। ਉਹਨਾਂ ਨੇ 70 ਤੋਂ ਵੱਧ ਕਿਤਾਬਾਂ ਲਿਖੀਆਂ।

ਉਹਨਾਂ ਦੀ ਪੁਸਤਕ 'ਮਿੱਟੀ ਦੀ ਢੇਰੀ' ਬਹੁਤ ਪ੍ਰਸਿੱਧ ਹੋਈ। ਉਹਨਾਂ ਸ਼ੇਅਰਪੀਅਰ ਦੀਆਂ ਰਚਨਾਵਾਂ ਦਾ ਵੀ ਪੰਜਾਬੀ ਵਿੱਚ ਅਨੁਵਾਦ ਕੀਤਾ। ਕੱਲ ਹੀ ਭਾਰਤ ਤੋਂ ਵਾਪਸ ਪਰਤੇ ਸਾਬਕਾ ਪ੍ਰਧਾਨ ਬਲਜਿੰਦਰ ਸੰਘਾ ਨੇ ਆਪਣੀ ਭਾਰਤ ਫੇਰੀ ਦੀਆਂ ਯਾਂਦਾਂ ਸਾਂਝੀਆਂ ਕੀਤੀਆ। ਅੱਜ ਦੀ ਮੀਟਿੰਗ ਦੀ ਖਾਸ ਜਾਣਕਾਰੀ ਸਾਂਝੀ ਕਰਦਿਆਂ ਪ੍ਰਧਾਨ ਦਵਿੰਦਰ ਮਲਹਾਂਸ ਨੇ 'ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ' ਦੇ ਹੋਣ ਵਾਲੇ ਨੌਵੇਂ ਸਮਾਗਮ ਬਾਰੇ ਦੱਸਿਆ। ਇਹ ਸਮਾਗਮ 21 ਮਾਰਚ 2020 ਦਿਨ ਸ਼ਨੀਵਾਰ ਨੂੰ ਸਮਾਂ ਦੋ ਤੋਂ ਪੰਜ ਵਜੇ ਵਾਈਟਹੌਰਨ ਕਮਿਊਨਟੀ ਹਾਲ ਨੌਰਥ ਈਸਟ ਵਿੱਚ ਹੋਏਗਾ। ਪਿਛਲੇ ਸਾਲ ਦੇ ਇਸ ਸਮਾਗਮ ਦੇ ਜੇਤੂ ਬੱਚਿਆ ਤੇ ਪੰਜਾਬੀ ਲਿਖਾਰੀ ਸਭਾ ਦੀ ਕਾਰਜਕਾਰੀ ਕਮੇਟੀ ਨੇ 21 ਮਾਰਚ ਨੂੰ ਹੋਣ ਵਾਲੇ ਸਮਾਗਮ ਦਾ ਪੋਸਟਰ ਰਿਲੀਜ਼ ਕੀਤਾ। ਹੋਰ ਜਾਣਕਾਰੀ ਆਉਣ ਵਾਲੇ ਸਮੇ ਵਿੱਚ ਸਾਂਝੀ ਕੀਤੀ ਜਾਏਗੀ। ਸੁਖਬੀਰ ਗਰੇਵਾਲ ਨੇ ਪੰਜਾਬੀ ਬੋਲੀ ਸਿੱਖਣ ਲਈ ਐਤਵਾਰ ਨੂੰ ਜੈਨਸਿਸ ਸੈਂਟਰ ਵਿੱਚ ਲਗਾ ਰਹੇ ਕਲਾਸਾਂ ਬਾਰੇ ਜਾਣਕਾਰੀ ਦਿੱਤੀ ਤੇ ਮਾਪਿਆਂ ਨੂੰ ਬੱਚਿਆ ਨੂੰ ਕਲਾਸਾਂ ਸ਼ੁਰੂ ਕਰਾਉਣ ਦੀ ਅਪੀਲ ਕੀਤੀ ਤੇ 2020 ਦਾ ਪੰਜਾਬੀ ਸਭਿਆਚਾਰ ਕਲੰਡਰ ਜੋ ਬਹੁਤ ਸਖਤ ਮਿਹਨਤ ਨਾਲ ਤਿਆਰ ਕੀਤਾ ਗਿਆ ਸਭ ਨੂੰ ਫਰੀ ਵੰਡਿਆ ਗਿਆ। ਜਗਦੀਸ਼ ਚੋਹਕਾ ਤੇ ਰਜਿੰਦਰ ਚੋਹਕਾ ਨੇ ਭਾਰਤ ਵਿੱਚ ਹੋ ਰਹੇ ਨਾਗਰਿਤਾ ਤੇ ਵੱਖਵਾਦ ਵਰਤਾਰੇ ਅਤੇ ਲੋਕਾਂ ਦੇ ਹੱਕਾਂ ਦੀ ਗੱਲ ਕੀਤੀ। ਹਰੀਪਾਲ ਨੇ ਇਸੇ ਨਿਖੇਧੀ ਨੂੰ ਅੱਗੇ ਤੋਰਦਿਆਂ ਸੰਸਾਰ ਪੱਧਰ ਦੇ ਲੋਕਤੰਤਰ ਤੇ ਗੱਲ ਕਰਦਿਆਂ ਅੱਜ ਦੇ ਨੇਤਾਵਾਂ ਦੀ ਤੁਲਨਾ ਹਿਟਲਰ ਵਰਗੇ ਤਾਨਾਸ਼ਾਹ ਨਾਲ ਕੀਤੀ। ਜਿਵੇਂ ਉਹ ਘੱਟ ਗਿਣਤੀਆਂ ਦੇ ਖਿਲਾਫ ਜਨਤਾ ਨੂੰ ਉਕਸਾਉਂਦਾ ਸੀ ਉਵੇਂ ਹੀ ਹੁਣ ਹੋ ਰਿਹਾ ਹੈ।










# ਸੱਤਾ ਦੀ ਧੌਂਸ ਵਿਰੁੱਧ ਪੂਰੇ ਮੁਲਕ 'ਚ ਉੱਭਰ ਰਹੇ 'ਸ਼ਾਹੀਨ ਬਾਗ਼'



ਬੂਟਾ ਸਿੰਘ ਨਵਾਂਸ਼ਹਿਰ
94634-74342







ਆਰ.ਐੱਸ.ਐੱਸ.-ਭਾਜਪਾ ਸਰਕਾਰ ਵੱਲੋਂ ਨਾਗਰਿਕਤਾ ਸੋਧ ਐਕਟ ਥੋਪੇ ਜਾਣ 'ਤੇ ਮੁਲਕ ਦੇ ਅਵਾਮ ਉਸ ਤਰ੍ਹਾਂ ਖ਼ਾਮੋਸ਼ ਨਹੀਂ ਰਹੇ ਜਿਵੇਂ ਉਹ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕੀਤੇ ਜਾਣ ਅਤੇ ਬਾਬਰੀ ਮਸਜਿਦ ਮਾਮਲੇ ਵਿਚ ਸੁਪਰੀਮ ਕੋਰਟ ਦੇ ਸ਼ਰੇਆਮ ਪੱਖਪਾਤੀ ਫ਼ੈਸਲੇ ਦੇ ਵਕਤ ਖ਼ਾਮੋਸ਼ ਰਹੇ ਸਨ। ਐੱਨ.ਆਰ.ਸੀ. ਨੂੰ ਪੂਰੇ ਮੁਲਕ ਵਿਚ ਲਾਗੂ ਕਰਨ ਦੇ ਸੰਕੇਤਾਂ ਤੋਂ ਫ਼ਿਕਰਮੰਦ ਬੇਸ਼ੁਮਾਰ ਅਵਾਮ ਸੜਕਾਂ ਉੱਪਰ ਆ ਗਏ। ਉਹਨਾਂ ਨੇ ਸਮਝ ਲਿਆ ਹੈ ਕਿ ਇਹ ਹਮਲੇ ਸਿਰਫ਼ ਮੁਸਲਮਾਨਾਂ ਖ਼ਿਲਾਫ਼ ਸੇਧਤ ਨਹੀਂ, ਹੋਰ ਗ਼ਰੀਬ ਅਤੇ ਨਿਤਾਣੇ ਹਿੱਸਿਆਂ ਨੂੰ ਵੀ ਇਹਨਾਂ ਦਾ ਬਰਾਬਰ ਖਮਿਆਜ਼ਾ ਭੁਗਤਣਾ ਪਵੇਗਾ। ਸ਼ਾਇਦ ਭਗਵੀਂ ਹਾਈਕਮਾਨ ਨੂੰ ਐਨੇ ਵਿਆਪਕ ਵਿਰੋਧ ਦੀ ਉਮੀਦ ਨਹੀਂ ਸੀ। ਰੋਸ ਮੁਜ਼ਾਹਰਿਆਂ ਨੂੰ ਦਬਾਉਣ ਲਈ ਲਾਠੀਆਂ-ਗੋਲੀਆਂ ਦੀ ਬੇਤਹਾਸ਼ਾ ਵਰਤੋਂ ਦੇ ਬਾਵਜੂਦ ਉਹਨਾਂ ਦੇ ਪੈਰ ਉੱਖੜੇ ਹੋਏ ਨਜ਼ਰ ਆ ਰਹੇ ਹਨ। ਉਹ ਝੂਠ ਦਾ ਸਹਾਰਾ ਲੈ ਕੇ ਅਵਾਮ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਹ ਤਾਂ ਐਵੇਂ 'ਟੁਕੜੇ ਟੁਕੜੇ ਗੈਂਗ' ਵੱਲੋਂ ਫੈਲਾਈਆਂ ਅਫ਼ਵਾਹਾਂ ਹਨ, ਕਿਸੇ ਦੀ ਨਾਗਰਿਕਤਾ ਨੂੰ ਕੋਈ ਖ਼ਤਰਾ ਨਹੀਂ ਹੈ। ਇਹ ਵੀ ਕਿ ਪੂਰੇ ਮੁਲਕ ਵਿਚ ਐੱਨ.ਆਰ.ਸੀ. ਲਾਗੂ ਕਰਨ ਦੀ ਕੋਈ ਫ਼ੌਰੀ ਯੋਜਨਾ ਨਹੀਂ ਹੈ। ਲੇਕਿਨ ਨੋਟਬੰਦੀ ਅਤੇ ਜੀ.ਐੱਸ.ਟੀ. ਦੇ ਕੌੜੇ ਤਜ਼ਰਬਿਆਂ 'ਚੋਂ ਲੰਘ ਕੇ ਅਵਾਮ ਨੂੰ ਸਮਝ ਪੈ ਗਿਆ ਹੈ ਕਿ ਸੰਘ ਬਰਗੇਡ ਦੇ ਐਲਾਨ ਹੋਰ ਅਤੇ ਮਨੋਰਥ ਹੋਰ ਹੁੰਦਾ ਹੈ। ਇਸੇ ਸੋਝੀ ਨੇ ਉਹਨਾਂ ਦੇ ਸੰਘਰਸ਼ ਦੇ ਇਰਾਦੇ ਨੂੰ ਦ੍ਰਿੜਤਾ ਬਖ਼ਸ਼ੀ ਹੈ।

ਪਹਿਲ-ਪ੍ਰਿਥਮੇ ਜੇ.ਐੱਨ.ਯੂ. ਉੱਪਰ ਫਰਵਰੀ 2016 'ਚ ਹਮਲਾ ਕੀਤਾ ਗਿਆ। ਉਦੋਂ ਤੋਂ ਲੈ ਕੇ ਆਰ.ਐੱਸ.ਐੱਸ. ਅਤੇ ਇਸ ਦੀਆਂ ਫਰੰਟ ਜਥੇਬੰਦੀਆਂ ਹਰ ਤਰੀਕੇ ਨਾਲ ਇਸ ਆਹਲਾ ਯੂਨੀਵਰਸਿਟੀਆਂ ਨੂੰ ਤੋੜਣ ਦੀ ਸਿਰਤੋੜ ਕੋਸ਼ਿਸ਼ ਕਰ ਰਹੀਆਂ ਹਨ। ਇਸੇ ਤਰ੍ਹਾਂ ਦਾ ਇਕ ਹਮਲਾ ਵਿਦਿਆਰਥੀਆਂ ਦੇ ਰੋਸ ਪ੍ਰਦਰਸ਼ਨ ਉੱਪਰ 5 ਦਸੰਬਰ 2019 ਨੂੰ ਕੀਤਾ ਗਿਆ ਜਦੋਂ ਉਹ ਪਾਰਲੀਮੈਂਟ ਵੱਲ ਜਾ ਰਹੇ ਸਨ। 5 ਜਨਵਰੀ ਨੂੰ ਪਿਛਲੇ ਸਾਰੇ ਹਮਲਿਆਂ ਦੀ ਵਹਿਸ਼ਤ ਨੂੰ ਮਾਤ ਪਾਉਂਦੇ ਹੋਏ ਪੁਲਿਸ ਦੀ ਸੁਰੱਖਿਆ ਹੇਠ ਆਰ.ਐੱਸ.ਐੱਸ. ਦੇ ਗੁੰਡਿਆਂ ਵੱਲੋਂ ਕੈਂਪਸ ਦੇ ਅੰਦਰ ਜਾ ਕੇ ਸਾੜ੍ਹਸਤੀ ਮਚਾਈ ਗਈ। ਇਹ ਹਮਲਾ ਮੋਦੀ ਸਰਕਾਰ ਵੱਲੋਂ ਇਸ ਮਨੋਰਥ ਨਾਲ ਹਮਲਾ ਕਰਵਾਇਆ ਗਿਆ ਕਿ ਦਹਿਸ਼ਤਜ਼ਦਾ ਹੋ ਕੇ ਵਿਦਿਆਰਥੀ ਸੰਘਰਸ਼ ਬੰਦ ਕਰ ਦੇਣਗੇ। ਇਹ ਮਨਸੂਬਾ ਵੀ ਨਾਕਾਮ ਰਿਹਾ ਹੈ। ਨਾਗਰਿਕਤਾ ਸੋਧ ਐਕਟ ਦੀ ਚੁਣੌਤੀ ਸਗੋਂ ਹਰ ਥਾਂ ਹੀ ਜਾਗਰੂਕ ਵਿਦਿਆਰਥੀਆਂ ਨੂੰ ਸੰਘਰਸ਼ਾਂ ਵਿਚ ਮੋਹਰੀ ਭੂਮਿਕਾ ਨਿਭਾਉਣ ਲਈ ਪ੍ਰੇਰਨ ਵਾਲਾ ਨਵਾਂ ਪ੍ਰੇਰਕ ਬਣ ਗਈ। 14 ਦਸੰਬਰ ਤੋਂ ਬਾਦ ਮੰਜ਼ਰ ਹੀ ਬਦਲ ਗਿਆ ਹੈ। 'ਸ਼ਹਿਰੀ ਨਕਸਲੀਆਂ' ਦੇ ਨਵੇਂ ਪੂਰ ਉੱਭਰ ਆਏ ਹਨ। ਜਾਮੀਆ ਮਿਲੀਆ ਇਸਲਾਮੀਆ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਦਬਾਉਣ ਲਈ ਢਾਹੀ ਵਹਿਸ਼ੀ ਹਿੰਸਾ ਨਾਲ ਵਿਰੋਧ ਦਬਣ ਦੀ ਬਜਾਏ ਸਗੋਂ ਹੋਰ ਬਹੁਤ ਸਾਰੀਆਂ ਯੂਨੀਵਰਸਿਟੀਆਂ ਵਿਚ ਫੈਲ ਗਿਆ ਹੈ। ਜੇ.ਐੱਨ.ਯੂ. ਉੱਪਰ ਨਵੇਂ ਹਮਲੇ ਨਾਲ ਮੋਦੀ ਸਰਕਾਰ ਦਾ ਵਿਰੋਧ ਹੋਰ ਵੱਧ ਗਿਆ ਹੈ। ਕੁਲੀਨ ਵਰਗੀ ਸੇਂਟ ਸਟੀਫ਼ਨ ਕਾਲਜ ਦੇ ਵਿਦਿਆਰਥੀਆਂ ਨੇ ਵੀ ਤੀਹ ਸਾਲ ਬਾਦ ਅੰਗੜਾਈ ਲਈ ਹੈ। ਵੱਖ-ਵੱਖ ਰਾਜਾਂ ਵਿਚ ਵਿਸ਼ਾਲ ਮੁਜ਼ਾਹਰੇ ਹੋ ਰਹੇ ਹਨ। ਸੰਘ ਬਰਗੇਡ ਵੱਲੋਂ ਪਾਈ ਦਹਿਸ਼ਤ ਨੂੰ ਤੋੜ ਕੇ ਲੱਖਾਂ ਮੁਸਲਮਾਨ ਨਾਗਰਿਕਤਾ ਦਾ ਹੱਕ ਖੋਹੇ ਜਾਣ ਦੇ ਖ਼ਿਲਾਫ਼ ਡੱਟ ਗਏ ਹਨ। ਇਕ ਮਜ਼ਲੂਮ ਘੱਟਗਿਣਤੀ ਦਾ ਮੁਜ਼ਾਹਰਿਆਂ ਵਿਚ ਐਨੀ ਵੱਡੀ ਤਾਦਾਦ 'ਚ ਸ਼ਾਮਲ ਹੋਣਾ ਅਤੇ ਹੋਰ ਹਿੱਸਿਆਂ ਦਾ ਘੱਟਗਿਣਤੀ ਦੇ ਮੋਢੇ ਨਾਲ ਮੋਢਾ ਜੋੜ ਕੇ ਹਿੰਦੂਤਵੀ ਸਾਜ਼ਿਸ਼ ਦਾ ਵਿਰੋਧ ਕਰਨਾ ਇਕ ਵਿਲੱਖਣ ਵਰਤਾਰਾ ਹੈ ਜੋ ਸ਼ਾਇਦ ਪਿਛਲੇ ਸੱਤ ਦਹਾਕਿਆਂ ਵਿਚ ਪਹਿਲੀ ਵਾਰ ਦੇਖਿਆ ਜਾ ਰਿਹਾ ਹੈ।

ਇਸ ਵਿਰੋਧ ਦੀ ਹੋਰ ਵੀ ਖ਼ਾਸ ਵਿਲੱਖਣਤਾ ਇਸ ਵਿਚ ਔਰਤਾਂ ਦੀ ਮੋਹਰੀ ਭੂਮਿਕਾ ਹੈ। ਚਾਹੇ ਯੂਨੀਵਰਸਿਟੀ ਕੈਂਪਸ ਹਨ ਜਾਂ ਸ਼ਹਿਰਾਂ ਵਿਚ ਧਰਨੇ-ਮੁਜ਼ਾਹਰੇ, ਲੜਕੀਆਂ ਅਤੇ ਔਰਤਾਂ ਹਰ ਥਾਂ ਹੀ ਉੱਘੜਵੀਂ ਭੂਮਿਕਾ ਨਿਭਾ ਰਹੀਆਂ ਹਨ। ਖ਼ਾਸ ਕਰਕੇ ਮੁਸਲਿਮ ਔਰਤਾਂ ਬਾਰੇ ਬਣੀ ਇਹ ਧਾਰਨਾ ਟੁੱਟ ਗਈ ਹੈ ਕਿ ਉਹਨਾਂ ਦੀ ਦੁਨੀਆ ਤਾਂ ਹਿਜਾਬ ਅਤੇ ਘਰ ਦੀ ਚਾਰ-ਦੀਵਾਰੀ ਤੱਕ ਸੀਮਤ ਹੈ। ਸੀ.ਏ.ਏ., ਐੱਨ.ਆਰ.ਸੀ. ਅਤੇ ਐੱਨ.ਪੀ.ਆਰ. ਦੇ ਖ਼ਿਲਾਫ਼ ਸੰਘਰਸ਼ਾਂ ਦੀ ਪਹਿਲਕਦਮੀਂ ਕਰਕੇ ਆਪਣੇ ਬਾਰੇ ਬਣੀਆਂ ਤਮਾਮ ਧਾਰਨਾਵਾਂ ਅਤੇ ਮਿੱਥਾਂ ਨੂੰ ਚਕਨਾਚੂਰ ਕਰਕੇ ਉਹ ਇਕ ਅਸਲੋਂ ਹੀ ਨਵੇਂ ਬੁਲੰਦ ਕਿਰਦਾਰ ਨਾਲ ਸੰਘਰਸ਼ ਦੀ ਮੋਹਰੀ ਟੁਕੜੀ ਬਣੀਆਂ ਹੋਈਆਂ ਹਨ। ਇਕ ਮਹੀਨੇ ਤੋਂ ਚੱਲ ਰਹੇ ਜਾਮੀਆ ਮਿਲੀਆ ਮੋਰਚੇ ਵਿਚ ਮੁਸਲਿਮ ਲੜਕੀਆਂ ਬਹੁਤ ਹੀ ਸੁਘੜ ਭੂਮਿਕਾ ਨਿਭਾ ਰਹੀਆਂ ਹਨ। ਲਦੀਦਾ ਫ਼ਰਜ਼ਾਨਾ ਅਤੇ ਆਇਸ਼ਾ ਰੈਨਾ ਨੇ ਆਪਣੇ ਸਾਥੀਆਂ ਨੂੰ ਬਚਾਉਣ ਲਈ ਪੁਲਸ ਦੀਆਂ ਲਾਠੀਆਂ ਦੀ ਵੀ ਪ੍ਰਵਾਹ ਨਹੀਂ ਕੀਤੀ ਅਤੇ ਉਹਨਾਂ ਦੀ ਦਲੇਰੀ ਅਤੇ ਜੁਝਾਰੂ ਜਜ਼ਬਾ ਹਿੰਦੂਤਵ ਫਾਸ਼ੀਵਾਦ ਨਾਲ ਟੱਕਰ ਲੈਣ ਵਾਲਿਆਂ ਲਈ ਮਿਸਾਲ ਬਣ ਗਿਆ ਹੈ।

ਇਕ ਨਿਆਰਾ ਮੰਜ਼ਰ ਦਿੱਲੀ ਦੇ ਸ਼ਾਹੀਨ ਬਾਗ਼ ਦਾ ਹੈ। ਇੱਥੇ ਮੁਸਲਿਮ ਔਰਤਾਂ ਇਕ ਮਹੀਨੇ ਤੋਂ ਪੱਕਾ ਮੋਰਚਾ ਲਗਾਈ ਬੈਠੀਆਂ ਹਨ। ਇਹਨਾਂ ਵਿਚ ਨਵਜੰਮੇ ਬਾਲ ਗੋਦੀ ਚੁੱਕੀ ਮਾਵਾਂ ਵੀ ਜੋਸ਼ੋ-ਖ਼ਰੋਸ਼ ਨਾਲ ਸ਼ਾਮਲ ਹਨ। ਉਹ ਕੋਈ ਸੰਘਰਸ਼ਾਂ ਵਿਚ ਤਪੀਆਂ ਕਾਰਕੁੰਨ ਨਹੀਂ ਹਨ, ਉਹ ਸਧਾਰਨ ਔਰਤਾਂ ਹਨ ਜਿਹਨਾਂ ਵਿੱਚੋਂ ਜ਼ਿਆਦਾਤਰ ਸ਼ਾਇਦ ਹੀ ਕਦੇ ਇਕੱਲੀਆਂ ਘਰੋਂ ਬਾਹਰ ਨਿਕਲੀਆਂ ਹੋਣ। ਲੇਕਿਨ ਸੱਤਾ ਦੀ ਧੌਂਸ ਵਿਰੁੱਧ ਲੜਨ ਦੀ ਲੋੜ ਨੇ ਉਹਨਾਂ ਦੀ ਹਿਚਕ ਅਤੇ ਡਰ ਦੂਰ ਕਰ ਦਿੱਤੇ ਹਨ। ਜਿਸ ਦਿਨ ਰਾਜਧਾਨੀ ਵਿਚ ਠੰਡ 119 ਸਾਲਾਂ ਦਾ ਰਿਕਾਰਡ ਤੋੜ ਰਹੀ ਸੀ ਉਸ ਰਾਤ ਵੀ ਆਪਣੇ ਮੁਲਕ ਦੇ ਭਵਿੱਖ ਪ੍ਰਤੀ ਫ਼ਿਕਰਮੰਦ ਇਹ ਔਰਤਾਂ ਘਰ-ਬਾਰ ਛੱਡ ਕੇ ਉੱਥੇ ਡੱਟੀਆਂ ਹੋਈਆਂ ਸਨ। ਕਹਿਰ ਦੀ ਠੰਡ, ਬਾਰਿਸ਼ ਅਤੇ ਪੁਲਿਸ ਅਤੇ ਸੱਤਾਧਾਰੀ ਗੁੰਡਿਆਂ ਵੱਲੋਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਮੁਸ਼ਕਲਾਂ ਨਾਲ ਵੀ ਉਹਨਾਂ ਦੇ ਹੌਸਲੇ ਪਸਤ ਨਹੀਂ ਹੋਏ ਅਤੇ ਧਰਨਾ ਦਿਨ-ਰਾਤ ਜਾਰੀ ਹੈ। ਨਵੇਂ ਸਾਲ ਨੂੰ ਖ਼ੁਸ਼ਆਮਦੀਦ ਵੀ ਉਹਨਾਂ ਨੇ ਨਾਅਰਿਆਂ ਰਾਹੀਂ ਹੀ ਕਿਹਾ। ਇਹ ਮੋਰਚਾ ਐਨਾ ਪੁਰਕਸ਼ਿਸ਼ ਹੈ ਕਿ ਦੂਰ-ਦਰਾਜ ਸੂਬਿਆਂ ਤੋਂ ਸ਼ਾਹੀਨ ਬਾਗ਼ ਪਹੁੰਚ ਕੇ ਉਹਨਾਂ ਨਾਲ ਇਕਮੁੱਠਤਾ ਪ੍ਰਗਟਾਉਣ ਲਈ ਇਨਸਾਫ਼ਪਸੰਦ ਹਿੱਸਿਆਂ ਦਾ ਤਾਂਤਾ ਲੱਗਿਆ ਰਹਿੰਦਾ ਹੈ। ਉਹ ਇਹਨਾਂ ਵੀਰਾਂਗਣਾਂ ਤੋਂ ਸੰਘਰਸ਼ ਦੀ ਨਵੀਂ ਊਰਜਾ ਲੈ ਕੇ ਪਰਤਦੇ ਹਨ। ਕਲਾਕਾਰ, ਕਵੀ, ਯੂਨੀਵਰਸਿਟੀਆਂ ਦੇ ਪ੍ਰੋਫੈਸਰ, ਸਿਵਲ ਸੁਸਾਇਟੀ ਗਰੁੱਪ, ਫਿਲਮੀ ਸਿਤਾਰੇ ਅਤੇ ਹੋਰ ਨਾਮਵਰ ਸ਼ਖ਼ਸੀਅਤਾਂ ਤੋਂ ਲੈ ਕੇ ਜੇ.ਐੱਨ.ਯੂ., ਜਾਮੀਆ ਮਿਲੀਆ ਅਤੇ ਸਥਾਨਕ ਸਰਕਾਰੀ ਸਕੂਲ ਦੇ ਵਿਦਿਆਰਥੀ ਸ਼ਾਹੀਨ ਬਾਗ਼ ਮੋਰਚੇ ਵਿਚ ਸ਼ਾਮਲ ਹੋ ਰਹੇ ਹਨ। ਹਮਾਇਤ ਕਰਨ ਵਾਲਿਆਂ ਵਿਚ ਹਾਕਮ ਜਮਾਤੀ ਵਿਰੋਧੀ-ਧਿਰ ਦੇ ਆਗੂ ਵੀ ਹੁੰਦੇ ਹਨ ਲੇਕਿਨ ਇਹ

MANTRA CONSTRUCTION
Design & Build
Commercial, Residential & Industrial

We fulfill your needs
Experienced Professional Team & Builders

OUR SERVICES
- CONSULTATION
- PROJECT MANAGEMENT
- DRAWING PLANS
- CITY PLANS
- APPROVALS
- RESTAURANT / FRANCHISES
- DEMOLITION / RENOVATIONS
- DECKS & PATIOS
- LANDSCPING+



WE BUILD
YOUR NEW PROJECT
SPEIALIZE IN MDEICAL OFFICES - PHARMACIES
RESTAURANTS - SPAS - RETAIL OUTLETS + MORE

COMMERCIAL - RESIDENTIAL & INDUSTRIAL
FOR FREE CONSULTATION
CALL US: 416-833-2162
mantraconstruction 247@gmail.com www.mantraconstruction.ca



PLANNING YORU DREAM HOME
BUILD YOUR DREAM BUILDING
WE ARE ALL DONE

ਮੈਟਰੋ ਇਮੀਗ੍ਰੇਸ਼ਨ



ਸੁਰੇਸ਼ ਗੁਪਤਾ
ਸਰਟੀਫਾਇਡ ਇਮੀਗਰੇਸ਼ਨ ਪਰੈਕਟੀਸ਼ਨਰ

1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਉਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ। ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜ਼ਾ ਕੇਸ
3. ਵਿਜਟਰ ਟੂ ਕੈਨੇਡਾ (ਐਫੀਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜ਼ਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਊਜਲ ਦੇ ਕੇਸ ਜਿਵੇਂ ਸਪਾਊਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਊਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੈਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ )
11. ਪੀ.ਆਰ. ਕਾਰਡ ਰਿਨੀਊਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜ਼ਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜ਼ਾ
15. ਵਿਜ਼ਿਟਰ, ਵਰਕ, ਸਟੂਡੈਂਟ ਵੀਜ਼ਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ, ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਮਿਟ
18. ਸੀ.ਏ.ਆਈ.ਪੀ.ਸੀ.. ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜ਼ਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta
Certified Immigration Practitioner (RCIC) Member ICCRC
905-913-7700
info@metroimmigration.com www.metroimmigration.com
12-2355 Derry Road East, Mississauga, Ont. L5S 1V6

ਮੋਰਚਾ ਖ਼ੁਦਗਰਜ਼ ਸਿਆਸਤ ਦੀਆਂ ਤਮਾਮ ਰਾਜਨੀਤਕ ਗਿਣਤੀਆਂ-ਮਿਣਤੀਆਂ ਤੋਂ ਨਿਰਲੇਪ ਫਿਰਕੇਦਾਰਾਨਾ ਇਕਜੁੱਟਤਾ ਦਾ ਇਕ ਬਿਲਕੁਲ ਹੀ ਵੱਖਰਾ ਸੰਦੇਸ਼ ਬਣ ਕੇ ਉੱਭਰਿਆ ਹੈ। ਸਦੀਆਂ ਤੋਂ ਦਬਾਏ ਅਵਾਮ ਨਾ ਸਿਰਫ਼ ਜਾਬਰ ਨਿਜ਼ਾਮ ਨਾਲ ਟੱਕਰ ਲੈਣ ਦੀ ਸਗੋਂ ਇਸ ਨੂੰ ਅਗਵਾਈ ਦੇਣ ਦੀ ਕਮਾਲ ਦੀ ਸਮਰੱਥਾ ਦੇ ਪ੍ਰਤੱਖ ਦੀਦਾਰ ਕਰਵਾ ਰਹੇ ਹਨ।

ਗੁਜਰਾਤ ਤੋਂ ਬਾਦ ਹਿੰਦੂਤਵ ਦਹਿਸ਼ਤਵਾਦ ਦੀ ਨਵੀਂ ਪ੍ਰਯੋਗਸ਼ਾਲਾ ਯੂ.ਪੀ. ਹੈ ਜਿੱਥੇ ਸੱਤਾ ਵੱਲੋਂ ਵੀਹ ਲੋਕਾਂ ਨੂੰ ਸਿਧੀਆਂ ਗੋਲੀਆਂ ਮਾਰਨ, ਪ੍ਰਦਰਸ਼ਨਕਾਰੀਆਂ ਦੀਆਂ ਜਾਇਦਾਦਾਂ ਕੁਰਕ ਕਰਨ, ਲੇਖਕਾਂ, ਕਵੀਆਂ, ਕਲਾਕਾਰਾਂ ਅਤੇ ਔਰਤਾਂ ਨੂੰ ਜੇਲ੍ਹਾਂ ਵਿਚ ਡੱਕਣ ਅਤੇ ਝੂਠੇ ਕੇਸ ਦਰਜ ਕਰਨ ਸਮੇਤ ਹਰ ਹਥਕੰਡਾ ਵਰਤਿਆ ਗਿਆ ਹੈ। ਇੱਥੇ ਕਾਨਪੁਰ ਵਿਚ ਦੂਸਰਾ 'ਸ਼ਾਹੀਨ ਬਾਗ਼' ਉੱਭਰ ਆਇਆ ਹੈ। ਚਮਨਗੰਜ ਕਾਨਪੁਰ ਦਾ ਸਭ ਤੋਂ ਸੰਘਣੀ ਮੁਸਲਿਮ ਆਬਾਦੀ ਵਾਲਾ ਇਲਾਕਾ ਹੈ ਜਿਸ ਨੂੰ ਬਹੁਤ ਹੀ ਪਿਛੜਿਆ ਹੋਇਆ ਇਲਾਕਾ ਸਮਝਿਆ ਜਾਂਦਾ ਹੈ। ਪਿਛਲੇ ਦਿਨਾਂ ਤੋਂ ਇੱਥੇ 'ਮੁਹੰਮਦ ਅਲੀ ਪਾਰਕ' ਵਿਚ ਲੱਗੇ ਧਰਨੇ ਵਿਚ ਮੁਸਲਿਮ ਔਰਤਾਂ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਨੇ ਤਮਾਮ ਮਿੱਥਾਂ ਤੋੜ ਦਿੱਤੀਆਂ ਹਨ। ਇਹਨਾਂ ਔਰਤਾਂ ਨੇ ਸ਼ਾਇਦ ਹੀ ਕਦੇ ਸਿਆਸਤ ਬਾਰੇ ਚਰਚਾ ਕੀਤੀ ਹੋਵੇਗੀ, ਲੇਕਿਨ ਹੁਣ ਇੱਥੇ ਹਜ਼ਾਰਾਂ ਦੇ ਇਕੱਠ ਵਿਚ ਮਾਈਕ ਉੱਪਰ ਆ ਕੇ ਭਾਸ਼ਣ ਕਰਦੀਆਂ, ਗੀਤ-ਨਜ਼ਮਾਂ ਗਾਉਂਦੀਆਂ ਅਤੇ ਸੰਵਿਧਾਨ ਨੂੰ ਬਚਾਉਣ ਦੇ ਹੋਕਾ ਦਿੰਦੀਆਂ ਅਤੇ ਜੋਸ਼ੀਲੇ ਨਾਅਰੇ ਲਗਾ ਕੇ ਹਿੰਦੂਤਵ ਫਾਸ਼ੀਵਾਦ ਨੂੰ ਲਲਕਾਰਦੀਆਂ ਆਮ ਹੀ ਦੇਖੀਆਂ ਜਾ ਸਕਦੀਆਂ ਹਨ। ਉਹਨਾਂ ਵਿਚ ਲੋਹੜੇ ਦਾ ਸਵੈਵਿਸ਼ਵਾਸ ਅਤੇ ਦਲੇਰੀ ਹੈ। ਉਹ ਹਰ ਮੁਸ਼ਕਲ ਦਾ ਮੁਕਾਬਲਾ ਕਰਦੀਆਂ ਹੋਈਆਂ ਰੋਜ਼ਾਨਾ ਧਰਨੇ ਵਿਚ ਸ਼ਾਮਲ ਹੁੰਦੀਆਂ ਹਨ ਅਤੇ ਪੂਰੇ ਅਨੁਸ਼ਾਸਨ ਵਿਚ ਰਹਿ ਕੇ ਆਵਾਜ਼ ਉਠਾ ਰਹੀਆਂ ਹਨ। ਇਕ ਪਾਸੇ ਸੰਘ ਅਤੇ ਸੱਤਾ ਦੇ ਬੇਲਗਾਮ ਗੁੰਡੇ ਹਨ ਦੂਜੇ ਪਾਸੇ ਬਾਜ਼ਾਬਤਾ ਪ੍ਰਦਰਸ਼ਨਕਾਰੀਆਂ ਦਾ ਕਮਾਲ ਦਾ ਸਵੈ-ਅਨੁਸ਼ਾਸ਼ਨ ਹੈ। ਸ਼ਾਹੀਨ ਬਾਗ਼ ਦਾ ਮੋਰਚਾ ਇਕ ਮਹੀਨੇ ਤੋਂ ਜਾਰੀ ਹੈ। ਕੋਈ ਗੜਬੜ, ਕੋਈ ਅਫ਼ਰਾਤਫ਼ਤਰੀ ਨਹੀਂ। ਕੁਛ ਵਿਅਕਤੀਆਂ ਨੇ ਮੋਰਚਾ ਬੰਦ ਕਰਾਉਣਾ ਚਾਹਿਆ ਲੇਕਿਨ ਅਵਾਮ ਡੱਟੇ ਹੋਏ ਹਨ। ਅਲਾਹਾਬਾਦ ਦੇ ਮਨਸੂਰ ਪਾਰਕ, ਪੂਨਾ ਦੇ ਕੌਂਸਰ ਬਾਗ਼, ਕਲਕੱਤਾ ਦੇ ਪਾਰਕ ਸਰਕਸ ਮੈਦਾਨ, ਪਟਨਾ ਦੇ ਸਬਜ਼ੀ ਬਾਗ਼ ਅਤੇ ਬਿਹਾਰ ਦੇ ਨਵਾਦਾ, ਬੇਗੂਸਰਾਏ ਆਦਿ ਦਰਜਨਾਂ ਸ਼ਹਿਰਾਂ ਵਿਚ ਵੀ ਇਸੇ ਤਰ੍ਹਾਂ ਦੇ ਮੋਰਚੇ ਸ਼ੁਰੂ ਹੋ ਗਏ ਹਨ। ਜਿਸ ਤਰ੍ਹਾਂ ਦਹਾਕਿਆਂ ਤੋਂ ਦਬਾਇਆ ਅਤੇ ਇਸ ਨਿਜ਼ਾਮ ਦਾ ਦਰੜਿਆ ਮੁਸਲਿਮ ਅਵਾਮ ਸੜਕਾਂ ਉੱਪਰ ਆ ਗਿਆ ਹੈ, ਆਉਣ ਵਾਲੇ ਦਿਨਾਂ ਵਿਚ ਹੋਰ ਸ਼ਹਿਰਾਂ ਵਿਚ ਵੀ ਇਸੇ ਤਰਜ਼ ਦੇ ਮੋਰਚੇ ਲੱਗਣ ਦੀ ਉਮੀਦ ਕੀਤੀ ਜਾ ਸਕਦੀ ਹੈ।

ਸ਼ਾਹੀਨ ਬਾਗ਼ ਅਤੇ ਹੋਰ ਮੋਰਚਿਆਂ ਦਾ ਇਕ ਹੋਰ ਰੰਗ ਵੀ ਗ਼ੌਰਤਲਬ ਹੈ। ਇਸ ਨੇ ਅਵਾਮੀ ਰੋਹ ਦੇ ਇਜ਼ਹਾਰ ਨੂੰ ਨਵੇਂ ਕਲਾਤਮਕ ਰੂਪ ਦਿੱਤੇ ਹਨ। ਜਾਮੀਆ ਮਿਲੀਆ ਮੋਰਚੇ ਵਿਚ ਇਕ ਲਾਇਬ੍ਰੇਰੀ ਬਣ ਗਈ ਹੈ ਜਿੱਥੇ ਕਿਤਾਬਾਂ ਪੜ੍ਹਦੇ ਸੰਘਰਸ਼ਸ਼ੀਲਾਂ ਦਾ ਮੰਜ਼ਰ ਜਹਾਲਤ ਦੀ ਧੌਂਸ ਨੂੰ ਖ਼ਾਮੋਸ਼ੀ ਨਾਲ ਲਲਕਾਰਦਾ ਦੇਖਿਆ ਜਾ ਸਕਦਾ ਹੈ। ਜਦੋਂ ਰਾਤ ਨੂੰ ਮੰਚ ਦੀ ਕਾਰਵਾਈ ਬੰਦ ਹੋ ਜਾਂਦੀ ਹੈ ਤਾਂ ਇੱਥੇ ਹਾਜ਼ਰ ਲੋਕ ਪ੍ਰਤੀਰੋਧ ਦੀਆਂ ਫਿਲਮਾਂ ਦੇਖਦੇ ਹਨ। ਜੇ.ਐੱਨ.ਯੂ. 'ਚੋਂ ਉੱਭਰਿਆ 'ਹਮ ਛੀਨ ਕੇ ਲੇਂਗੇ ਆਜ਼ਾਦੀ' ਦਾ ਨਾਅਰਾ ਪ੍ਰਤੀਰੋਧ ਦੀ ਗੂੰਜ ਬਣ ਕੇ ਤਮਾਮ ਮੁਜ਼ਾਹਰਿਆਂ ਵਿਚ ਗੂੰਜ ਰਿਹਾ ਹੈ। ਆਰ.ਐੱਸ.ਐੱਸ. ਦੇ ਹੱਥਠੋਕਿਆਂ ਵੱਲੋਂ ਇਕ ਸੰਸਥਾ ਵਿਚ ਫ਼ੈਜ਼ ਅਹਿਮਦ ਫ਼ੈਜ਼ ਦੀ ਨਜ਼ਮ 'ਹਮ ਦੇਖੇਂਗੇ' ਦੀ ਜ਼ੁਬਾਨਬੰਦੀ ਕਰਨ ਦੀ ਕੋਸ਼ਿਸ਼ ਕੀਤੀ ਗਈ, ਇਸ ਦੇ ਪ੍ਰਤੀਕਰਮ ਵਜੋਂ ਪੂਰੇ ਮੁਲਕ ਵਿਚ ਥਾਂ-ਥਾਂ ਸੰਘਰਸ਼ਾਂ ਵਿਚ ਇਹ ਨਜ਼ਮ ਗਾਏ ਜਾਣ ਨਾਲ ਇਕ ਵਾਰ ਫਿਰ ਅਵਾਮ ਦੇ ਦਿਲ-ਦਿਮਾਗ ਉੱਪਰ ਛਾ ਗਈ ਹੈ। 'ਪੂੰਜੀਵਾਦ ਸੇ ਆਜ਼ਾਦੀ', 'ਸੰਘਵਾਦ ਸੇ ਆਜ਼ਾਦੀ', 'ਮਨੂਵਾਦ ਸੇ ਆਜ਼ਾਦੀ' ਸਮੇਤ ਹਰ ਤਰ੍ਹਾਂ ਦੀ ਲੋਕ ਦੁਸ਼ਮਣ ਤਾਕਤ ਤੋਂ ਆਜ਼ਾਦੀ ਦੇ ਨਾਅਰੇ ਭਾਰਤੀ ਰਾਜ ਪ੍ਰਬੰਧ ਅਤੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਬਾਰੇ ਰਾਜਨੀਤਕ ਚੇਤਨਾ ਦਾ ਨਵਾਂ ਹਰਕਾਰਾ ਬਣ ਗਏ ਹਨ। ਨਵੇਂ ਨਾਅਰੇ, ਆਕਰਸ਼ਕ ਪੋਸਟਰ, ਕੰਧ ਨਾਅਰੇ ਅਤੇ ਸੜਕਾਂ ਉੱਪਰ ਚਿੱਤਰੀਆਂ ਸੰਘਰਸ਼ ਦੀਆਂ ਰੰਗੋਲੀਆਂ ਕਲਾ ਦੇ ਮੁਕਾਮ ਛੋਹ ਰਹੀਆਂ ਹਨ। ਚੇਨਈ ਵਿਚ ਇਸ ਰਚਨਾਤਮਕਤਾ ਨੂੰ ਜੰਮਦੇ ਹੀ ਦਬਾਉਣ ਲਈ ਸੜਕ ਉੱਪਰ ਰੰਗੀਲੀ ਬਣਾਉਣ ਵਾਲੇ ਪੰਜ ਜਣਿਆਂ ਨੂੰ ਗ੍ਰਿਫ਼ਤਾਰ ਕਰਨਾ ਅਤੇ ਆਈ.ਆਈ.ਟੀ. ਕਾਨਪੁਰ ਵਿਚ ਵਿਦਿਆਰਥੀਆਂ ਵੱਲੋਂ ਫ਼ੈਜ਼ ਅਹਿਮਦ ਫ਼ੈਜ਼ ਦੀ ਨਜ਼ਮ 'ਹਮ ਦੇਖੇਂਗੇ' ਗਾਏ ਜਾਣ ਦੀ ਜਾਂਚ ਲਈ ਕਮੇਟੀ ਬਣਾਉਣਾ ਵਿਰੋਧ ਦੀ ਇਸ ਰਚਨਾਤਮਕਾ ਪ੍ਰਤੀ ਸੱਤਾ ਦੀ ਬੌਖਲਾਹਟ ਹੀ ਤਾਂ ਹੈ।

ਜਮਹੂਰੀ ਵਿਰੋਧ ਦੀ ਇਹ ਨਾਬਰੀ ਸੱਤਾ ਦੀ ਅੱਖ ਦਾ ਰੋੜ ਬਣੀ ਹੋਈ ਹੈ। ਜੇ.ਐੱਨ.ਯੂ. ਦੇ ਹਾਲੀਆ ਘਟਨਾਕ੍ਰਮ ਦੌਰਾਨ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਆਇਸ਼ੀ ਘੋਸ਼ ਦੀ ਲਹੂ-ਲੁਹਾਣ ਤਸਵੀਰ ਨੇ ਕੁਲ ਆਲਮ ਨੂੰ ਆਰ.ਐੱਸ.ਐੱਸ.-ਭਾਜਪਾ ਦੇ ਰਾਜ ਦਾ ਅਸਲ ਚਿਹਰਾ ਵੀ ਦਿਖਾ ਦਿੱਤਾ ਹੈ ਅਤੇ ਹੁਕਮਰਾਨਾਂ ਦੀ ਬੌਖਲਾਹਟ ਵੀ। ਜਿਹਨਾਂ ਉੱਪਰ ਹਮਲਾ ਕੀਤਾ ਗਿਆ ਉਹਨਾਂ ਨੂੰ ਹੀ ਹਿੰਸਾ ਦੇ ਦੋਸ਼ੀ ਕਰਾਰ ਦੇ ਕੇ ਅਤੇ ਉਹਨਾਂ ਦੇ ਖ਼ਿਲਾਫ਼ ਪਰਚੇ ਦਰਜ ਕਰਕੇ ਮੋਦੀ ਸਰਕਾਰ ਨੇ ਆਪਣੇ ਇਰਾਦੇ ਸਪਸ਼ਟ ਕਰ ਦਿੱਤੇ ਹਨ। ਇਸ ਦਾ ਸੰਕੇਤ ਦਿੱਲੀ ਚੋਣਾਂ ਦੀ ਤਿਆਰੀ ਵਜੋਂ ਪਿਛਲੇ ਦਿਨੀਂ ਰਾਮ ਲੀਲਾ ਮੈਦਾਨ ਵਿਚ ਮੋਦੀ ਦੇ ਭਾਸ਼ਣ ਵਿਚ ਮਿਲ ਗਿਆ ਸੀ। ਜਿੱਥੇ ਸੰਘ ਦੇ ਲਸ਼ਕਰ 'ਮੋਦੀ ਜੀ ਇਸ਼ਾਰਾ ਦੋ, ਹਮ ਤੁਮਾਰੇ ਸਾਥ ਹੈ' ਚੀਕ ਕੇ ਸੱਤਾ ਵਿਰੋਧੀ ਆਵਾਜ਼ਾਂ ਉੱਪਰ ਝਪਟਣ ਲਈ ਤਰਲੋਮੱਛੀ ਹੋ ਰਹੇ ਸਨ।

ਉਹ ਭੁੱਲ ਰਹੇ ਹਨ ਕਿ ਵਿਰੋਧ ਦੇ ਹੱਕ ਦੀ ਨਾਬਰੀ ਕਦੇ ਮਰਦੀ ਨਹੀਂ, ਸੱਤਾ ਦਾ ਜਬਰ ਸਦਾ ਇਸ ਵਿਚ ਨਵੀਂ ਰੂਹ ਫੂਕਣ ਦਾ ਸਾਧਨ ਹੀ ਬਣਦਾ ਹੈ। ਮੁਲਕ ਦੇ ਕੋਨੇ-ਕੋਨੇ ਵਿਚ ਉੱਭਰ ਰਹੇ ਸੰਘਰਸ਼ ਇਹੀ ਪੈਗ਼ਾਮ ਦੇ ਰਹੇ ਹਨ।




ਸਤਲੁਜ, ਜਮਨਾ, ਬਿਆਸ, ਨਰਮਦਾ, ਇਹ ਕੁੜੀਆਂ ਗੰਗਾ ਦਾ ਜਲ ਨੇ।
ਇਹ ਕੁੜੀਆਂ, ਭਾਰਤ ਦਾ ਕਲ੍ਹ ਨੇ, ਚੁੱਪ ਨੂੰ ਤੋੜ ਰਹੀ ਹਲਚਲ ਨੇ।
ਥਾਂ ਥਾਂ ਤੋਂ ਕਿੱਦਾਂ ਲਾਹੋਗੇ, ਲੋਕਾਂ ਦੀ ਹਿੰਮਤ ਦੇ ਪਰਚਮ,
ਪਰਬਤ, ਸਾਗਰ, ਤਾਰਾ ਮੰਡਲ, ਖੇਤ, ਫ਼ਜ਼ਾ ਇਹ ਮਾਰੂਥਲ ਨੇ।
ਸਾਡੇ ਕੋਲ ਅਥਾਹ ਸ਼ਕਤੀ ਹੈ, ਸਿਰਲੱਥਾਂ ਦੇ ਵਾਰਿਸ ਵੀ ਹਨ,
ਤੇਰੇ ਕੋਲ ਜੇ ਜ਼ੁਲਮ, ਤਸੀਹੇ, ਤਾਕਤ, ਝੂਠ, ਘਿਨਾਉਣੇ ਛਲ ਨੇ।

# ਬਰੈਂਪਟਨ ਵਾਸੀਆਂ ਨਾਲ ਇੰਸ਼ੋਰੈਂਸ ਕੰਪਨੀਆ ਵੱਲੋਂ ਕੀਤੇ ਜਾ ਰਹੇ ਮਤਰੇਈ ਮਾਂ ਵਾਲੇ ਸਲੂਕ



ਬਰੈਂਪਟਨ ਬੀਟਸ ਦੀ ਪੋਸਟ ਤੇ ਹਮਿਲਟਨ ਹਸਪਤਾਲ ਦੀ ਫੋਟੋ ਦੇ ਨਾਲ ਲਿਖਿਆ ਕਿ ਉਸ ਹਸਪਤਾਲ ਦੀ ਸਰਵਿਸ ਦਾ ਵੇਟਿੰਗ ਟਾਈਮ ਵੀ ਪਤਾ ਕਰ ਲਓ। ਸਾਫ ਕਰਕੇ ਨਹੀਂ ਲਿਖਿਆ ਕਿ ਉਸ ਬਾਰੇ ਬਰੈਂਪਟਨ ਵਾਲੇ ਕੀ ਕਹਿਣਾ ਚਾਹੁੰਦੇ ਹਨ - ਆਪਣੇ ਕਿਆਫ਼ੇ ਦੇ ਅਧਾਰ ਤੇ ਮੈਂ ਕੁੱਝ ਕਹਿਣ ਜਾ ਰਿਹਾ ਹਾਂ। ਆਮ ਤੌਰ 'ਤੇ ਰੌਲਾ ਇਹੋ ਪਾਇਆ ਜਾਂਦਾ ਹੈ ਕਿ ਬਰੈਂਪਟਨ ਦੀ ਅਬਾਦੀ ਦੇ ਹਿਸਾਬ ਨਾਲ ਸਰਵਿਸ 'ਚ ਲੰਬੀ ਵੇਟਿੰਗ ਹੈ ਜਿਸ ਕਰਕੇ ਸਿਰਫ ਦੋ ਹੀ ਨਹੀਂ ਸਗੋਂ ਤਿੰਨ ਪੂਰੀ ਸਰਵਿਸ ਵਾਲੇ ਹਸਪਤਾਲਾਂ ਦੀ ਲੋੜ ਹੈ ਜਦ ਕਿ ਅਸੀਂ ਕਈ ਲੋਕ ਪਹਿਲੇ ਹਸਪਤਾਲ ਚ ਪਹਿਲੋਂ ਹੋਰ ਡਾਕਟਰ, ਹੋਰ ਨਰਸਾਂ ਅਤੇ ਲੋੜੀਂਦੀਆਂ ਮਸ਼ੀਨਾਂ ਨੂੰ ਪੂਰਾ ਕੀਤਾ... ਜਾਵੇ ਦੀ ਗੱਲ ਕਰਦੇ ਹਾਂ। ਡੇਢ ਦੋ ਪੂਰੇ ਹੋਰ ਹਸਪਤਾਲਾਂ ਦੀ ਲੋੜ ਦੀ ਗੱਲ ਕਰਨ ਵਾਲੇ ਪੁਲੀਟੀਕਲ ਸਟੰਟ ਕਰ ਰਹੇ ਹਨ। ਅਜਿਹੀਆਂ ਸਟੇਟਮੈਂਟਾਂ ਉਭਾਰਨ ਵਾਲੇ ਸੁਰਖ਼ੀਆਂ 'ਚ ਬਣੇ ਰਹਿਣ ਤੱਕ ਹੀ ਸੀਮਿਤ ਹਨ। ਭਾਵੇਂ ਅਜਿਹਾ ਕੁੱਝ ਐਨ ਡੀ ਪੀ ਵਾਲੇ ਸਿੰਘ ਬਰਦਰਜ਼ ਕਰਦੇ ਹਨ ਜਾ ਭੁੱਖ ਹੜਤਾਲ਼ ਕਰਨ ਵਾਲਾ ਪ੍ਰਈਵੇਟ ਸਕੂਲ ਦਾ ਪ੍ਰਿੰਸੀਪਲ ਅਤੇ ਮਾਲਕ ਸੰਜੀਵ ਧਵਨ ਜਾ ਘਰ 'ਚ ਪੰਜ ਸੱਤ ਜਣੇ 'ਕੱਠੇ ਕਰਕੇ ਹੋਰ ਹਸਪਤਾਲ ਦੀ ਮੰਗ ਦੇ ਨਾਹਰੇ ਮਾਰਦਿਆਂ ਨੂੰ ਫੇਸਬੁੱਕ ਤੇ ਚਾਹੜਨ ਵਾਲੇ ਹੋਣ ਸਭਨਾਂ ਦਾ ਮਕਸਦ ਸਮੱਸਿਆਵਾ ਹੱਲ ਕਰਨ ਵੱਲ ਹੋਣ ਦੀ ਵਜਾਇ ਪਰਸਨਲ ਸ਼ੋਅ ਅੱਪ ਤੱਕ ਸੀਮਤ ਹੈ - ਇਹ ਕੁੱਝ ਕਹਾਣੀਆਂ ਹੱਡ ਬੀਤੀਆਂ 'ਚੋਂ ਹਨ। -ਮੈਂ ਖੱਬੇ ਗੋਡੇ ਦੀ ਹੱਡੀ ਟੁੱਟਣ ਨੂੰ ਦਿਖਾਉਣ ਗਿਆ ਸੀਪਰ ਭਲੇਮਾਣਸਾ ਐਕਸਰੇ ਗਿੱਟੇ ਦਾ ਲਾਹ ਕੇ ਭੇਜ ਦਿੱਤਾ। ਇਕ ਦੋਸਤ ਜੀਣਾ ਕੁੱਝ ਦਰਦ ਮਹਿਸੂਸ ਕਰਦਿਆਂ ਇਟੋਬੀਕੋ ਹਸਪਤਾਲ ਗਿਆ। ਉਹਨਾਂ ਬਰੈਂਪਟਨ ਭੇਜ ਦਿੱਤਾ। ਬਰੈਂਪਟਨ ਨੇ ਤਿੰਨ ਚਾਰ ਘੰਟੇ ਚਿਕ ਕਰਨ ਤੋਂ ਬਾਅਦ Sherway ਭੇਜਣ ਦਾ ਮੰਨ ਬਣਾ ਲ਼ਿਆ ਪਰ ਉਥੇ ਭੇਜਣ ਲਈ ਲੋੜੀਂਦੀ ਐਂਬੂਲੈਂਸ ਚਾਰ ਹੋਰ ਘੰਟਿਆ ਬਾਅਦ ਪਹੁੰਚੀ ਪਰ ਜੀਣਾ ਤਾਂ ਤਿੰਨ ਘੰਟੇ ਪਹਿਲੋਂ ਜਾ ਚੁੱਕਾ ਸੀ। ਡੇਢ ਕੁ ਮਹੀਨਾ ਹੋਇਆ ਮੇਰਾ ਸਾਲਾ ਹਰਜਿੰਦਰ ਆਪੋ ਹਸਪਤਾਲ ਜਾਕੇ ਕਹਿਣ ਲੱਗਾ ਕਿ ਮੈਨੂੰ ਜਲਦੀ ਦੇਖਿਉ 'ਕੁੱਝ ਹੋ ਰਿਹਾ ਹੈ। ਛੇ ਘੰਟੇ ਬਾਅਦ ਘਰ ਤੋਰ ਦਿੱਤਾ ਕਿ ਤੈਨੂੰ ਕੁੱਝ ਨਹੀ ਹੋਇਆ। ਹਸਪਤਾਲੋ ਸੌ ਮੀਟਰ ਦੂਰ ਫੈਮਲੀ ਡਾਕਟਰ ਨੇ ਦੇਖ ਕੇ ਹਸਪਤਾਲ ਵਾਪਸ ਭੇਜ ਦਿੱਤਾ ਕਿ ਇਹ ਦੀ ਨਬਜ਼ ਰੁਕਣ ਦਾ ਖਤਰਾ ਹੈ। ਹਸਪਤਾਲ 'ਚ ਸਰਜਰੀ ਦਾ ਪ੍ਰਬੰਧ ਨਾਂ ਹੋਣ ਕਰਕੇ ਸੈਂਟ ਮਾਈਕਲ ਵਾਲਿਆਂ ਮੇਜਰ ਸਰਜਰੀ ਕਰਕੇ ਬਚਾਇਆ। ਹੁਣ ਦੋ ਕੁ ਹਫਤੇ ਪਹਿਲਾ ਆਪਣੀ ਸੱਸ ਨੂੰ ਹਸਪਤਾਲ ਲੈ ਕੇ ਗਏ ਸੀ, ਨਾਮੁਰਾਦਾ ਨੂੰ ਅਜੇ ਤੱਕ ਵੀ ਪਤਾ ਨਹੀ ਲੱਗਿਆ ਕਿ ਬਲੱਡ ਪ੍ਰੈਸ਼ਰ ਘਟਦਾ-ਵਧਦਾ ਕਿਉਂ ਹੈ। ਸ਼ਾਇਦ ਉੱਥੇ ਹੀ ਰਾਮ ਸੱਤ ਹੋ ਜਾਵੇ। ਇਕ ਨਜ਼ਦੀਕੀ ਨੂੰ ਐਂਬੂਲੈਂਸ ਵਾਲੇ ਬਰੈਂਪਟਨ ਨੂੰ ਭਜਾਈ ਜਾਂਦਿਆਂ ਨੂੰ ਰੋਕ TGH ਨੂੰ ਲੈ ਜਾਣ ਤੇ TGH ਦਾ ਡਾਕਟਰ ਬੋਲ਼ਿਆ ਕਿ ਪੰਦਰਾਂ ਹੋਰ ਮਿੰਟਾਂ ਤੱਕ ਏਹਨੇ ਤੁਰ ਜਾਣਾ ਸੀ -ਪਤਾ ਨਹੀਂ ਇੱਥੇ ਹੋਰ ਲੋਕਾਂ ਨਾਲ ਕਿਵੇਂ ਬੀਤਦੀ ਹੋਣੀ ਆ ਪਰ ਬਰੈਂਪਟਨ ਬੀਟ ਵਾਲੇ ਪਤਾ ਨਹੀਂ ਹਮਿਲਟਨ ਹਸਪਤਾਲ ਦੇ ਹਵਾਲਿਆਂ ਨਾਲ ਕੀ ਦੱਸਣਾ ਚਾਹੁੰਦੇ ਹਨ।

ਤੇ ਹੁਣ ਅਸੀ ਬਰੈਂਪਟਨ ਵਾਸੀ ਡ੍ਰਾਈਵਰਾਂ ਦੀਆਂ ਜੇਬਾਂ ਖਰੋਚ ਰਹੀਆਂ ਇੰਸ਼ੋਰੈਂਸ ਕੰਪਨੀਆਂ ਦਾ ਮਸਲਾ ਲੈ ਕੇ ਜਾਵਾਂਗੇ ਬਰੈਂਪਟਨ ਦੇ ਸਾਰੇ ਉਤਲੇ ਹੇਠਲੇ ਸਿਆਸੀ ਚੌਧਰੀਆ ਦੇ ਦਰਵਾਜ਼ੇ - ਬਰੈਂਪਟਨ ਵਸਨੀਕਾਂ ਕੋਲੋ ਇੰਸ਼ੋਰੈਂਸ ਕੰਪਨੀਆਂ ਮਨਮਰਜ਼ੀ ਦੇ ਰੇਟ ਕਈ ਵੱਖ ਵੱਖ ਬਹਾਨਿਆਂ ਨਾਲ ਚਾਰਜ ਕਰ ਰਹੀਆ ਹਨ। ਹਰੇਕ ਇਲੈਕਸ਼ਨਾਂ ਵੇਲੇ ਸਾਰੇ ਵੱਖ ਵੱਖ ਪਾਰਟੀਆਂ ਦੇ ਉਮੀਦਵਾਰ ਇੰਸ਼ੋਰੈਂਸ ਘਟਾਉਣ ਦੇ ਵਾਅਦੇ ਕਰਕੇ ਵੋਟਾਂ ਲੈ ਜਾਂਦੇ ਪਰ ਬਾਅਦ 'ਚ ਗੱਲ ਨਹੀਂ ਕਰਦੇ। ਐਂਤਕੀ ਐਮ. ਪੀ. ਪੀ. ਪਰਮ ਗਿੱਲ ਨੇ ਸਾਲ ਕੁ ਪਹਿਲਾ ਪ੍ਰਈਵੇਟ ਬਿੱਲ ਦਾ ਪੇਪਰ ਤਾਂ ਲੈਜਿਸਲੇਚਰ 'ਚ ਜਮ੍ਹਾਂ ਕਰਾ ਦਿੱਤਾ ਸੀ ਪਰ ਹੁਣ ਤੱਕ ਉਸ਼ ਪੇਪਰ ਦੀ ਦੋਬਾਰਾ ਕੋਈ... ਉਗ ਸੁੱਘ ਨਹੀਂ ਲੱਗੀ। ਪਹਿਲਾਂ ਅਜਿਹੇ ਡਰਾਮੇ ਐਨ. ਡੀ. ਵਾਲਾ ਜਗਮੀਤ ਕਰਦਾ ਰਿਹਾ ਹੁਣ ਪਰਮ ਗਿੱਲ ਐਂਡ ਲੋਕ ਕਰ ਰਹੇ ਹਨ ਪਰ ਦੂਸਰੇ ਪਾਸੇ ਇੰਸ਼ੋਰੈਂਸ ਕੰਪਨੀਆ ਹਰ ਆਏ ਦਿਨ ਚਾਰਜ ਵਧਾਈ ਜੀ ਰਹੀਆਂ ਹਨ। ਅਸੀਂ ਇਹ ਮਸਲਾ ਇਕ ਵੇਰਾ ਮੌਜੂਦਾ ਸਰਕਾਰ ਅਤੇ ਬਰੈਂਪਟਨ ਵਿਚਲੇ ਸਾਰੇ ਲੈਜਿਸਲੇਚਰਾ ਦੇ ਦਫ਼ਤਰਾਂ 'ਚ ਪਹੁੰਚਾਉਣ ਜਾ ਰਹੇ ਹਾ ਅਗਰ ਉਹਨਾਂ ਸਾਨੂੰ ਜਪਅਰਗਕ ਕੀਤਾ ਤਾਂ ਹੋ ਸਕਦੈ ਇਸ ਨੂੰ ਫੈਡਰਲ ਧਿਰਾਂ ਕੋਲ ਲਜਾਈਏ ਕਿ ignore ਸਰਕਾਰ ਬਰੈਂਪਟਨ ਵਾਸੀਆਂ ਨਾਲ ਇੰਸ਼ੋਰੈਂਸ ਕੰਪਨੀਆ ਵੱਲੋਂ ਕੀਤੇ ਜਾ ਰਹੇ ਮਤਰੇਈ ਮਾਂ ਵਾਲੇ ਸਲੂਕ ਨੂੰ ਰੋਕ ਕਾਹਤੋ ਨਹੀਂ ਰਹੀ। ਅਤੇ--ਇੰਸ਼ੋਰੈਂਸ ਕੰਪਨੀਆਂ ਵੱਲੋਂ ਬਣਾਏ ਬਹਾਨਿਆਂ ਨੂੰ ਸਾਰੀਆਂ ਧਿਰਾਂ ਇੱਕ ਥਾ ਬੈਠ ਕੇ ਕਾਹਤੋ ਨਹੀ ਵਿਚਾਰਦੀਆਂ। ਸਾਨੂੰ ਇਨਸਾਫ ਕੌਣ ਦੇਵੇਗਾ ਬਗੈਰਾ ਨੂੰ ਲੈ ਕੇ ਅੱਗੇ ਤੁਰਨ ਦਾ ਪ੍ਰੋਗਰਾਮ ਬਣਾ ਰਹੇ ਹਾਂ। ਇਸ ਬਾਰੇ ਤੁਹਾਡੀ ਵੀ ਹਰੇਕ ਤਰਾਂ ਦੀ ਸਹਿਮਤੀ, ਅਸਹਿਮਤੀ ਸੁਣਨਾ ਚਾਹੁੰਦੇ ਹਾ ਤਾਂ ਜੋ ਮਸਲੇ ਨੂੰ ਕਾਨੂੰਨੀ ਅਤੇ ਸਿਆਸੀ ਪੱਖੋਂ ਉਠਾਉਣ ਯੋਗ ਬਣਾਇਆ ਜਾਵੇ।

**-ਕੁਲਦੀਪ ਬੋਪਾਰਾਏ** 647 571 2800
**ਹਰਬੰਸ** 416 817 7142

HOMELIFE SILVERCITY REALTY INC.,BROKERAGE
HIGHER STANDARDS
Homelife SilverCity Realty Inc.
BROKERAGE Independently Owned & Operated
Mandeep Dhaliwal
Sales Representative
416-648-9053
905-913-8500
mkdsm0713@gmail.com

MLS
11775 Bramalea Rd., Unit #201, Brampton ON L6R3S9

HOMELIFE HIGHER STANDARDS
Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092

Sukdev Singh Liddar
*2555 Steeles Ave E. Unit 11 *Brampton *ON*L6T4L6

# 8 ਜਨਵਰੀ 2020 ਦੀ ਮੁਲਕ ਵਿਆਪੀ ਹੜਤਾਲ ਦੇ ਮੁੱਦੇ ਤੇ ਸਰੋਕਾਰ

**- ਯਸ਼ ਪਾਲ**

ਭਾਰਤ ਦੇ ਵੱਖੋ ਵੱਖਰੇ 10 ਕੇਂਦਰੀ ਟਰੇਡ ਯੂਨੀਅਨ ਸੈਂਟਰਾਂ/ਪਲੇਟਫਾਰਮਾਂ, ਮੁਲਕ ਪੱਧਰੀਆਂ ਹੋਰ ਫੈਡਰੇਸ਼ਨਾਂ ਅਤੇ ਵੱਖ ਵੱਖ ਸੂਬਿਆਂ ਅੰਦਰ ਸਰਗਰਮ ਟਰੇਡ ਯੂਨੀਅਨਾਂ, ਠੇਕਾ ਮਜ਼ਦੂਰਾਂ-ਮੁਲਾਜਮਾਂ ਦੀਆਂ ਯੂਨੀਅਨਾਂ ਵੱਲੋਂ 8 ਜਨਵਰੀ, 2020 ਨੂੰ ਮੁਲਕ ਪੱਧਰੀ ਸਾਂਝੀ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ। ਜਿਨ੍ਹਾਂ ਮੁੱਦਿਆਂ ਨੂੰ ਲੈ ਕੇ ਇਹ ਹੜਤਾਲ ਕੀਤੀ ਜਾ ਰਹੀ ਹੈ ਉਨ੍ਹਾਂ ਵਿਚੋਂ ਮੁੱਖ ਮੁੱਦੇ ਹਨ - ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਅਤੇ ਵੱਖੋ ਵੱਖਰੀਆਂ ਵੰਨਗੀਆਂ ਦੀਆਂ ਰਾਜ ਸਰਕਾਰਾਂ ਵੱਲੋਂ ਸਾਮਰਾਜੀ ਵਿਸ਼ਵੀਕਰਨ ਦੀ ਨੀਤੀ ਤਹਿਤ ਆਰਥਿਕ ਸੁਧਾਰਾਂ ਦੀ ਆੜ ਹੇਠ ਕਿਰਤ ਕਾਨੂੰਨਾਂ 'ਚ ਮਜ਼ਦੂਰ ਵਿਰੋਧੀ ਸੋਧਾਂ ਕਰਨੀਆਂ, ਸਮੂਹ ਸਰਕਾਰੀ ਤੇ ਅਰਧ ਸਰਕਾਰੀ ਖੇਤਰਾਂ ਤੇ ਅਦਾਰਿਆਂ ਦੇ ਪੂਰਨ ਨਿੱਜੀਕਰਨ ਵੱਲ ਕਦਮ ਪੁੱਟਣੇ, ਸਿੱਖਿਆ, ਸਿਹਤ, ਬਿਜਲੀ, ਟਰਾਂਸਪੋਰਟ, ਰੇਲਵੇ, ਜਲ ਸਪਲਾਈ, ਬੀਮਾ, ਬੈਂਕਾਂ, ਸੁੱਰਖਿਆ, ਵਿਤੀ ਖੇਤਰਾਂ ਅਤੇ ਪ੍ਰਚੂਨ ਬਜਾਰ ਅੰਦਰ 100 ਫੀਸਦੀ ਤੱਕ ਸਿੱਧੇ ਦੇਸੀ-ਵਿਦੇਸ਼ੀ ਪੂੰਜੀ ਨਿਵੇਸ਼ (ਐਫ਼ਡੀ ਦਾ ਫੈਸਲਾ ਕਰਨਾ। ਰੈਗੂਲਰ ਭਰਤੀ ਦੀ ਜਗ੍ਹਾ ਨਿਗੂਣੀਆਂ ਤਨਖਾਹਾਂ ਉਪਰ ਠੇਕਾ ਭਰਤੀ ਜਾਂ ਆਊਟ ਸੋਰਸਿੰਗ/ਇਨਲਿਸਟਮੈਂਟ ਨੀਤੀ ਲਾਗੂ ਕਰਨੀ। 1 ਜਨਵਰੀ, 2004 ਤੋਂ ਬਾਅਦ ਭਰਤੀ ਹੋਣ ਵਾਲੇ ਰੈਗੂਲਰ ਸਰਕਾਰੀ ਕਰਮਚਾਰੀਆਂ ਦੀਆਂ ਪੈਨਸ਼ਨ ਸਮੇਤ ਸਾਰੀਆਂ ਪੈਨਸ਼ਨਰੀ ਸਹੂਲਤਾਂ ਬੰਦ ਕਰਨੀਆਂ ਤੇ ਸੇਵਾ ਨਿਭਾਅ ਰਹੇ ਕਰਮਚਾਰੀਆਂ ਦੀਆਂ ਤਨਖਾਹਾਂ/ਭੱਤਿਆਂ ਵਿਚ ਕਟੌਤੀ ਕਰਨੀ, ਕੰਮ ਦਾ ਬੋਝ ਵਧਾਉਣਾ ਤੇ ਸੇਵਾ ਸ਼ਰਤਾਂ 'ਚ ਮਜ਼ਦੂਰ-ਮੁਲਾਜਮ ਵਿਰੋਧੀ ਸੋਧਾਂ ਕਰਨੀਆਂ। ਸਨਅਤੀ ਵਿਕਾਸ ਦੇ ਨਾਂ ਹੇਠ ਆਦਿਵਾਸੀਆਂ, ਕਿਸਾਨਾਂ ਤੇ ਖੇਤ ਮਜਦੂਰਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਕੇ ਉਨ੍ਹਾਂ ਦੀਆਂ ਜਮੀਨਾਂ ਨੂੰ ਜਬਰੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨਾ ਤੇ ਉਨ੍ਹਾਂ ਨੂੰ ਖੁਦਕੁਸ਼ੀਆਂ ਵੱਲ ਧੱਕਣਾ।

ਇਨ੍ਹਾਂ ਅਖੌਤੀ ਆਰਥਿਕ ਸੁਧਾਰਾਂ ਤੇ ਇਸ ਅਖੌਤੀ ਆਰਥਿਕ ਵਿਕਾਸ ਮਾਡਲ ਦੇ ਝੰਬੇ ਮਜਦੂਰਾਂ, ਮੁਲਾਜ਼ਮਾਂ, ਕਿਸਾਨਾਂ, ਛੋਟੇ ਕਾਰੋਬਾਰੀਆਂ, ਵਿਦਿਆਰਥੀਆਂ, ਨੌਜਵਾਨਾਂ ਤੇ ਹੋਰਨਾਂ ਤਬਕਿਆਂ ਦੇ ਜੋਰ ਫੜ ਰਹੇ ਸੰਘਰਸ਼ਾਂ ਨੂੰ ਕੁਚਲਣ ਲਈ ਤਰ੍ਹਾਂ ਤਰ੍ਹਾਂ ਦੇ ਕਾਲੇ ਕਾਨੂੰਨ (ਟਾਡਾ, ਪੋਟਾ, ਯੂਆਦਿ) ਬਣਾਉਣੇ ਅਤੇ ਜਬਰ ਦਾ ਕੁਹਾੜਾ ਤੇਜ਼ ਕਰਨਾ।




ਇਸ ਲਈ, ਸਭਨਾਂ ਲਈ ਪੱਕਾ ਰੁਜ਼ਗਾਰ, ਗੁਜ਼ਾਰੇ ਜੋਗੀਆਂ ਉਜਰਤਾਂ, ਮਾਨ ਸਨਮਾਨ ਵਾਲੀਆਂ ਸੇਵਾ ਸ਼ਰਤਾਂ ਲਈ ਅਤੇ ਨਿੱਜੀਕਰਨ ਦੇ ਕੁਹਾੜੇ ਨਾਲ ਹੋ ਰਹੇ ਰੁਜਗਾਰ ਉਜਾੜੇ ਵਿਰੁੱਧ ਸੰਘਰਸ਼ਾਂ ਦੇ ਨਾਲ ਨਾਲ ਹਾਕਮਾਂ ਦੇ ਜਾਬਰ ਹੱਲੇ ਵਿਰੁੱਧ ਸਾਂਝੇ ਸੰਘਰਸ਼ ਦੀ ਅਣਸਰਦੀ ਲੋੜ ਬਣੀ ਹੋਈ ਹੈ। ਸੋ ਵੱਖੋ ਵੱਖਰੀਆਂ ਆਜ਼ਾਦ, ਤਬਕਾਤੀ ਜਥੇਬੰਦੀਆਂ ਨੂੰ ਆਪਣੀ ਸਮਰਥਾ ਤੇ ਜਥੇਬੰਦਕ ਸਥਿਤੀ ਮੁਤਾਬਕ 8 ਜਨਵਰੀ, 2020 ਦੀ ਇਸ ਹੜਤਾਲ ਸਰਗਰਮੀ 'ਚ ਤਾਲਮੇਲਵੇਂ ਐਕਸ਼ਨਾਂ ਰਾਹੀਂ ਪੂਰਨ ਯੋਗਦਾਨ ਪਾਉਣਾ ਬਣਦਾ ਹੈ।

### ਫਿਰਕੂ-ਫਾਸ਼ੀਵਾਦ ਵੱਲ ਵਧਦੇ ਕਦਮ

ਦੂਜੇ ਪਾਸੇ ਸਥਿਤੀ ਇਸ ਪੱਖੋਂ ਹੋਰ ਵੀ ਗੰਭੀਰ ਬਣੀ ਹੋਈ ਹੈ ਕਿ ਕਾਰਪੋਰੇਟ ਪੱਖੀ ਆਰਥਿਕ ਵਿਕਾਸ ਨੀਤੀਆਂ ਉਪਰ ਪਰਦਾ-ਪੋਸ਼ੀ ਕਰਨ ਲਈ, ਲੋਕਾਂ ਦਾ ਧਿਆਨ ਇਨ੍ਹਾਂ ਨੀਤੀਆਂ ਨਾਲ ਜੁੜੇ ਮੁੱਦਿਆਂ ਤੋਂ ਪਰ੍ਹੇ ਤਿਲਕਾਉਣ ਲਈ ਅਤੇ ਇਨ੍ਹਾਂ ਨੂੰ ਨਿਰਵਿਘਨ ਅੱਗੇ ਵਧਾਉਣ ਲਈ, ਮੌਜੂਦਾ ਕੇਂਦਰੀ ਮੋਦੀ ਸਰਕਾਰ ਵੱਲੋਂ ਤੇ ਇਸ ਦੀਆਂ ਸਹਿਯੋਗੀ ਹੋਰ ਰਾਜ ਸਰਕਾਰਾਂ ਵਲੋਂ ਧਾਰਮਿਕ, ਫਿਰਕੂ ਅਤੇ ਜਾਤਪਾਤੀ ਵੰਡੀਆਂ ਪਾਉਣ ਦੀ ਖੇਡ ਰਾਹੀਂ ਫਿਰਕੂ ਅੰਧ-ਰਾਸ਼ਟਰਵਾਦ ਦਾ ਜਨੂੰਨ ਭੜਕਾ ਕੇ (ਕਸ਼ਮੀਰ ਅੰਦਰ 370 ਧਾਰਾ ਰੱਦ ਕਰਨ, ਪਾਕਿਸਤਾਨ ਦਾ ਹਊਆ ਖੜਾ ਕਰਨ, ਨਾਗਰਿਕਤਾ ਸੋਧ ਕਾਨੂੰਨ/ਕੌਮੀ ਨਾਗਰਿਕਤਾ ਰਜਿਸਟਰ ਵਰਗੇ ਕਦਮਾਂ ਰਾਹੀਂ ਆਪਣੇ ਫਿਰਕੂ-ਫਾਸ਼ੀ ਏਜੰਡੇ ਨੂੰ ਵੀ ਅੱਗੇ ਵਧਾਇਆ ਜਾ ਰਿਹਾ ਹੈ। ਮੋਦੀ ਸਰਕਾਰ ਦੀਆਂ ਨੀਤੀਆਂ /ਚੁੱਕੇ ਕਦਮਾਂ ਨਾਲ ਅਸਹਿਮਤੀ ਪ੍ਰਗਟ ਕਰਨ ਵਾਲਿਆਂ ਅਤੇ ਕਿੰਤੂ ਕਰਨ ਵਾਲੇ ਬੁਧੀਜੀਵੀਆਂ ਨੂੰ 'ਸ਼ਹਿਰੀ ਨਕਸਲੀ', 'ਦੇਸ-ਧਰੋਹੀ', 'ਜਿਹਾਦੀ' ਆਦਿ ਦਾ ਠੱਪਾ ਲਾ ਕੇ ਡਰਾਇਆ, ਧਮਕਾਇਆ ਜਾ ਰਿਹਾ ਹੈ ਅਤੇ ਝੂਠੇ ਕੇਸਾਂ 'ਚ ਫਸਾਇਆ ਜਾ ਰਿਹਾ ਹੈ। ਨਵੀਂ ਸਿੱਖਿਆ ਨੀਤੀ ਰਾਹੀਂ ਸਿੱਖਿਆ ਤੇ ਸਭਿਆਚਾਰਕ ਵਕਾਰੀ ਸੰਸਥਾਵਾਂ ਉਪਰ ਇਸ ਸੋਚ ਨਾਲ ਜੁੜੇ ਲੋਕਾਂ ਦਾ ਕਬਜਾ ਕਰਵਾ ਕੇ ਸਿੱਖਿਆ ਦੇ ਭਗਵੇਂਕਰਨ ਰਾਹੀਂ ਇਸ ਏਜੰਡੇ ਨੂੰ ਪੱਕੇ ਪੈਰੀਂ ਕੀਤਾ ਜਾ ਰਿਹਾ ਹੈ। ਇਸ ਫਿਰਕੂ-ਫਾਸ਼ੀ ਹੱਲੇ ਨੂੰ ਸਮੁੱਚੇ ਕਾਰਪੋਰੇਟ ਜਗਤ ਦੀ ਪੂਰੀ ਹਮਾਇਤ ਤੇ ਹੱਲਾਸ਼ੇਰੀ ਹਾਸਲ ਹੈ। ਕਾਰਪੋਰੇਟ, ਸਟੇਟ ਅਤੇ ਫਿਰਕੂ ਅੰਧ ਰਾਸ਼ਟਰਵਾਦੀਆਂ ਦਾ ਖਤਰਨਾਕ ਗੱਠਜੋੜ ਫਾਸ਼ੀਵਾਦ ਵੱਲ ਵਧ ਰਹੇ ਕਦਮਾਂ ਦੀ ਹੀ ਪੈੜ ਚਾਲ ਹੈ। ਸਭ ਸਰਕਾਰੀ ਨੀਤੀਆਂ ਕਾਰਪੋਰੇਟ ਜਗਤ ਤੇ ਫਿਰਕੂ ਸ਼ਕਤੀਆਂ ਦੇ ਇਸ਼ਾਰਿਆਂ ਤੇ ਹੀ ਘੜੀਆਂ ਜਾ ਰਹੀਆਂ ਹਨ।

ਇਸ ਲਈ ਅਜਿਹੀ ਗੰਭੀਰ ਸਥਿਤੀ ਅਤੇ ਦਰਪੇਸ਼ ਗੰਭੀਰ ਚੁਣੌਤੀਆਂ ਸੰਗ ਭਿੜਨ ਲਈ ਅਤੇ ਇਸ ਹਕੂਮਤੀ ਆਰਥਿਕ ਜਬਰ ਤੇ ਫਿਰਕੂ ਅੰਧ-ਰਾਸ਼ਟਰਵਾਦ ਦੇ ਜੜੁੱਤ ਹੱਲੇ ਨੂੰ ਠੱਲਣ ਲਈ ਸਮੂਹ ਟਰੇਡ ਯੂਨੀਅਨਾਂ, ਤਬਕਾਤੀ ਜੱਥੇਬੰਦੀਆਂ, ਮੋਰਚਿਆਂ, ਜਮਹੂਰੀ ਸ਼ਕਤੀਆਂ, ਨੌਜਵਾਨਾਂ ਵਿਦਿਆਰਥੀਆਂ ਅਤੇ ਬੁੱਧੀਜੀਵੀਆਂ ਨੂੰ ਮਿਲਕੇ ਲਗਾਤਾਰ ਸਾਂਝੀਆਂ/ਤਾਲਮੇਲਵੀਆਂ ਸਰਗਰਮੀਆਂ ਕਰਨੀਆਂ ਬਣਦੀਆਂ ਹਨ। ਇਸ ਸੰਦਰਭ 'ਚ ਦੇਖਿਆਂ, 8 ਜਨਵਰੀ, 2020 ਦੀ ਹੜਤਾਲ ਦੀ ਮੁਲਕ ਵਿਆਪੀ ਹੋ ਰਹੀ ਇਸ ਸਰਗਰਮੀ ਦੀ ਬੇਹੱਦ ਅਹਿਮੀਅਤ ਬਣਦੀ ਹੈ। ਇਸੇ ਦਿਨ ਹੀ ਕਈ ਕਿਸਾਨ ਜੱਥੇਬੰਦੀਆਂ ਤੇ ਨੌਜਵਾਨ ਵਿਦਿਆਰਥੀ ਜੱਥੇਬੰਦੀਆਂ/ਸੰਸਥਾਵਾਂ ਵੀ ਮੁਲਕ ਪੱਧਰੀ ਆਪਣੀ ਤਾਲਮੇਲਵੀਂ ਐਕਸ਼ਨ ਸਰਗਰਮੀ ਕਰ ਰਹੀਆਂ ਹਨ।

### 'ਕਾਰਪੋਰੇਟ ਵਿਕਾਸ ਮਾਡਲ' ਦੇ ਏਜੰਡੇ ਦਾ ਵਿਰੋਧ ਕਰੋ

ਪਰੰਤੂ ਹੜਤਾਲ ਸਰਗਰਮੀ ਦੌਰਾਨ ਉਕਤ ਮੁੱਦਿਆਂ ਨੂੰ ਉਭਾਰਨ ਸਮੇਂ ਇਸ ਹਕੀਕਤ ਨੂੰ ਨਜ਼ਰ ਅੰਦਾਜ ਨਹੀਂ ਕੀਤਾ ਜਾਣਾ ਚਾਹੀਦਾ ਕਿ ਇਨ੍ਹਾਂ ਮੁੱਦਿਆਂ ਨਾਲ ਜੁੜੀਆਂ ਸੰਸਾਰ ਬੈਂਕ-ਮੁਦਰਾ ਕੋਸ਼ ਨਿਰਦੇਸ਼ਤ ਨਵਉਦਾਰਵਾਦੀ ਏਜੰਡੇ ਤਹਿਤ ਲਾਗੂ ਕੀਤੀਆਂ ਜਾ ਰਹੀਆਂ ਉਕਤ ਨੀਤੀਆਂ/ ਪੁੱਟੇ ਜਾ ਰਹੇ ਕਦਮ, ਕਿਸੇ ਇੱਕ ਹਾਕਮ ਜਮਾਤੀ ਪਾਰਟੀ/ ਗੱਠਜੋੜ ਤੱਕ ਸੀਮਿਤ ਨਹੀਂ ਹਨ ਸਗੋਂ ਇਸ ਏਜੰਡੇ ਉਪਰ ਸਾਰੀਆਂ ਹਾਕਮ ਜਮਾਤੀ ਪਾਰਟੀਆਂ/ਗੱਠਜੋੜ ਸਹਿਮਤ ਤੇ ਇੱਕ ਮੁੱਠ ਹਨ। ਸਿਰਫ ਚੌਣਾਂ ਮੌਕੇ ਹੀ ਆਪਣੀ ਚੌਣ ਰਣਨੀਤੀ ਤਹਿਤ, ਰਾਜ ਗੱਦੀ ਉਪਰ ਕਾਬਜ ਹੋਣ ਲਈ ਇਨ੍ਹਾਂ ਨੀਤੀਆਂ ਨਾਲ ਜੁੜੇ ਮੁੱਦਿਆਂ ਬਾਰੇ ਮਜਦੂਰ-ਮੁਲਾਜ਼ਮ ਤੇ ਹੋਰਨਾਂ ਤਬਕਿਆਂ ਨੂੰ ਭਰਮਾਉਣ ਲਈ ਮਗਰਮੱਛੀ ਹੰਝੂ ਕੇਰਦੀਆਂ ਹਨ ਅਤੇ ਵਾਅਦਿਆਂ /ਭਰੋਸਿਆਂ ਦੇ ਥਾਲ ਪਰੋਸਦੀਆਂ ਹਨ। ਪਰੰਤੂ ਆਪਣੀ ਸਾਂਝੀ ਰਣਨੀਤੀ ਤਹਿਤ ਇਹ ਸਭੇ ਹਾਕਮ ਜਮਾਤੀ ਪਾਰਟੀਆਂ ਇਕ ਜਾਂ ਦੂਜੇ ਰੂਪ 'ਚ, ਘੱਟ ਜਾਂ ਵੱਧ, ਫਿਰਕੂ, ਧਾਰਮਿਕ, ਜਾਤਪਾਤੀ, ਅੰਧ ਰਾਸ਼ਟਰਵਾਦੀ ਪੱਤਾ ਵਰਤਦੀਆਂ ਹਨ। ਦਰ ਹਕੀਕਤ, ਇਨ੍ਹਾਂ ਮੁੱਦਿਆਂ ਨਾਲ ਜੁੜੀਆਂ ਇਹ ਨੀਤੀਆਂ ਉਸੇ ਕਾਰਪੋਰੇਟ ਵਿਕਾਸ ਮਾਡਲ ਦਾ ਹੀ ਹਿੱਸਾ ਹੈ ਤੇ ਉਸੇ ਦੀ ਪੂਰਤੀ ਦੀਆਂ ਲੋੜਾਂ 'ਚੋਂ ਹੀ ਨਿਕਲੀਆਂ ਹਨ ਜਿਸ ਨੂੰ ਇਹ ਸਭੇ ਹਾਕਮ ਪਾਰਟੀਆਂ ਇੱਕ ਦੂਜੇ ਤੋਂ ਮੂਹਰੇ ਹੋ ਕੇ ਲਾਗੂ ਕਰਨ ਦੀਆਂ ਵਾਹਕ ਬਣੀਆਂ ਹੋਈਆਂ ਹਨ।

ਇਸ ਲਈ 8 ਜਨਵਰੀ, 2020 ਦੀ ਹੜਤਾਲ ਨਾਲ ਜੁੜੇ ਮੁੱਦਿਆਂ ਉਪਰ ਕੀਤੀ ਜਾਣ ਵਾਲੀ ਸਰਗਰਮੀ ਨੂੰ ਉਕਤ ਪੂਰੇ ਸੰਦਰਭ 'ਚ ਰੱਖ ਕੇ ਕਰਨੀ ਬਣਦੀ ਹੈ। ਇਨਕਲਾਬੀ ਦਿਸ਼ਾ ਸੇਧ ਨੂੰ ਪ੍ਰਣਾਈਆਂ ਹੋਈਆਂ ਸ਼ਕਤੀਆਂ/ਜਥੇਬੰਦੀਆਂ/ਹਲਕਿਆਂ ਨੂੰ ਆਪਣੀ ਸਰਗਰਮੀ ਕਿਸੇ ਇੱਕ ਜਾਂ ਦੂਸਰੀ ਹਾਕਮ ਜਮਾਤੀ ਪਾਰਟੀ ਦੀ ਚੌਣ-ਰਣਨੀਤੀ ਤੱਕ ਸੁੰਗੜੀ ਸਰਗਰਮੀ ਨਾਲੋਂ ਨਿਖੇੜਾ ਕਰਕੇ ਆਜਾਦਾਨਾ ਜਾਂ ਤਾਲਮੇਲਵੇਂ ਜਨਤਕ ਐਕਸ਼ਨਾਂ ਰਾਹੀਂ ਕਰਨੀ ਹੋਵੇਗੀ। ਇਸ ਕਾਰਪੋਰੇਟ ਵਿਕਾਸ ਮਾਡਲ ਦੇ ਏਜੰਡੇ /ਨੀਤੀਆਂ ਨੂੰ ਬਦਲ ਕੇ ਹਕੀਕੀ ਅਰਥਾਂ 'ਚ ਲੋਕ ਪੱਖੀ ਵਿਕਾਸ ਮਾਡਲ/ਨੀਤੀਆਂ ਵਾਲੇ ਪ੍ਰਬੰਧ ਉਸਾਰੇ ਬਿਨਾਂ ਮਜਦੂਰ-ਮੁਲਾਜਮ ਵਰਗ ਦੀ ਮੁਕਤੀ ਸੰਭਵ ਨਹੀਂ ਹੈ।

ਸੰਪਰਕ: 9814535005












# ਆਪਣੇ ਹੀ ਦੇਸ਼ 'ਚ ਸ਼ਰਨਾਰਥੀ ਹੋਣ ਦਾ ਦਰਦ



ਸ਼ਿਵਾਨੀ ਮਹਿਤਾ
(ਚੰਡੀਗੜ੍ਹ)



ਦੇਸ਼ ਅੰਦਰ ਇਨ੍ਹਾਂ ਦਿਨਾਂ ਵਿੱਚ ਆਲੇ-ਦੁਆਲੇ ਸ਼ਰਨਾਰਥੀਆਂ ਨੂੰ ਵਸਾਉਣ ਜਾਂ ਭਜਾਉਣ ਦੀਆਂ ਗੱਲਾਂ ਸੁਣਨ ਜਾਂ ਪੜ੍ਹਨ ਨੂੰ ਮਿਲ ਰਹੀਆਂ ਹਨ। ਪਰ ਆਪਣਾ ਰਾਜ, ਦੇਸ਼ ਜਾਂ ਪਿੰਡ ਛੱਡਣ ਦਾ ਕਿੰਨਾ ਅਸਿਹ ਦਰਦ ਹੁੰਦਾ ਹੈ ਅਤੇ ਪੀੜ੍ਹੀਆਂ ਦੀਆਂ ਸਾਂਝਾਂ ਬੱਸ ਇੱਕੋ ਝਟਕੇ ਨਾਲ ਖਤਮ ਹੋ ਜਾਂਦੀਆਂ ਹਨ। ਮੈਨੂੰ ਪੂਰੀ ਤਰ੍ਹਾਂ ਪਤਾ ਹੈ ਕਿ ਕਿਵੇਂ ਅਸੀਂ ਪੰਜਾਬ ਵਿੱਚ ਅੱਤਵਾਦ ਦੇ ਦੌਰ ਅੰਦਰ ਆਪਣਾ ਘਰ, ਪਿੰਡ, ਜ਼ਿਲ੍ਹਾ ਅਤੇ ਰਾਜ ਸਾਰਾ ਕੁਝ ਛੱਡ ਕੇ ਆ ਗਏ ਸੀ। ਇਨ੍ਹਾਂ ਗੱਲਾਂ ਨਾਲ ਮੈਨੂੰ ਆਪਣੇ ਬਚਪਨ ਦਾ ਉਹ ਖੌਫ਼ਨਾਕ ਦੌਰ ਯਾਦ ਆ ਗਿਆ। ਨੱਬੇ ਦੇ ਦਹਾਕੇ ਵਿੱਚ ਪੰਜਾਬ ਅੰਦਰ ਭਾਰਤ-ਪਾਕਿਸਤਾਨ ਦੀ ਸਰਹੱਦ ਦੇ ਨੇੜੇ ਸਥਿਤ ਪਿੰਡ ਖੇਮਕਰਨ ਵਿੱਚ ਬੀਤਿਆ ਸੀ ਮੇਰਾ ਬਚਪਨ। ਆਲੇ-ਦੁਆਲੇ ਦੇ ਇਲਾਕੇ ਦੇ ਲੋਕ ਅਕਸਰ ਸਾਨੂੰ 'ਬਾਰਡਰੀਆ' ਕਹਿ ਕੇ ਬੁਲਾਉਂਦੇ ਸਨ, ਜਿਸਦਾ ਮਤਲਬ ਸੀ ਬਾਰਡਰ ਏਰੀਏ ਵਿੱਚ ਰਹਿਣ ਵਾਲੇ ਲੋਕ। ਅੱਤਵਾਦੀਆਂ ਦੀ ਘੁਸਪੈਠ ਅਤੇ ਪਿੰਡ ਦੇ ਲੋਕਾਂ ਉੱਪਰ ਗੋਲਾਬਾਰੀ ਐਨੀ ਆਮ ਗੱਲ ਸੀ ਕਿ ਪਿੰਡ ਵਾਲਿਆਂ ਲਈ ਇਹ ਰੂਟੀਨ ਹੀ ਬਣ ਗਿਆ ਸੀ। ਮਸਲਨ ਸਾਨੂੰ ਪਤਾ ਸੀ ਕਿ ਸ਼ਾਮ ਨੂੰ ਹਨ੍ਹੇਰਾ ਹੁੰਦੇ ਤੋਂ ਪਹਿਲਾਂ-ਪਹਿਲਾਂ ਰੋਟੀ ਖਾ ਲੈਣੀ ਹੈ, ਕਿਉਂਕਿ ਇਸ ਤੋਂ ਬਾਅਦ ਘਰ ਵਿੱਚ ਜੇਕਰ ਲਾਈਟ ਜਾਂ ਦੀਵਾ ਵੀ ਜਗਦਾ ਤਾਂ ਅੱਤਵਾਦੀ ਸਾਨੂੰ ਨਿਸ਼ਾਨਾ ਬਣਾ ਲੈਂਦੇ। ਭਾਰਤ-ਪਾਕਿਸਤਾਨ ਦੀ ਜੰਗ ਦੇ ਦਿਨਾਂ ਵਿੱਚ ਤਾਂ ਬਲੈਕ ਆਊਟ ਹੁੰਦਾ ਸੁਣਿਆ ਸੀ ਲੇਕਿਨ ਸਾਡੇ ਲਈ ਹਰ ਰੋਜ਼ ਹੀ ਬਲੈਕ ਆਊਟ ਹੁੰਦਾ ਸੀ ।

ਪਿੰਡਾਂ ਵਿੱਚ ਅਕਸਰ ਛੱਤਾਂ ਉੱਤੇ ਸੌਣ ਦਾ ਰਿਵਾਜ ਹੁੰਦਾ ਹੈ। ਇੱਕ ਰਾਤ ਅਚਾਨਕ ਸੌਂਦਿਆਂ ਵੇਲੇ ਕਿਸੇ ਨੇ ਮੇਰਾ ਮੂੰਹ ਜ਼ੋਰ ਨਾਲ ਘੁੱਟ ਲਿਆ ਅਤੇ ਮੈਨੂੰ ਗੋਦੀ ਵਿੱਚ ਚੁੱਕ ਕੇ ਪੌੜੀਆਂ ਵਿੱਚ ਲਿਜਾ ਕੇ ਲਿਟਾ ਦਿੱਤਾ। ਜਦੋਂ ਤੱਕ ਮੇਰੀ ਅੱਖ ਖੁੱਲ੍ਹੀ ਵੇਖਿਆ, ਉਹ ਹੋਰ ਕੋਈ ਨਹੀਂ ਸਗੋਂ ਮੇਰੀ ਮਾਂ ਹੀ ਸੀ। ਉਹ ਤੁਰੰਤ ਮੇਰੇ ਕੰਨ ਵਿੱਚ ਹੌਲੀ ਦੇਣੇ ਬੋਲੀ, ਅੱਤਵਾਦੀ ਗਲੀਆਂ ਵਿੱਚ ਘੁੰਮ ਰਹੇ ਹਨ। ਪਾਪਾ ਮੇਰੇ ਤਿੰਨ ਸਾਲ ਦੇ ਭਰਾ ਨੂੰ ਸਣੇ ਬਿਸਤਰਾ ਲਪੇਟੀ ਤੇਜ਼ੀ ਨਾਲ ਆਏ ਅਤੇ ਖ਼ੁਦ ਵੀ ਉੱਥੇ ਹੀ ਪੌੜੀਆਂ ਵਿੱਚ ਲੇਟ ਗਏ। ਥੋੜ੍ਹੇ ਚਿਰ ਪਿੱਛੋਂ ਇੱਕ ਤੋਂ ਬਾਅਦ ਇੱਕ, ਕਈ ਗੋਲੀਆਂ ਦੀ ਆਵਾਜ਼ ਸੁਣਾਈ ਦਿੱਤੀ। ਆਵਾਜ਼ ਪਟਾਕਿਆਂ ਨਾਲ ਰਲਦੀ ਮਿਲਦੀ ਹੀ ਸੀ। ਕੁਝ ਚਿਰ ਬਾਅਦ ਮਾਹੌਲ ਕੁਝ ਸ਼ਾਂਤ ਹੋ ਗਿਆ। ਗਲੀ ਵਿੱਚੋਂ ਆਵਾਜ਼ ਆਉਣ ਲੱਗੀ, ਫੌਜ ਨੇ ਮੋਰਚਾ ਸੰਭਾਲਿਆ ਹੋਇਆ ਹੈ। ਡਰੋ ਨਾ, ਪਰ ਸਵੇਰ ਹੋਣ ਤੱਕ ਘਰ ਵਿੱਚ ਕੋਈ ਵੀ ਰੌਸ਼ਨੀ ਨਾ ਕਰਨਾ। ਉਸ ਡਰ ਦੇ ਦਰਮਿਆਨ ਮੈਂ ਕਦੋਂ ਸੌਂ ਗਈ, ਮੈਨੂੰ ਪਤਾ ਵੀ ਨਾ ਲੱਗਿਆ। ਅਗਲੀ ਸਵੇਰ ਦੋ ਖ਼ਤਰਨਾਕ ਅੱਤਵਾਦੀਆਂ ਦੇ ਮਾਰੇ ਜਾਣ ਦੀ ਚਰਚਾ ਸੀ।

ਦੀਵਾਲੀ ਆਉਣ ਵਾਲੀ ਸੀ ਪਰ ਸਾਨੂੰ ਹੁਣ ਪਟਾਕਿਆਂ ਦਾ ਸ਼ੌਂਕ ਨਹੀਂ ਰਿਹਾ ਸੀ। ਇਹ ਪਟਾਕੇ ਹੁਣ ਸਾਨੂੰ ਜਸ਼ਨ ਨਹੀਂ, ਸਗੋਂ ਦਹਿਸ਼ਤ ਲਿਆਉਂਦੇ ਸਨ। ਗਲੀ ਵਿੱਚ ਕੁਝ ਲੋਕਾਂ ਨੇ ਦੀਵਾਲੀ ਤੋਂ ਦੋ ਦਿਨ ਪਹਿਲਾਂ ਥੋੜ੍ਹੀ ਜਿਹੀ ਆਤਸ਼ਬਾਜੀ ਕੀਤੀ ਤਾਂ ਮੇਰੇ ਭਰਾ ਨੂੰ ਲੱਗਿਆ ਕਿ ਪਿੰਡ ਵਿੱਚ ਫਿਰ ਅੱਤਵਾਦੀ ਆ ਗਏ ਹਨ। ਉਹ ਘਰ ਵਿੱਚ ਇਧਰ-ਉੱਧਰ ਲੁਕਦਾ ਹੋਇਆ ਸੋਫੇ ਦੇ ਥੱਲੇ ਜਾ ਕੇ ਵੜ ਗਿਆ ਅਤੇ ਉੱਥੇ ਪਿਆ ਹੀ ਉਹ ਸੌਂ ਗਿਆ। ਲੇਕਿਨ ਬਾਕੀ ਪਰਿਵਾਰ ਦੀ ਨੀਂਦ ਉੱਡ ਗਈ ਕਿ ਪਰਿਵਾਰ ਦਾ ਇਕਲੌਤਾ ਪੁੱਤਰ ਕਿਧਰ ਗਿਆ। ਆਲੇ-ਦੁਆਲੇ ਭਾਲ ਕੀਤੀ ਤਾਂ ਲੋਕਾਂ ਵਿੱਚ ਚਰਚਾ ਇਹ ਵੀ ਚੱਲੀ ਕਿ ਹੋਵੇ ਨਾ ਹੋਵੇ ਅੱਤਵਾਦੀਆਂ ਨੇ ਅਗਵਾ ਕਰ ਲਿਆ ਹੋਣੇ। ਅਜਿਹੀਆਂ ਗੱਲਾਂ ਸੁਣ ਕੇ ਮੈਂ ਹੋਰ ਵੀ ਡਰੀ ਸਹਿਮੀ ਜਿਹੀ ਆ ਕੇ ਸੋਫੇ ਦੇ ਕੋਲ ਥੱਲੇ ਹੀ ਬੈਠ ਗਈ ਅਤੇ ਰੋਣ ਲੱਗੀ। ਰੋਂਦਿਆਂ-ਰੋਂਦਿਆਂ ਜਿਵੇਂ ਹੀ ਧਰਤੀ ਵੱਲ ਝੁਕੀ ਤਾਂ ਮੈਨੂੰ ਮੇਰੇ ਭਰਾ ਦੇ ਪੈਰ ਦਾ ਅੰਗੂਠਾ ਦਿਸ ਗਿਆ। ਇਉਂ ਲੱਗਿਆ ਜਿਵੇਂ ਸਰੀਰ ਵਿੱਚ ਮੁੜ ਤੋਂ ਜਾਨ ਆ ਗਈ ਹੋਵੇ। ਅਗਲੀ ਦਿਨ ਸਵੇਰ-ਸਾਰ ਗੁਆਂਢੀ ਅਧਿਆਪਕ ਅੰਕਲ ਨੇ ਦਰਵਾਜ਼ਾ ਖੜਕਾਇਆ, ਪਾਪਾ ਦਰਵਾਜ਼ੇ ਦੇ ਕੋਲ ਪਹੁੰਚੇ ਤਾਂ ਪਤਾ ਲੱਗਿਆ ਕਿ ਸਾਡੇ ਘਰ ਵਿੱਚ ਅੱਤਵਾਦੀਆਂ ਨੇ ਚਿੱਠੀ ਸੁੱਟ ਦਿੱਤੀ ਹੈ ਜਿਸ ਵਿੱਚ ਤਿੰਨ ਲੱਖ ਰੁਪਏ ਦੀ ਮੰਗ ਕੀਤੀ ਗਈ ਹੈ। ਪਾਪਾ ਮੰਮੀ ਨੂੰ ਅਗਵਾ ਦੇ ਬਾਰੇ ਵਿੱਚ ਦੱਸ ਹੀ ਰਹੇ ਸੀ ਕਿ ਮੈਂ ਤੇ ਮੇਰੀ ਭੈਣ ਦੋਵੇਂ ਉਹਨਾਂ ਨਾਲ ਲਿਪਟ ਕੇ ਰੋਣ ਲੱਗ ਪਈਆਂ। ਪਾਪਾ ਸਾਨੂੰ ਇੱਥੋਂ ਲੈ ਚੱਲੋ... ਅਸੀਂ ਹੁਣ ਇੱਥੇ ਨਹੀਂ ਰਹਿਣਾ ....ਅਸੀਂ ਆਪਣੇ ਨਾਨਾ ਜੀ ਕੋਲ ਚਲੇ ਜਾਵਾਂਗੇ ਜਾਂ ਕਿਤੇ ਹੋਰ, ਪਰ ਇੱਥੇ ਨਹੀਂ, ਅਸੀਂ ਇੱਥੇ ਨਹੀਂ ਰਹਿਣਾ। ਪਾਪਾ ਨੇ ਸਾਨੂੰ ਦੋਵਾਂ ਨੂੰ ਗਲ ਨਾਲ ਲਾਇਆ ਤੇ ਕਿਹਾ, ਬੱਸ ਕੱਲ ਹੀ ਨਿਕਲ ਜਾਵਾਂਗੇ ਇੱਥੋਂ।

ਅਤੇ ਇਉਂ ਹੀ ਹੋਇਆ ਅਗਲੇ ਦਿਨ ਸਾਡਾ ਪਰਿਵਾਰ ਸਾਮਾਨ ਲੈ ਕੇ ਪਿੰਡ ਤੋਂ 150 ਕਿਲੋਮੀਟਰ ਦੂਰ ਚਲਾ ਗਿਆ ਤੇ ਫਿਰ ਕੁਝ ਸਮੇਂ ਬਾਅਦ ਅਸੀਂ ਪੰਜਾਬ ਹੀ ਛੱਡ ਦਿੱਤਾ ਅਤੇ ਦੂਜੇ ਰਾਜ ਵਿੱਚ ਆ ਵੱਸੇ । ਅਸੀਂ ਦੂਜੇ ਰਾਜ ਵਿੱਚ ਆ ਕੇ ਵੱਸਣ ਦੀ ਪੀੜ ਝੱਲੀ ਹੈ। ਕਿਵੇਂ ਇੱਕ-ਇੱਕ ਰੁਪਈਏ ਲਈ ਅਤੇ ਇੱਕ-ਇੱਕ ਬੂੰਦ ਪਾਣੀ ਲਈ ਤਰਸਣਾ ਪੈਂਦਾ ਹੈ। ਆਪਣੇ ਹੀ ਦੇਸ਼ ਵਿੱਚ ਅਸੀਂ ਬੇਗਾਨੇ ਹੋ ਜਾਂਦੇ ਹਾਂ। ਇਸ ਬੇਗਾਨੇ ਹੋਣ ਦੀ ਪੀੜ ਨੂੰ ਅੱਜ ਵੀ ਮੈਂ ਉਦੋਂ ਬੇਹੱਦ ਮਹਿਸੂਸ ਕਰਦੀ ਹਾਂ, ਜਦੋਂ ਮੈਂ ਦੇਖਦੀ ਅਤੇ ਪੜ੍ਹਦੀ ਹਾਂ ਕਿ ਸ਼ਰਨਾਰਥੀਆਂ ਨੂੰ ਕਿਵੇਂ ਏਧਰ-ਉੱਤਰ ਭਜਾਇਆ ਜਾ ਰਿਹਾ ਹੈ । ਆਪਣੇ ਹੀ ਦੇਸ਼ ਵਿੱਚ ਬੇਗਾਨਾ ਬਣ ਜਾਣ ਦੀ ਪੀੜ ਬਹੁਤ ਅਸਹਿਣਯੋਗ ਹੁੰਦੀ ਹੈ ।

ਅਨੁਵਾਦ -ਖੁਸ਼ਵੰਤ ਬਰਗਾੜੀ
ਡਾਊਨ ਟੂ ਅਰਥ 'ਚ ਧੰਨਵਾਦ ਸਹਿਤ













ਅਮਨਦੀਪ ਸਿੰਘ ਸੇਖੋਂ
7009911489

# ਰੋਹਿਤ ਵੈਮੁੱਲਾ ਦੀ ਸ਼ਹਾਦਤ

ਦਿੱਲੀ ਪੁਲਿਸ ਨੇ ਆਖਿਰ ਆਪਣੇ ਸਿਆਸੀ ਆਕਾਵਾਂ ਪ੍ਰਤੀ ਆਪਣਾ ਫਰਜ਼ ਪੂਰਾ ਕੀਤਾ ਹੈ ਅਤੇ ਜੇ.ਐਨ.ਯੂ. ਵਿੱਚ 5 ਜਨਵਰੀ ਨੂੰ ਹੋਈ ਘਟਨਾ ਵਿੱਚ ਹਮਲੇ ਦਾ ਸ਼ਿਕਾਰ ਬਣੀ ਧਿਰ ਦੇ ਹੀ 20 ਵਿਦਿਆਰਥੀਆਂ ਖਿਲਾਫ ਐਫ.ਆਈ.ਆਰ ਦਰਜ ਕੀਤੀ ਹੈ। ਇਲਜ਼ਾਮ ਇਹ ਲੱਗਿਆ ਹੈ ਕਿ ਉਨ੍ਹਾਂ ਨੇ 4 ਜਨਵਰੀ ਨੂੰ ਜੇ.ਐਨ.ਯੂ. ਅੰਦਰ ਹਿੰਸਾ ਕੀਤੀ ਸੀ। ਇਨ੍ਹਾਂ ਹੀ ਸਿਆਸੀ ਆਕਾਵਾਂ ਪ੍ਰਤੀ, ਅਜਿਹਾ ਹੀ ਫਰਜ਼ 21 ਸਤੰਬਰ 2015 ਨੂੰ ਹੈਦਰਾਬਾਦ ਦੀ ਕੇਂਦਰੀ ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਨਿਭਾਇਆ ਸੀ। ਰੋਹਿਤ ਵੈਮੁੱਲਾ ਅਤੇ ਉਸਦੇ ਚਾਰ ਹੋਰ ਸਾਥੀਆਂ ਨੂੰ ਯੂਨੀਵਰਸਿਟੀ ਤੋਂ ਛੇ ਮਹੀਨੇ ਲਈ ਬਰਖਾਸਤ ਕਰਨ, ਉਨ੍ਹਾਂ ਦਾ ਵਜ਼ੀਫਾ ਬੰਦ ਕਰਨ ਅਤੇ ਉਨ੍ਹਾਂ ਨੂੰ ਹੋਸਟਲ ਵਿੱਚੋਂ ਕੱਢਣ ਦਾ ਫੈਸਲਾ ਲਿਆ ਸੀ।

ਉਸ ਵੇਲੇ ਵੀ ਇੱਕ ਧਿਰ ਨੇ ਚੀਕ ਕੇ ਕਿਹਾ ਸੀ 'ਆਜ਼ਾਦੀ' ਅਤੇ ਦੂਸਰੀ ਧਿਰ ਚੀਕੀ ਸੀ 'ਦੇਸ਼ਧ੍ਰੋਹੀ'। ਪਰ ਵਿਚਕਾਰ ਪਈ ਲਾਸ਼ ਕਿਉਂਕਿ ਇੱਕ ਦਲਿਤ ਵਿਦਿਆਰਥੀ ਦੀ ਸੀ, ਜਿਸਨੇ 17 ਜਨਵਰੀ 2016 ਨੂੰ ਆਤਮ-ਹੱਤਿਆ ਕਰ ਲਈ ਸੀ, ਇਸ ਲਈ 'ਦੇਸ਼-ਭਗਤਾਂ' ਨੇ ਆਪਣੇ ਇਲਜ਼ਾਮ ਵਾਪਸ ਲੈ ਲਏ ਸਨ। ਇਸ ਤਰ੍ਹਾਂ ਰੋਹਿਤ ਦੇ ਆਖਰੀ ਪੱਤਰ ਵਿੱਚ ਲਿਖੀ ਗੱਲ ਨੂੰ ਸੱਚ ਸਾਬਿਤ ਕਰ ਦਿੱਤਾ ਸੀ ਕਿ, ਆਦਮੀ ਦੀ ਕੀਮਤ ਤਾਂ ਉਸਦੀ ਫੌਰੀ ਪਹਿਚਾਣ ਵਿੱਚ ਸਿਮਟ ਕੇ ਰਹਿ ਗਈ ਹੈ। ਸਭ ਤੋਂ ਨੇੜੇ ਦੀ ਸੰਭਾਵਨਾ ਹੀ ਸਾਡੀ ਪਹਿਚਾਣ ਤੈਅ ਕਰਦੀ ਹੈ। ਇੱਕ ਵੋਟ, ਇੱਕ ਸੰਖਿਆ ਅਤੇ ਇੱਕ ਚੀਜ਼ ਰਾਹੀਂ। ਆਦਮੀ ਨੂੰ ਦਿਮਾਗ਼ ਵਾਂਗ ਤਾਂ ਦੇਖਿਆ ਹੀ ਨਹੀਂ ਗਿਆ ਹੈ। ਰੋਹਿਤ ਨੂੰ ਵੀ ਉਸਦੇ ਦਿਮਾਗ਼ ਕਾਰਨ ਨਹੀਂ ਉਸਦੀ ਜਾਤ ਦੀਆਂ ਵੋਟਾਂ ਕਾਰਨ ਪਹਿਚਾਣਿਆ ਗਿਆ। ਪਹਿਲਾਂ-ਪਹਿਲ ਤਾਂ ਭਾਜਪਾ ਦੇ ਲੀਡਰਾਂ ਨੇ ਇਹ ਕੋਸ਼ਿਸ਼ ਕੀਤੀ ਕਿ ਰੋਹਿਤ ਨੂੰ ਗ਼ੈਰ-ਦਲਿਤ ਸਾਬਿਤ ਕੀਤਾ ਜਾਵੇ। ਪਰ ਜਦੋਂ ਕੋਈ ਗੱਲ ਨਹੀਂ ਬਣੀ ਤਾਂ ਵਿਰੋਧੀ ਧਿਰਾਂ ਨੂੰ ਇੱਕ ਦਲਿਤ ਵਿਦਿਆਰਥੀ ਦੀ ਮੌਤ ਉੱਤੇ ਰਾਜਨੀਤੀ ਕਰਨ ਦਾ ਇਲਜ਼ਾਮ ਲਗਾ ਕੇ ਪੱਲਾ ਝਾੜ ਲਿਆ।

ਵਿਵਾਦ ਸ਼ੁਰੂ ਹੋਇਆ ਸੀ ਦਿੱਲੀ ਯੂਨੀਵਰਸਿਟੀ ਵਿੱਚ ਇੱਕ ਫਿਲਮ ਦੀ ਸਕ੍ਰੀਨਿੰਗ ਉੱਤੇ ਲੱਗੀ ਰੋਕ ਤੋਂ। ਫਿਲਮ ਸੀ ਨਕੁਲ ਸਿੰਘ ਸਾਹਨੀ ਦੀ ਮੁਜ਼ੱਫਰਨਗਰ ਦੰਗਿਆਂ ਉੱਤੇ ਬਣੀ ਫਿਲਮ 'ਮੁਜ਼ੱਫਰਨਗਰ ਬਾਕੀ ਹੈ'। ਜਿਸ ਦੀ ਸਕ੍ਰੀਨਿੰਗ ਉੱਤੇ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ ਨੇ ਇਤਰਾਜ਼ ਕੀਤਾ ਸੀ ਅਤੇ ਇਹ ਸਕ੍ਰੀਨਿੰਗ ਰੁਕ ਗਈ ਸੀ। ਵਿਰੋਧੀ ਵਿਚਾਰਾਂ ਦੇ ਪ੍ਰਗਟਾਵੇ ਉੱਤੇ ਹੋਏ ਇਸ ਹਮਲੇ ਵਿਰੁੱਧ ਦੇਸ਼ ਭਰ ਦੀਆਂ ਕਈ ਯੂਨੀਵਰਸਿਟੀਆਂ ਵਿੱਚ ਪ੍ਰਦਰਸ਼ਨ ਹੋਏ ਸਨ। ਹੈਦਰਾਬਾਦ ਕੇਂਦਰੀ ਯੂਨੀਵਰਸਿਟੀ ਵਿੱਚ ਹੋਏ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕੀਤੀ ਸੀ ਅੰਬੇਦਕਰ ਸਟੂਡੈਂਟਸ ਐਸੋਸੀਏਸ਼ਨ ਨੇ। ਜਵਾਬੀ ਕਾਰਵਾਈ ਵਿੱਚ ਇਸ ਵਿਦਿਆਰਥੀ ਜਥੇਬੰਦੀ ਦੇ ਤਿੰਨ ਵਿਦਿਆਰਥੀਆਂ ਉੱਤੇ ਏ.ਬੀ.ਵੀ.ਪੀ. ਦੇ ਇੱਕ ਨੇਤਾ ਨੇ ਕੁੱਟਮਾਰ ਕਰਨ ਦਾ ਇਲਜ਼ਾਮ ਲਗਾਇਆ ਸੀ। ਕੋਈ ਸਬੂਤ ਨਾ ਹੁੰਦੇ ਹੋਏ ਵੀ ਪੰਜ ਵਿਦਿਆਰਥੀਆਂ ਨੂੰ ਸਜ਼ਾ ਦਿੱਤੀ ਗਈ। ਇਨ੍ਹਾਂ ਵਿਦਿਆਰਥੀਆਂ ਨੇ ਹਾਈ ਕੋਰਟ ਵਿੱਚ ਕੇਸ ਕਰਕੇ ਇਹ ਆਖਿਆ ਕਿ ਉਨ੍ਹਾਂ ਨੂੰ ਦਿੱਤੀ ਗਈ ਸਜ਼ਾ ਰਾਜਸੀ ਰੰਜਿਸ਼ ਦਾ ਸਿੱਟਾ ਸੀ। ਪਰ ਸ਼ਾਇਦ ਰੋਹਿਤ ਵੈਮੁੱਲਾ ਨੂੰ ਸਾਡੇ ਦੇਸ਼ ਦੀ ਨਿਆਂ ਪ੍ਰਣਾਲੀ ਦੀ ਕਾਰਜ ਕੁਸ਼ਲਤਾ ਉੱਤੇ ਕੁਝ ਖਾਸ ਭਰੋਸਾ ਨਹੀਂ ਸੀ। ਇਸ ਲਈ ਅਦਾਲਤੀ ਫੈਸਲੇ ਦਾ ਇੰਤਜ਼ਾਰ ਕੀਤੇ ਬਿਨਾ ਹੀ ਰੋਹਿਤ ਨੇ ਆਪਣੀ ਮੌਤ ਦਾ ਫੈਸਲਾ ਕਰ ਲਿਆ।

ਹੁਣ ਜਿਹੜੇ ਜੇ.ਐਨ.ਯੂ. ਦੇ ਵਿਦਿਆਰਥੀਆਂ ਨੂੰ ਦੇਸ਼ਧ੍ਰੋਹੀ ਆਖ ਕੇ ਉਨ੍ਹਾਂ ਨੂੰ ਪਈ ਮਾਰ ਉੱਤੇ ਖੁਸ਼ ਹੋ ਰਹੇ ਹਨ, ਉਹ ਲੱਗੇ ਹੱਥ ਇੱਕ ਵਾਰ ਫਿਰ ਤੋਂ ਰੋਹਿਤ ਵੈਮੁੱਲਾ ਦੀ ਮੌਤ ਦੀ ਵੀ ਖੁਸ਼ੀ ਮਨਾ ਸਕਦੇ ਹਨ। ਕਿਉਂਕਿ ਉਹ ਵੀ ਦੇਸ਼ਧ੍ਰੋਹੀ ਸੀ। ਭਾਜਪਾ ਦੇ ਇੱਕ ਸਾਂਸਦ ਅਤੇ ਇੱਕ ਕੇਂਦਰੀ ਮੰਤਰੀ ਬੰਡਰੂ ਦੱਤਾਤ੍ਰੇ ਨੇ ਮਾਨਵ ਸੰਸਾਧਨ ਮੰਤਰੀ ਲਿਖੇ ਇੱਕ ਪੱਤਰ ਵਿੱਚ ਅੰਬੇਦਕਰ ਸਟੂਡੈਂਟਸ ਐਸੋਸਿਏਸ਼ਨ ਨੂੰ ਅੱਤਵਾਦ ਪੱਖੀ ਅਤੇ ਦੇਸ਼ਧ੍ਰੋਹੀ ਆਖਿਆ ਸੀ। ਜਿਵੇਂ ਕਨ੍ਹਈਆ ਕੁਮਾਰ ਦੇ ਖਿਲਾਫ ਅਫਜ਼ਲ ਗੁਰੂ ਦੇ ਪੱਖ ਵਿੱਚ ਨਾਅਰੇ ਲਾਉਣ ਦਾ ਇਲਜ਼ਾਮ ਲੱਗਿਆ ਸੀ ਉਵੇਂ ਹੀ ਇਨ੍ਹਾਂ ਵਿਦਿਆਰਥੀਆਂ ਉੱਤੇ ਯਾਕੂਬ ਮੈਨਨ ਦੀ ਫਾਂਸੀ ਦਾ ਵਿਰੋਧ ਕਰਨ ਦਾ ਇਲਜ਼ਾਮ ਲਾਇਆ ਗਿਆ ਸੀ।

ਗੱਲ-ਗੱਲ ਉੱਤੇ ਦੂਸ਼ਣਬਾਜ਼ੀ ਕਰਨ ਵਾਲੇ ਸਾਡੇ ਲੀਡਰਾਂ ਨਾਲੋਂ ਕਿੰਨਾ ਮਹਾਨ ਸੀ ਰੋਹਿਤ ਜਿਸਨੇ ਆਪਣੇ ਆਖਰੀ ਖ਼ਤ ਵਿੱਚ ਸਭ ਨੂੰ ਦੋਸ਼-ਮੁਕਤ ਕਰ ਦਿਤਾ। ਉਸਨੇ ਲਿਖਿਆ ਕਿ, ਅਜਿਹਾ ਕਰਨ ਲਈ ਮੈਨੂੰ ਕਿਸੇ ਨੇ ਨਹੀਂ ਉਕਸਾਇਆ ਨਾ ਆਪਣੇ ਸ਼ਬਦਾਂ ਨਾਲ ਅਤੇ ਨਾ ਕੰਮਾਂ ਨਾਲ। ਇਹ ਮੇਰਾ ਫੈਸਲਾ ਹੈ ਅਤੇ ਮੈਂ ਕੱਲਾ ਹੀ ਇਸਦੇ ਲਈ ਜ਼ਿੰਮੇਦਾਰ ਹਾਂ। ਮੇਰੇ ਦੋਸਤਾਂ ਅਤੇ ਦੁਸ਼ਮਣਾਂ ਨੂੰ ਇਸਦੇ ਲਈ ਪ੍ਰੇਸ਼ਾਨ ਨਾ ਕੀਤਾ ਜਾਵੇ। ਰਾਹਤ ਇੰਦੌਰੀ ਦੇ ਉਸ ਸ਼ੇਅਰ ਵਾਂਗ ਕਿ ਅਬ ਕਹਾਂ ਢੂੰਢਨੇ ਜਾਓਗੇ ਹਮਾਰੇ ਕਾਤਿਲ, ਆਪ ਤੋ ਕਤਲ ਕਾ ਇਲਜ਼ਾਮ ਹਮੀਂ ਪਰ ਰਖ ਦੋ ਰੋਹਿਤ ਵੈਮੁੱਲਾ ਨੇ ਆਪਣੀ ਮੌਤ ਦਾ ਇਲਜ਼ਾਮ ਵੀ ਆਪਣੇ ਜੰਮਣ ਨੂੰ ਹੀ ਦੇ ਲਿਆ ਅਤੇ ਲਿਖਿਆ ਕਿ, ਮੇਰਾ ਪੈਦਾ ਹੋਣਾ ਹੀ ਇੱਕ ਜਾਨਲੇਵਾ ਦੁਰਘਟਨਾ ਹੈ। ਪਰ ਜਦੋਂ ਇਸ ਕਥਨ ਨੂੰ ਉਸਦੇ ਖ਼ਤ ਵਿਚਲੀ ਇੱਕ ਹੋਰ ਸਤਰ ਨਾਲ ਜੋੜ ਕੇ ਪੜ੍ਹਦੇ ਹਾਂ ਕਿ, ਕੁਝ ਲੋਕਾਂ ਲਈ ਤਾਂ ਜੀਵਨ ਹੀ ਇੱਕ ਅਭਿਸ਼ਾਪ ਹੈ। ਤਾਂ ਸਮਾਜ ਦੇ ਇੱਕ ਵੱਡੇ ਹਿੱਸੇ ਦੇ ਦਰਦ ਦੀ ਝਲਕ ਪੈਂਦੀ ਹੈ ਜਿਨ੍ਹਾਂ ਵਿੱਚੋਂ ਰੋਹਿਤ ਵੈਮੁੱਲਾ ਵੀ ਇੱਕ ਸੀ।

ਗੱਲ-ਗੱਲ ਉੱਤੇ ਪੂਰਬ ਦੇ ਅਧਿਆਤਮਵਾਦ ਨੂੰ ਸਲਾਹੁਣ ਵਾਲੇ ਅਤੇ ਪੱਛਮ ਦੇ ਪਦਾਰਥਵਾਦ ਨੂੰ ਨਿੰਦਣ ਵਾਲਿਆਂ ਨੂੰ ਸ਼ਹੀਦ ਕਾਮਰੇਡ ਭਗਤ ਸਿੰਘ ਦੀ 1928 ਵਿੱਚ ਲਿਖੀ ਇਸ ਗੱਲ ਉੱਤੇ ਗੌਰ ਕਰਨਾ ਚਾਹੀਦਾ ਹੈ ਕਿ, ਸਾਡਾ ਮੁਲਕ ਬੜਾ ਰੂਹਾਨੀਅਤ ਪਸੰਦ ਹੈ, ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋਂ ਵੀ ਝਕਦੇ ਹਾਂ ਅਤੇ ਉਹ ਬਿਲਕੁਲ ਹੀ ਮਾਇਆਵਾਦੀ (ਪਦਾਰਥਵਾਦੀ) ਕਹਾਉਣ ਵਾਲਾ ਯੂਰਪ ਕਈ ਸਦੀਆਂ ਤੋਂ ਬਰਾਬਰੀ ਦਾ ਸ਼ੋਰ ਮਚਾ ਰਿਹਾ ਹੈ।ੜਕੁੱਤਾ ਸਾਡੀ ਗੋਦ ਵਿੱਚ ਬੈਠ ਸਕਦਾ ਹੈ, ਸਾਡੇ ਚੌਕੇ ਵਿੱਚ ਨਿਸ਼ੰਗ ਫਿਰਦਾ ਹੈ ਪਰ ਇੱਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖਰਾਬ ਹੋ ਜਾਂਦਾ ਹੈ। ਇਹ ਗੱਲ 1928 ਦੀ ਹੈ ਅਤੇ ਅੱਜ 2019 ਹੈ। ਅੱਜ ਵੀ ਘੋੜੀ ਉੱਤੇ ਚੜ੍ਹਨ, ਕੁੰਢੀਆਂ ਮੱਛਾਂ ਰੱਖਣ ਜਾਂ ਅੰਤਰ-ਜਾਤੀ ਵਿਆਹ ਕਰਵਾਉਣ ਉੱਤੇ ਦਲਿਤਾਂ ਨੂੰ ਕੁੱਟਿਆ ਮਾਰਿਆ ਜਾਂਦਾ ਹੈ। ਅੱਜ ਵੀ ਰਾਜਨੀਤੀ ਕੰਮ ਉੱਤੇ ਵੋਟ ਮੰਗਣ ਦੀ ਥਾਂ ਧਰਮ ਅਤੇ ਜਾਤ-ਬਿਰਾਦਰੀ ਦੇ ਸਮੀਕਰਣਾਂ ਰਾਹੀਂ ਵੋਟਾਂ ਲੈਣ ਨੂੰ ਪਹਿਲ ਦਿੰਦੀ ਹੈ। ਅੱਜ ਵੀ ਕੋਈ ਮਨੂੰਵਾਦੀ ਵਾਈਸ ਚਾਂਸਲਰ ਰੋਹਿਤ ਵੈਮੁੱਲਾ ਵਰਗੇ ਹੋਣਹਾਰ ਵਿਦਿਆਰਥੀ ਨੂੰ ਪੜ੍ਹਨ ਦੇ ਹੱਕ ਤੋਂ ਵਿਰਵਾ ਕਰ ਦਿੰਦਾ ਹੈ।

ਰੋਹਿਤ ਨੇ ਆਪਣੇ ਆਖਰੀ ਖ਼ਤ ਵਿੱਚ ਆਪਣੇ ਸੁਪਨਿਆਂ ਦੀ ਗੱਲ ਕੀਤੀ ਹੈ ਕਿ ਉਹ ਇੱਕ ਲੇਖਕ ਬਣਨਾ ਚਾਹੁੰਦਾ ਸੀ। ਵਿਗਿਆਨ ਦਾ ਲੇਖਕ। ਪਰ ਲਿਖਣ ਦੇ ਨਾਂ ਉੱਤੇ ਉਹ ਸਿਰਫ ਆਤਮ-ਹੱਤਿਆ ਦਾ ਪੱਤਰ ਹੀ ਲਿਖ ਸਕਿਆ। ਉਹ ਆਪਣੇ ਸੰਵਿਧਾਨਿਕ ਅਧਿਕਾਰਾਂ ਨੂੰ ਮਾਨਣਾ ਚਾਹੁੰਦਾ ਸੀ। ਅਤੇ ਆਪਣੇ ਵਰਗੇ ਹੋਰ ਭਾਰਤੀਆਂ ਦੇ ਸੰਵਿਧਨਿਕ ਹੱਕਾਂ ਲਈ ਲੜ ਕੇ ਆਪਣਾ ਫਰਜ਼ ਨਿਭਾਉਣਾ ਚਾਹੁੰਦਾ ਸੀ। ਜਿਵੇਂ ਕਿ ਅੱਜ ਦੇਸ਼ ਦੇ ਲੱਖਾਂ ਹੀ ਲੋਕ ਸੜਕਾਂ ਉੱਤੇ ਉਨ੍ਹਾਂ ਅਧਿਕਾਰਾਂ ਦੀ ਰਾਖੀ ਲਈ ਉੱਤਰੇ ਹਨ। ਉਹ ਵੀ 'ਮੁਜ਼ੱਫਰਨਗਰ ਬਾਕੀ ਹੈ' ਫਿਲਮ ਉੱਤੇ ਰੋਕ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜਾਦੀ ਉੱਤੇ ਹਮਲਾ ਮੰਨਦੇ ਹੋਏ ਸੜਕ 'ਤੇ ਨਿਕਲਿਆ ਸੀ ਪਰ ਸੱਤਾਵਾਨਾਂ ਦੇ ਹੰਕਾਰ ਨੂੰ ਇਹ ਮੰਨਜ਼ੂਰ ਨਹੀਂ ਸੀ।

ਇਨਸਾਨ ਕਿਸ ਤਰ੍ਹਾਂ ਆਪਣੀ ਆਤਮਾ ਦੀ ਆਵਾਜ਼ ਨੂੰ ਦਬਾ ਕੇ ਝੂਠ ਅਤੇ ਬੇਇਨਸਾਫੀ ਨਾਲ ਖਲੋ ਜਾਂਦਾ ਹੈ ਇਸਦਾ ਦਰਦ ਉਸਦੇ ਖ਼ਤ ਵਿੱਚ ਸਾਫ ਝਲਕਦਾ ਹੈ। ਮੈਂ ਕੁਦਰਤ ਨੂੰ ਪਿਆਰ ਕੀਤਾ, ਅਤੇ ਇਨਸਾਨਾਂ ਨੂੰ ਵੀ। ਬਿਨਾਂ ਇਹ ਜਾਣੇ ਕਿ ਇਨਸਾਨ ਤਾਂ ਕਦੋਂ ਦੇ ਕੁਦਰਤ ਤੋਂ ਦੂਰ ਜਾ ਚੁੱਕੇ ਨੇ ਸਾਡੀਆਂ ਭਾਵਨਾਵਾਂ ਆਪਣੀਆਂ ਨਹੀਂ ਰਹੀਆਂ, ਸਾਡਾ ਪਿਆਰ ਦਿਖਾਵਟੀ ਹੈ ਅਤੇ ਸਾਡੀਆਂ ਮਾਨਤਾਵਾਂ ਉੱਤੇ ਰੰਗ ਚੜ੍ਹ ਗਿਆ ਹੈ। ਆਪਣੇ ਆਪ ਨੂੰ ਜ਼ਰਾ ਰੋਹਿਤ ਵੈਮੁੱਲਾ ਦੀਆਂ ਇਨ੍ਹਾਂ ਸਤਰਾਂ ਦੇ ਸ਼ੀਸ਼ੇ ਵਿੱਚ ਦੇਖੀਏ। ਕਿਤੇ ਸਾਡੀਆਂ ਵੀ ਮਾਨਤਾਵਾਂ ਉੱਤੇ ਕਿਸੇ ਖਾਸ ਧਿਰ ਦੇ ਏਜੰਡੇ ਦਾ ਰੰਗ ਤਾਂ ਨਹੀਂ ਚੜ੍ਹ ਗਿਆ। ਕਿਤੇ ਅਸੀਂ ਵੀ ਆਪਣੇ ਸਵਾਰਥਾਂ ਲਈ ਸੱਤਾ ਦੀ ਚਾਪਲੂਸੀ ਨਹੀਂ ਕਰ ਰਹੇ ਜਿਵੇਂ ਰੋਹਿਤ ਦੀ ਯੂਨੀਵਰਸਿਟੀ ਨੇ ਕੀਤੀ ਸੀ। ਉਸਦੇ ਅਧਿਆਪਕਾਂ ਨੇ ਕੀਤੀ ਸੀ। ਜਿਨ੍ਹਾਂ ਦੀ ਕਮੇਟੀ ਨੇ ਉਸਦੇ ਖਿਲਾਫ ਫੈਸਲਾ ਸੁਣਾਇਆ ਅਤੇ ਇੱਕ ਵਿਦਿਆਰਥੀ ਤੋਂ ਉਸਦੀ ਸਿੱਖਿਆ ਦਾ ਹੱਕ ਖੋਹ ਲਿਆ। ਜਿਸ ਨੂੰ ਸੁਪਰੀਮ ਕੋਰਟ ਨੇ 1993 ਦੇ ਆਪਣੇ ਉੱਨੀਕ੍ਰਿਸ਼ਨਨ ਬਨਾਮ ਸਟੇਟ ਆਫ ਆਂਧਰਾ-ਪ੍ਰਦੇਸ਼ ਦੇ ਫੈਸਲੇ ਰਾਹੀਂ ਜਿਉਣ ਦੇ ਅਧਿਕਾਰ ਨਾਲ ਜੋੜਿਆ ਸੀ।

ਸਿੱਖਿਆ ਦਾ ਹੱਕ ਖੋਹ ਕੇ ਰੋਹਿਤ ਤੋਂ ਜਿਉਣ ਦਾ ਹੱਕ ਖੋਹ ਲਿਆ ਗਿਆ। ਅੱਗੇ ਵਧਣ ਦੇ ਬਰਾਬਰੀ ਦੇ ਉਹ ਮੌਕੇ ਖੋਹ ਲਏ ਜਿਨ੍ਹਾਂ ਦੀ ਸਾਡਾ ਸੰਵਿਧਾਨ ਗਰੰਟੀ ਕਰਦਾ ਹੈ। ਉਹ ਰੋਹਿਤ ਵੈਮੁੱਲਾ ਜੋ ਜਿਉਣਾ ਚਾਹੁੰਦਾ ਸੀ, ਜੀਵਨ ਸ਼ੁਰੂ ਕਰਨ ਲਈ ਬੇਤਾਬ ਸੀ, ਇਹ ਧੱਕਾ ਬਰਦਾਸ਼ਤ ਨਹੀਂ ਕਰ ਸਕਿਆ ਅਤੇ ਉਹੀ ਹੋਇਆ ਜੋ ਅਕਸਰ ਹੁੰਦਾ ਆਇਆ ਹੈ ਅਤੇ ਇਸ ਫਿਲਮੀ ਗਾਣੇ ਵਿੱਚ ਰੂਪਮਾਨ ਹੋਇਆ ਹੈ ਕਿ:

**ਜ਼ਮਾਨੇ ਨੇ ਮਾਰੇ ਜਵਾਂ ਕੈਸੇ ਕੈਸੇ,**
**ਜ਼ਮੀਂ ਖਾ ਗਈ ਆਸਮਾਂ ਕੈਸੇ ਕੈਸੇ**

---



ਗੁਰਚਰਨ ਸਿੰਘ
ਜਿਉਣ ਵਾਲਾ

# ਕੁੱਝ ਬਿਮਾਰੀਆਂ ਦੇ ਇਲਾਜ ਤੁਹਾਡੇ ਹੱਥ 'ਚ

ਹਰ ਦੁਨੀਆਂ ਨੂੰ ਜਿੱਤਣ ਵਾਲਾ ਇਕ ਦਿਨ ਬਾਜ਼ੀ ਹਾਰ ਗਿਆ। ਠੱਗੀਆਂ ਕਰ ਕਰ ਠੱਗਣ ਵਾਲਾ ਠੱਗਿਆ ਆਖਰਕਾਰ ਗਿਆ। ਝੂਠੇ ਦਾਅਵੇ ਬੰਨ੍ਹਣ ਵਾਲਾ ਰੋਂਦਾ ਛੱਡ ਪ੍ਰੀਵਾਰ ਗਿਆ। ਜਿਨ੍ਹਾਂ ਬਾਝੋਂ ਪਲ ਨਹੀਂ ਸਰਦਾ ਛੱਡ ਜੁੰਡੀ ਯਾਰ ਗਿਆ। ਆਪਣੇ ਹੱਥੀ ਅੱਗ ਲਗਾਕੇ ਆਖਣਗੇ ਦਿਲਦਾਰ ਗਿਆ। ਵਿਚ ਸਿਵਿਆਂ ਦੇ ਵਾਸਾ ਕਰ ਲਿਆ ਉੱਚੇ ਮਹਿਲ ਉਸਾਰ ਗਿਆ। ਇਕ ਦਿਨ ਸੇਖੋਂ ਇਹ ਆਖੂਗਾ ਕਿਧਰ ਤੁਰ ਕਰਤਾਰ ਗਿਆ। ਤੁਰ ਤਾਂ ਆਪਾਂ ਸਾਰਿਆਂ ਹੀ ਜਾਣਾ ਹੈ ਅੱਜ ਜਾਂ ਕੱਲ੍ਹ। ਪਰ ਜੇਕਰ ਸੌਖਿਆਂ ਜ਼ਿੰਦਗੀ ਬਤੀਤ ਹੋ ਜਾਏ ਤਾਂ ਵਧੀਆ ਨਹੀਂ ਹੱਡ-ਗੋਡੇ ਰਗੜ ਕੇ ਤਾਂ ਲੰਘਾਉਣੀ ਹੀ ਪੈਣੀ ਹੈ। ਜਦੋਂ ਅਸੀਂ ਬੇਧਿਆਨੇ ਤੁਰਦੇ ਹਾਂ ਤਾਂ ਠੇਡੇ ਵੱਜਦੇ ਹੀ ਵੱਜਦੇ ਹਨ। ਥੋੜਾ ਜਿਹਾ ਧਿਆਨ ਕਰਕੇ ਚੱਲਣ ਨਾਲ ਬਹੁਤੀ ਵਾਰੀ ਆਪਾਂ ਕੱਸੀਆਂ-ਸੂਏ ਵੀ ਟੱਪ ਜਾਂਦੇ ਹਾਂ ਜਾਂ ਪਾਰ ਕਰ ਜਾਂਦੇ ਹਾਂ ਨਹੀਂ ਤਾਂ ਧੜੰਮ ਕਰਕੇ ਵਿਚ ਡਿਗਣਾ ਲਾਜ਼ਮੀ ਹੁੰਦਾ ਹੈ। ਐਸੀਆਂ ਬਹੁਤੀਆਂ ਗਲਤੀਆਂ ਦੇ ਪਿੱਛੇ ਲਾਪਰਵਾਹੀ ਕੰਮ ਕਰ ਰਹੀ ਹੁੰਦੀ ਹੈ। ਭੋਰਾ ਕੁ ਲਾਪਰਵਾਹੀ ਨੇ ਕਈਆਂ ਦੇ ਘਰ ਉਜਾੜੇ, ਰਾਜ-ਭਾਗ ਉਜਾੜੇ। ਫੋਕੀ ਸ਼ੋਹਰਤ ਅਤੇ ਜਿੰਦਗੀ ਦੇ ਕਾਮੁਕ ਚਸਕਿਆਂ ਨੇ ਰਾਜਿਆਂ ਮਹਾਂ ਰਾਜਿਆਂ ਨੂੰ ਵੀ ਨਹੀਂ ਬਖਸ਼ਿਆ। ਇੰਗਲੈਂਡ ਦੀ ਰਾਣੀ ਦੇ ਪੁੱਤਰ ਅਤੇ ਨੂੰਹ ਤੇ ਇਹ ਗੱਲ ਬਿਲਕੁਲ 100 ਪਰਸੈਂਟ ਢੁੱਕਦੀ ਹੈ। ਗੁਰਬਾਣੀ ਇਸ ਗੱਲ ਦੀ ਗਵਾਹੀ ਭਰਦੀ ਹੈ:

ਮਤੁ ਜਾਣ ਸਹਿ ਗਲੀ ਪਾਇਆ॥ ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ॥ ੧॥ ਪੰਨਾ 24॥ ਪੈਸੇ ਅਤੇ ਰੂਪ ਦੀ ਸੋਭਾ ਕਰਕੇ ਲੇਡੀ ਡਿਆਨਾ ਆਪਣੀ ਜ਼ਿੰਦਗੀ ਤੋਂ ਹੱਥ ਧੋ ਬੈਠੀ। ਮਿਲਿਆ ਕੀ? ਕਬਰ ਤੇ ਫੂਲਾਂ ਦਾ ਗੁਲਦਸਤਾ। ਓਹ ਵੀ ਅਗਲੇ ਕੁੱਝ ਸਾਲ ਤੇ ਫਿਰ ਬੱਸ ਚੁਪ-ਚਾਪ। ਨਾ ਕੋਈ ਪੁੱਤ ਨਾ ਧੀ।

1960-62 ਵਿਚ ਜਦੋਂ ਸਕੂਲ ਪੜ੍ਹਦੇ ਸੀ ਤਾਂ ਇਸ ਤਰ੍ਹਾਂ ਦੀ ਇਕ ਕਵਿਤਾ ਹੁੰਦੀ ਸੀ: ਅੱਖਾਂ ਗਈਆਂ ਤਾਂ ਜਹਾਨ ਗਿਆ। ਦੰਦ ਗਏ ਤਾਂ ਸੁਆਦ ਗਿਆ। ਸੁਆਦ ਗਇਆ ਤਾਂ ਜਹਾਨ ਗਿਆ। ਅੱਗੇ ਯਾਦ ਨਹੀਂ। ਪਰ ਇਸ ਗੱਲ ਦੀ ਸੋਝੀ ਹੁਣ 60 ਸਾਲਾਂ ਬਾਅਦ ਆਈ ਹੈ ਕਿ ਚੌਥੀ ਪੰਜਵੀਂ ਜਮਾਤ ਵਿਚ ਪੜ੍ਹਾਈ ਜਾਣ ਵਾਲੀ ਕਵਿਤਾ ਦਾ ਮਤਲਬ ਕੀ ਸੀ। ਅੱਜ ਜਦੋਂ ਮੈਂ ਆਪ ਇਸ ਕਨਾਰੇ ਪਹੁੰਚ ਗਿਆ ਹਾਂ ਤਾਂ ਇਸ ਵਿਸ਼ੇ ਤੇ ਵੀਚਾਰ ਕਰਨ ਦੀ ਸੋਝੀ ਆਈ ਹੈ।

ਪਿਛਲੇ ਕੁੱਝ ਸਾਲਾਂ ਤੋਂ ਮੇਰਾ ਫੈਮਲੀ ਡਾਕਟਰ ਕਹਿ ਰਿਹਾ ਸੀ; ਤੇਰਾ ਖੂਨ ਗਾੜ੍ਹਾ ਹੈ, ਬਲੱਡ ਕੋਲਿਸਟਰੋਲ ਕਾਫੀ ਜ਼ਿਆਦਾ ਹੈ, 6.59 ਹੈ, ਤੂੰ ਗੋਲੀਆਂ ਲੈਣੀਆਂ ਸ਼ੁਰੂ ਕਰ ਦੇ। ਪਰ ਮੈਂ ਮਨਾਹ ਹੀ ਕਰਦਾ ਰਿਹਾ। ਕਿਉਂਕਿ ਉਨ੍ਹਾਂ ਗੋਲੀਆਂ ਦੇ ਹੋਰ ਕਈ ਨੁਕਸਾਨ ਵੀ ਹੁੰਦੇ ਹਨ ਤੇ ਮੈਂ ਦੇਸੀ ਘਰੇਲੂ ਨੁਸਖੇ ਲੱਭਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਦੇ ਜੇਕਰ ਫਾਇਦੇ ਨਹੀਂ ਤਾਂ ਨੁਕਸਾਨ ਵੀ ਕੋਈ ਨਹੀਂ। ਕਈ ਕੁੱਝ ਬਣਾਇਆ ਤੇ ਖਾਦਾ ਪਰ ਜਿਸ ਨਾਲ ਸਫਲਤਾ ਪ੍ਰਾਪਤ ਹੋਈ ਉਹ ਕੁੱਝ ਅੱਜ ਤੁਹਾਡੇ ਨਾਲ ਤੁਹਾਡੇ ਭਲੇ ਲਈ ਸਾਂਝਾ ਕਰਨ ਲੱਗਿਆ ਹਾਂ।

**ਲਸਣ ਕਿਵੇਂ ਖਾਈਏ ਤੇ ਫਾਇਦੇ:**

ਖੂੰਨ ਦੇ ਗਾੜ੍ਹੇਪਨ (ਬਲੱਡ ਕਲਿਸਟਰੋਲ ਦਾ ਹੋਣਾ) ਨੂੰ ਘੱਟ ਕਰਨ ਕਰਨ ਦੇ ਹੋਰ ਵੀ ਕਈ ਤਰੀਕੇ ਹੋ ਸਕਦੇ ਹਨ, ਲਸਣ ਨੂੰ ਖਾਣ ਦੇ ਹੋਰ ਵੀ ਬਹੁਤ ਢੰਗ ਹੋ ਸਕਦੇ ਹਨ ਪਰ ਜੋ ਮੈਂ ਆਪਣੇ ਤੇ ਅਜਮਾਇਸ਼ ਕਰਕੇ ਦੱਸਣ ਲੱਗਿਆ ਹਾਂ। ਓਹ ਇਹ ਹੈ ਕਿ ਸਵੇਰੇ ਸਵੇਰ ਦੋ ਪੋਥੀਆਂ ਛਿਲ ਕੇ ਕਿਸੇ ਛੋਟੇ ਮਾਮਦਸਤੇ ਵਿਚ ਰਗੜ ਲਓ (ਸਾਡੇ ਇਲਾਕੇ ਵਿਚ ਲਸਣ ਦੇ ਗੰਡੇ ਦੇ ਛੋਟੇ ਛੋਟੇ ਹਿੱਸਿਆਂ ਨੂੰ ਪੋਥੀਆਂ ਕਹਿੰਦੇ ਹਨ)। ਲਸਣ ਨੂੰ ਚਾਕੂ ਨਾਲ ਕਿਸੇ ਵੀ ਹਾਲਤ ਵਿਚ ਕੱਟਣਾ ਨਹੀਂ। ਮਾਮਦਸਤੇ ਵਿਚੋਂ ਰਗੜੇ ਹੋਏ ਲਸਣ ਨੂੰ ਕਿਸੇ ਵੀ ਕੌਲੀ ਵਿਚ ਕੱਢ ਲਓ ਤੇ ਵਿਚ ਇਕ ਚਮਚਾ ਸ਼ਹਿਦ ਦਾ ਮਿਲਾ ਕੇ ਖਾ ਲਓ। ਫਿਰ ਗਰਮ ਪਾਣੀ ਦਾ ਇਕ ਵੱਡਾ ਗਲਾਸ ਲੈ ਕੇ, ਬੇਸ਼ੱਕ ਇਸ ਨਾਲ ਮਾਮਦਸਤਾ ਵੀ ਧੋ ਕੇ ਵਿਚ ਮਿਲਾ ਲਓ, ਪੀ ਜਾਓ। ਸਿਰਫ ਤਿੰਨ ਕੁ ਹਫਤੇ ਸਵੇਰੇ ਸਵੇਰੇ ਲਸਣ ਖਾਣ ਨਾਲ ਤੁਹਾਡਾ ਬਲੱਡ ਕਲਿਸਟਰੋਲ 5.19 ਜਾਣੀ ਕੇ ਨਾਰਮਲ ਹੋ ਜਾਵੇਗਾ। ਜੋ ਸੱਜਣ ਹਫਤਾ ਹਫਤਾ ਭਰ ਘਰੋਂ ਬਾਹਰ ਰਹਿੰਦੇ ਹਨ ਉਹ ਲਸਣ ਦੀਆਂ 10-12 ਪੋਥੀਆਂ ਛਿਲ ਕੇ ਕੱਚ ਦੀ ਸ਼ੀਸ਼ੀ ਵਿਚ ਪਾ ਲੈਣ ਅਤੇ ਪੰਜ ਸੱਤ ਚਮਚ ਸ਼ਹਿਦ ਦੇ ਮਿਲਾ ਲੈਣ। ਹਰ ਰੋਜ਼ ਸਵੇਰੇ ਉੱਠ ਕੇ ਸ਼ਹਿਦ ਨਾਲ ਲਿਬੜੀਆਂ ਹੋਈਆਂ ਦੋ ਪੋਥੀਆਂ ਨੂੰ ਚੰਗੀ ਤਰ੍ਹਾਂ ਚਬਾ ਕੇ ਅੰਦਰ ਲੰਘਾ ਲੈਣ ਅਤੇ ਉਪਰੋਂ ਗਰਮ ਪਾਣੀ ਦਾ ਇਕ ਵੱਡਾ ਗਲਾਸ ਪੀਣ। 3-4 ਹਫਤਿਆਂ ਵਿਚ ਬਲੱਡ ਕਲਿਸਟਰੋਲ ਨਾਰਮਲ ਹੋ ਜਾਵੇਗਾ। ਛੇ ਕੁ ਮਹੀਨਿਆਂ ਬਾਅਦ ਹੁਣ ਮੈਂ ਫਿਰ ਲਸਣ ਖਾਣ ਦਾ ਇਹੀ ਤਰੀਕਾ ਵਰਤ ਕੇ ਦੋਬਾਰਾ ਆਪਣਾ ਖੂਨ ਟੈਸਟ ਕਰਾਵਾਂਗਾ। ਮੈਨੂੰ ਪੂਰਨ ਉਮੀਦ ਅਤੇ ਯਕੀਨ ਹੈ ਕਿ ਕੋਈ ਅਸਧਾਰਣ ਨਤੀਜਾ ਨਹੀਂ ਨਿਕਲੇਗਾ।

**ਅੰਤੜੀਆਂ ਨੂੰ ਖੋਲ੍ਹਣ ਦਾ ਤਰੀਕਾ:**

ਦੋ ਪਾਨ ਪੱਤੇ ਬੰਗਾਲੀ ਡੰਡਲ ਸਮੇਤ, ਉਂਗਲੀ ਦੇ ਪੋਟੇ ਜਿਤਨਾ ਅਧਰਕ ਅਤੇ ਦੋ ਪੋਥੀਆਂ ਲਸਣ ਦੀਆਂ ਲੈ ਕੇ ਪੱਥਰ ਦੇ ਕੂੰਡੇ-ਘੋਟਣੇ ਨਾਲ 15 ਕੁ ਮਿੰਟ ਰਗੜੋ। ਜਦੋਂ ਇਹ ਸਾਰਾ ਕੁੱਝ ਬਿਲਕੁਲ ਮਹੀਨ ਹੋ ਜਾਵੇ ਤਾਂ ਦੋ ਚਮਚ ਸ਼ਹਿਦ ਦੇ ਮਿਲਾ ਕੇ ਹੌਲੀ ਹੌਲੀ 40-45 ਮਿੰਟਾਂ ਵਿਚ ਇਸ ਨੂੰ ਉਂਗਲੀ ਨਾਲ ਚੱਟ ਕੇ ਅੰਦਰ ਲੰਘਾਓ। ਇਹ ਕੰਮ ਸਿਰਫ ਦਸ ਦਿਨ ਕਰਨ ਨਾਲ ਅੰਤੜੀਆਂ ਬਿਲਕੁੱਲ ਖੁਲ੍ਹ ਜਾਣਗੀਆਂ। ਸਾਹ ਦਾ ਚੜ੍ਹਨਾ ਵੀ ਬੰਦ ਹੋ ਜਾਵੇਗਾ, ਜਾਣੀਕੇ ਨਾਰਮਲ। ਇਸ ਨਾਲ ਟਰਿਗਲਿਸਰਾਈਡ ਵੀ ਨਾਰਮਲ ਹੁੰਦਾ ਹੈ। ਇਹ ਤਰੀਕਾ ਮੇਰੇ ਹੀ ਕਿਸੇ ਸੱਜਣ-ਮਿਤਰ ਨੇ ਅਜਮਾ ਕੇ ਦੇਖਿਆ ਹੈ।

ਇਕ ਹੋਰ ਵੀ ਤਰੀਕਾ ਹੈ ਅੰਤੜੀਆਂ ਨੂੰ ਖੋਲਣ ਦਾ: ਅਧਰਕ, ਲਸਣ, ਨਿੰਬੂ (ਪੀਲੇ ਵਾਲੇ) ਇਨ੍ਹਾਂ ਦਾ ਰਸ ਇਕੋ ਜਿਨੀ ਮਾਤਰਾ ਵਿਚ ਕੱਢਕੇ ਅਤੇ ਓਨੀ ਹੀ ਮਾਤਰਾ, ਮਤਲਬ ਅਧਰਕ ਜਾਂ ਨਿਬੂੰ ਜਾਂ ਲਸਣ ਦੇ ਰਸ, ਜਿਤਨਾ ਹੀ ਐਪਲ ਸਾਈਡਰ ਵੈਨੀਗਰ ਆਰਗਾਨਿਕ ਮਿਲਾ ਕੇ ਮੱਠੀ ਮੱਠੀ ਅੱਗ ਤੇ ਓਬਾਲੋ ਕੇ ਜਦੋਂ ਇਕ ਤਿਹਾਈ ਉੱਡ ਜਾਵੇ ਜਾਂ ਜਦੋਂ ਦੋ ਤਿਹਾਈ ਬਾਕੀ ਬੱਚ ਜਾਵੇ ਤਾਂ ਅੱਗ ਬੰਦ ਕਰ ਦਿਓ। ਠੰਡਾ ਹੋਣ ਉਪਰੰਤ ਆਪਣੀ ਮਰਜ਼ੀ ਅਨੁਸਾਰ ਸ਼ਹਿਦ ਮਿਲਾ ਕੇ ਕੱਚ ਦੀ ਬੋਤਲ ਵਿਚ ਪਾ ਲਓ। ਹਰ ਰੋਜ਼ ਸਵੇਰੇ ਸਵੇਰੇ ਨਿਰਣੇ ਕਾਲਜੇ ਦੋ-ਤਿੰਨ ਵੱਡੇ ਚਮਚ ਜਾਂ ਇਕ ਘੁੱਟ ਭਰ ਲਓ। ਨਵੀਂ ਖੋਜ ਮੁਤਾਬਕ ਉਬਾਲ ਉਬਾਲ ਕੇ ਸਾੜਨ ਦੀ ਕੋਈ ਲੋੜ ਨਹੀਂ, ਚਾਰੇ ਚੀਜ਼ਾਂ ਇਕੋ ਜਿਨੀ ਮਾਤਰਾ ਵਿਚ ਮਿਲਾ ਕੇ ਲੋੜ ਮੁਤਾਬਕ ਵਿਚ ਸ਼ਹਿਦ ਪਾਓ ਅਤੇ ਪੀਣਾ ਸ਼ੁਰੂ ਕਰ ਦਿਓ। ਇਕ ਜਾਂ ਦੋ ਮਹੀਨਿਆਂ ਬਾਅਦ ਖੂਨ ਚੈਕ ਕਰਵਾਓ। ਨਤੀਜਾ ਪਹਿਲੇ ਨਾਲੋਂ ਵਧੀਆ ਹੋਵੇਗਾ।

**ਭਾਰ ਘੱਟ ਕਰਨ ਦਾ ਤਰੀਕਾ:**

ਜ਼ੀਰਾ, ਅਜਵੈਣ ਅਤੇ ਅਲਸੀ ਦੇ ਬੀਜ, ਲਾਲ ਵਾਲੇ। ਜ਼ੀਰਾ ਤੇ ਅਜਵੈਣ ਇਕ ਇਕ ਚਮਚ ਅਤੇ ਅਲਸੀ ਦੇ ਬੀਜ਼ ਡੇਢ ਚਮਚ। ਮਤਲਬ ਅਲਸੀ ਦੀ ਮਾਤਰਾ ਦੂਜੀਆਂ ਦੋ ਚੀਜ਼ਾਂ ਨਾਲੋਂ ਡੇਢੀ ਰੱਖਣੀ ਹੈ। ਜੇਕਰ ਸਾਰੇ ਪ੍ਰੀਵਾਰ ਵਾਸਤੇ ਇਹ ਚੂਰਣ ਬਣਾਉਣਾ ਹੋਵੇ ਤਾਂ ਭਾਵੇਂ ਜਿਤਨਾ ਮਰਜ਼ੀ ਬਣਾਓ ਨਹੀਂ ਤਾਂ ਜ਼ੀਰਾ ਅਜਵੈਣ ਦੋ ਵੱਡੇ ਚਮਚ ਅਤੇ ਅਲਸੀ ਤੇ ਤਿੰਨ ਚਮਚ ਫਰਾਈਪੈਨ ਵਿਚ ਪਾ ਕੇ ਗਰਮ ਕਰੋ। ਇਸ ਸਾਰੇ ਕਾਸੇ ਨੂੰ ਭੁੰਨਣਾ ਨਹੀਂ। ਗਰਮ ਕਰਨ ਤੋਂ ਬਾਅਦ ਠੰਡਾ ਹੋਣ ਦਿਓ। ਫਿਰ ਗਰਾਈਂਡਰ ਵਿਚ ਪਾ ਕੇ ਜਿਤਨਾ ਮਹੀਨੇ ਹੋ ਸਕੇ ਕਰੋ। ਜਾਣੀ ਕੇ ਆਟੇ ਵਰਗਾ ਬਰੀਕ ਕਰ ਲਓ। ਇਸ ਨੂੰ ਕੱਚ ਦੀ ਸ਼ੀਸ਼ੀ ਵਿਚ ਪਾ ਕੇ ਰੱਖੋ। ਕਦੇ ਵੀ ਪਲਾਸਟਿਕ ਦੀ ਸ਼ੀਸ਼ੀ ਵਿਚ ਨਹੀਂ ਪਾਉਣਾ। ਸਵੇਰੇ ਸਵੇਰੇ ਨਿਰਣੇ ਕਾਲਜੇ ਇਕ ਛੋਟਾ ਚਮਚ (ਟੀ ਸਪੂਨ) ਗਰਮ ਗਰਮ ਪਾਣੀ ਦੇ ਵੱਡੇ ਗਲਾਸ ਨਾਲ ਅੰਦਰ ਲੰਘਾ ਲਓ। ਇਸ ਤਰ੍ਹਾਂ ਕੋਈ ਚਾਰ ਕੁ ਹਫਤੇ ਕਰੋ। ਫਿਰ ਦੋ ਹਫਤੇ ਨਹੀਂ ਲੈਣਾ। ਇਹੀ ਪ੍ਰਕ੍ਰਿਆ ਅਗਲੇ ਚਾਰ ਪੰਜ ਮਹੀਨੇ ਕਰੋ। ਪੰਜ ਛੇ ਮਹੀਨਿਆਂ ਬਾਅਦ 20-25 ਪੌਂਡ ਭਾਰ ਘੱਟ ਜਾਵੇਗਾ। ਸਿਰਫ ਇਸ ਗੱਲ ਦਾ ਖਿਆਲ ਰੱਖਣਾ ਹੈ ਕਿ ਠੰਡਾ ਪਾਣੀ ਅਤੇ ਕੋਲਡ ਡਰਿੰਕਸ ਨਹੀਂ ਲੈਣੀਆਂ। ਕੋਸ਼ਿਸ਼ ਇਹ ਕਰੋ ਕਿ ਫਰਿਜ਼ ਵਿਚੋਂ ਕੱਢ ਕੇ ਕੁੱਝ ਵੀ ਨਹੀਂ ਖਾਣਾ ਪੀਣਾ।

**ਜੋੜਾਂ ਦੇ ਦਰਦਾਂ ਇਲਾਜ:**

ਜੈਤੂਨ ਦਾ ਤੇਲ (ਆਲੀਵ ਓਇਲ) ਰੀਫਾਇਨਡ ਨਹੀਂ ਲੈਣਾ। 250-300 ਗਰਾਮ ਜੈਤੂਨ ਦਾ ਤੇਲ ਇਕ ਕੱਚ ਦੀ ਸ਼ੀਸੀ ਵਿਚ ਪਾ ਲਓ। ਇਸ ਵਿਚ ਪੀਲੇ ਵਾਲੇ ਤਿੰਨ-ਚਾਰ ਨਿਬੂੰਆਂ ਦੀਆਂ ਸਿਰਫ ਛਿਲਾਂ ਕੱਟ ਕੇ ਪਾਓ। ਨਿਬੂੰਆਂ ਦਾ ਰਸ ਕੱਢ ਕੇ ਵਰਤ ਲਓ। ਮਤਲਬ ਰਸ ਤੇਲ ਵਿਚ ਨਹੀਂ ਪਾਉਣਾ। ਇਸ ਨੂੰ ਤਿੰਨ ਕੁ ਹਫਤੇ ਰਸੋਈ ਵਿਚ ਪਿਆ ਰਹਿਣ ਦਿਓ। ਫਿਰ ਛਾਨਣੀ ਨਾਲ ਛਾਣ ਲਓ। ਹੁਣ ਤੇਲ ਵਰਤਣ ਲਈ ਤਿਆਰ ਹੈ। ਤੇਲ ਵਿਚੋਂ ਕੱਢੀਆਂ ਛਿਲਾਂ ਸੁੱਟਣੀਆਂ ਨਹੀਂ। ਪਹਿਲਾਂ ਛਿਲਾਂ ਨੂੰ ਆਪਣੇ ਜੋੜਾਂ ਤੇ ਮਲ ਲਓ ਤੇ ਫਿਰ ਤੇਲ ਦੀ ਵਰਤੋਂ ਕਰੋ। ਹਫਤੇ ਕੁ ਦੇ ਅੰਦਰ ਅੰਦਰ ਇਸ ਦੇ ਨਤੀਜੇ ਤੁਹਾਨੂੰ ਮਹਿਸੂਸ ਹੋਣ ਲੱਗ ਪੈਣਗੇ।

647 966 3132,
810 449 1079




# ਭੋਜਨ ਪਦਾਰਥ



**ਸਿਹਤਵਰਧਕ**

ਦੁੱਧ, ਦਹੀਂ, ਪਨੀਰ, ਮੱਖਣ, ਦੇਸੀ ਘੀ, ਸਰੋਂ ਅਤੇ ਅਲਸੀ ਦਾ ਤੇਲ, ਸੂਰ ਦੀ ਚਰਬੀ, ਮੇਵੇ ਖਾਸ ਕਰ ਮੂੰਗਫਲ਼ੀ, ਮੀਟ, ਮੱਛੀ, ਅੰਡੇ, ਘੱਟ ਮਿਠੇ ਫਲ਼, ਸਬਜੀਆਂ, ਦਾਲ਼ਾਂ, ਸ਼ਕਰਕੰਦੀਆਂ ਅਤੇ ਬਿਨ੍ਹਾਂ ਮਿੱਠੇ ਅਤੇ ਆਟੇ ਤੋਂ ਬਣਿਆ ਖਾਲਸ ਖੋਆ

**ਨੁਕਸਾਨਦਾਇਕ**

ਹਰ ਕਿਸਮ ਦਾ ਮਿੱਠਾ, ਮਠਿਆਈਆਂ ਅਤੇ ਮਿੱਠੇ ਪਕਵਾਨ, ਚਾਕਲੇਟ, ਟਾਫੀਆਂ, ਆਈਸ ਕਰੀਮ,ਆਟਾ, ਮੈਦਾ, ਸੂਜੀ, ਚਾਵਲ ਅਤੇ ਇਨ੍ਹਾਂ ਤੋਂ ਬਣੇ ਸਾਰੇ ਪਕਵਾਨ, ਆਲੂ, ਕੇਲਾ, ਅੰਬ, ਚੀਕੂ, ਬੱਗੂਗੋਸ਼ਾ, ਅੰਗੂਰ, ਖਜੂਰ, ਬੀਅਰ, ਸ਼ਰਬਤੀ ਠੰਡੇ ਅਤੇ ਰਿਫਾਈਂਡ ਤੇਲ

**ਨੋਟ - ਇਹ ਸਭ ਭੋਜਨ ਪਦਾਰਥ ਉਦੋਂ ਹੀ ਖਾਣੇ (ਘੱਟ ਮਾਤਰਾ ਵਿੱਚ) ਚਾਹੀਦੇ ਹਨ ਜਦੋਂ ਖਾਣੇ ਦਾ ਕੋਈ ਹੋਰ ਵਧੀਆ ਵਿਕਲਪ ਮੌਜੂਦ ਹੀ ਨਾ ਹੋਵੇ।**

ਕਿਹਾ ਜਾ ਸਕਦਾ ਹੈ ਕਿ ਜਿਵੇਂ ਅੱਜ ਸਰਮਾਏਦਾਰ ਜਮਾਤ ਦੀ ਮਨੁੱਖੀ ਸਮਾਜ ਨੂੰ ਨਾ ਸਿਰਫ ਕੋਈ ਲੋੜ ਹੀ ਨਹੀਂ ਸਗੋਂ ਉਲਟਾ ਇਸਦੇ ਹੋਣ ਦਾ ਨੁਕਸਾਨ ਹੀ ਹੈ। ਬਿਲਕੁੱਲ ਇਸੇ ਤਰ੍ਹਾਂ ਇਸ ਵਰਗ ਦੇ ਕਾਰਬੋਹਾਈਡਰੇਟ ਮਨੁੱਖੀ ਸਰੀਰ ਦਾ ਆਮ ਤੌਰ 'ਤੇ ਕੋਈ ਫਾਇਦਾ ਨਹੀਂ ਕਰਦੇ ਸਗੋਂ ਉਲਟਾ ਇਹ ਨੁਕਸਾਨ ਹੀ ਕਰਦੇ ਹਨ। ਇਸ ਲਈ ਜੇ ਖਾਣੇ ਦੇ ਹੋਰ ਚੰਗੇ ਵਿਕਲਪ ਮੌਜੂਦ ਹੋਣ ਤਾਂ ਜਿੰਨੀ ਜਲਦੀ ਹੋ ਸਕੇ ਇਨ੍ਹਾਂ ਤੋਂ ਖਹਿੜਾ ਛੁਡਾ ਲੈਣਾ ਚਾਹੀਦਾ ਹੈ।

**ਬਾਲਗ ਮਨੁੱਖ ਲਈ ਵੱਖ-ਵੱਖ ਖ਼ੁਰਾਕੀ ਤੱਤਾਂ ਦੀਆਂ ਰੋਜਾਨਾ ਲੋੜਾਂ**

ਪ੍ਰੋਟੀਨ: 1 ਗ੍ਰਾਮ ਪ੍ਰਤੀ ਕਿੱਲੋਗ੍ਰਾਮ ਸਰੀਰਕ ਵਜ਼ਨ

**ਗਰਭਵਤੀ ਔਰਤਾਂ, ਦੁੱਧ ਚੁੰਘਾਉਂਦੀਆਂ ਮਾਵਾਂ, 18 ਸਾਲ ਤੱਕ ਦੇ ਬੱਚਿਆਂ ਲਈ ਅਤੇ ਖਿਡਾਰੀਆਂ ਲਈ :** 2 ਗ੍ਰਾਮ ਪ੍ਰਤੀ ਕਿੱਲੋਗ੍ਰਾਮ ਸਰੀਰਕ ਵਜ਼ਨ

| | |
|---|---|
| ਫੈਟ | 125 ਗ੍ਰਾਮ |
| ਕਾਰਬੋਹਾਈਡਰੇਟ | 250 ਗ੍ਰਾਮ |
| ਵਿਟਾਮਿਨ ਏ | 5000 ਇੰਟਰਨੈਸ਼ਨਲ ਯੂਨਿਟ |
| ਵਿਟਾਮਿਨ ਡੀ | 400 ਇੰਟਰਨੈਸ਼ਨਲ ਯੂਨਿਟ |
| ਵਿਟਾਮਿਨ ਈ | 15 ਇੰਟਰਨੈਸ਼ਨਲ ਯੂਨਿਟ |
| ਫੋਲੇਟ | 400 ਮਾਈਕਰੋਗ੍ਰਾਮ |
| ਵਿਟਾਮਿਨ ਸੀ | 60 ਮਿਲੀਗ੍ਰਾਮ |
| ਕੈਲਸ਼ੀਅਮ | 1200 ਮਿਲੀਗ੍ਰਾਮ |
| ਫਾਸਫੋਰਸ | 1200 ਮਿਲੀਗ੍ਰਾਮ |
| ਲੋਹਾ | 10 ਮਿਲੀਗ੍ਰਾਮ |
| ਜ਼ਿੰਕ | 15 ਮਿਲੀਗ੍ਰਾਮ |
| ਆਇਓਡੀਨ | 150 ਮਾਈਕਰੋਗ੍ਰਾਮ |

ਗਰਭਵਤੀ ਔਰਤਾਂ ਨੂੰ ਆਮ ਨਾਲੋਂ ਲੱਗਭੱਗ ਢਾਈ ਗੁਣਾ (27 ਮਿਲੀਗ੍ਰਾਮ ਪ੍ਰਤੀ ਦਿਨ) ਖੁਰਾਕੀ ਲੋਹੇ ਦੀ ਲੋੜ ਹੁੰਦੀ ਹੈ।

14 ਸਾਲ ਤੋਂ 50 ਸਾਲ ਦੀ ਉਮਰ ਵਿਚਕਾਰਲੀਆਂ ਔਰਤਾਂ ਨੂੰ ਵੀ ਆਮ ਨਾਲੋਂ ਲੱਗਭੱਗ ਦੁੱਗਣੇ (18 ਮਿਲੀਗ੍ਰਾਮ ਪ੍ਰਤੀ ਦਿਨ) ਖੁਰਾਕੀ ਲੋਹੇ ਦੀ ਲੋੜ ਹੁੰਦੀ ਹੈ। ਕਿਉਂਕਿ ਹਰ ਮਹੀਨੇ ਮਹਾਂਵਾਰੀ ਆਉਣ ਨਾਲ ਲਗਾਤਾਰ ਖੂਨ ਦੀ ਘਾਟ ਪੈਦਾ ਹੁੰਦੀ ਰਹਿੰਦੀ ਹੈ।

ਯਾਦ ਰਹੇ ਕਿ ਦੇਸੀ ਘੀ, ਮੱਖਣ ਅਤੇ ਹੋਰ ਖੁਰਾਕੀ ਤੇਲਾਂ ਨੂੰ ਛੱਡ ਕੇ ਬਾਕੀ ਦੇ ਸਾਰੇ ਭੋਜਨ ਪਦਾਰਥਾਂ ਵਿੱਚ ਫੈਟ, ਪ੍ਰੋਟੀਨ ਅਤੇ ਕਾਰਬੋਹਾਈਡਰੇਟ ਆਪੋ ਵਿੱਚੀਂ ਰਲ਼-ਗੱਡ ਪਰ ਵੱਖ-ਵੱਖ ਮਾਤਰਾ ਵਿੱਚ ਹੁੰਦੇ ਹਨ। ਜਿਵੇਂ ਦੇਸੀ ਘੀ, ਮੱਖਣ, ਕਰੀਮ ਅਤੇ ਹੋਰ ਖੁਰਾਕੀ ਤੇਲਾਂ ਵਿੱਚ ਸਾਰੇ ਦਾ ਸਾਰਾ ਫੈਟ ਹੀ ਹੁੰਦਾ ਹੈ। ਹੋਰ ਕੋਈ ਵੀ ਭੋਜਨ ਪਦਾਰਥ ਅਜਿਹਾ ਨਹੀਂ ਜਿਸ ਵਿੱਚ ਸਿਰਫ ਤੇ ਸਿਰਫ ਪ੍ਰੋਟੀਨ ਹੀ ਹੋਵੇ ਜਾਂ ਫਿਰ ਬਸ ਕਾਰਬੋਹਾਈਡਰੇਟ ਹੀ। ਹਾਂ ਗੁੜ, ਖੰਡ, ਸ਼ੱਕਰ, ਸ਼ਹਿਦ, ਬੀਅਰ ਅਤੇ ਸ਼ਰਬਤੀ ਠੰਡਿਆਂ ਵਿੱਚ ਨਿਰੇ ਕਾਰਬੋਹਾਈਡਰੇਟ ਹੀ ਹੁੰਦੇ ਹਨ। ਇਸ ਲਈ ਭੋਜਨ ਪਦਾਰਥਾਂ ਦੀ ਮਿਸ਼ਰਤ ਖੁਰਾਕੀ ਤੱਤਾਂ ਵਾਲੀ ਇਸ ਵਿਸ਼ੇਸ਼ਤਾ ਨੂੰ ਧਿਆਨ ਵਿੱਚ ਰੱਖ ਕੇ ਹੀ ਫੈਟ, ਪ੍ਰੋਟੀਨ ਅਤੇ ਕਾਰਬੋਹਾਈਡਰੇਟ ਦੀ ਰੋਜਾਨਾ ਲੋੜ ਦੀ ਪੂਰਤੀ ਨੂੰ ਆਂਕਣਾ ਚਾਹੀਦਾ ਹੈ। ਕਿਉਂਕਿ ਖਾਧ ਪਦਾਰਥ ਅਪਣੇ ਖੁਰਾਕੀ ਤੱਤਾਂ ਪੱਖੋਂ ਇਕਲੌਤੇ ਅਤੇ ਇਕਿਹਰੇ ਨਹੀਂ ਹੁੰਦੇ। ਪਰ ਇਨ੍ਹਾਂ ਦਾ ਮੁੱਖ ਪੱਖ ਜਰੂਰ ਸਾਡੇ ਧਿਆਨ ਵਿੱਚ ਰਹਿਣਾ ਚਾਹੀਦਾ ਹੈ।

ਉਦਾਹਰਣ ਵਜੋਂ ਜੇ ਇੱਕ ਵਿਅਕਤੀ 50 ਗ੍ਰਾਮ ਮੂੰਗਫਲ਼ੀ ਦੀ ਗਿਰੀ ਖਾਂਦਾ ਹੈ ਤਾਂ ਉਹ ਇਸ ਵਿਚਲੀ 13 ਗ੍ਰਾਮ ਪ੍ਰੋਟੀਨ ਦੇ ਨਾਲ-ਨਾਲ 23 ਗ੍ਰਾਮ ਫੈਟ ਅਤੇ 12 ਗ੍ਰਾਮ ਕਾਰਬੋਹਾਈਡਰੇਟ ਵੀ ਖਾ ਰਿਹਾ ਹੈ। ਇਸੇ ਤਰ੍ਹਾਂ ਉਹ 4 ਅੰਡੇ ਖਾਂਦਾ ਹੋਇਆ 28 ਗ੍ਰਾਮ ਪ੍ਰੋਟੀਨ ਦੇ ਨਾਲ ਨਾਲ 20 ਗ੍ਰਾਮ ਫੈਟ ਵੀ ਖਾ ਰਿਹਾ ਹੈ। ਅੱਧਾ ਕਿੱਲੋ ਮੱਝ ਦਾ ਦੁੱਧ ਪੀਂਦਾ ਹੋਇਆ ਵਿਅਕਤੀ 25 ਗ੍ਰਾਮ ਪ੍ਰੋਟੀਨ ਲੈਣ ਦੇ ਨਾਲ-ਨਾਲ 40 ਗ੍ਰਾਮ ਫੈਟ ਅਤੇ 25 ਗ੍ਰਾਮ ਕਾਰਬੋਹਾਈਡਰੇਟ (ਦੁੱਧ ਦੀ ਮਿਠਾਸ) ਵੀ ਲੈ ਰਿਹਾ ਹੈ। ਇਸੇ ਤਰ੍ਹਾਂ ਦਾਲ਼ਾਂ, ਸਬਜ਼ੀਆਂ ਅਤੇ ਮੀਟ ਆਦਿ ਨੂੰ ਤੜਕਾ ਲਾਉਣ ਵੇਲੇ ਵਰਤੇ ਜਾਂਦੇ ਘੀ-ਤੇਲ ਵਿਚਲੀ ਫੈਟ ਅਤੇ ਪਿਆਜ ਵਿਚਲਾ ਫਰੁਕਟੋਜ (11 ਗ੍ਰਾਮ ਪ੍ਰਤੀ 100 ਗ੍ਰਾਮ ਪਿਆਜ) ਵੀ ਉਸ ਪਕਵਾਨ ਵਿਚਲੀ ਊਰਜਾ ਦੀ ਗਨਣਾ ਕਰਨ ਵੇਲੇ ਅਕਸਰ ਸਾਡੇ ਧਿਆਨ ਵਿੱਚ ਨਹੀਂ ਰਹਿੰਦਾ। ਇਸ ਲਈ ਭੋਜਨ ਨੂੰ ਪਕਾਉਣ ਵੇਲੇ ਇਸ ਵਿੱਚ ਸ਼ਾਮਲ ਕੀਤੀ ਹਰ ਚੀਜ ਵਿਚਲੇ ਖੁਰਾਕੀ ਤੱਤਾਂ 'ਤੇ ਵੀ ਸਾਡਾ ਧਿਆਨ ਜਾਣਾ ਚਾਹੀਦਾ ਹੈ।

**ਖ਼ੁਰਾਕੀ ਅੰਸ਼ ਉਪਲਭਧਤਾ**

**(Bioavailability)**

ਖਾਧੇ ਗਏ ਸਾਰੇ ਹੀ ਖੁਰਾਕੀ ਤੱਤ ਸਾਡੇ ਸਰੀਰ ਵਿੱਚ ਪੂਰੇ ਦੇ ਪੂਰੇ ਜਜ਼ਬ ਨਹੀਂ ਹੁੰਦੇ ਕਿਉਂਕਿ ਇਹਨਾਂ ਦਾ ਕੁੱਝ ਹਿੱਸਾ ਸਾਡੇ ਮਲ-ਮੂਤਰ ਰਾਹੀਂ ਬਾਹਰ ਆ ਜਾਂਦਾ ਹੈ। ਕੁੱਝ ਖੁਰਾਕੀ ਅੰਸ਼ ਦੂਜੇ ਖੁਰਾਕੀ ਅੰਸ਼ਾਂ ਨੂੰ ਹਜ਼ਮ ਹੋਣ ਤੋਂ ਰੋਕਦੇ ਹਨ ਜਦੋਂ ਕਿ ਕਈ ਅੰਸ਼ ਹਜ਼ਮ ਹੋਣ ਵਿੱਚ ਇੱਕ ਦੂਜੇ ਦੀ ਮੱਦਦ ਵੀ ਕਰਦੇ ਹਨ। ਭਾਵ ਇਹ ਵੀ ਮਨੁੱਖੀ ਸਮਾਜ ਵਾਂਗ ਇੱਕ ਦੂਜੇ ਨਾਲ ਪ੍ਰਸਪਰ ਸਬੰਧਾਂ 'ਚ ਵਿਚਰਦੇ ਹਨ। ਉਦਾਹਰਣ ਵਜੋਂ

- ਦੁੱਧ ਵਿਚਲੇ ਕੈਲਸ਼ੀਅਮ ਦਾ ਮਹਿਜ 32 ਪ੍ਰਤੀਸ਼ਤ ਜਦੋਂ ਕਿ ਬਰੌਕਲੀ ਵਿਚਲੇ ਕੈਲਸ਼ੀਅਮ ਦਾ 60 ਪ੍ਰਤੀਸ਼ਤ ਹਿੱਸਾ ਹੀ ਸਾਡਾ ਸਰੀਰ ਹਜ਼ਮ ਕਰ ਸਕਦਾ ਹੈ ਅਤੇ ਪਾਲਕ ਵਿਚਲੇ ਕੈਲਸ਼ੀਅਮ ਦਾ ਮਹਿਜ 5 ਪ੍ਰਤੀਸ਼ਤ ਹੀ। ਕਿਉਂਕਿ ਪਾਲਕ ਵਿਚਲਾ ਓਗਜ਼ੈਲਿਕ ਐਸਿਡ ਨਾਮ ਦਾ ਤੇਜ਼ਾਬ ਕੈਲਸ਼ੀਅਮ ਨਾਲ ਰਸਾਇਣਿਕ ਕਿਰਿਆ ਕਰਕੇ ਕੈਲਸ਼ੀਅਮ ਔਗਜ਼ੇਲੇਟ ਬਣਾ ਲੈਂਦਾ ਹੈ ਜੋ ਕਿ ਗੁਰਦੇ ਦੀਆਂ ਪਥਰੀਆਂ ਦਾ ਮੁੱਖ ਅੰਸ਼ ਹੁੰਦਾ ਹੈ।
- ਇਸੇ ਤਰ੍ਹਾਂ ਸੋਇਆਬੀਨ ਅਤੇ ਮੂੰਗਫਲ਼ੀ ਵਿਚਲੀ ਕੈਲਸ਼ੀਅਮ ਕ੍ਰਮਵਾਰ 24 ਅਤੇ 22 ਪ੍ਰਤੀਸ਼ਤ ਹੀ ਸਰੀਰ ਦੇ ਕੰਮ ਆਉਂਦੀ ਹੈ।
- ਚਾਹ ਜਾਂ ਕੌਫੀ ਖਾਣਾ ਖਾਣ ਤੋਂ ਘੱਟੋ ਘੱਟ ਇੱਕ ਘੰਟਾ ਬਾਅਦ ਪੀਣੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਵਿਚਲਾ ਟੈਨਿਨ ਨਾਮ ਦਾ ਰਸਾਇਣ ਖਾਧੇ ਗਏ ਖਾਣੇ ਵਿਚਲੇ ਲੋਹੇ ਨੂੰ ਹਜ਼ਮ ਹੋਣ ਤੋਂ ਰੋਕਦਾ (40 ਤੋਂ 95 ਪ੍ਰਤੀਸ਼ਤ ਤੱਕ) ਹੈ।
- ਮੀਟ ਨਾ ਖਾਣ ਵਾਲਿਆਂ ਨੂੰ ਮੀਟ ਖਾਣ ਵਾਲਿਆਂ ਨਾਲੋਂ ਲੱਗਭੱਗ ਦੁੱਗਣੇ ਖੁਰਾਕੀ ਲੋਹੇ ਦੀ ਜਰੂਰਤ ਹੁੰਦੀ ਹੈ ਕਿਉਂਕਿ ਮੀਟ ਵਿਚਲੇ ਲੋਹੇ (heme iron) ਦੀ ਵਰਤੋਂ ਯੋਗਤਾ (15 ਤੋਂ 35 ਪ੍ਰਤੀਸ਼ਤ) ਸ਼ਾਕਾਹਾਰੀ ਸ੍ਰੋਤਾਂ ਤੋਂ ਮਿਲਣ ਵਾਲੇ ਲੋਹੇ (non heme iron) ਦੀ ਵਰਤੋਂ ਯੋਗਤਾ (2 ਤੋਂ 20 ਪ੍ਰਤੀਸ਼ਤ) ਨਾਲੋਂ ਵੱਧ ਹੁੰਦੀ ਹੈ। ਪਰ ਵਿਟਾਮਿਨ ਸੀ ਖਾਣ ਨਾਲ ਸ਼ਾਕਾਹਾਰੀ ਸ੍ਰੋਤਾਂ ਤੋਂ ਮਿਲਣ ਵਾਲੇ ਲੋਹੇ ਦੀ ਵਰਤੋਂ ਯੋਗਤਾ ਵਧਾਈ ਜਾ ਸਕਦੀ ਹੈ।
- ਕੈਲਸ਼ੀਅਮ ਲੋਹੇ ਨੂੰ ਹਜ਼ਮ ਹੋਣ ਤੋਂ ਰੋਕਦਾ ਹੈ। ਇਸ ਲਈ ਖ਼ੂਨ ਦੀ ਕਮੀ ਦੇ ਇਲਾਜ ਲਈ ਲਈਆਂ ਜਾਣ ਵਾਲੀਆਂ ਗੋਲੀਆਂ ਕਦੇ ਵੀ ਦੁੱਧ ਨਾਲ ਨਹੀਂ ਲੈਣੀਆਂ ਚਾਹੀਦੀਆਂ ਕਿਉਂਕਿ ਦੁੱਧ ਵਿੱਚ ਕੈਲਸ਼ੀਅਮ ਕਾਫੀ ਮਾਤਰਾ ਵਿੱਚ ਹੁੰਦਾ ਹੈ। ਜੇ ਲੋੜ ਲੱਗੇ ਵੀ ਤਾਂ ਘੱਟੋ ਘੱਟ ਇੱਕ ਘੰਟੇ ਬਾਅਦ ਹੀ ਦੁੱਧ ਪੀਣਾ ਚਾਹੀਦਾ ਹੈ।
- ਕੈਲਸ਼ੀਅਮ ਨੂੰ ਹਜ਼ਮ ਕਰਨ ਲਈ ਵਿਟਾਮਿਨ ਡੀ ਦੀ ਜਰੂਰਤ ਹੁੰਦੀ ਹੈ। ਜੋ ਸਾਨੂੰ ਧੁੱਪ (ਭਾਰਤੀ ਉੱਪ ਮਹਾਂਦੀਪ ਵਿੱਚ ਸਵੇਰੇ 11 ਵਜੇ ਤੋਂ ਦੁਪਿਹਰ ਦੋ ਵਜੇ ਤੱਕ 280 ਤੋਂ 320 ਨੈਨੋਮੀਟਰ ਤੱਕ ਦੀ ਤਰੰਗ ਲੰਬਾਈ ਵਾਲੀਆਂ ਪਰਾ ਵੈਂਗਣੀ ਕਿਰਨਾਂ ਤੋਂ) ਅਤੇ ਪਸ਼ੂ ਜਗਤ ਤੋਂ ਪ੍ਰਾਪਤ ਹੋਣ ਵਾਲੀ ਸੰਤ੍ਰਿਪਤ ਫੈਟ ਵਿੱਚੋਂ ਹੀ ਮਿਲਦਾ ਹੈ। ਇਸ ਲਈ ਸਰੀਰਕ ਵਿਕਾਸ ਕਰ ਰਹੇ ਬੱਚਿਆਂ ਅਤੇ ਮਹਾਂਵਾਰੀ ਤੋਂ ਮੁਕਤ ਹੋ ਚੁੱਕੀਆਂ ਔਰਤਾਂ ਨੂੰ ਵਧੇਰੇ ਕੈਲਸ਼ੀਅਮ ਦੀ ਲੋੜ ਦੇ ਮੱਦੇਨਜ਼ਰ ਵਿਟਾਮਿਨ ਡੀ ਦੀ ਆਮ ਨਾਲੋਂ ਵੱਧ ਲੋੜ ਹੁੰਦੀ ਹੈ। ਇਹ ਇਸ ਲਈ ਕਿਉਂਕਿ 50 ਸਾਲ ਤੋਂ ਉੱਪਰ ਦੀਆਂ ਔਰਤਾਂ ਦੀਆਂ ਹੱਡੀਆਂ ਥੋਥੀਆਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਅੱਜ ਕੱਲ ਮੱਧਵਰਗ ਦੀ ਬਹੁਤੀ ਅਬਾਦੀ ਖਾਸ ਕਰ ਮੱਧ ਵਰਗੀ ਔਰਤਾਂ ਅਪਣੀ ਚਮੜੀ ਨੂੰ ਕਾਲ਼ਾ ਹੋਣ ਤੋਂ ਬਚਾਉਣ ਲਈ ਅਕਸਰ ਅਪਣੇ ਆਪ ਨੂੰ ਧੁੱਪ ਤੋਂ ਬਚਾਅ ਕੇ ਰੱਖਦੀਆਂ ਹਨ ਜਿਸ ਕਰਕੇ ਉਹਨਾਂ ਨੂੰ ਖੁਰਾਕੀ ਫੈਟ ਵਿੱਚ ਘੁਲਿਆ ਵਿਟਾਮਿਨ ਡੀ ਲੈਣ ਦੀ ਲੋੜ ਹੋਰ ਵੀ ਜਿਆਦਾ ਹੈ। ਅਰਬ ਦੇਸ਼ਾਂ ਦੀਆਂ ਬੁਰਕਾ ਪਹਿਨ ਕੇ ਰੱਖਣ ਵਾਲੀਆਂ ਮੁਸਲਿਮ ਔਰਤਾਂ ਵਿੱਚ ਵਿਟਾਮਿਨ ਡੀ ਦੀ ਕਮੀ ਆਮ ਹੀ ਪਾਈ ਜਾਂਦੀ ਹੈ। ਅੱਜ ਕੱਲ ਦਵਾ ਮੰਡੀ ਵਿੱਚ ਵਿਟਾਮਿਨ ਡੀ ਦੀਆਂ ਪੁੜੀਆਂ ਵੀ ਉਪਲਭਧ ਹਨ ਜੋ ਕਿ ਸਿਆਣੇ ਡਾਕਟਰ ਦੀ ਸਲਾਹ ਤੋਂ ਬਿਨਾਂ ਨਹੀਂ ਲੈਣੀਆਂ ਚਾਹੀਦੀਆਂ।

- ਪਿੱਤਾ ਕੱਢੇ ਹੋਏ ਵਿਅਕਤੀ ਦੀਆਂ ਅੰਤੜੀਆਂ ਸਰੀਰ ਵਿੱਚ ਪਿੱਤ-ਰਸ ਦੀ ਘਾਟ ਹੋਣ ਕਾਰਨ ਖਾਧੇ ਗਏ ਫੈਟ ਦਾ ਲੱਗਭੱਗ ਅੱਧਾ ਹਿੱਸਾ ਹੀ ਪਚਾ ਸਕਦੀਆਂ ਹਨ। ਇਸ ਲਈ ਅਜਿਹੇ ਵਿਅਕਤੀਆਂ ਦੀਆਂ ਅੰਤੜੀਆਂ ਵਿੱਚ ਵਧੀ ਹੋਈ ਫੈਟ ਦੀ ਮਾਤਰਾ ਕੈਲਸ਼ੀਅਮ ਦੇ ਪਚਣ ਨੂੰ ਉਲਟੇ ਰੁਖ ਪ੍ਰਭਾਵਿਤ ਕਰਦੀ ਹੈ ਇਸ ਲਈ ਅਜਿਹੇ ਵਿਅਕਤੀਆਂ ਅਤੇ ਖਾਸ ਕਰ ਪਿੱਤਾ ਕੱਢੇ ਵਾਲੀਆਂ ਵਡੇਰੀ ਉਮਰ ਦੀਆਂ ਔਰਤਾਂ ਨੂੰ ਹੋਰ ਵੀ ਜਿਆਦਾ ਕੈਲਸ਼ੀਅਮ ਦੀ ਲੋੜ ਹੁੰਦੀ ਹੈ। ਪਰੰਤੂ ਅਜਿਹੇ ਮਾਮਲਿਆਂ ਵਿੱਚ ਸਿਆਣੇ ਡਾਕਟਰ ਦੀ ਸਲਾਹ ਜਰੂਰ ਲੈ ਲੈਣੀ ਚਾਹੀਦੀ ਹੈ।
- ਅਨਾਜੀ ਅੰਨਾਂ ਅਤੇ ਖਾਸ ਕਰ ਸਾਬਤ ਸਬੂਤੀ (whole grain) ਕਣਕ ਦੇ ਆਟੇ ਵਿਚਲਾ ਫਾਈਟਿਕ ਐਸਿਡ ਵੀ ਕੈਲਸ਼ੀਅਮ ਅਤੇ ਜ਼ਿੰਕ ਨੂੰ ਹਜ਼ਮ ਹੋਣ ਤੋਂ ਰੋਕਦਾ ਹੈ।



ਹਰਚੰਦ ਸਿੰਘ ਬਾਸੀ

# ਫੈਜ਼ ਅਹਿਮਦ ਫੈਜ਼ ਦੀ ਕਵਿਤਾ ਤੇ ਇਤਰਾਜ਼ ਕਿਉਂ ?

ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ਵਿੱਚ ਹੋ ਰਹੇ ਪ੍ਰਦਰਸ਼ਨਾਂ ਦੀ ਦੇਸ ਭਰ ਵਿੱਚ ਆਹਟ ਸੁਣੀ ਜਾ ਸਕਦੀ ਹੈ। ਇਹ ਆਹਟ ਭਾਰਤ ਦੇ ਪੂਰਬ ਤੋਂ ਲੈ ਕੇ ਪੱਛਮ ਤੱਕ ਅਤੇ ਉੱਤਰ ਤੋਂ ਲੈ ਕੇ ਦੱਖਣ ਤੱਕ ਦੇ ਪਹਾੜੀ, ਮੈਦਾਨੀ, ਰੇਗਸਤਾਨੀ, ਇਲਾਕਿਆਂ ਨਦੀਆਂ ਨਾਲਿਆਂ ਸਮੁੰਦਰੀ ਕੰਢਿਆਂ, ਝੀਲਾਂ ਦੇ ਪਾਣੀ ਅੰਦਰ ਜ਼ੋਰਦਾਰ ਗਰਮਾਹਟ ਨਾਲ ਸੁਣੀ ਜਾ ਸਕਦੀ ਹੈ। ਭਾਰਤ ਦੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਔਰਤਾਂ,ਬਜ਼ੁਰਗਾਂ,ਬੱਚਿਆਂ ਦੇ ਦਿਲਾਂ ਵਿਚੋਂ ਨਿਕਲੀ ਦਰਦ ਦੀ ਅਵਾਜ਼ ਹੈ। ਮਨੁੱਖ ਨਾਲ ਨਸਲ ,ਜ਼ਾਤ,ਧਰਮ, ਗਰੀਬੀ, ਮੰਦਹਾਲੀ,ਬੇਘਰਿਆਂ, ਦੇਸ ਵਿੱਚ ਘੁੰਮ ਫਿਰ ਕੇ ਰੋਜ਼ੀ ਕਮਾਉਣ ਵਾਲਿਆਂ ਖਿਲਾਫ ਨਾਦਰਸ਼ਹੀ ਫੁਰਮਾਨ ਨੂੰ ਰੋਕਣ ਲਈ ਉਠ ਰਹੀ ਹੈ। ਦੇਸ ਦੇ ਹਾਕਮ ਆਪਣੀ ਹਿਟਲਰੀ ਜ਼ਿਦ ਨਾਲ ਨਫਰਤ ਫੈਲਾ ਕੇ ਦੇਸ ਵਾਸੀਆਂ ਨੂੰ ਇੱਕ ਦੂਜੇ ਨਾਲ ਲੜਾਉਣ ਦੀ ਅਤੇ ਇੱਕ ਇੱਕ ਫਿਰਕੇ ਨੂੰ ਨਿਖੇੜ ਕੇ ਕੁੱਟ ਕੇ ਹੱਕ ਖੋਹਣ ਦੀ ਬਦਦਿਆਨਤ ਦਾਰੀ ਹੈ। ਨਾਗਰਿਕਾਂ ਦੀ ਲੜਾਈ ਕਮਜ਼ੋਰ ਕਰਨ ਦੀ ਚਲਾਕੀ ਨਾਲ ਅੱਜ ਇੱਕ ਫਿਰਕੇ ਦੇ ਪਰਦੇ ਹੇਠ ਸੱਭ ਦਲਿਤਾਂ, ਆਦਿਵਾਸੀਆਂ, ਵਣਜਾਰਿਆਂ, ਗਰੀਬਾਂ ਨੂੰ ਤੰਗ ਪ੍ਰੇਸ਼ਾਨ ਕਰਨ ਲਈ ਤਰਾਂ ਦੇ ਲੋਕਾਂ ਨੂੰ ਖੌਫਜ਼ਦਾ ਕਰਨ ਲਈ ਨਿਸ਼ਾਨਾ ਬਣਾਇਆ ਹੈ। ਇਸ ਨਾਲ ਸਾਸ਼ਕ ਦੋ ਟੈਸਟ ਕਰਨਾ ਚਾਹੁੰਦੀ ਹੈ। ਪਹਿਲਾ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਖਤਮ ਕਰਨ ਦਾ ਹੀਲਾ ਹੈ, ਦੂਸਰਾ ਘੱਟ ਗਿਣਤੀਆਂ ਨੂੰ ਪਾੜ ਕੇ ਵਾਰੀ ਵਾਰੀ ਹੱਲਾ ਕਰਨਾ ਚਾਹੁੰਦੀ ਹੈ। ਉਹ ਦੇਖਣਾ ਚਾਹੁੰਦੇ ਹਨ ਕਿ ਦੇਸ ਦੇ ਲੋਕ ਇਸ ਖਿਲਾਫ ਬੋਲਦੇ ਹਨ ਕਿ ਨਹੀਂ। ਪੰਜਾਬੀ ਵਿੱਚ ਇੱਕ ਕਹਾਣੀ ਹੈ ਸੱਤ ਗਰੀਬਾਂ ਨੂੰ ਜੱਟ ਨੇ ਇੱਕ ਕਰਕੇ ਕੁੱਟ ਦਿਤਾ ਸੀ। ਇਹਚਲਾਕੀ ਵਰਤ ਕੇ ਕਿ ਛੇ ਤਾਂ ਸਾਡੇ ਖੇਤਾ ਵਿੱਚ ਮੇਰੇ ਨਾਲ ਕੰਮ ਕਰਦੇ ਤੂੰ ਕੀ ਲੱਗਦਾ ਹੈ। ਉਹ ਕੁੱਟ ਲਿਆ। ਫਿਰ ਇੱਕ ਹੋਰ ਨੂੰ ਫੜ ਲਿਆ ਬਾਕੀ ਪੰਜ ਮੇਰੀ ਗਲੀ ਚ ਰਹਿੰਦੇ ਤੂੰ ਦੂਜੇ ਪਾਸੇ ਤੋਂ ਆਗਿਆ ਉਸ ਨੂੰ ਬਹਾਨਾ ਬਣਾ ਕੇ ਕੁੱਟ ਲਿਆ। ਇਸੇ ਤਰ੍ਹਾਂ ਬਹਾਨੇ ਬਣਾ ਕੇ ਸੱਤੇ ਕੁੱਟ ਦਿਤੇ। ਉਹ ਸਾਰੇ ਇਸੇ ਗੱਲ ਵਿਚ ਰਹੇ ਕਿ ਮੈਨੂੰ ਕੁੱਝ ਨਹੀਂ ਕਹਿਦਾ ਪਰ ਜਦੋਂ ਉਹ ਕੁੱਟ ਕੇ ਚਲਾ ਗਿਆ ਫਿਰ ਬਾਅਦ ਵਿੱਚ ਕੁਟ ਖਾ ਕੇ ਪਛਤਾਏ। ਇੱਕ ਦੂਜੇ ਨੂੰ ਆਖਣ ਲੱਗੇ ਯਾਰ ਇੱਕ ਸੱਤਾਂ ਨੂੰ ਕੁੱਟ ਗਿਆ ਆਪਾਂ ਤੋਂ ਤਕੜਾ ਤਾਂ ਨਹੀਂ ਸੀ। ਇੱਕ ਦੂਜੇ ਨੂੰ ਕਹਿਣ ਲੱਗੇ ਤੂੰ ਨਹੀਂ ਬੋਲਿਆ ਤੂੰ ਨਹੀਂ ਬੋਲਿਆ ਤੂੰ ਤੂੰ ਕਰਕੇ ਹੱਭ ਭਨਾਕੇ ਤੁਰ ਗਏ। ਕਈ ਦਿਨ ਸੇਕ ਦਿੰਦੇ ਰਹੇ। ਇਹੋ ਚਾਲ ਸ਼ਾਵਨਵਾਦੀ ਸਰਕਾਰ ਦੀ ਹੈ। ਇਸੇ ਰਾਹ ਚੱਲ ਕੇ ਘੱਟ ਗਿਣਤੀਆਂ ਦੀ ਸੰਸਕ੍ਰਿਤੀ ਤੇ ਹਮਲੇ ਹੋਣਗੇ। ਭਾਸ਼ਾ ਥੋਪੀ ਜਾਏਗੀ ਖਾਣ ਪੀਣ ਤੇ ਪਾਬੰਦੀਆਂ ਲੱਗਣਗੀਆਂ, ਵਿਦਿਆ ਮਨ ਮਰਜ਼ੀ ਦੀ ਨਹੀਂ ਲੈ ਸਕਣਗੇ, ਸਰਕਾਰੀ ਨੌਕਰੀਆਂ ਵਿੱਚ ਵਿਤਕਰੇ ਹੋਣਗੇ ਰੋਸ ਪ੍ਰਦਰਸ਼ਨਾਂ ਤੇ ਪਾਬੰਦੀਆਂ ਲੱਗਣਗੀਆਂ, ਘੱਟ ਗਿਣਤੀ ਧਾਰਮਿਕ ਲੋਕਾਂ ਨਾਲ ਧਾਰਮਿਕ ਵਿਤਕਰੇ ਹੋਣਗੇ। ਲੋਕ ਡਰ ਨਾਲ ਸਹਿਮ ਕੇ ਰਹਿਣ ਲਈ ਮਜ਼ਬੂਰ ਹੋਣਗੇ। ਪਰ ਫੈਜ਼ ਅਹਿਮਦ ਫੈਜ਼ ਨਹੀਂ ਮਰੇਗਾ ਹਰ ਸਮੇਂ ਸਮੇਂ ਦੇ ਮਦਹੋਸ਼ ਹਾਕਮਾਂ ਨੂੰ ਡਰਾਉਂਦਾ ਰਹੇਗਾ ਕਹੇਗਾ" ਲਾਜ਼ਮ ਹੈ ਹਮ ਦੇਖੇਂਗੇ"

ਨਾਗਰਿਕਤਾ ਸੋਧ ਬਿਲ,ਐਨ ਆਰ ਸੀ ਅਤੇ ਐਨ ਪੀ ਆਰ ਵਿਰੁਧ ਹੋ ਰਹੇ ਪ੍ਰਦਰਸ਼ਨਾਂ ਵਿੱਚ ਫੈਜ਼ ਅਹਿਮਦ ਫੈਜ਼ ਦੀ ਕਵਿਤਾ "ਹਮ ਦੇਖੇਂਗੇ"ਪੜਣ ਤੇ ਇਸ ਨੂੰ ਫਿਰਕੂ ਰੰਗ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਿਸੇ ਕਵੀ ਲਿਖਿਆ ਹੈ

"ਕਿਸੇ ਮੁਲਕ ਵਿੱਚ ਸੁਕਰਾਤ ਨਾ ਜੰਮੇ ਸਮੇਂ ਦੇ ਹਾਕਮਾਂ ਨੂੰ ਸੱਚ ਤੇ ਇਤਰਾਜ਼ ਹੁੰਦਾ ਹੈ।"

ਤਲਵਾਰਾਂ ਚਲਾਉਣ ਵਾਲੇ ਆਪਣੀ ਵੱਡੀ ਸੈਨਾ ਦੀ ਤਾਕਤ ਰੱਖਣ ਵਾਲੇ ਘੁੰਮਡੀ ਸਾਸ਼ਕ ਜੋ ਕਹਿੰਦੇ ਹਨ ਅਸੀਂ ਕਿਸੇ ਤੋਂ ਨਹੀਂ ਡਰਦੇ ਉਹ ਨਿਮਾਣੇ ਜਿਹੇ ਜ਼ਮੀਰ ਰੱਖਣ ਵਾਲੇ ਲੇਖਕ ਦੀ ਕਵਿਤਾ ਦੇ ਕੁੱਝ ਸ਼ਬਦਾਂ ਤੋਂ ਤਹਿ੍ ਉਠਦੇ ਹਨ। ਇਕੱਲੀ ਕਵਿਤਾ ਨਹੀਂ। ਸਾਹਿਤ ਦਾ ਨਾਟਕ,ਲੇਖ,ਵਿਅੰਗ ਚਾਹੇ,ਕੋਈ ਰੂਪ ਵੀ ਹੋਵੇ ਉਸ ਤੋਂ ਖੌਫਜ਼ਦਾ ਹੋ ਜਾਂਦੇ ਹਨ ਕਿਉਂਕਿ ਸਾਹਿਤ ਸੱਭ ਲੋਕਾਂ ਦੇ ਹੱਕਾਂ ਦੀ ਗੱਲ ਕਰਦਾ ਹੈ। ਸਾਸ਼ਕਾਂ ਵੱਲੋਂ ਜਨਤਾ ਤੇ ਹੋ ਰਹੇ ਤਸ਼ੱਦਦ ਦੀ ਗੱਲ ਕਰਦਾ ਹੈ। ਸਾਹਿਤ ਕਿਸੇ ਦੀਵਾਰਾਂ ਵਿੱਚ ਰੋਕਿਆਂ ਨਹੀਂ ਰੁਕਦਾ, ਇਸ ਦੀ ਉਮਰ ਸਦੀਵੀ ਹੁੰਦੀ ਹੈ। ਅੱਜ ਦੇ ਮਜ਼ੂਦਾ ਸਾਸ਼ਕ ਜੇ ਇਹ ਸਮਝਦੇ ਹਨ ਕਿ ਇਹ ਸਾਡੇ ਵਿਰੁਧ ਬਗਾਵਤ ਹੈ। ਨਹੀਂ! ਇਹ ਤਾਂ ਜਿੰਨਾਂ ਚਿਰ ਸੰਸਾਰ ਰਹੇਗਾ ਸਮੈਂ ਦੇ ਤਾਨਾਸ਼ਾਹ ਹਾਕਮਾਂ ਵਿਰੁਧ ਇੰਝ ਹੀ ਸੀਨਾ ਤਾਣ ਕੇ ਖੜਾ ਰਹੇਗਾ ਇਸ ਨੂੰ ਕੋਈ ਤਲਵਾਰ ਕੱਟ ਨਹੀਂ ਸਕੇਗੀ ਕੋਈ ਸੰਗੀਨ ਇਸ ਦੀ ਛਾਤੀ ਨਹੀਂ ਪਾੜ ਸਕੇਗੀ। ਇਹ ਤਾਂ ਤਾਨਾਸ਼ਾਹ ਸਾਸ਼ਕਾਂ ਦਾ ਮਰਨ ਤੱਕ ਪਿੱਛਾ ਕਰਦੀ ਰਹੇਗੀ। ਰਨ ਸਮੇਂ ਤ੍ਰਹਿ ਤ੍ਰਹਿ ਉੱਠਣਗੇ।

ਮਜ਼ਰੂਹ ਸੁਲਤਾਨ ਪੁਰੀ ਨੇ ਭਾਰਤ ਦੀ ਅਜ਼ਾਦੀ ਦੀ ਲੜਾਈ ਸਮੇਂ ਲਿਖਿਆਂ ਹੈ :

ਮੇਰੀ ਸਦਾ ਤਾਂ ਮਿਟ ਸਕਤੀ ਹੈ ਖੈਰ ਮੁਮਕਿਨ ਮਗਰ ਅਵਾਮ ਕੀ ਲਲਕਾਰ ਕੌਣ ਰੋਕੇਗਾ

ਨਏ ਖਿਆਲੌਂ ਕੀ ਪਰਵਾਜ਼ ਰੋਕਨੇ ਵਾਲੋ ਨਏ ਜ਼ਮਾਨੇ ਕੀ ਤਲਵਾਰ ਕੌਣ ਰੋਕੇਗਾ।

ਸਮੇਂ ਸਮੇਂ ਫੈਜ਼ ਅਹਿਮਦ ਫੈਜ਼ ਜੰਮਦੇ ਰਹਿਣਗੇ। ਧਰਤੀ ਦੇ ਪੁੱਤ ਕਬਰਾਂ ਵਿਚੋਂ ਵੀ ਲਲਕਾਰਦੇ ਰਹਿਣਗੇ।

ਤਸ਼ੱਦਦ ਨਾਲ ਕਦੀ ਜਨਤਾ ਦੀ ਅਵਾਜ਼ ਦਬਾਈ ਨਹੀਂ ਜਾ ਸਕਦੀ ਇਹ ਇਤਿਹਾਸਕ ਸੱਚ ਹੈ। ਜਿੰਨਾਂ ਸਾਸ਼ਕਾਂ ਨੇ ਇਸ ਮਾਰਗ ਤੇ ਚੱਲ ਕੇ ਸਾਸ਼ਨ ਕਰਨ ਦਾ ਯਤਨ ਕੀਤਾ ਅਖੀਰ ਉਹਨਾਂ ਦਾ ਹਸ਼ਰ ਮਾੜਾ ਹੋਇਆ। ਜਿੰਨਾਂ ਹਾਕਮਾਂ ਨੇ ਜਨਤਾਂ ਦੇ ਹੱਕਾਂ ਨੂੰ ਖੁੱਲੇ ਆਮ ਮੰਨ ਕੇ ਦੇਸ ਦੇ ਹਰ ਨਾਗਰਿਕ ਨਾਲ ਬਿਨਾਂ ਭੇਦ ਭਾਵ ਦੇ ਵਰਤਾਉ ਕੀਤਾ ਉਹਨਾਂ ਲੋਕਾਂ ਦੇ ਦਿਲਾਂ ਤੇ ਰਾਜ ਕੀਤਾ। ਲੋਕ ਰਾਜ ਤਾਂ ਹੈ ਹੀ ਲੋਕਾਂ ਦਾ ਰਾਜ। ਜਦ ਸਾਸ਼ਕ ਲੋਕਾਂ ਦੀ ਦਿਤੀ ਹੋਈ ਤਾਕਤ ਨਾਲ ਖੁਦਾ ਬਣ ਬੈਠੇ ਤਾਂ ਸਮਝੋ ਉਸ ਦਾ ਦਿਮਾਗੀ ਤਵਾਜਨ ਠੀਕ ਨਹੀਂ। ਉਸ ਫੈਜ਼ ਅਹਿਮਦ ਫੈਜ਼ ਕੀ ਹਰ ਸੱਚ ਕਹਿਣ ਵਾਲੇ ਲੇਖਕ ਦੀਆਂ ਕਵਿਤਾਵਾਂ, ਲੇਖ, ਨਾਟਕ ਆਦਿ ਆਪਣੀ ਹਉਮੇਂ ਕਮਜ਼ੋਰੀ ਕਾਰਨ ਮੇਚ ਨਹੀਂ ਆਉਣਗੇ।


Si
SECURELIFE
INSURANCE AGENCY INC.
1800-746-9122
HAPPY NEW YEAR 2020
ਨਵਾਂ ਸਾਲ ਮੁਬਾਰਕ 2020
Securelife Insurance Agency Inc.
MONA MENGI
RAVINDERJIT BASRA
HARPREET SAINI
SIMERDEEP KAUR SRAN
UMARPREET CHAWLA
BALJINDER DHILLON
BALJIT DHILLON
BALWINDER KAUR
BALWINDER UGHRA
BHAJAN SINGH BAHMBA
GURPREET KAUR
HARDEEP HEER
NAVJEET KAUR
DILAWAR SINGH
PUNAM PARMAR
SHALLU SHARMA
PRIYA BHATIA
GURPREET BHULLAR
SAMRITI JAIN
GURPREET SINGH NIJJAR
AJMER S. KAINTH
HARJINDER SINGH RAI
HARMINDER TATHGUR
HARPAL MANN
HARPREET DHOUNKAL
JASMEET KAUR DUHRA
MANJIT KAUR LONGIA
PANKAJ GARG
MANJUKRISHNA RAJKUMAR
CHINTAN PATEL
NAVTEJ SINGH RANDHAWA
NEERAJ MANCHANDA
NIRAV VOHRA
OM SHARMA
MANJIT SINGH REHILL
PARAMVEER KHUNKHUN
GURDEV SINGH SAJJAN
GIAN GAUTAM
RAJVIR SINGH SAINI
RENUKA PAUL
GURPREET SINGH NAGRA
SATVINDER CHANE
GULSHANJIT SINGH GILL
BOBBY DHUNA
SUDAGAR SINGH LIDDER
AJIT K. DHALIWAL
ARUN KAKKAR
☑Life Insurance ☑Visitors & Travel Insurance ☑Supervisa Medical Insurance
☑Critical Illness Insurance ☑Disablility Insurance ☑RESP ☑RRSP ☑TFSA
1-800-746-9122
email: info@securelifeinsurance.ca
website: www.securelifeinsurance.ca

# HOMELIFE SILVERCITY

HOMELIFE HIGHER STANDARDS

REALTY INC., BROKERAGE
(Independently Owned and Operated)

# #7 CANADA WIDE

## BROKERAGE WITH HOMELIFE BRAND

## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

**TEAM OF OVER 550 REALTORS**

HOMELIFE HIGHER STANDARDS

# HOMELIFE SILVERCITY

REALTY INC., BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

# 905.913.8500

www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton





## ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਸਲਾਨਾ ਨਾਟਕ ਸਮਾਗਮ 11 ਜੁਲਾਈ 2020 ਨੂੰ ਹੋਵੇਗਾ

ਹਰ ਸਾਲ ਦੀ ਤਰ੍ਹਾਂ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ

### 11ਵਾਂ ਸਲਾਨਾ ਨਾਟਕ ਸਮਾਗਮ

ਸਿਟੀ ਹਾਲ ਮਗਰ ਬਣੀ ਨਵੀਂ ਕੈਲਗਰੀ ਪਬਲਿਕ ਲਾਇਬ੍ਰੇਰੀ ਦੇ ਥੀਏਟਰ ਵਿੱਚ 11 ਜੁਲਾਈ 2020 ਦਿਨ ਸ਼ਨੀਵਾਰ ਨੂੰ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਹੋਵੇਗਾ।

**ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਲੇਖਕ ਅਤੇ ਡਾਇਰੈਕਟਰ ਰਾਕੇਸ਼ ਚੌਧਰੀ ਵਿਸ਼ੇਸ਼ ਤੌਰ 'ਤੇ ਪੁੱਜ ਰਹੇ ਹਨ।**

ਸਾਰੇ ਦਰਸ਼ਕਾਂ ਤੇ ਸਭਾ ਸੁਸਾਇਟੀਆਂ ਨੂੰ ਬੇਨਤੀ ਹੈ ਕਿ ਦਿਨ, ਤਾਰੀਖ ਤੇ ਸਥਾਨ ਨੋਟ ਕਰ ਲੈਣ। ਵਧੇਰੇ ਜਾਣਕਾਰੀ ਅਗਲੇ ਅੰਕਾਂ ਵਿੱਚ ਦਿੱਤੀ ਜਾਂਦੀ ਰਹੇਗੀ।

ਹੋਰ ਜਾਣਕਾਰੀ ਲਈ

**ਮਾਸਟਰ ਭਜਨ ਸਿੰਘ ਨਾਲ 403-455-4220**

'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਦਸ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।



ਹਰਬੰਸ ਸਿੰਘ (ਟੋਰਾਂਟੋ) 416-817-7142



ਦੇਵਿੰਦਰ ਤੂਰ (ਟੋਰਾਂਟੋ) 416 902 9372



ਮਾਸਟਰ ਭਜਨ (ਕੈਲਗਰੀ) 403-455-4220



ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794




